# ਸੋ ਸੁਣੁ ਰੇ ਭਾਈ

ਬਲਵਿੰਦਰ ਸਿੰਘ

ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁ: ਪ੍ਰ: ਕਮੇਟੀ)
ਸ੍ਰੀ ਅੰਮ੍ਰਿਤਸਰ ।

ੴ ਵਾਹਿਗੁਰੂ ਜੀ ਕੀ ਫ਼ਤਹ ॥

# ਸੋ ਸੁਨੁ ਰੇ ਭਾਈ

*ਲੇਖਕ :*

**ਬਲਵਿੰਦਰ ਸਿੰਘ**


*ਪ੍ਰਕਾਸ਼ਕ :*

**ਧਰਮ ਪ੍ਰਚਾਰ ਕਮੇਟੀ**

(ਸ਼੍ਰੋਮਣੀ ਗੁ: ਪ੍ਰ: ਕਮੇਟੀ)

ਸ੍ਰੀ ਅੰਮ੍ਰਿਤਸਰ।

ਪ੍ਰਕਾਸ਼ਕ :

ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ)
ਸ੍ਰੀ ਅੰਮ੍ਰਿਤਸਰ।

ਪਹਿਲੀ ਵਾਰ : ***ਸਤੰਬਰ ੨੦੦੦*** ੨੧੦੦

ਛਾਪਣ ਵਾਲੇ:

ਗੋਲਡਨ ਆਫਸੈਟ ਪ੍ਰੈਸ,
ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ।

## ਸਮਰਪਣ !

**ਸੋ ਸੁਨੁ ਰੇ ਭਾਈ**

ਦੀ ਅਵਸਥਾ ਤੋਂ

**ਵਿਣੁ ਕੰਨਾ ਸੁਣਣਾ**

ਤੱਕ ਦੀ ਅਵਸਥਾ ਤੱਕ ਪੁੱਜੇ ਪੂਰਨ ਗੁਰਸਿੱਖ

ਪਿਤਾ ਭਾਈ ਹਰਨਾਮ ਸਿੰਘ ਜੀ ਨੂੰ

## ਪ੍ਰਿੰਸੀਪਲ ਸਤਿਬੀਰ ਸਿੰਘ ਜੀ

ਮੇਰਾ ਵੀਰ ਜਿਉਂ ਹੀਰਕ ਹੀਰ
ਜਿਸ ਨੇ ਹਜ਼ਾਰਾਂ ਪੰਨੇ ਗੁਰ-ਇਤਿਹਾਸ ਤੇ ਗੁਰ ਮਹਿਮਾ ਦੇ ਲਿਖੇ
ਸਾਰੀ ਉਮਰ ਲਿਖਦਾ ਰਿਹਾ, ਲਿਖਦਾ ਰਿਹਾ,
ਲਿਖਦਾ ਗਿਆ ਤੇ ਲਿਖਦਾ ਹੀ ਚਲਾ ਗਿਆ !

# ਸੂਚੀ


| | | |
|---|---|---|
| 1. | ਧਰਮ | ੭ |
| 2. | ਗੁਰਬਾਣੀ ਕਿਵੇਂ ਪੜ੍ਹੀਏ? | ੨੦ |
| 3. | ਗੁਰਬਾਣੀ ਦਾ ਪ੍ਰਭਾਵ | ੩੨ |
| 4. | ਖੋਜੀ ਉਪਜੈ ਬਾਦੀ ਬਿਨਸੈ | ੪੧ |
| 5. | ਹਰਿ ਬਿਨੁ ਹੋਰੁ ਨ ਪੂਜਉ | ੪੬ |
| 6. | ਸਬਦ ਸੁਰਤਿ ਕੀ ਨੀਵ ਰਖਾਈ | ੭੩ |
| 7. | ਗੁਰੂ ਗ੍ਰੰਥ ਸਾਹਿਬ ਵਿੱਚ ਕੇਸਾਂ ਦੀ ਮਹਾਨਤਾ | ੮੦ |
| 8. | ਗੁਰੂ ਗ੍ਰੰਥ ਸਾਹਿਬ ਵਿੱਚ ਕੇਸਾਂ ਦਾ ਹੁਕਮ | ੮੪ |
| 9. | ਖੂਬੁ ਤੇਰੀ ਪਗਰੀ | ੯੨ |
| 10. | ਨਿਆਰਾ ਖਾਲਸਾ | ੧੦੦ |
| 11. | ਅੰਮ੍ਰਿਤ-ਮਈ ਜੀਵਨ-ਜਾਚ | ੧੧੫ |
| 12. | ਮੁਰਦਾ ਹੋਇ ਮੁਰੀਦੁ... | ੧੨੫ |

# ਇਸੇ ਕਲਮ ਤੋਂ

| | | |
|---|---|---|
| 1. | ਚੀਸਾਂ | ਪੰਜਾਬੀ ਕਾਵਿ-ਸੰਗ੍ਰਹਿ |
| 2. | ਝੀਣੀ ਬਾਣਿ | ” ” ” |
| 3. | ਪਵਿਤਾ | ” ” ” |
| 4. | ਤਪਦੀ ਭੋਇੰ ਭੁਜਦੇ ਲੋਕ | ” ” ” |
| 5. | ਪਰਛਾਵਿਆਂ ਦੀ ਛਾਵੇਂ | ” ” ” |
| 6. | ਮਹਾਂ ਗਜ਼ਲ | ਪੰਜਾਬੀ ਦੁਨੀਆਂ ਦੀ ਸਭ ਤੋਂ ਲੰਬੀ ਗਜ਼ਲ |
| 7. | ਤੇਗ ਬਹਾਦਰ ਬੋਲਿਆ | ਬਾਣੀ ਤੇ ਜੀਵਨੀ ਗੁਰੂ ਤੇਗ ਬਹਾਦਰ |
| 8. | ਉਦੇਮਾਨ ਰਵੀ | ਬਾਣੀ ਤੇ ਜੀਵਨੀ ਭਗਤ ਰਵਿਦਾਸ ਜੀ (ਹਿੰਦੀ) |
| 9. | ਸਿੱਖ ਸਿਧਾਂਤ ਔਰ ਸਿੱਖ ਪ੍ਰਥਿਕਤਾਵਾਦੀ ਨਹੀਂ | ਗੁਰਮਤਿ ਸਿਧਾਂਤ (ਹਿੰਦੀ) |
| 10. | ਉੱਤਰ ਪ੍ਰਦੇਸ਼ ਕੇ ਸ਼੍ਰਮਕੋਂ ਕੀ ਸ਼ਲਅ ਕ੍ਰਿਆ | ਸ਼੍ਰਮਕੋਂ ਕਾ ਮਨੋਵਿਗਿਆਨਕ ਅਧਿਐਨ (ਹਿੰਦੀ) |
| 11. | ਪਾਵਨ ਪਵਨ ਸੂਰਮਾ | ਲੇਖ ਮਾਲਾ-ਜੀਵਨੀ ਗੁਰੂ ਗੋਬਿੰਦ ਸਿੰਘ (ਹਿੰਦੀ) |
| 12. | ਕਾਲੇ ਕੋਹ | ਪੰਜਾਬੀ ਕਾਵਿ-ਸੰਗ੍ਰਹਿ |
| 13. | ਗਰਕੇ ਜ਼ਰਬਾਂ ਲੱਗੀਆਂ | ਪੰਜਾਬੀ ਗਜ਼ਲ |
| 14. | ਨਾਨਕ ਕਹਿਤ ਪੁਕਾਰ ਕੇ | ਗੁਰਮਤਿ ਲੇਖ (ਪੰਜਾਬੀ) |
| 15. | 52 ਬਚਨ | ਗੁਰੂ ਗੋਬਿੰਦ ਸਿੰਘ ਜੀ ਦੇ ਸਿਖਰਲੇ ਲੇਖ(ਪੰਜਾਬੀ) |
| 16. | ਜਿਹ ਬਿਧਿ ਗੁਰਿ ਉਪਦੇਸਿਆ | ਗੁਰਮਤਿ ਲੇਖ (ਪੰਜਾਬੀ) |
| 17. | ਅਸੀਂ ਬੁੱਤ ਨਹੀਂ ਪੂਜਦੇ | ਪੰਜਾਬੀ ਪੁਸਤਕ |
| 18. | ਗਿਆਨ ਕੀ ਆਈ ਆਂਧੀ | ਪੰਜਾਬੀ ਸੰਪਾਦਿਤ |

ਹੋਰ ਬਹੁਤ ਸਾਰੇ ਲੇਖ, ਸੋਧ ਪੱਤਰ ਤੇ ਖੋਜ ਪੱਤਰ (ਪੰਜਾਬੀ ਤੇ ਹਿੰਦੀ ਵਿੱਚ)

# ਧਰਮ

ਧਰਮ ਇਕ ਧਾਰਨਾ ਹੈ। ਇਕ ਵਿਚਾਰਧਾਰਾ। ਧਰਮ ਕੋਈ ਮੋਟੀ ਠੁੱਲੀ ਜਾਂ ਬੇਢਬੀ ਵਸਤੂ ਨਹੀਂ। ਧਰਮ ਇਕ ਢੱਬ ਹੈ। ਜਿਸ ਦੇ ਰਾਹੀਂ ਰੱਬ ਦਾ ਨੇੜਾ ਅਤੇ ਉਸ ਮਹਾਨ ਸ਼ਕਤੀ ਦਾ ਗਿਆਨ ਪ੍ਰਾਪਤ ਹੁੰਦਾ ਹੈ। ਧਰਮ ਉਹ ਸਦਗੁਣ ਹਨ ਜਿਨ੍ਹਾਂ ਦਾ ਨਿਰਬਾਹ ਜੀਵਨ ਨੂੰ ਖ਼ੂਬਸੂਰਤ ਤੇ ਇਕ ਅਜਿਹੀ ਅਗੰਮੀ ਦਿੱਖ ਦਿੰਦਾ ਹੈ, ਜਿਸ ਨਾਲ ਜੀਵਨ ਜੀਉਣ ਜੋਗੀ ਇਕ ਵਸਤੂ ਬਣ ਜਾਂਦਾ ਹੈ।

ਧਰਮ ਦੀ ਜੜ੍ਹ ਜਾਂ ਧਰਮ ਦਾ ਮੂਲ ਇਕ ਹੀ ਹੈ। ਇਹ ਇਕ ਨਾਲ ਇਕ-ਮਿੱਕ ਹੋਣ ਦੀ ਵਿਧੀ ਹੈ। ਵਾਹਿਗੁਰੂ ਦਇਆ ਦਾ ਸੋਮਾ ਜਾਂ ਦਇਆ ਦਾ ਘਰ, ਦਿਆਲ ਹੈ। ਧੌਲ ਧਰਮ ਦਇਆ ਦਾ ਬੇਟਾ, ਦਇਆ ਦਾ ਸਿੱਧਾ ਸਬੰਧ ਸੰਤੋਖ ਦੇ ਨਾਲ ਹੈ। ਸੰਤੋਖ ਹੋਵੇ ਤਾਂ ਸੱਤ ਦਾ ਗਿਆਨ ਹੋ ਸਕਦਾ ਹੈ। ਸਤਿ ਵਾਹਿਗੁਰੂ ਦਾ ਨਾਮ ਹੈ। ਵਾਹਿਗੁਰੂ ਸਤਿਨਾਮ ਹੈ। ਸਤਿ ਦੀ ਪ੍ਰਾਪਤੀ ਲਈ ਤਰ੍ਹਾਂ-ਤਰ੍ਹਾਂ ਦੇ ਵਰਤ ਲੈਣ ਦੀ ਕੋਈ ਜ਼ਰੂਰਤ ਨਹੀਂ। ਸਤਿ ਦੇ ਆਪਣੇ ਨ੍ਰਿਤ ਤੇ ਕ੍ਰਿਤ ਹਨ। ਸਤਿ ਨੂੰ ਜਾਣਨ ਲਈ ਕੀਤੇ ਗਏ ਉੱਦਮ ਤੇ ਉਪਰਾਲੇ ਆਪਣੇ ਆਪ ਵਿੱਚ ਇਕ ਵੱਡਾ ਵਰਤ ਹਨ।

ਧਰਮ ਕੋਈ ਵਿਸ਼ੇਸ਼ ਤਰ੍ਹਾਂ ਦਾ ਕਰਮ-ਕਾਂਡ ਨਹੀਂ। ਇਹ ਭਰਮ ਗੜ੍ਹ ਨੂੰ ਤੋੜ ਕੇ ਬ੍ਰਹਮ ਨਾਲ ਮੇਲਦਾ ਹੈ। ਇਹ ਖ਼ੁਦ ਕੋਈ ਭਰਮ ਨਹੀਂ। ਧਰਮ, ਭਰਮ ਦਾ ਨਾਸ ਕਰਦਾ ਹੈ। ਮਨੁੱਖੀ ਆਤਮਾ ਦਾ ਵਿਕਾਸ ਕਰਦਾ ਹੈ। ਇਹ ਇਕ ਪਵਿੱਤਰ ਪ੍ਰਯਾਸ ਹੈ। ਜੋ ਸੱਚ ਨਾਲ ਅਭੇਦ ਕਰਨ ਵਿੱਚ ਸਹਾਈ ਹੁੰਦਾ ਹੈ। ਧਰਮ ਭੇਦ ਭਾਵ ਨਹੀਂ ਪਾਉਂਦਾ। ਸਗੋਂ ਬ੍ਰਹਮ ਨਾਲ ਅਭੇਦ ਹੋਣ ਦੀ ਸੁਚੱਜ ਹੈ। ਇਹ ਖ਼ੁਦ ਇਕ ਸੁਚੱਜੀ ਬਿੱਧ ਹੈ। ਇਹ ਤਰ੍ਹਾਂ-ਤਰ੍ਹਾਂ ਦੀਆਂ ਵਿਧੀਆਂ, ਵਰਤਾਂ, ਨੇਮਾਂ ਜਾਂ ਕਰਮ-ਕਾਂਡਾਂ ਦਾ ਮਿਲਗੋਭਾ ਨਹੀਂ।

ਧਰਮ ਇਕ ਅਗੰਮੀ ਸ਼ਕਤੀ ਹੈ। ਜਦੋਂ ਕੋਈ ਕਿਸੇ ਉੱਤੇ ਦਇਆ ਕਰਨ ਲਈ ਪਸੀਜਦਾ ਹੈ, ਉਦੋਂ ਧਰਮ ਉਪਜਦਾ ਹੈ। ਅਜਿਹੀ ਅਵਸਥਾ ਵਿੱਚ ਪ੍ਰਾਪਤ ਸੰਤੁਸ਼ਟੀ ਧਰਮ ਦੀ ਹੀ ਅਵਸਥਾ ਹੈ। ਇਸ ਦੇ ਕਾਰਨ ਹੀ ਘਟ-ਘਟ ਵਿੱਚ ਵਸਦਾ ਹਰਿ ਜੀ ਦ੍ਰਿਸ਼ਟੀਗੋਚਰ ਹੋਣ ਲੱਗ ਜਾਂਦਾ ਹੈ। ਅਜਿਹੀਆਂ ਪਵਿੱਤਰ ਧਰਮੀ ਰੂਹਾਂ ਦੇ ਕਾਰਜ ਕਲਪ ਅਤੇ ਉਨ੍ਹਾਂ ਦੁਆਰਾ ਅਪਣਾਈ ਗਈ ਜੀਵਨ ਜਾਚ ਧਰਮ ਦਾ ਸੱਚ ਸਰੂਪ ਹੈ। ਧਰਮ ਦੀ ਆਤਮਾ ਨੂੰ ਸਮਝੇ ਬਗੈਰ ਕਿਸੇ ਧਰਮੀ ਪੁਰਸ਼ ਦੀ

ਨਿਰੀ ਨਕਲ ਜਾਂ ਰੀਸ ਕਰਨ ਨਾਲ ਧਰਮ ਇਕ ਕੱਟੜਤਾ ਜਾਂ ਹੱਠ ਬਣ ਕੇ ਰਹਿ ਜਾਂਦਾ ਹੈ। ਧਰਮੀ ਜੀਵ ਦੇ ਹਿਰਦੇ 'ਤੇ ਆਤਮਾ ਦੀ ਕੋਮਲਤਾ ਖ਼ੁਸ਼ਬੂ ਬਣ ਕੇ ਫੈਲਦੀ ਹੈ। ਜਿਵੇਂ ਖ਼ੁਸ਼ਬੋ ਨੂੰ ਕੋਈ ਰੁਕਾਵਟ, ਬੰਧਨ ਜਾਂ ਕੋਈ ਕੈਦ ਨਹੀਂ ਹੁੰਦੀ, ਬਿਲਕੁਲ ਇਸੇ ਤਰ੍ਹਾਂ ਧਰਮੀ ਜੀਵ ਨੂੰ ਕੋਈ ਰੁਕਾਵਟ ਨਹੀਂ ਹੁੰਦੀ। ਉਸ ਨੂੰ ਉਸ ਰਾਹ ਉੱਤੇ ਚੱਲਣ ਵਾਸਤੇ ਕੋਈ ਨਹੀਂ ਠਾਕ ਸਕਦਾ। ਧਰਮ ਇਕ ਤਾਕਤ, ਸ਼ਕਤੀ ਤੇ ਬੱਲ ਹੈ। ਧਰਮ ਸਫਲ ਜੀਵਨ ਜੀਉਣ ਦਾ ਵੱਲ ਹੈ। ਧਰਮ ਮਨੁੱਖੀ ਜੀਵਨ ਦੀਆਂ ਸਭ ਔਕੜਾਂ ਦਾ ਇਕ ਹੱਲ ਹੈ।

ਆਪਣੇ ਹਿਰਦੇ ਵਿੱਚੋਂ ਹਰ ਕੋਈ ਮਨੁੱਖ ਆਪਣੀ ਕੀਤੀ ਕਿਰਤ ਦਾ ਸਹੀ ਤੇ ਜਾਇਜ਼ ਇਵਜ਼ਾਨਾ ਚਾਹੁੰਦਾ ਹੈ। ਹਰ ਕੋਈ ਜੀਵ ਆਪਣੇ ਹਿਰਦੇ ਤੋਂ ਇਨਸਾਫ ਪਸੰਦ ਹੈ ਅਤੇ ਉਹ ਇਨਸਾਫ ਚਾਹੁੰਦਾ ਹੈ। ਕੁਝ-ਕੁ ਲੋਕਾਂ ਦੀ ਬੁੱਧ 'ਤੇ ਜਦੋਂ ਪੜਦਾ ਪੈ ਜਾਂਦਾ ਹੈ, ਤਾਂ ਉਹ ਬਿਨਾਂ ਤਰੱਦਦ ਤੇ ਮਿਹਨਤ ਦੇ ਵਧੇਰੇ ਫਲ ਦੀ ਪ੍ਰਾਪਤੀ ਲਈ ਵਿਉਂਤਾਂ ਬਣਾਉਂਦੇ ਅਤੇ ਗੋਂਦਾਂ ਗੁੰਦਣ ਲੱਗ ਜਾਂਦੇ ਹਨ। ਇਸ ਤਰ੍ਹਾਂ ਨਿਆਂ ਪ੍ਰੋਖੇ ਚਲਾ ਜਾਂਦਾ ਹੈ ਅਤੇ ਅਨਿਆਂ ਪਸਰ ਜਾਂਦਾ ਹੈ ਜਾਂ ਇੰਜ ਕਹੀਏ ਕਿ ਨਿਆਂ ਦੀ ਹਾਨੀ ਹੁੰਦੀ ਹੈ। ਨਿਆਂ ਦੀ ਹਾਨੀ ਧਰਮ ਦੀ ਹਾਨੀ ਹੈ। ਨਿਆਂ ਧਰਮ ਦਾ ਦੂਜਾ ਨਾਂ ਹੈ। ਨਿਆਂ ਧਰਮ ਹੈ। ਵਾਹਿਗੁਰੂ ਦੁਆਰਾ ਪੈਦਾ ਕੀਤੀ ਹੋਈ ਸ੍ਰਿਸ਼ਟੀ ਦੇ ਅੰਦਰ ਨਿਆਂ ਪ੍ਰਧਾਨ ਹੈ। ਇਸ ਸਾਰੇ ਪਸਾਰੇ ਵਿੱਚ ਨਿਆਂ ਵਿਦਮਾਨ ਹੈ। ਨਿਆਂ ਵਾਹਿਗੁਰੂ ਦੀ ਹੋਂਦ ਦਾ ਪ੍ਰਮਾਣ ਹੈ। ਅਸੀਂ ਓਪਰੇ ਰੂਪ ਵਿੱਚ ਇਹ ਕਹਿ ਦਿੰਦੇ ਹਾਂ ਕਿ ਜ਼ਾਬਰ ਤੇ ਅਨੁਆਈ ਬੰਦਾ ਵਧ ਫੁੱਲ ਰਿਹਾ ਹੈ। ਦਰਅਸਲ ਹੁੰਦਾ ਐਸਾ ਨਹੀਂ ਹੈ। ਵਾਹਿਗੁਰੂ ਸਹਿਜ ਸਰੂਪ ਹੈ। ਉਹ ਸਭ ਕੁਝ ਵੇਖਦਾ ਹੈ। ਵੇਖ ਕੇ ਅਣਡਿੱਠ ਵੀ ਕਰਦਾ ਹੈ। ਵੇਖ ਕੇ ਅਣਡਿੱਠ ਕਰਨਾ ਰੱਬੀ ਗੁਣ ਹੈ। ਇਹ ਮੁਆਫ ਕਰਨ ਦੇ ਨਿਆਈਂ ਹੈ। ਖਿਮਾਂ ਤੇ ਧੀਰਜ ਵਾਹਿਗੁਰੂ ਦੇ ਦੋ ਵੱਡੇ ਗੁਣ ਹਨ। ਇਹ ਨਿਆਂ ਦੇ ਹੀ ਪ੍ਰਯਾਇਵਾਚੀ ਹਨ। ਇਹ ਧਰਮ ਦਾ ਹੀ ਸਰੂਪ ਹੈ।

ਅਨਿਆਂ, ਅਨਿਆਂ, ਨਿੱਤ ਅਨਿਆਂ ਤੇ ਨਿੱਤ ਅਨਿਆਂ। ਇਹ ਅਨਿਆਂ, ਨਿਆਂ ਨੂੰ ਮਾਰ ਨਹੀਂ ਸਕਦਾ। ਨਿਆਂ ਤਾਂ ਮਾਰਿਆ ਹੀ ਨਹੀਂ ਜਾ ਸਕਦਾ। ਨਿਆਂ ਰੱਬ ਰੂਪ ਹੈ। ਰੱਬ ਨੂੰ ਕੌਣ ਮਾਰ ਸਕਦਾ ਹੈ। ਰੱਬ ਆਪ ਸਭ ਕਾਸੇ ਦਾ ਉਪਾਵਣਹਾਰ ਤੇ ਰਚਣਹਾਰ ਹੈ। ਸਭ ਕੁਝ ਦਾ ਸੰਘਾਰ ਕਰਤਾ ਵੀ ਆਪ ਹੀ ਹੈ। ਨਾ ਰੱਬ ਮਾਰਿਆ ਜਾ ਸਕਦਾ ਹੈ, ਨਾ ਨਿਆਂ। ਘੱਟ ਅਕਲ ਵਾਲੇ ਅਤੇ ਛੇਤੀ ਫਾਇਦਾ ਹਾਸਲ ਕਰਨ ਵਾਲੇ ਮਨੁੱਖ ਨਿਆਂ ਦਾ ਤਿਆਗ ਕਰ ਕੇ ਵਾਹਿਗੁਰੂ ਤੋਂ ਬੇਮੁੱਖ ਹੋ ਜਾਂਦੇ ਹਨ ਅਤੇ ਆਪਣੇ ਆਪ ਨੂੰ ਇਕ ਵੱਡਾ ਜੇਤੂ ਸਮਝ ਲੈਂਦੇ ਹਨ। ਦਰਅਸਲ ਉਨ੍ਹਾਂ ਦੀ ਨਿੱਤ ਹਾਰ ਹੋ ਰਹੀ ਹੁੰਦੀ ਹੈ। ਉਹ ਆਪਣੀ ਕਬਰ ਆਪ ਖੋਦ ਰਹੇ ਹੁੰਦੇ ਹਨ। ਮੌਤੜੀ ਨੂੰ ਆਵਾਜ਼ਾਂ ਮਾਰ-ਮਾਰ ਕੇ ਬੁਲਾਉਂਦੇ ਹਨ।

ਅਜੋਕੇ ਸਿਆਣਿਆਂ ਤੇ ਵਿਗਿਆਨੀਆਂ ਨੂੰ ਭਲੀ ਪ੍ਰਕਾਰ ਪਤਾ ਹੈ ਕਿ ਇਕ

ਪਾਸੇ ਤਾਂ ਨਿੱਤ ਰੁੱਖਾਂ ਨੂੰ ਵੱਢ ਰਹੇ ਹਾਂ, ਦੂਜੇ ਪਾਸੇ ਤਰੱਕੀ ਦੇ ਨਾਂ ਉੱਤੇ ਫੈਕਟਰੀਆਂ ਕੱਲ੍ਹ ਕਾਰਖਾਨਿਆਂ ਅਤੇ ਮੋਟਰਾਂ-ਕਾਰਾਂ ਦੇ ਧੂੰਏ ਨਾਲ ਵਾਤਾਵਰਣ ਨੂੰ ਰੱਜ-ਰੱਜ ਕੇ ਪ੍ਰਦੂਸ਼ਿਤ ਕਰ ਰਹੇ ਹਾਂ। ਹਵਾ ਦਾ ਪ੍ਰਦੂਸ਼ਣ ਕਿਸੇ ਹੱਦ ਤਕ ਠੱਲ੍ਹਿਆ ਜਾ ਸਕਦਾ ਹੈ ਅਤੇ ਸੰਤੁਲਨ ਕਾਇਮ ਰੱਖਿਆ ਜਾ ਸਕਦਾ ਹੈ ਪਰ ਜੇ ਇਕ ਪਾਸੇ ਅਸੀਂ ਹਵਾ ਨੂੰ ਪ੍ਰਦੂਸ਼ਿਤ ਕਰ ਰਹੇ ਹਾਂ ਅਤੇ ਨਾਲ ਹੀ ਹਵਾ ਨੂੰ ਸ਼ੁੱਧ ਕਰਨ ਵਾਲੇ ਰਿਸ਼ੀਆਂ, ਮੁਨੀਆਂ ਵਾਂਗ ਇਕ ਲੱਤ 'ਤੇ ਖੜੇ ਹੋ ਕੇ ਤਪ ਤਪਸਿਆ ਨਾਲ ਵਾਤਾਵਰਣ ਨੂੰ ਸ਼ੁੱਧ ਰੱਖਣ ਵਾਲੇ ਰੁੱਖਾਂ ਨੂੰ ਬੇਰਹਿਮੀ ਤੇ ਬੇਰੁਖੀ ਨਾਲ ਕੱਟੀ ਜਾ ਰਹੇ ਹਾਂ। ਇਹ ਦੂਹਰੀ ਤਬਾਹੀ ਹੈ। ਇਹ ਭਿਆਨਕ ਜ਼ਹਿਰੀਲਾਪਨ ਹੈ। ਇਹ ਸਖਿਆਤ ਬੇਇਨਸਾਫੀ ਤੇ ਅਨਿਆਂ ਹੈ। ਇਸ ਸਭ ਕਾਸੇ ਦੇ ਬਾਵਜੂਦ ਸਿਆਣੇ ਵਿਗਿਆਨੀ ਅਤੇ ਖਾਸ ਕਰ ਕੇ ਸਿਆਸਤਦਾਨ ਆਪਣੇ ਕੁਕਰਮ ਤੋਂ ਮੁੜਦੇ ਨਹੀਂ। ਸਗੋਂ ਤਰ੍ਹਾਂ-ਤਰ੍ਹਾਂ ਦੀ ਬਹਾਨੇਬਾਜ਼ੀ ਨਾਲ ਆਪਣੇ ਆਪ ਨੂੰ ਸਹੀ ਸਿੱਧ ਕਰਨ ਦਾ ਯਤਨ ਕਰਦੇ ਹਨ। ਕਿਤਨੀ ਢੀਠਾਈ ਹੈ। ਕਿਤਨਾ ਹੱਠ ਧਰਮ ਹੈ ਅਤੇ ਕਿਤਨਾ ਭਾਰੀ ਅਨਿਆਂ ਹੈ। ਇਸ ਤਰ੍ਹਾਂ ਕਾਫੀ ਦੇਰ ਤੋਂ ਚੱਲ ਰਿਹਾ ਹੈ। ਕੁਝ ਦੇਰ ਹੋਰ ਚੱਲ ਜਾਏਗਾ। ਮਨੁੱਖ, ਮਾਨਵਤਾ ਨੂੰ ਛੱਡ ਕੇ ਆਪਣੇ ਆਪ ਨੂੰ ਖੁਦ ਦੋਹਰੀ ਮੌਤੇ ਮਾਰ ਰਿਹਾ ਹੈ। ਸਹਿਜ ਤੇ ਸ਼ਾਂਤ-ਸਰੂਪ ਵਾਹਿਗੁਰੂ ਸਭ ਕੁਝ ਦੇਖ ਰਿਹਾ ਹੈ। ਉਹ ਕਿਸੇ ਨੂੰ ਕੁਝ ਨਹੀਂ ਕਹਿੰਦਾ। ਪਤਾ ਉਦੋਂ ਹੀ ਲੱਗੇਗਾ, ਜਦੋਂ ਉਹ ਆਪਣੀ ਵੱਡੀ ਅਦਾਲਤ ਵਿੱਚੋਂ ਇਨਸਾਨ ਨੂੰ ਸਾਰੀ ਮਨੁੱਖ ਜਾਤੀ ਤੇ ਜੀਵ-ਜੰਤਾਂ ਨੂੰ ਸਜ਼ਾਏ-ਮੌਤ ਸੁਣਾ ਦਏਗਾ। ਇਸ ਫੈਸਲੇ ਉੱਤੇ ਕੋਈ ਅਪੀਲ ਨਹੀਂ ਹੋ ਸਕਦੀ। ਉਹ ਫੈਸਲਾ ਆਖ਼ਰੀ ਹੋਵੇਗਾ, ਉਹ ਫੈਸਲਾ ਵੱਡੇ ਮੇਰੇ ਸਾਹਿਬ, ਗਹਿਰ ਗੰਭੀਰ, ਗੁਣੀ ਗਹੀਰ ਵਾਹਿਗੁਰੂ ਦਾ ਹੋਵੇਗਾ। ਭਾਵੇਂ ਦੁਨੀਆਂ ਦਾ ਅਖੀਰ ਹੀ ਕਿਉਂ ਨਾ ਹੋ ਜਾਵੇ। ਵਾਹਿਗੁਰੂ ਧਰਮ ਹੈ। ਨਿਆਂ ਧਰਮ ਹੈ। ਨਿਆਂ ਹੀ ਵਾਹਿਗੁਰੂ ਹੈ। ਨਿਆਂ ਵਾਹਿਗੁਰੂ ਤੇ ਧਰਮ ਦਾ ਸੁਭਾਅ ਹੈ:

*ਹਰਿ ਕਾ ਏਕੁ ਅਚੰਭਉ ਦੇਖਿਆ ਮੇਰੇ ਲਾਲ ਜੀਉ ਜੋ ਕਰੇ ਸੁ ਧਰਮ ਨਿਆਏ ਰਾਮ॥*
*ਹਰਿ ਰੰਗੁ ਅਖਾੜਾ ਪਾਇਓਨੁ ਮੇਰੇ ਲਾਲ ਜੀਉ ਆਵਣੁ ਜਾਣੁ ਸਬਾਏ ਰਾਮ॥*
*ਆਵਣੁ ਤ ਜਾਣਾ ਤਿਨਹਿ ਕੀਆ ਜਿਨਿ ਮੇਦਨਿ ਸਿਰਜੀਆ॥*
*ਇਕਨਾ ਮੇਲਿ ਸਤਿਗੁਰੁ ਮਹਲਿ ਬੁਲਾਏ ਇਕਿ ਭਰਮਿ ਭੂਲੇ ਫਿਰਦਿਆ॥*
*(ਪੰਨਾ ੫੪੧)*

ਇਹ ਸ੍ਰਿਸ਼ਟੀ ਅਤੇ ਇਸ ਦੇ ਜੀਵ-ਜੰਤ, ਰੁੱਖ, ਬ੍ਰਿਖ, ਬਨਸਪਤੀ, ਗਿਰਿ, ਮੇਰ, ਪਹਾੜ, ਨਦੀਆਂ, ਨਾਲੇ, ਵਾਹੁੜੇ, ਸਿੰਧ ਸਾਗਰ, ਸਮੁੰਦ, ਆਕਾਸ਼, ਪਾਤਾਲ, ਪੁਰੀਆਂ ਤੇ ਭਵਨ ਵਾਹਿਗੁਰੂ ਦਾ ਪੈਦਾ ਕੀਤਾ ਹੋਇਆ ਅਖਾੜਾ ਹੈ। ਇਹ ਸਭ ਉਸ ਦੀ ਖੇਡ ਹੈ। ਹਰ ਇਕ ਵਸਤ ਦੂਜੇ ਦੇ ਉੱਤੇ ਨਿਰਭਰ ਹੈ। ਇਹ ਸਭ ਉਤਪਤੀ ਮੁਢਲੇ ਤੇ ਅਖ਼ੀਰਲੇ ਤੌਰ 'ਤੇ ਇਕ ਦੂਜੇ ਉੱਤੇ ਨਿਰਭਰ ਹੈ ਅਤੇ ਇਹ ਸਾਰੀ ਰਚਨਾ ਮੂਲ ਰੂਪ ਵਿੱਚ ਵਾਹਿਗੁਰੂ ਉੱਤੇ ਨਿਰਭਰ ਹੈ। ਉਹ ਆਪਣੇ ਹੁਕਮ ਅਨੁਸਾਰ ਸਿਰਜੇ ਹੋਏ ਢਾਹੁੰਦਾ ਹੈ ਤੇ ਢਹਿੰਦੇ ਹੋਏ ਨੂੰ ਮੁੜ ਸਿਰਜਦਾ ਹੈ। ਆਵਣ

ਜਾਣਾ ਭਾਵ ਆਵਾਗਵਨ ਉਸ ਦੇ ਹੁਕਮ ਅਨੁਸਾਰ ਹੋ ਰਿਹਾ ਹੈ, ਜਦੋਂ ਕੋਈ ਹਉਮੈ ਦਾ ਮਾਰਿਆ ਹੋਇਆ ਮਨੁੱਖ ਆਪਣੇ ਆਪ ਨੂੰ ਉਸ ਦੇ ਹੁਕਮ ਤੋਂ ਅੱਡਰਾ ਕਰ ਕੇ ਜਾਣਦਾ ਹੈ, ਤਾਂ ਸਮਝ ਲੈਣਾ ਚਾਹੀਦਾ ਹੈ ਕਿ ਉਹ ਸੱਚ ਧਰਮ ਨੂੰ ਛੱਡ ਕੇ ਭਰਮ ਕਰਮ ਵਿੱਚ ਪੈ ਗਿਆ ਹੈ, ਜਾਣਾ ਤਾਂ ਸਭ ਨੇ ਹੈ। ਹੁਕਮ ਨੂੰ ਮੰਨਣ ਵਾਲਾ ਧਰਮੀ ਜੀਵ ਜਦ ਜਾਂਦਾ ਹੈ, ਤਦ ਵਾਹਿਗੁਰੂ ਵਿੱਚ ਸਮਾਉਂਦਾ ਹੈ। ਹੁਕਮ ਨਾ ਮੰਨਣ ਵਾਲਾ, ਹੱਠ ਧਰਮ ਵਾਲਾ ਹੁਕਮ ਨੂੰ ਨਹੀਂ ਬੁੱਝਦਾ। ਉਹ ਭਾਣੇ ਤੋਂ ਵੱਖ ਹੋ ਜਾਂਦਾ ਹੈ। ਉਸ ਦੀ ਮੌਤ ਆਵਾਗਵਣ ਹੈ। ਉਹ ਆਵਾਗਵਣ ਦੇ ਗੇੜ ਵਿੱਚ ਪਿਆ ਹੋਇਆ ਹੈ ਅਤੇ ਉਹ ਆਪਣਾ ਵਿਨਾਸ਼ ਕਰ ਰਿਹਾ ਹੈ। ਬੱਸ ਇਹੀ ਫਰਕ ਹੈ। ਹੁਕਮੀ ਬੰਦੇ ਤੇ ਹਉਮੈ ਵਾਲੇ ਬੰਦੇ ਦਾ। "ਹੁਕਮਿ ਮੰਨਿਐ ਹੋਵੈ ਪਰਵਾਣੁ" ਮਨੁੱਖ ਵਾਹਿਗੁਰੂ ਵਿੱਚ ਸਮਾਅ ਜਾਂਦਾ ਹੈ। ਹਉਮੈ ਵਾਲਾ ਭਰਮਦਾ ਫਿਰਦਾ ਹੈ। ਗੁਰੂ ਨਾਨਕ ਸਾਹਿਬ ਨੇ ਬਹੁਤ ਸਪਸ਼ਟ ਫ਼ੁਰਮਾਨ ਦਿੱਤਾ ਹੈ:

*ਹਉਮੈ ਬੂਝੈ ਤਾ ਦਰੁ ਸੂਝੈ॥*
*ਗਿਆਨ ਵਿਹੂਣਾ ਕਥਿ ਕਥਿ ਲੂਝੈ॥* (ਪੰਨਾ ੪੬੬)

ਹਉਮੈ ਨਹੀਂ ਬੁਝੀ, ਤਾਂ ਉਸ ਦੇ ਦਰ ਦੀ ਸੋਝੀ ਨਹੀਂ ਪਈ। ਬੱਸ ਐਵੇਂ ਗਿਆਨ ਵਿਗਿਆਨ ਦੇ ਦਮਗਜੇ ਮਾਰਦਾ ਚਲਾ ਗਿਆ। ਸਤਿ ਗਿਆਨ ਪ੍ਰਾਪਤ ਨਾ ਹੋਇਆ। ਕਥਦਾ, ਕਥਦਾ ਥੱਕ ਗਿਆ ਅਤੇ ਹਉਮੈ ਦੀ ਅੱਗ ਵਿੱਚ ਕੁੜ-ਕੁੜ ਕਰਦਾ ਮੁੱਕ ਗਿਆ। ਗੱਲ ਤਾਂ ਹੈ ਹੁਕਮ ਨੂੰ ਬੁੱਝਣ ਦੀ। ਜਿਹੜਾ ਹਉਮੈ ਨੂੰ ਬੁੱਝ ਗਿਆ ਕਿ ਇਹ ਕੀ ਕਲਾ ਵਰਤਾਅ ਰਹੀ ਹੈ, ਉਹੀ ਹੁਕਮ ਨੂੰ ਬੁੱਝੇਗਾ। ਜਿਹੜਾ ਹੁਕਮ ਨੂੰ ਬੁੱਝੇਗਾ, ਉਹ ਹਉਮੈ ਦੀਆਂ ਫੜਾਂ ਨਹੀਂ ਮਾਰੇਗਾ:

*ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥੨॥* (ਪੰਨਾ ੧)

ਹੁਕਮੀ ਪੁਰਸ਼ਾਂ ਨੇ ਆਪਣੇ ਦੁਆਲੇ ਜੀਉਂਦੇ ਜੀਅ ਇਕ ਸਵਰਗ ਸਿਰਜ ਲਿਆ ਹੁੰਦਾ ਹੈ ਅਤੇ ਹਉਮੈ ਵਾਲੇ ਭੁੱਲੇ ਭਟਕੇ ਭਰਮਦੇ ਹੀ ਮਰ ਜਾਂਦੇ ਹਨ। ਉਨ੍ਹਾਂ ਦੇ ਅੰਦਰ ਧਰਮ ਪਾਲਣ ਦਾ ਨਿਰਮਲ ਭਉ ਪੈਦਾ ਹੀ ਨਹੀਂ ਹੁੰਦਾ।

ਵਾਹਿਗੁਰੂ ਨੇ ਕਿੱਥੇ ਕੁ ਅੰਤਰ ਕਰਨਾ ਹੈ, ਉਹ ਵਾਹਿਗੁਰੂ ਆਪ ਹੀ ਜਾਣਦਾ ਹੈ। ਇਹ ਬਿਲਕੁਲ ਸੱਚ ਹੈ ਕਿ ਉਹ ਸਭਨਾਂ ਵਿੱਚ ਸਮਾਇਆ ਹੋਇਆ ਹੈ। ਕੀ ਪਤਾ ਕਿ ਜਿਸ ਨੇ ਇਹ ਆਖਾੜਾ ਰਚਾਇਆ ਹੈ, ਉਹ ਆਪ ਹੀ ਇਹ ਖੇਡ ਕਰਾ ਰਿਹਾ ਹੋਵੇ ਅਤੇ ਆਪਣੀ ਹੀ ਇੱਛਾ ਅਨੁਸਾਰ ਇਸ ਸਾਰੇ ਖੇਡ-ਤਮਾਸ਼ੇ ਨੂੰ ਅੰਤ ਵੱਲ ਲੈ ਜਾ ਰਿਹਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਇਸ ਸਾਰੀ ਰਮਜ਼ ਨੂੰ ਸਮਝ ਕੇ ਨਾਨਕ ਰੂਪ ਹੋ ਸੱਚ ਦੀ ਬਾਤ ਕਰਦਿਆਂ ਕਹਿੰਦੇ ਹਨ ਕਿ ਵਾਹਿਗੁਰੂ ਜੋ ਕਰਦਾ ਹੈ, ਉਹ ਧਰਮ ਨਿਆਂ ਹੈ:

*ਅੰਤੁ ਤੇਰਾ ਤੂੰਹੈ ਜਾਣਹਿ ਤੂੰ ਸਭ ਮਹਿ ਰਹਿਆ ਸਮਾਏ॥*
*ਸਚੁ ਕਹੈ ਨਾਨਕੁ ਸੁਣਹੁ ਸੰਤਹੁ ਹਰਿ ਵਰਤੈ ਧਰਮ ਨਿਆਏ॥੧॥*
(ਪੰਨਾ ੫੪੨)

ਧਰਮ ਨੂੰ ਸਮਝਣ ਲਈ ਇਹ ਗੱਲ ਸਾਫ਼ ਤੇ ਸਪਸ਼ਟ ਹੈ ਕਿ ਧਰਮ ਨਿਆਂ ਹੈ ਤੇ ਨਿਆਂ ਹੀ ਧਰਮ ਹੈ। ਜਦੋਂ ਮਨ ਦੇ ਅੰਦਰ ਬੇਇਨਸਾਫੀ ਜਾਂ ਅਨਿਆਂ ਪੈਦਾ ਹੁੰਦਾ ਹੈ, ਤਾਂ ਸਮਝ ਲੈਣਾ ਚਾਹੀਦਾ ਹੈ ਕਿ ਇਹ ਅਧਰਮ ਹੈ ਅਤੇ ਧਰਮ ਦੀ ਹਾਨੀ।

ਜਿਸ ਵੱਡੇ ਮਹਾਂਬਲੀ ਪੁਰਖ ਨੇ ਸ੍ਰਿਸ਼ਟੀ ਸਾਜੀ ਹੈ, ਉਹੀ ਧਰਮ ਦਾ ਆਧਾਰ ਤੇ ਸਿਰਜਣਹਾਰ ਹੈ। ਉਹ ਮਹਾਂਬਲੀ ਆਦਿ ਪੁਰਖ ਵਾਹਿਗੁਰੂ ਹੈ, ਅਸੀਂ ਇਥੇ ਉਸ ਦੇ ਗੁਣ ਤੇ ਸੁਭਾਅ ਨੂੰ ਸਮਝਣ ਲਈ ਉਸ ਨੂੰ ਪੁਰਖ ਕਹਿ ਰਹੇ ਹਾਂ। ਦਰਅਸਲ ਉਹ ਮਹਾਨਤਮ ਸ਼ਕਤੀ ਆਦਿ ਪੁਰਖ ਕੋਈ ਜੀਵ ਰੂਪ ਪੁਰਖ ਨਹੀਂ ਉਹ ਸ਼ਕਤੀ ਨਿਰੰਕਾਰ ਜੋਤ ਰੂਪ ਹੈ, ਜਦ ਕੁਝ ਵੀ ਨਹੀਂ ਸੀ, ਬਿਲਕੁਲ ਕੁਝ ਨਹੀਂ ਸੀ। ਧੁੰਧੂਕਾਰ, ਅੰਧਕਾਰ ਤੇ ਗੁਬਾਰ ਸੀ, ਉਹ ਉਦੋਂ ਵੀ ਹੈ ਸੀ ਤੇ ਜਦੋਂ ਮੁੜ ਕੁਝ ਨਹੀਂ ਹੋਏਗਾ, ਇਹ ਆਕਾਰ ਅਕ੍ਰਿਤੀਆਂ ਸਰਬ-ਸ੍ਰਿਸ਼ਟੀ ਸਾਰੀ ਰਚਨਾ ਸਭ ਮੇਦਨੀ ਖੰਡ, ਬ੍ਰਹਿਮੰਡ ਕੁਝ ਨਹੀਂ ਹੋਵੇਗਾ। ਉਹ ਉਦੋਂ ਵੀ ਹੋਏਗਾ। ਗੁਰੂ ਨਾਨਕ ਦੇਵ ਜੀ ਨੇ ਇਸ ਬਾਰੇ ਸਪਸ਼ਟ ਰੂਪ ਵਿੱਚ ਵਿਚਾਰ ਦਿੰਦਿਆਂ ਹੁਕਮ ਕੀਤਾ ਹੈ ਕਿ ਸਿਰਜਣਹਾਰ ਦਾਤਾਰ ਤੋਂ ਸਾਰੀ ਉਤਪਤੀ ਹੋਈ ਹੈ। ਉਹ ਰਤਨਾਂ ਦੀ ਖਾਣ ਹੈ। ਜਿਨ੍ਹਾਂ ਮਨੁੱਖ ਉੱਤੇ, ਸੰਤ ਪੁਰਸ਼ਾਂ ਉੱਤੇ ਉਹ ਕਿਰਪਾ ਕਰ ਦਿੰਦਾ ਹੈ, ਉਹ ਇਸ ਅੰਮ੍ਰਿਤ ਦਾ ਸੁਆਦ ਮਾਣਦੇ ਹਨ। ਨਾਲ ਹੀ ਪਿਤਾ ਗੁਰੂ ਨਾਨਕ ਆਖਦੇ ਹਨ ਕਿ ਇਹ ਆਦਿ ਸ਼ਕਤੀ ਨਿਰੰਕਾਰ ਸੁੰਨ ਮੰਡਲ ਵਿੱਚ ਬੈਠੀ ਹੋਈ ਹੈ। ਸੁੰਨ ਉਸ ਨੂੰ ਆਖਦੇ ਹਨ, ਜਿਥੇ ਕੁਝ ਨਹੀਂ। ਇਹ ਸੰਸਕ੍ਰਿਤ ਦੇ ਸ਼ਬਦ ਸ਼ੂੰਨਯ ਤੋਂ ਬਣਿਆ ਹੈ। ਸਿਫਰ ਨੂੰ ਵੀ ਸ਼ੂੰਨਯ ਹੀ ਆਖਦੇ ਹਨ। ਸਿਫਰ ਦਾ ਮਤਲਬ ਹੈ ਕੁਝ ਨਹੀਂ। ਭਾਵ ਇਹ ਨਿਕਲਿਆ ਕਿ ਸਭ ਕਾਸੇ ਵਿੱਚ ਤਾਂ ਉਹ ਨਿਰੰਕਾਰ ਆਦਿ ਸ਼ਕਤੀ ਹੈ ਹੀ, ਪਰ ਜਿਥੇ ਕੁਝ ਨਹੀਂ ਉਹ ਉਥੇ ਵੀ ਹੈ। ਹੁਣ ਪ੍ਰਸ਼ਨ ਉਠਦਾ ਹੈ ਕਿ ਕੀ ਇਹ ਸ਼ਕਤੀ ਨਾਰੀ ਹੈ ਜਾਂ ਪੁਰਸ਼? ਮਹਾਰਾਜ ਭੁਲੇਖਾ ਕਢਦਿਆਂ ਆਖਦੇ ਹਨ ਕਿ ਇਸ ਭਰਮ ਵਿੱਚ ਨਹੀਂ ਪੈਣਾ। "ਜੋਤਿ ਰੂਪੀ ਹਰੀ" ਨਾ ਨਾਰੀ ਹੈ ਨਾ ਪੁਰਖ। ਉਹ ਸ਼ਕਤੀ ਹੈ। ਆਦਿ ਸ਼ਕਤੀ ਹੈ। ਨਿਰੰਕਾਰ ਹੈ। ਗਿਆਨੀ ਮਨੁੱਖ ਗੁਰੂ ਕ੍ਰਿਪਾ ਦੁਆਰਾ ਇਸ ਦੁਬਿਧਾ ਵਿੱਚ ਨਹੀਂ ਪੈਂਦਾ। ਉਹ ਸੋਚ-ਸੋਚ ਕੇ ਫੂਕ-ਫੂਕ ਪੈਰ ਰੱਖਦਾ ਹੈ। ਦੁਬਿਧਾ ਦਾ ਤਿਆਗ ਕਰਦਾ ਹੈ ਅਤੇ ਨਿਰੰਕਾਰ ਨੂੰ ਪਹਿਚਾਣ ਲੈਂਦਾ ਹੈ।

ਜੋ ਉਪਜਿਆ ਹੈ, ਉਹ ਨਾਸ਼ਵਾਨ ਹੈ ਤੇ ਬਿਨਸ ਜਾਏਗਾ। ਜੋ ਬਿਨਸਣਹਾਰ ਹੈ, ਉਹ ਸੱਚ ਨਹੀਂ। ਝੂਠ ਹੈ, ਮਿਥਿਆ ਹੈ। ਅੱਜ ਜਾਂ ਕੱਲ੍ਹ ਉਸ ਨੇ ਕਾਲ ਦੇ ਵੱਸ ਪੈ ਹੀ ਜਾਣਾ ਹੈ। ਇਸ ਸਾਰੇ ਦਾ ਕਰਤਾ, ਕਰਤਾ ਵੀ ਹੈ ਤੇ ਹਰਤਾ ਵੀ ਹੈ। ਜਦੋਂ ਕੁਝ ਵੀ ਨਹੀਂ ਸੀ, ਤਾਂ ਵੀ ਉਹ ਹੈ ਸੀ ਤੇ ਜਦੋਂ ਕੁਝ ਨਹੀਂ ਹੋਵੇਗਾ, ਤਾਂ ਉਹ ਉਦੋਂ ਵੀ ਹੋਵੇਗਾ। ਇਸੇ ਲਈ ਪਾਤਸ਼ਾਹ ਉਸ ਨੂੰ ਸਦੀਵੀ ਸੱਚ, ਸਦਾ ਸੱਚ ਜਾਂ ਤ੍ਰੈਕਾਲ ਸੱਚ ਆਖਦੇ ਹਨ:

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥* (ਪੰਨਾ ੧)

ਇਹ ਆਦਿ ਸੱਚ ਆਦਿ ਸ਼ਕਤੀ ਹੈ। ਇਹ ਆਦਿ ਸ਼ਕਤੀ ਹੀ ਆਦਿ ਧਰਮ ਜਾਂ ਆਦਿ ਮੱਤ ਹੈ। ਇਸੇ ਨੂੰ ਹੀ ਭਾਈ ਗੁਰਦਾਸ ਜੀ ਬਿਆਨਦਿਆਂ ਕਹਿੰਦੇ ਹਨ:

*ਸਿਧਾਸਣਿ ਸਭਿ ਜਗਤਿ ਦੇ ਨਾਨਕ ਆਦਿ ਮਤੇ ਜੇ ਕੋਆ।*
(ਵਾਰ ੧/੨੭)

ਦੁਨੀਆਂ ਵਿੱਚ ਬਹੁਤੇਰੇ ਧਰਮ ਹਨ, ਬਹੁਤ ਮੱਤ ਹਨ ਪਰ ਗੁਰੂ ਨਾਨਕ ਦੇਵ ਜੀ ਨੇ ਆਦਿ ਮੱਤ ਨੂੰ ਧਾਰਿਆ ਤੇ ਪ੍ਰਚਾਰਿਆ ਹੈ। ਇਹੀ ਗੱਲ ਗੁਰੂ ਨਾਨਕ ਦੇਵ ਜੀ ਨੇ ਵਾਹਿਗੁਰੂ ਪਾਸੋਂ ਪ੍ਰਾਪਤ ਕੀਤੀ ਹੈ। ਆਦਿ ਪੁਰਖ, ਆਦਿ ਸੱਚ ਜਾਂ ਆਦਿ ਮੱਤ। ਇਹ ਮੱਤ ਜਾਂ ਇਹ ਧਰਮ ਸਭਨਾਂ ਤੋਂ ਉਪਰ ਹੈ ਅਤੇ ਸਭਨਾਂ ਤੋਂ ਉਚੇਰਾ।

ਸ੍ਰੀ ਗੁਰੂ ਨਾਨਕ ਦੇਵ ਜੀ ਇਸ ਧਰਮ ਦੀ ਧਾਰਨਾ ਜਾਂ ਪ੍ਰਾਪਤੀ ਲਈ ਸੁਮੱਤ ਦਿੰਦੇ ਹਨ। ਆਪ ਜੀ ਕਹਿੰਦੇ ਹਨ ਕਿ ਇਸ ਤੋਂ ਇਲਾਵਾ ਹੋਰ ਕੁਝ ਨਹੀਂ। ਮੈਂ ਇਸੇ ਇਕ ਨੂੰ ਕਹਿੰਦਾ, ਪੜ੍ਹਦਾ ਤੇ ਸੁਣਦਾ ਹਾਂ। ਇਹੀ ਧੀਰਜ ਤੇ ਸਹਿਜ ਦਾ ਸਰੂਪ ਅਤੇ ਦਾਤਾ ਹੈ:

*ਕਹਤਉ ਪੜਤਉ ਸੁਣਤਉ ਏਕ ॥*
*ਧੀਰਜ ਧਰਮੁ ਧਰਣੀਧਰ ਟੇਕ ॥*
*ਜਤੁ ਸਤੁ ਸੰਜਮੁ ਰਿਦੈ ਸਮਾਏ ॥*
*ਚਉਥੇ ਪਦ ਕਉ ਜੇ ਮਨੁ ਪਤੀਆਏ ॥੭॥* (ਪੰਨਾ ੬੮੬)

ਧਰਮ ਦਾ ਧਾਰਕ ਜਾਂ ਧਰਮ ਦੀ ਵਿਚਾਰਧਾਰਾ ਵਾਲਾ ਇਕ ਅਕਾਲ ਪੁਰਖ ਦੀ ਹੀ ਮਹਿਮਾ ਕਰੇਗਾ। ਓਸੇ ਦਾ ਜ਼ਿਕਰ ਕਰੇਗਾ। ਉਸ ਬਾਰੇ ਹੀ ਪੜ੍ਹੇਗਾ ਜਾਂ ਜੋ ਗਿਆਨ ਉਹ ਪੁਸਤਕਾਂ ਪੋਥੀਆਂ ਵਿੱਚੋਂ ਹਾਸਲ ਕਰੇਗਾ, ਉਸ ਵਿੱਚੋਂ ਵੀ ਉਸੇ ਦੀ ਕਲਾ ਨੂੰ ਨਿਰਖੇਗਾ ਅਤੇ ਪਰਖੇਗਾ। ਜਦੋਂ ਉਹ ਪੜ੍ਹਿਆਂ ਪਾਸ ਬੈਠੇਗਾ, ਤਾਂ ਉਸ ਇਕ ਦੀਆਂ ਹੀ ਗਾਥਾਵਾਂ ਸੁਣੇਗਾ ਜਾਂ ਇੰਜ ਕਹੀਏ ਕਿ ਹਰ ਗਾਥਾ ਵਿੱਚੋਂ ਉਹ ਅਕਾਲ ਪੁਰਖ ਦੀ ਸਰਬੱਗਤਾ ਦੀ ਖ਼ੁਸ਼ਬੂ ਨੂੰ ਮਾਣੇਗਾ। ਐਸੇ ਧਰਮ ਵਾਲਾ ਪੁਰਸ਼ ਧੀਰਜਵਾਨ ਹੋਵੇਗਾ। ਇਹ ਧੀਰਜ ਰੂਪੀ ਧਰਮ ਉਦੋਂ ਹੀ ਧਾਰਨ ਕੀਤਾ ਜਾ ਸਕੇਗਾ, ਜਦੋਂ ਉਸ ਵਾਹਿਗੁਰੂ ਦੀ ਹੋਂਦ ਦਾ ਗਿਆਨ ਹੋਵੇਗਾ। ਧਰਨ, ਗਗਨ, ਆਕਾਸ਼, ਪਾਤਾਲ ਨੂੰ ਇਸ ਸ਼ਕਤੀ ਨੇ ਥੰਮ੍ਹਿਆ ਹੋਇਆ ਹੈ। ਜੋ ਸਹਿਜ ਸੁਭਾਏ ਸਾਰੇ ਬ੍ਰਹਿਮੰਡ ਨੂੰ ਚਲਾ ਰਿਹਾ ਹੈ। ਉਹ ਧੀਰਜ ਰੂਪ ਹੀ ਹੈ। ਮਨੁੱਖ ਜਦੋਂ ਕੋਈ ਆਮ ਜਿਹਾ ਕਾਰਨਾਮਾ ਕਰ ਦਿਖਾਏ, ਤਾਂ ਉਸ ਦੀ ਮਾਨਸਿਕ ਦਸ਼ਾ ਦੇਖਣ ਵਾਲੀ ਹੁੰਦੀ ਹੈ। ਟੈਨਿਸ ਦਾ ਕੋਈ ਖਿਡਾਰੀ ਜਾਂ ਕੋਈ ਮੁੱਕੇਬਾਜ਼ ਫੱਟੜ ਹੋਇਆ ਜਾਂ ਸਾਹੋ ਸਾਹ ਹੋਇਆ ਖੇਡੀ ਗਈ ਖੇਡ ਵਿੱਚ ਜਿੱਤ ਪ੍ਰਾਪਤ ਕਰਦਾ ਹੈ, ਤਾਂ ਉਨ੍ਹਾਂ ਦੇ ਮੂੰਹੋਂ ਉਸ ਵੇਲੇ ਨਿਕਲੇ ਹੋਏ ਸ਼ਬਦ ਜੇ ਧਿਆਨ ਨਾਲ ਸੁਣੀਏ ਅਤੇ ਗੰਭੀਰਤਾ ਨਾਲ

ਵਿਚਾਰੀਏ ਤਾਂ ਬੜੀ ਹੈਰਾਨੀ ਹੁੰਦੀ ਹੈ। ਖੇਡ ਦਾ ਜੇਤੂ ਆਪਣੇ ਆਪ ਵਿੱਚ ਸਮਿੱਚਦਾ ਨਹੀਂ। ਉਸ ਦੀ ਖੁਸ਼ੀ ਮਿਉਂਦੀ ਨਹੀਂ। ਉਹ ਕਿਸੇ ਨੂੰ ਕੁਝ ਮਿਥਦਾ ਹੀ ਨਹੀਂ। ਉਹ ਸਾਹੋ-ਸਾਹ ਹੋਇਆ ਵੀ ਪੂਰਾ ਜ਼ੋਰ ਲਾ ਕੇ ਕਹਿੰਦਾ ਹੈ ਕਿ ਦੁਨੀਆਂ ਦਾ ਸਭ ਤੋਂ ਤਾਕਤਵਰ ਬੰਦਾ ਹਾਂ। ਜਿਸ ਮਹਾਨ ਸ਼ਕਤੀ ਨੇ ਬਿਨਾਂ ਥੰਮ੍ਹਾਂ ਦੇ ਆਕਾਸ਼ ਨੂੰ ਚੁੱਕਿਆ ਹੋਇਆ ਹੈ, ਉਹ ਇਕ ਖਾਸ ਸੰਜਮ ਵਿੱਚ ਸਾਰੇ ਗ੍ਰਹਿ ਤੇ ਧਰਤੀਆਂ ਆਪਣੇ ਨਿਯਮਤ ਰਾਹ 'ਤੇ ਚਲਾ ਰਿਹਾ ਹੈ। ਉਹ ਇਸ ਸਭ ਸ੍ਰਿਸ਼ਟੀ ਦਾ ਮਾਲਕ ਹੋਣ ਦੇ ਬਾਵਜੂਦ ਵੀ ਮੂੰਹੋਂ ਕੁਝ ਨਹੀਂ ਕਹਿੰਦਾ। ਕਿਤਨਾ ਮਹਾਨ ਧੀਰਜ ਹੈ ਅਕਾਲ ਪੁਰਖ ਦਾ। ਇਹ ਧੀਰਜ ਹੀ ਧਰਮ ਹੈ ਅਤੇ ਧਰਮ ਵਾਲੇ ਨੂੰ ਇਸ ਧਰਤੀ ਦੇ ਪਾਲਕ ਦੀ ਟੇਕ ਹੈ। ਅਜਿਹੇ ਧਾਰਮਿਕ ਪੁਰਖ ਦੇ ਹਿਰਦੇ ਅੰਦਰ ਜਤੁ, ਸਤੁ, ਸੰਜਮ ਆਪਣੇ ਆਪ ਆ ਨਿਵਾਸ ਕਰਦੇ ਹਨ। ਉਹ ਸਰਬ ਆਕਾਰਾਂ ਦੇ ਮਾਲਕ ਨਿਰੰਕਾਰ ਦੇ ਦੀਦਾਰ ਦਾ ਸਹਿਜ-ਸੁਖ ਮਾਣਦਾ ਹੈ ਅਤੇ ਆਕਾਰਾਂ ਤੋਂ ਉੱਤੇ ਉੱਠ ਜਾਂਦਾ ਹੈ। ਰਜ, ਤਮ, ਸਤ, ਤ੍ਰੈਗੁਣ ਹੇਠਾਂ ਰਹਿ ਜਾਂਦੇ ਹਨ ਅਤੇ ਉਹ ਇਨ੍ਹਾਂ ਤੋਂ ਉੱਤੇ ਹੋ ਕੇ ਚੌਥੇ ਪਦ ਦੀ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ। ਅਜਿਹਾ ਧਰਮੀ ਭੇਖਾਂ ਦਾ ਗੁਲਾਮ ਨਹੀਂ ਰਹਿੰਦਾ। ਉਸ ਦੀ ਕਰਣੀ ਦਾ ਅਨੁਕਰਣ ਖੁਦ ਧਰਮ ਹੈ।

ਧੀਰਜ ਧਰਮ ਦਾ ਧਾਰਣੀ ਸਵੱਛ, ਸੱਚਾ ਤੇ ਨਿਰਮਲ ਹੋ ਜਾਂਦਾ ਹੈ। ਉਸ ਨੂੰ ਕੋਈ ਮੈਲ ਨਹੀਂ ਲੱਗਦੀ। ਇਸ ਅਵਸਥਾ ਦੀ ਪ੍ਰਾਪਤੀ ਉਸ ਨੂੰ ਗੁਰਸ਼ਬਦ ਤੋਂ ਪ੍ਰਾਪਤ ਹੁੰਦੀ ਹੈ। ਉਹ ਆਦਿ ਪੁਰਖ ਦਾ ਨੇੜਾ ਪ੍ਰਾਪਤ ਕਰ ਕੇ ਭਰਮ, ਕਰਮ ਅਤੇ ਭਉ ਭਰਮ ਤੋਂ ਮੁਕਤ ਹੋ ਜਾਂਦਾ ਹੈ।

*ਸਾਚੇ ਨਿਰਮਲ ਮੈਲੁ ਨ ਲਾਗੈ॥*
*ਗੁਰ ਕੈ ਸਬਦਿ ਭਰਮ ਭਉ ਭਾਗੈ॥*
*ਸੂਰਤਿ ਮੂਰਤਿ ਆਦਿ ਅਨੂਪੁ॥*
*ਨਾਨਕੁ ਜਾਚੈ ਸਾਚੁ ਸਰੂਪੁ॥* *(ਪੰਨਾ ੬੮੬)*

ਅਜਿਹੇ ਧੀਰਜ ਧਰਮ ਵਾਲੇ ਮਨੁੱਖ ਨੇ ਆਦਿ ਅਤੇ ਅਨੂਪ ਦਾਤੇ ਦੀ ਸੂਰਤ ਤੇ ਮੂਰਤ ਨੂੰ ਪਹਿਚਾਣ ਲਿਆ ਹੁੰਦਾ ਹੈ। ਗੁਰੂ ਨਾਨਕ ਪਾਤਸ਼ਾਹ ਫੁਰਮਾਉਂਦੇ ਹਨ ਕਿ ਉਹ ਐਸੇ ਹੀ ਧਰਮ ਦੇ ਅਭਿਲਾਖੀ ਹਨ। ਅਨੂਪ ਆਦਿ ਪੁਰਖ ਦਾ ਸਰੂਪ ਸੱਚ ਵਰਗਾ ਹੈ। ਉਸ ਨੇ ਕੋਈ ਲੇਪਾ-ਪੋਚੀ ਨਹੀਂ ਕੀਤੀ ਹੁੰਦੀ। ਉਹ ਕੇਸੋਵ ਹੈ ਤੇ ਕੇਸਵ ਹੈ। ਇਨ੍ਹਾਂ ਹੀ ਗੁਣਾਂ ਦੇ ਧਾਰਨੀ ਗੁਰੂ ਨਾਨਕ ਦੇਵ ਜੀ ਦੇ ਪੈਰੋਕਾਰ ਹਨ। ਵਾਹਿਗੁਰੂ ਦਾ ਸੁਭਾਅ ਧੀਰਜ ਦਾ ਹੈ। ਧਰਮ ਧੀਰਜ ਹੈ ਅਤੇ ਧਰਮ ਵਾਲੇ ਧੀਰਜਵਾਨ।

ਇਹ ਗੱਲ ਭਲੀ ਪ੍ਰਕਾਰ ਵਿੱਦਤ ਹੈ ਕਿ ਸਰਬ ਧਰਮ ਤੇ ਬ੍ਰਹਿਮੰਡ ਦਾ ਦਾਤਾ ਇਕੋ ਹੀ ਹੈ। ਉਸ ਦੀ ਪ੍ਰਾਪਤੀ ਨਿਮਰਤਾ ਨਾਲ ਹੋ ਸਕਦੀ ਹੈ। ਹਉਮੈ ਜਾਂ ਆਕੜ ਨਾਲ ਵਾਹਿਗੁਰੂ ਤੋਂ ਵਿਛੜ ਜਾਈਦਾ ਹੈ, ਦੂਰੀ ਵੱਧ ਜਾਂਦੀ ਹੈ।

ਭਵ-ਸਾਗਰ ਬਿਖਮ ਤੇ ਅਸਗਾਹ ਹੈ। ਔਖਾ ਤੇ ਬਿਖੜਾ ਰਾਹ ਹੈ। ਸਾਧ-ਸੰਗਤ ਭੇਟਣ ਨਾਲ ਮਨ ਮਾਂਜਿਆ ਜਾਂਦਾ ਹੈ ਤੇ ਮੈਲ ਉੱਤਰ ਜਾਂਦੀ ਹੈ। ਸਾਧ-ਸੰਗਤ ਦੀ ਪ੍ਰਾਪਤੀ ਵੀ ਅਕਾਲ ਪੁਰਖ ਸਤਿਗੁਰੂ ਦੀ ਮਿਹਰ ਨਾਲ ਹੁੰਦੀ ਹੈ। ਉਹਨੂੰ ਚੰਗਾ ਲੱਗੇ ਜਾਂ ਅਸੀਂ ਉਸ ਨੂੰ ਚੰਗੇ ਲੱਗਣ ਲੱਗ ਜਾਈਏ, ਤਾਂ ਉਹ ਆਪਣੀ ਭਗਤੀ ਦੀ ਬਖਸ਼ਿਸ਼ ਕਰ ਦਿੰਦਾ ਹੈ। ਗੁਣ ਗਾਉਣ ਦੀ ਪ੍ਰੇਰਨਾ ਮਿਲ ਜਾਂਦੀ ਹੈ। ਉਸ ਦੀ ਸਿਫਤ-ਸਾਲਾਹ ਨਾਲ ਉਹ ਮਨ ਵਿੱਚ ਘਰ ਕਰ ਲੈਂਦਾ ਹੈ, ਜਾਂ ਅੰਤਰ ਪ੍ਰਕਾਸ਼ ਹੋ ਜਾਂਦਾ ਹੈ:

*ਪ੍ਰਭ ਦਾਤਉ ਦਾਤਾਰ ਪਰ੍ਹਿਉ ਜਾਚਕੁ ਇਕੁ ਸਰਨਾ॥*
*ਮਿਲੈ ਦਾਨੁ ਸੰਤ ਰੇਨ ਜੇਹ ਲਗਿ ਭਉਜਲੁ ਤਰਨਾ॥*
*ਬਿਨਤਿ ਕਰਉ ਅਰਦਾਸਿ ਸੁਨਹੁ ਜੇ ਠਾਕੁਰ ਭਾਵੈ॥*
*ਦੇਹੁ ਦਰਸੁ ਮਨਿ ਚਾਉ ਭਗਤਿ ਇਹੁ ਮਨੁ ਠਹਰਾਵੈ॥*

*(ਪੰਨਾ ੧੩੮੬)*

ਅਸੀਂ ਬਹੁਤੇ ਹਨੇਰੇ ਵਿੱਚ ਹੀ ਵਿਚਰਦੇ ਹਾਂ। ਅਗਿਆਨ ਦੇ ਹਨੇਰੇ ਵਿੱਚ ਜਾਂ ਭਰਮ ਦੇ ਹਨੇਰੇ ਵਿੱਚ ਜਾਂ ਫਿਰ ਭਰਮ ਕਰਮ ਦੇ ਹਨੇਰੇ ਵਿੱਚ ਭਰਮਦੇ ਰਹਿੰਦੇ ਹਾਂ। ਵਸਤ ਕੋਲ ਹੀ ਹੁੰਦੀ ਹੈ। ਉਸ ਨੂੰ ਸਹਿਜ ਹੀ ਪ੍ਰਾਪਤ ਕਰਨ ਦੀ ਬਜਾਏ ਭੱਜਣ ਧਰੁਕਣ ਵਿੱਚ ਹੀ ਉਲਝੇ ਰਹਿੰਦੇ ਹਨ। ਗੁਰੂ-ਬਚਨ ਕਲਿਆਣਕਾਰੀ ਤੇ ਚਾਨਣ ਰੂਪ ਹਨ। ਉਸ ਦੇ ਨਾਲ ਹਨੇਰਾ ਦੂਰ ਹੁੰਦਾ ਹੈ ਤੇ ਨਾਮ-ਧਰਮ ਦੀ ਪ੍ਰਾਪਤੀ ਨਾਲ ਉਧਾਰ ਹੋ ਜਾਂਦਾ ਹੈ। ਇਹ ਨਾਮ ਹੀ ਸਾਰੇ ਗ੍ਰਹਿਆਂ ਤੇ ਰਚਨਾ ਦੇ ਅੰਦਰ ਵਿਦਮਾਨ ਹੈ। ਇਸ ਨਾਮ ਦੇ ਪ੍ਰਗਟ ਹੋਣ ਨਾਲ ਗੁਰ ਪਾਰਬ੍ਰਹਮ ਪ੍ਰਗਟ ਹੋ ਕੇ ਸਾਰੇ ਭੁਲੇਖੇ ਭਰਮ ਤੇ ਹਨੇਰਾ ਦੂਰ ਕਰ ਦਿੰਦਾ ਹੈ:

*ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ॥*
*ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ॥੯॥*

*(ਪੰਨਾ ੧੩੮੭)*

ਨਾਮ ਸਾਰੇ ਭਰਮ ਤੇ ਭੁਲੇਖੇ ਦੂਰ ਕਰਨ ਵਾਲਾ ਹੈ। ਪਰ ਕਮਾਲ ਦੀ ਗੱਲ ਇਹ ਹੈ ਕਿ ਅਸੀਂ ਨਾਮ ਬਾਰੇ ਹੀ ਕਿਤਨੇ ਭੁਲੇਖੇ ਪਾਏ ਹੋਏ ਹਨ। ਚਾਹੀਦਾ ਤਾਂ ਇਹ ਸੀ ਕਿ ਨਾਮ ਸਾਡੇ ਵਣਜ-ਵਿਹਾਰ ਵਿੱਚ ਆਉਂਦਾ। ਸਾਡੀ ਨਿਤਾਪ੍ਰਤੀ ਜ਼ਿੰਦਗੀ ਦਾ ਅੰਗ ਬਣਦਾ। ਸਾਡੇ 'ਤੇ ਨਾਮ ਦਾ ਰੰਗ ਚੜ੍ਹਦਾ ਪਰ ਅਸੀਂ ਨਾਮ ਨੂੰ ਹੀ ਗੁੰਝਲਦਾਰ ਜਿਹਾ ਬਣਾ ਕੇ ਰੱਖ ਦਿੱਤਾ ਹੈ। ਕੋਈ ਹੱਠ ਨਾਲ ਪ੍ਰਾਪਤ ਕਰਨਾ ਚਾਹੁੰਦਾ ਹੈ। ਕੋਈ ਚਲੀਹੇ (40 ਦਿਨ) ਪਿਆ ਕਰਦਾ ਹੈ। ਕੋਈ ਨ੍ਹਾਉਣ, ਧੋਣ, ਇਸ਼ਨਾਨ ਕਰਨ ਵਿੱਚ ਮਗਨ ਹੈ। ਕੋਈ ਤਨ ਨੂੰ ਕੂਚੀ ਜਾ ਰਿਹਾ ਹੈ। ਜਦ ਸਾਡੇ ਕੋਲ ਸਾਫ਼ ਸਪਸ਼ਟ ਹੁਕਮ ਮੌਜੂਦ ਹਨ ਕਿ ਸੌ-ਸੌ ਚੂਲੀਆਂ ਜਾਂ ਸੱਤਾਂ ਸਮੁੰਦਰਾਂ ਦੇ ਇਸ਼ਨਾਨ ਨਾਲ ਪਵਿੱਤਰਤਾ ਪ੍ਰਾਪਤ ਨਹੀਂ ਹੋ ਸਕਦੀ। ਮਨ ਸੁੱਚਾ

ਨਹੀਂ ਹੋ ਸਕਦਾ। ਮਨ ਸੁੱਚਾ ਤਾਂ ਹੀ ਹੋਏਗਾ, ਜੇ ਨਾਮ ਮਨ ਵਿੱਚ ਵੱਸੇ ਪਰ ਕਮਾਲ ਹੈ ਕਦੀਂ ਅਸੀ ਸੌ-ਸੌ ਗਾਗਰਾਂ ਨਾਲ ਨਹਾ ਕੇ ਸਮਝਦੇ ਹਾਂ ਕਿ ਬੜੀ ਪ੍ਰਾਪਤੀ ਹੋ ਗਈ ਹੈ ਤੇ ਕਦੇ ਚੌਰਾਸੀ ਪੌੜੀਆਂ ਤੇ ਚੌਰਾਸੀ ਇਸ਼ਨਾਨ ਕਰਨ ਨਾਲ ਚੌਰਾਸੀ ਕੱਟੀ ਗਈ ਮੰਨਦੇ ਹਾਂ। ਸਭ ਤੋਂ ਹੈਰਾਨਕੁੰਨ ਤੇ ਦੁਖਦਾਈ ਗੱਲ ਉਦੋਂ ਵੇਖਣ ਨੂੰ ਮਿਲਦੀ ਹੈ, ਜਦੋਂ ਕੋਈ ਨਾਮਨਿਹਾਦ ਗੁਰੂ ਚੇਲੇ ਦੇ ਕੰਨਾਂ ਵਿੱਚ ਘੁਰ-ਘੁਰ ਕਰ ਕੇ ਨਾਮ ਦਿੰਦਾ ਹੈ ਜਾਂ ਫਿਰ ਕੋਈ ਸੰਤ, ਸਾਧੂ ਜਾਂ ਡੇਰੇਦਾਰ ਨਾਮ ਦੀ ਪੁੜੀ ਬਣਾ ਕੇ ਆਪਣੇ ਚੇਲਿਆਂ ਨੂੰ ਨਾਮ ਦਾਨ ਦੇਈ ਜਾਂਦਾ ਹੈ।

ਉਪਰ ਲਿਖੇ ਹੁਕਮ ਵਿੱਚ ਆਇਆ ਹੈ ਕਿ ਨਾਮ ਧਰਮ ਹੈ। ਭਾਵ ਨਾਮ ਆਪਣੇ ਆਪ ਵਿੱਚ ਇਕ ਜੀਵਨ-ਜਾਚ ਹੈ। ਇਸ ਤੋਂ ਇਹ ਗੱਲ ਖੁੱਲ੍ਹ ਕੇ ਸਾਹਮਣੇ ਆਉਂਦੀ ਹੈ ਕਿ ਨਾਮ ਨੂੰ ਵੇਚਣਾ, ਵੱਟਣਾ ਜਾਂ ਵਰਤਨਾ ਨਹੀਂ ਬਲਕਿ ਨਾਮ ਨੂੰ ਵਰਤਣ ਵਿੱਚ ਲਿਆਉਣਾ ਹੈ। ਆਪਣੀ ਰੋਜ਼-ਮਰ੍ਹਾ ਦੀ ਜ਼ਿੰਦਗੀ ਨੂੰ ਨਾਮ ਦੇ ਪ੍ਰਭਾਵ ਅਧੀਨ ਕਰਨਾ ਹੈ। 'ਭਗਤ ਜਨਾ ਕੀ ਬਰਤਨਿ ਨਾਮੁ' ਦੇ ਮਹਾਨ ਆਦੇਸ਼ ਨੂੰ ਸਮਝ ਕੇ ਜੀਵਨ ਦਾ ਰੂਪ ਬਣਾਉਣਾ ਹੈ। ਨਾਮ ਲੈਣ ਤੋਂ ਇਹ ਭਾਵ ਨਹੀਂ ਕਿ ਨਾਮ ਨੂੰ ਲੈ ਕੇ ਪੁੜੀ ਬਣਾ ਗਲ ਵਿੱਚ ਤਾਵੀਜ਼ ਪਾਉਣਾ ਹੈ ਜਾਂ ਉਸ ਨੂੰ ਆਪਣੀ ਤਿਜੌਰੀ ਵਿੱਚ ਰੱਖਣਾ ਹੈ। ਧਰਮ ਇਕ ਵਿਹਾਰ ਹੈ। ਨਾਮ ਨੂੰ ਵਿਹਾਰ ਵਿੱਚ ਲਿਆ ਕੇ ਨਾਮ-ਧਰਮ ਧਾਰਨ ਕਰਨਾ ਹੈ। ਅਜਿਹਾ ਕਰਨ ਨਾਲ ਅਗਿਆਨ ਤੇ ਭਰਮ ਦਾ ਹਨੇਰਾ ਛੱਟ ਜਾਏਗਾ। ਚਾਨਣ ਹੀ ਚਾਨਣ ਹੋ ਜਾਏਗਾ। ਸਾਰੇ ਭਵਨ ਵਿੱਚ ਅੰਤਰ-ਆਤਮੇ ਰੋਸ਼ਨੀ ਹੋ ਜਾਏਗੀ:

*ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ॥*
*ਨਾਮੁ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ॥*
*(ਪੰਨਾ ੬੯੪)*

ਜਦ ਨਾਮ ਧਰਮ ਹੋ ਨਿਬੜੇਗਾ, ਤਾਂ ਫਿਰ ਹਨੇਰਾ ਨਹੀਂ ਹੋਵੇਗਾ ਤੇ ਠੁੱਡੇ ਨਹੀਂ ਲੱਗਣਗੇ। ਨਾਮ ਦੀਵਾ ਹੈ। ਨਾਮ ਬੱਤੀ ਤੇ ਤੇਲ ਵੀ। ਜਦੋਂ ਨਾਮ ਧਰਮ ਹੋਵੇਗਾ, ਤਾਂ ਸਭਨੀਂ ਪਾਸੀਂ ਧਰਮ ਦਾ ਪਾਸਾਰਾ ਜੋਤ ਵਾਂਗ ਹੋਵੇਗਾ। ਐਸਾ ਹੋਣ ਨਾਲ ਅਗਿਆਨ ਤੇ ਹਨੇਰੇ ਦੀ ਕੋਈ ਸੰਭਾਵਨਾ ਨਹੀਂ ਰਹਿ ਜਾਏਗੀ।

ਭਿੰਨ-ਭਿੰਨ ਪ੍ਰਕਾਰ ਦੇ ਧਰਮ ਦੁਨੀਆਂ ਦੇ ਵਿੱਚ ਹਨ। ਉਨ੍ਹਾਂ ਦੀਆਂ ਵੱਖ-ਵੱਖ ਆਸਥਾਵਾਂ ਤੇ ਵਿਸ਼ਵਾਸ਼ ਹਨ। ਭੇਖਾਂ ਵਿੱਚ ਵੀ ਬਹੁਤ ਸਾਰਾ ਅੰਤਰ ਹੈ। ਧਰਮ ਭੇਖ ਨਹੀਂ ਹੈ। ਭੇਖ ਦੀ ਭਾਵਨਾ ਕਿਸੇ ਹੱਦ ਤੱਕ ਸੰਜਮ ਨੂੰ ਉਪਜਾਉਂਦੀ ਹੈ ਪਰ ਮੁਢਲੇ ਤੌਰ 'ਤੇ ਧਰਮ ਦੈਵੀ ਗੁਣਾਂ ਦਾ ਸਮੂਹ ਹੈ। ਇਨ੍ਹਾਂ ਗੁਣਾਂ ਨੇ ਵਰਤੋਂ ਵਿੱਚ ਆ ਕੇ ਦੁਰਲੱਭ ਜੀਵਨ ਨੂੰ ਸੁਖਾਵਾਂ, ਭਾਵਨਾ ਪੂਰਨ ਤੇ ਸੁਖਦਾਈ ਬਣਾਉਣਾ ਹੁੰਦਾ ਹੈ। ਇਹੀ ਕਾਰਨ ਹੈ ਕਿ ਗੁਰਮਤਿ ਧਰਮ ਵਿੱਚ ਕਰਮਕਾਂਡ ਅਤੇ ਭਰਮ, ਕਰਮ ਦਾ ਕੋਈ ਦਖ਼ਲ ਨਹੀਂ ਮੰਨਦੀ। ਸਗੋਂ ਉਨ੍ਹਾਂ ਨੂੰ ਦ੍ਰਿੜ੍ਹਤਾ ਨਾਲ ਨਕਾਰਦੀ ਹੈ।

ਗੁਰਮਤਿ ਸ਼ੁਭ ਕਰਮਾਂ ਨੂੰ ਹੀ ਧਰਮ ਦਾ ਮੂਲ ਮੰਨਦੀ ਹੈ। ਗੁਰੂ ਅਰਜਨ ਸਾਹਿਬ ਇਸ ਸਬੰਧ ਵਿੱਚ ਨਿਰਣਾਤਮਕ ਆਦੇਸ਼ ਦਿੰਦੇ ਹਨ, ਸਾਰੇ ਧਰਮਾਂ ਵਿੱਚੋਂ ਸ਼ੁੱਭ ਤੇ ਉੱਤਮ ਧਰਮ ਹੈ ਕਿ ਵਾਹਿਗੁਰੂ ਦੀ ਹੋਂਦ ਨੂੰ ਸਵੀਕਾਰ ਕੇ ਦ੍ਰਿੜ੍ਹ ਕਰਨਾ ਅਤੇ ਉਸ ਦੀ ਕ੍ਰਿਪਾ ਨਾਲ ਆਚਰਨ ਨੂੰ ਨਿਰਮਲ ਕਰਮਾਂ ਵਾਲਾ ਬਣਾਉਣਾ:

*ਸਰਬ ਧਰਮ ਮਹਿ ਸ੍ਰੇਸਟ ਧਰਮੁ॥*
*ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥*

*(ਪੰਨਾ ੨੬੬)*

ਸਿੱਧੇ ਰੂਪ ਵਿੱਚ ਇਸ ਹੁਕਮ ਤੋਂ ਇਹ ਵਿਚਾਰ ਪ੍ਰਾਪਤ ਹੁੰਦਾ ਹੈ ਕਿ ਹਰੀ ਦਾ ਨਾਮ ਜਪਣਾ ਇਕ ਨਿਰਮਲ ਕਰਮ ਹੈ ਪਰ ਜੇ ਸਗਲ ਧਰਮਾਂ ਵਿੱਚੋਂ ਸਰੇਸ਼ਟ ਧਰਮ ਦੀ ਗੱਲ ਨੂੰ ਵਿਚਾਰਿਆ ਜਾਏ, ਤਾਂ ਗੱਲ ਇੰਜ ਬਣੇਗੀ ਕਿ ਜਿਸ ਤਰ੍ਹਾਂ ਹਰਿ ਕਾ ਨਾਮ ਜਪਣਾ, ਨਿਰਮਲ ਕਰਮ ਹੈ, ਬਿਲਕੁਲ ਇਸੇ ਤਰ੍ਹਾਂ ਨਿਰਮਲ ਕਰਮ ਕਰਨੇ, ਇਹੀ ਨਾਮ ਜਪਣਾ ਹੈ। ਉਦਾਹਰਣ ਵਜੋਂ ਜੇ ਕੋਈ ਬੰਦਾ ਸਵੇਰੇ ਉਠੇ, ਗੰਗਾ ਇਸ਼ਨਾਨ ਕਰੇ, ਚੰਦਨ ਦਾ ਤਿਲਕ ਲਗਾਏ, ਮੂਰਤੀ ਅੱਗੇ ਬੈਠ ਕੇ ਪਹਿਰ ਪੂਰਾ, ਟੱਲੀਆਂ ਵਜਾਏ, ਅਰਚਨਾ ਪੂਜਾ ਕਰੇ ਅਤੇ ਇਸ ਤਰ੍ਹਾਂ ਦੇ ਹੋਰ ਕਰਮ-ਕਾਂਡ ਕਰਨ ਮਗਰੋਂ ਉਹ ਸਮਝ ਲਏ ਕਿ ਉਹ ਧਰਮ ਪਰਾਇਣ ਹੋ ਗਿਆ ਹੈ ਜਾਂ ਬੜਾ ਵੱਡਾ ਧਾਰਮਿਕ ਜੀਵ ਹੈ, ਤਾਂ ਇਹ ਸਰਾਸਰ ਅਤਿਕੱਥਨੀ ਹੈ। ਨਿਬੇੜਾ ਤਾਂ ਇਥੇ ਆ ਕੇ ਹੋਣਾ ਹੈ ਕਿ ਕੀ ਦੁਖੀ ਨੂੰ ਵੇਖ ਕੇ ਉਸ ਦਾ ਮਨ ਪਸੀਜਿਆ ਹੈ? ਕਿਸੇ ਲੋੜਵੰਦ ਦੀ ਉਸ ਨੇ ਹਾਜ਼ਤ ਪੂਰੀ ਕੀਤੀ ਹੈ? ਆਪਣੇ ਆਪ ਨੂੰ ਭੁੱਲ ਕੇ ਕਿਸੇ ਲੋੜਵੰਦ ਨੂੰ ਸੁੱਖ ਪੁਚਾਇਆ ਹੈ? ਜੇ ਅਜਿਹਾ ਨਹੀਂ ਹੋ ਰਿਹਾ, ਤਾਂ ਇਹੀ ਸਮਝਣਾ ਚਾਹੀਦਾ ਹੈ ਕਿ ਧਰਮ ਦੀ ਅਣਹੋਂਦ ਹੈ। ਇਸੇ ਹੀ ਤਰ੍ਹਾਂ ਕੋਈ ਕੇਸਾਧਾਰੀ, ਦਰਸ਼ਨੀ ਦਿੱਖ ਵਾਲਾ ਪੁਰਖ ਪਿੱਛਲ ਰਾਤੀਂ ਉੱਠ ਕੇ ਇਸ਼ਨਾਨ ਕਰੇ, ਨਿੱਤਨੇਮ ਤੇ ਬਾਣੀ ਦੇ ਪਾਠ ਉਪਰੰਤ ਸਾਧ-ਸੰਗਤ ਵਿੱਚ ਜਾਏ, ਪਰ ਕਿਸੇ ਹਾਜ਼ਤਮੰਦ ਅਭਿਆਗਤ ਨਾਲ ਰੁੱਖਾ ਵਿਹਾਰ ਕਰੇ, ਵੰਡ ਕੇ ਨਾ ਖਾਏ। ਕਿਰਤ ਵਿੱਚੋਂ ਘੱਟੋ-ਘੱਟ ਦਸਵੰਧ ਨਾ ਕੱਢੇ, ਸੇਵਾ ਤੋਂ ਕਤਰਾਏ ਅਤੇ ਹੋਰ ਸ਼ੁੱਭ ਗੁਣਾਂ ਦਾ ਪਾਲਣ ਜੀਵਨ ਵਿੱਚ ਨਾ ਕਰੇ ਤਾਂ ਇਹੀ ਕਹਿਣਾ ਹੋਏਗਾ ਕਿ ਧਰਮ ਅਜੇ ਕਹਾਂ ਦੂਰ ਹੈ। ਨਾਮ ਧਰਮ ਹੈ। ਧਰਮ ਦੀ ਜੋਤ ਸਰਬ ਵਿਦਮਾਨ ਹੈ। ਘਟ-ਘਟ ਵਿੱਚ ਨਾਮ ਦਾ ਪ੍ਰਕਾਸ਼ ਹੈ, ਤਾਂ ਫਿਰ ਦੁਖੀ ਦਾ ਦੁੱਖ ਦੂਰ ਕਰਦਿਆਂ ਸਾਨੂੰ ਆਤਮਕ ਸੰਤੁਸ਼ਟੀ ਪ੍ਰਾਪਤ ਹੁੰਦੀ ਹੈ। ਜਿਸ ਦਾ ਦੁੱਖ ਹਰਿਆ ਜਾ ਰਿਹਾ ਹੈ, ਉਸ ਦੇ ਅੰਦਰ ਵਾਲੀ ਜੋਤ ਸਾਨੂੰ ਇਕ ਸ਼ਾਂਤੀ ਤੇ ਖੁਸ਼ੀ ਦਿੰਦੀ ਹੈ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਕਾਲ ਪੁਰਖ ਪਾਸੋਂ ਮੰਗ ਕਰਦੇ ਹਨ ਕਿ ਹੇ ਪਰਮ ਪਿਤਾ! ਮੇਰੇ 'ਤੇ ਮਿਹਰ ਕਰੋ। ਮੈਂ ਸ਼ੁਭ ਗੁਣਾਂ ਤੇ ਕਰਮਾਂ ਤੋਂ ਕਦੀ ਨਾ ਹਟਾਂ। ਇਸ ਵਾਸਤੇ ਭਾਵੇਂ ਮੈਨੂੰ ਕਿਤਨੀ ਕਠਿਨਾਈ ਦਾ ਸਾਹਮਣਾ ਕਿਉਂ ਨਾ ਕਰਨਾ ਪਵੇ। ਇਹੀ ਸਿੱਖੀ ਦਾ ਸਾਰ ਤੱਤ ਹੈ। ਇਹੀ ਧਰਮ ਦੀ ਅੰਤਰ-ਆਤਮਾ

ਹੈ ਅਤੇ ਅਜਿਹਾ ਕਰਨ ਲਈ ਜੇ ਕਿਤੇ ਆਪਣੀ ਜਾਨ ਦੀ ਕੁਰਬਾਨੀ ਵੀ ਦੇਣੀ ਪਏ, ਤਾਂ ਇਸ ਲਈ ਜੂਝਣ ਤੋਂ ਕੋਈ ਝਿਜਕ ਨਾ ਹੋਵੇ। ਇਹੀ ਭਾਵਨਾ ਹੈ। 'ਵਖਤੈ ਉਪਰਿ ਲੜਿ ਮੁਏ' ਦੀ ਵਕਤ ਉੱਤੇ ਉਹੀ ਲੜ ਮਰੇਗਾ ਅਤੇ ਸਾਬਤ ਕਦਮ ਹੋ ਮੈਦਾਨ ਵਿੱਚ ਨਿਤਰੇਗਾ, ਜਿਸ ਨੇ ਨਾਮ ਭਾਵ ਨਾਮ ਧਰਮ ਨੂੰ ਕੇਵਲ ਉੱਤੋਂ ਹੀ ਨਹੀਂ ਓਹੜਿਆ ਹੋਇਆ, ਸਗੋਂ ਇਸ ਦਾ ਸਹੀ ਰੂਪ ਵਿੱਚ ਆਤਮਕ ਅਭਿਆਸ ਕੀਤਾ ਹੁੰਦਾ ਹੈ। ਜਿਸ ਗੁਰਮੁਖ ਆਤਮਾ ਨੇ ਅੰਮ੍ਰਿਤ ਵੇਲੇ ਅਭਿਆਸ ਨਾਲ ਸੱਚ ਸਰੂਪ ਸ਼ਬਦ ਨੂੰ ਸਿਆਨਪ ਅਤੇ ਪਛਾਨਣ ਦੀ ਕੋਸ਼ਿਸ਼ ਕੀਤੀ ਹੋਵੇਗੀ। ਉਹੀ ਅਭਿਆਸੀ ਪੁਰਖ ਵੇਲਾ ਪੈਣ 'ਤੇ ਕਾਮਯਾਬ ਹੋਵੇਗਾ।

ਫ਼ੌਜੀ ਜੰਗ ਰੋਜ਼-ਰੋਜ਼ ਨਹੀਂ ਕਰਦੇ, ਜੰਗ ਤਾਂ ਕਦੀ-ਕਦਾਈਂ ਅਚਨਚੇਤ ਹਮਲਾ ਹੋਣ ਉੱਤੇ ਕਰਨੀ ਹੁੰਦੀ ਹੈ ਪਰ ਫ਼ੌਜੀ ਪਲਟਨਾਂ ਦੀ ਕੁਆਇਦ ਅਤੇ ਜੰਗੀ ਅਭਿਆਸ ਨਿੱਤ ਕਰਾਇਆ ਜਾਂਦਾ ਹੈ, ਤਾਂ ਜੋ ਮਨ ਇਹੋ ਜਿਹਾ ਬਣ ਜਾਏ ਕਿ ਉਹ ਵਕਤ ਪੈਣ ਉੱਤੇ ਖੇਤ ਵਿੱਚ ਸੂਰਮੇ ਵਾਂਗੂ ਜੂਝੇ ਅਤੇ ਜਿੱਤ ਪ੍ਰਾਪਤ ਕਰੇ। ਨਾਮ ਧਰਮ ਹੈ। ਧਰਮ ਦਾ ਅਭਿਆਸ ਜੀਵਨ ਨੂੰ ਚਾਨਣਮਈ ਬਣਾ ਦਏਗਾ।

ਜਗਤ ਗੁਰੂ, ਪਿਤਾ ਗੁਰੂ ਨਾਨਕ ਦੇਵ ਜੀ ਦੀ ਗੁਰਮਤਿ ਦੇ ਜਪ ਦਾ ਸਵਿਸਥਾਰ ਖ਼ੂਬਸੂਰਤੀ ਨਾਲ ਵਖਿਆਨ ਕਰਦੇ ਹਨ। ਇਹ ਜਪ ਇਕ (੧) ਤੋਂ ਸ਼ੁਰੂ ਹੁੰਦਾ ਹੈ। ਸੱਚ ਦੇ ਪੰਧ 'ਤੇ ਚਲਦਾ ਹੋਇਆ ਧਰਮ ਦੇ ਖੰਡ ਵਿੱਚ ਪੁੱਜਦਾ ਹੈ। ਜਿਥੋਂ ਇਹਨੇ ਗੁਰਸਿੱਖਾਂ ਨੂੰ ਸੱਚਖੰਡ ਵਿੱਚ ਲੈ ਜਾਣ ਹੈ ਜਾਂ ਇੰਜ ਕਹੀਏ ਕਿ ਏਕੇ ਨਾਲ ਅਭੇਦ ਕਰਨਾ ਹੁੰਦਾ ਹੈ। ਅਸੀਂ ਇਥੇ ਖੰਡਾਂ ਦਾ ਵਿਸਥਾਰਪੂਰਵਕ ਜ਼ਿਕਰ ਨਹੀਂ ਕਰ ਸਕਾਂਗੇ, ਸਗੋਂ ਉਸ ਦੀ ਪਵਿੱਤਰ ਭਾਵਨਾ ਨੂੰ ਦੇਖਣਾ ਹੈ। ਨਾਲੇ ਸਮਝਣਾ ਇਹ ਹੈ ਕਿ ਇਕ ਦਾ ਜਪ ਧਰਮ ਨਾਲ ਕਿਵੇਂ ਸਬੰਧਤ ਹੈ?

ਧਰਮ ਕੀ ਹੈ ਤੇ ਉਸ ਦੀ ਪਾਲਣਾ ਕਿਵੇਂ ਕਰਨੀ ਹੈ? ਦੁਨੀਆਂ ਨਾਲੋਂ ਟੁੱਟਣਾ, ਸੰਨਿਆਸ ਧਾਰਨ ਕਰਨਾ, ਪਰਬਤਾਂ 'ਤੇ ਜਾ ਚੜ੍ਹਨਾ, ਗੁਫਾਵਾਂ ਤੇ ਕੰਦਰਾਂ ਵਿੱਚ ਜਾ ਛੁਪਣਾ ਜਾਂ ਹੋਰ ਤਰ੍ਹਾਂ-ਤਰ੍ਹਾਂ ਦੇ ਫੋਕਟ ਕਰਮ ਕਰਨੇ ਕੱਤਈ ਧਰਮ ਨਹੀਂ। ਧਰਮ ਖੰਡ ਇਕ ਅਵਸਥਾ ਹੈ। ਇਹ ਉਸ ਉਡਾਣ ਭਰਨ ਦੀ ਪਵਿੱਤਰ ਥਾਂ ਹੈ, ਜਿਥੋਂ ਮਾਨਵੀ ਮਨ ਨੇ ਅਕਾਲ ਨਾਲ ਅਭੇਦ ਹੋਣ ਦਾ ਸੁੱਚਾ ਸਫਰ ਆਰੰਭ ਕਰਨਾ ਹੈ। ਰਾਤ, ਰੁੱਤ, ਥਿੱਤਾਂ ਤੇ ਵਾਰ ਕੋਈ ਅਸਥੂਲ ਵਸਤੂ ਨਹੀਂ ਕਿ ਉਨ੍ਹਾਂ ਨੂੰ ਪਕੜਿਆ ਜਾਂ ਆਪਣੀ ਲੋੜ ਅਨੁਸਾਰ ਬਣਾਇਆ ਘੜਿਆ ਜਾ ਸਕਦਾ ਹੋਵੇ, ਭਾਵ ਇਹ ਸਭ ਵਸਤਾਂ ਨਿਰਗੁਣ ਹਨ। ਪਵਨ, ਪਾਣੀ, ਅਗਨੀ, ਪਾਤਾਲ, (ਧਰਤੀ, ਧਰਤੀਆਂ ਜਾਂ ਮਿੱਟੀ) ਅਸਥੂਲ ਨੂੰ ਫੜਿਆ ਮੋੜਿਆ ਤੇ ਤੋੜਿਆ ਜਾ ਸਕਦਾ ਹੈ। ਰਾਤ, ਰੁੱਤ, ਤਿੱਥ ਤੇ ਵਾਰ ਨਿਰਗੁਣ ਹਨ। ਪਵਨ, ਪਾਣੀ, ਅਗਨੀ ਤੇ ਪਾਤਾਲ ਸਰਗੁਣ ਹਨ। ਇਹ ਨਿਰਗੁਣ ਤੇ ਸਰਗੁਣ ਦਾ ਸੰਜਮ ਧਰਤੀ ਹੈ। ਇਹ ਧਰਤੀ ਸਾਡੀ ਹੋਂਦ ਨਾਲ ਸਿੱਧੀ ਸਬੰਧਤ ਹੈ। ਜੋ ਵਾਹਿਗੁਰੂ ਦਾਤੇ ਨੇ ਸਾਨੂੰ ਜਨਮ ਮਰਨ ਲਈ ਦਿੱਤੀ ਹੈ। ਇਸ ਉੱਤੇ ਅਸੀਂ ਜੰਮਦੇ ਹਾਂ, ਵਿਚਰਦੇ ਤੇ ਅੰਤ

ਨੂੰ ਮਰਦੇ ਹਾਂ। ਇਸ ਦੇ ਉੱਤੇ ਹੀ ਜੀਅ ਤੇ ਜਗਤ ਵੱਖ-ਵੱਖ ਰੰਗਾਂ ਤੇ ਰੂਪਾਂ ਵਿੱਚ ਹੱਸਦਾ, ਖੇਡਦਾ ਤੇ ਬਿਣਸਦਾ ਹੈ। ਇਹ ਜੀਵਨ ਕਿਤਨੀ ਪ੍ਰਕਾਰ ਦਾ ਹੈ ਤੇ ਇਸ ਦੇ ਕਿਤਨੇ ਆਕਾਰ ਹਨ? ਉਨ੍ਹਾਂ ਦੇ ਅੱਗੋਂ ਅਨੇਕਾਂ ਨਾਮ ਹਨ। ਜਿਨ੍ਹਾਂ ਦਾ ਜ਼ਿਕਰ ਉਨ੍ਹਾਂ ਦੇ ਸੁਭਾਅ ਤੇ ਕਾਰਜਾਂ ਅਨੁਸਾਰ ਕੀਤਾ ਜਾ ਸਕਦਾ ਹੈ :

*ਰਾਤੀ ਰੁਤੀ ਥਿਤੀ ਵਾਰ॥*
*ਪਵਣ ਪਾਣੀ ਅਗਨੀ ਪਾਤਾਲ॥*
*ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥*
*ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥*
*ਤਿਨ ਕੇ ਨਾਮ ਅਨੇਕ ਅਨੰਤ॥*
*ਕਰਮੀ ਕਰਮੀ ਹੋਇ ਵੀਚਾਰੁ॥*
*ਸਚਾ ਆਪਿ ਸਚਾ ਦਰਬਾਰੁ॥* *(ਪੰਨਾ ੭)*

ਇਨ੍ਹਾਂ ਸਾਰਿਆਂ ਦੇ ਉੱਪਰ, ਸਭ ਤੋਂ ਉੱਪਰ ਸਰਵੋਪਰ ਜ਼ਾਹਿਰਾ ਹੈ: 'ਨਾਨਕ ਕਾ ਪਾਤਿਸਾਹੁ' ਉਸ ਪਾਤਸ਼ਾਹ ਦਾ ਦਰਬਾਰ ਧਰਤ, ਅਕਾਸ਼, ਪਤਾਲ ਸੱਤਾਂ ਅਸਮਾਨਾਂ ਤੇ ਸਭਨਾਂ ਅਸਮਾਨਾਂ ਤੋਂ ਉੱਪਰ ਹੈ। ਵਾਹਿਗੁਰੂ ਆਪ ਸਭ ਤੋਂ ਉੱਚਾ ਤੇ ਸੁੱਚਾ ਹੈ ਤੇ ਐਸਾ ਹੀ ਹੈ ਉਸ ਦਾ ਦਰਬਾਰ। ਜਿਹੜੀਆਂ ਗੁਰਮੁਖ ਆਤਮਾਵਾਂ ਇਸ ਗੱਲ ਨੂੰ ਸਮਝ ਲੈਣਗੀਆਂ। ਸੂਖਮ ਤੇ ਅਸਥੂਲ ਨੂੰ ਪਛਾਣ ਲੈਣਗੀਆਂ। ਨਿਰਗੁਣ ਤੇ ਸਰਗੁਣ ਵਿੱਚ, 'ਸੁੰਨ ਸਮਾਧੀ ਆਪ' ਪ੍ਰਮਾਤਮਾ ਦੀ ਹੋਂਦ ਨੂੰ ਦੇਖ ਲੈਣਗੀਆਂ। ਉਹ ਇਸ ਧਰਤੀ ਨੂੰ ਧਰਮਸਾਲ ਕਰ ਕੇ ਸਮਝਣਗੀਆਂ। ਭਾਵ ਉਨ੍ਹਾਂ ਦਾ ਜੀਵਨ ਧਰਮ ਪਰਾਇਣ ਹੋਵੇਗਾ। ਧਰਮ ਉਨ੍ਹਾਂ ਲਈ ਜੀਵਨ ਰੂਪ ਹੋਵੇਗਾ। ਸਿਮਰਨ ਉਨ੍ਹਾਂ ਨੂੰ ਕਦੀ ਵਿਸਰੇਗਾ ਨਹੀਂ। ਉਹ ਸਵਾਸ-ਸਵਾਸ, ਅੱਠੇ ਪਹਿਰ, ਹਰ ਵੇਲੇ ਇਕੋ ਵਾਹਿਗੁਰੂ ਦੇ ਨਾਲ ਸੀਤੇ ਪਏ ਹੋਣਗੇ। ਅਜਿਹੇ ਜੀਵਾਂ ਦਾ ਪੰਜਾਂ ਇੰਦਰੀਆਂ ਤੇ ਪੰਜਾਂ ਦੋਖਾਂ ਦੇ ਉੱਤੇ ਪੂਰਾ ਕਬਜ਼ਾ ਹੋਵੇਗਾ। ਉਹ ਜੀਵ ਪੰਚ ਹੋਣਗੇ। ਪੰਜੇ ਉਨ੍ਹਾਂ ਦੇ ਵੱਸ ਹਨ, ਉਹ ਪੰਜ ਪ੍ਰਵਾਨ ਹਨ, ਐਸੀ ਅਵਸਥਾ ਦੀ ਪ੍ਰਾਪਤੀ ਵਾਲੇ ਪੁਰਖਾਂ ਨੂੰ ਹਉਮੈ ਛਲ ਨਹੀਂ ਸਕੇਗੀ। ਹਉਮੈ ਉਨ੍ਹਾਂ ਦੇ ਵੱਸ ਹੋਏਗੀ। ਨਾ ਕਿ ਉਹ ਹਉਮੈ ਦੇ ਵਸ ਕਰਮ ਕਰਨਗੇ। ਇਸ ਅਵਸਥਾ 'ਤੇ ਪੁੱਜਣ ਉਪਰੰਤ ਵੀ ਉਹ ਹੰਕਾਰ ਵਿੱਚ ਨਹੀਂ ਆਉਣਗੇ। ਉਹ ਵਾਹਿਗੁਰੂ ਦੇ ਅੱਗੇ ਨਿਮਰਤਾ ਸਹਿਤ ਨਤਮਸਤਕ ਖੜ੍ਹੇ ਹੋ ਕੇ ਬਿਨੈ-ਵੱਤ ਹੋਣਗੇ। ਵਾਹਿਗੁਰੂ ਅਸੀਂ ਕੱਚੇ ਹਾਂ ਕਿ ਪੱਕੇ, ਅਸੀਂ ਪਰਵਾਨ ਹਾਂ ਕਿ ਅਪ੍ਰਵਾਨ ਹਾਂ, ਨਿੱਕੇ ਝਿੱਕੇ ਹਾਂ ਜਾਂ ਮਹਾਨ? ਇਹ ਤੂੰ ਹੀ ਜਾਣੇ:

*ਤਿਥੈ ਸੋਹਨਿ ਪੰਚ ਪਰਵਾਣੁ॥*
*ਨਦਰੀ ਕਰਮਿ ਪਵੈ ਨੀਸਾਣੁ॥*
*ਕਚ ਪਕਾਈ ਓਥੈ ਪਾਇ॥*
*ਨਾਨਕ ਗਇਆ ਜਾਪੈ ਜਾਇ॥੩੪॥* *(ਪੰਨਾ ੭)*

ਇਹ ਧਰਮ ਖੰਡ ਹੈ। ਇਸ ਖੰਡ ਦੇ ਵਾਸੀ ਆਪਣੀ ਕੀਰਤੀ ਰੂਪੀ ਕਿਰਤ ਨਾਲ ਧਰਤੀ 'ਤੇ ਆਪਣਾ ਨਿਵਾਸ ਧਰਮ ਰੂਪੀ ਬਣਾ ਲੈਂਦੇ ਹਨ ਅਤੇ ਇਹ ਧਰਤੀ ਧਰਮਸਾਲ ਬਣ ਜਾਂਦੀ ਹੈ।

ਉਨ੍ਹਾਂ ਦੀ ਸਖਸ਼ੀਅਤ ਨਿਆਂ ਰੂਪੀ ਸੁਖਾਵੀਂ ਤੇ ਸੁਖਦਾਈ ਹੁੰਦੀ ਹੈ। ਉਨ੍ਹਾਂ ਦਾ ਜੀਵਨ ਧੀਰਜਵਾਨ ਹੁੰਦਾ ਹੈ। ਇਸ ਧਰਮਸਾਲ ਵਿੱਚ ਉਹ ਧਰਮਸਾਲ ਵਾਂਗ ਹੀ ਵਿਚਰਦੇ ਹਨ। ਨਾਮ ਉਨ੍ਹਾਂ ਦੀ ਵਰਤਣ ਹੁੰਦੀ ਹੈ ਤੇ ਨਾਮ ਹੀ ਵਣਜ-ਵਿਹਾਰ। ਉਹ ਸ਼ੁਭ ਗੁਣਾਂ ਨੂੰ ਧਾਰਨ ਕਰਦੇ ਹਨ। ਨਿਰਭਉ ਤੇ ਨਿਰਵੈਰ ਹੋ ਕੇ ਉਨ੍ਹਾਂ ਦਾ ਪ੍ਰਿਤਪਾਲਣ ਕਰਦੇ ਹਨ। ਉਨ੍ਹਾਂ ਦੇ ਲੋਇਣ ਅੰਮ੍ਰਿਤ ਭਰੇ ਹੁੰਦੇ ਹਨ ਤੇ ਉਨ੍ਹਾਂ ਦੀ ਦ੍ਰਿਸ਼ਟੀ ਵਿੱਚੋਂ ਸਮਦ੍ਰਿਸ਼ਟਤਾ ਅੰਮ੍ਰਿਤ ਰੂਪ ਵੱਸਦੀ ਹੈ ਤੇ ਬਰਸਦੀ ਹੈ। ਉਹ ਨਿਮਰਤਾ ਸਰੂਪ ਗੁਣਵੰਤੇ ਪ੍ਰਾਣੀ ਆਪਣੇ ਆਪ ਨੂੰ ਗੁਣਵੰਤਿਆਂ ਦੀ ਪਾਛਾਰ ਸਮਝਦੇ ਹਨ। ਇਹ ਗੁਰੂ ਨਾਨਕ ਦੇਵ ਜੀ ਦਾ ਧਰਮ ਹੈ ਤੇ ਇਸ ਦੇ ਪੈਰੋਕਾਰ ਗੁਰਸਿੱਖ ਧਰਮੀ ਜੀਵ:

*ਤਿਸੁ ਜਨ ਕੇ ਪਗ ਨਿਤ ਪੂਜੀਅਹਿ ਮੇਰੀ ਜਿੰਦੁੜੀਏ*
*ਜੋ ਮਾਰਗਿ ਧਰਮ ਚਲੇਸਹਿ ਰਾਮ॥*

*(ਪੰਨਾ ੫੪੦)*

# ਗੁਰਬਾਣੀ ਕਿਵੇਂ ਪੜ੍ਹੀਏ ?

ਅਸੀਂ ਬਾਣੀ ਪੜ੍ਹਦੇ ਹਾਂ, ਖ਼ੂਬ ਪੜ੍ਹਦੇ ਹਾਂ, ਗੁਰਬਾਣੀ ਲਗਾਤਾਰ ਪੜ੍ਹੀ ਜਾ ਰਹੀ ਹੈ। ਬਹੁਤ ਸਾਰੇ ਇਤਿਹਾਸਕ ਗੁਰਦੁਆਰਿਆਂ ਵਿੱਚ ਇਕੋ ਹੀ ਅਸਥਾਨ ਉੱਤੇ ਇਕ ਅਖੰਡ ਪਾਠ ਦੀ ਸਮਾਪਤੀ ਦੇ ਨਾਲ ਹੀ ਦੂਜਾ ਅਖੰਡ ਪਾਠ ਆਰੰਭ ਹੋ ਜਾਂਦਾ ਹੈ। ਐਵੇਂ ਥੋੜ੍ਹੇ ਕੁ ਸਮੇਂ ਲਈ ਫਰਸ਼ ਦੀ ਸਫਾਈ, ਚਾਦਰਾਂ ਦੀ ਝੜਾਈ, ਮੁੜ ਵਿਛਾਈ ਆਦਿ ਲਈ ਕੁਝ ਕੁ ਸਮਾਂ ਮਸਾਂ ਮਰ ਕੇ ਮਿਲਦਾ ਹੈ। ਉਤਨੀ ਕੁ ਹੋਈ ਢਿੱਲ ਸਤਿਕਾਰਯੋਗ ਪਾਠੀਆਂ ਨੇ ਪਾਠ ਦੀ ਰਫ਼ਤਾਰ ਵਿੱਚੋਂ ਹੀ ਪੂਰੀ ਕਰ ਲੈਣੀ ਹੁੰਦੀ ਹੈ। ਮਹਾਰਾਜ ਦਾ ਪੀੜ੍ਹਾ ਸਾਹਿਬ ਅਤੇ ਵਸਤਰ ਆਦਿ ਜ਼ਰੂਰ ਬਦਲੇ ਜਾਂਦੇ ਹਨ। ਚੰਦੋਆ ਸਾਹਿਬ ਪਤਾ ਨਹੀਂ ਕਦੋਂ ਕੁ ਝਾੜਿਆ ਜਾਂ ਬਦਲਿਆ ਜਾਂਦਾ ਹੈ।

ਬਹੁਤ ਸਾਰੇ ਡੇਰਿਆਂ ਵਿੱਚ ਪੰਜ, ਸੱਤ, ਗਿਆਰਾਂ ਜਾਂ ਇਸ ਤੋਂ ਵੱਧ ਪਾਠ ਵੀ ਇਕੱਠੇ ਰੱਖ ਕੇ ੧੦੧ ਜਾਂ ਹੋਰ ਪਾਠਾਂ ਦਾ ਪ੍ਰਵਾਹ ਚਲਾ ਕੇ ਮੁੜ ਕਿਸੇ ਵਿਸ਼ੇਸ਼ ਸਮਾਗਮ 'ਤੇ ਫ਼ਖ਼ਰ ਭਰੀ ਨਿਮਰਤਾ ਨਾਲ ਅਰਦਾਸਾ ਸੋਧਿਆ ਜਾਂਦਾ ਹੈ ਕਿ *ਸੱਚੇ ਪਾਤਸ਼ਾਹ! ਆਪ ਜੀ ਨੇ ਬੜੀ ਕਿਰਪਾ ਕੀਤੀ, ਇਕੋਤਰ ਸੌ ਅਖੰਡ ਪਾਠਾਂ ਦੀ ਸਮਾਪਤੀ ਨਿਰਵਿਘਨਤਾ ਸਹਿਤ ਸੰਪੰਨ ਹੋਈ।*

ਕਈਆਂ ਥਾਵਾਂ ਉੱਤੇ ਮੈਂ ਆਪ ਦੇਖਿਆ ਹੈ ਕਿ ਇਕੋ ਹੀ ਥਾਂ 'ਤੇ ਇਕੋ ਵਾਰੀ ਇਕ ਸੌ ਜਾਂ ਇਸ ਤੋਂ ਵੱਧ ਅਖੰਡ ਪਾਠਾਂ ਦੀ ਲੜੀ ਦੀ ਸਮਾਪਤੀ ਕੀਤੀ ਜਾਂਦੀ ਹੈ। ਸ਼ਰਧਾ ਵਿੱਚ ਭਿੱਜੀਆਂ ਹੋਈਆਂ ਸੰਗਤਾਂ ਆਪਸ ਵਿੱਚ ਗੱਲਾਂ ਕਰਦੀਆਂ ਹਨ— ਬੱਲੇ ਬਈ ਬੱਲੇ! ਸੰਤਾਂ ਨੇ ਤਾਂ ਕਮਾਲ ਕਰ ਦਿੱਤਾ, ਕਿਤਨੀ ਭਾਰੀ ਜੱਥੇਬੰਧਤਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀਆਂ ਦੇਹਾਂ ਦੇ ੧੦੧ ਸਰੂਪਾਂ ਨੂੰ ਇਕੱਠਾ ਕਰਨਾ, ਉਸ ਦੇ ਨਾਲ-ਨਾਲ ਚੰਦੋਏ ਸਾਹਿਬ, ਚਵਰ ਸਾਹਿਬ ਤੇ ਹੋਰ ਕਿਤਨਾ ਕੁ ਇਕੋ ਥਾਂ 'ਤੇ ਇਕੱਤਰ ਕਰਨਾ ਕੋਈ ਮਖੌਲ ਹੈ? ਭਗਤੀ ਭਾਵ ਵਿੱਚ ਗੜੂੰਦ ਦੂਜਾ ਸਿੱਖ ਹੁੰਗਾਰਾ ਭਰ ਗੱਲ ਨੂੰ ਅੱਗੇ ਤੋਰਦਿਆਂ ਆਖਦਾ ਹੈ ਦੇਖੋ ਜੀ! ਚਾਰ, ਪੰਜ ਸੌ ਪਾਠੀ ਤਿਆਰ ਕਰਨੇ, ਸਮੇਂ ਸਿਰ ਵਾਰੀਆਂ 'ਤੇ ਰੌਲਾਂ ਭੁਗਤਾਣੀਆਂ, ਇਹ ਹਰ ਇਕ ਬੰਦੇ ਦੇ ਵੱਸ ਦਾ ਨਹੀਂ, ਗੱਲਾਂ ਕਰਨੀਆਂ ਸੌਖੀਆਂ ਨੇ। ਭਾਈ ਸਾਹਿਬ! ਇਹ ਤੇ ਜੱਗ ਲੱਗਾ ਹੈ ਜੱਗ। ਬਾਬਿਆਂ ਦੀ ਮਿਹਰ ਹੈ, ਵਧੀਆ ਲੰਗਰ, ਖੀਰਾਂ, ਪੂੜੇ, ਦੁੱਧ, ਚਾਹਾਂ ਤੇ ਕਿਤਨਾ ਕੁਝ ਹੋਰ। ਹਾਂ ਜੀ ਹਾਂ! ਕੜਾਹ ਪ੍ਰਸ਼ਾਦ ਹੀ ਨਹੀਂ ਮਾਣ।

ਮੈਂ ਸੋਚਦਾ ਹਾਂ ਕਿ ਇਹ ਲੜੀ ਜੋ ਨਾਂ ਦੀ ਲੜੀ ਹੈ, ਇਹ ਕਿਧਰੇ ਗੁਰ-ਆਦੇਸ਼ਾਂ ਨਾਲ 'ਤੇ ਨਹੀਂ ਲੜੀ ਹੋਈ। ਜੇ ਇਹ ਲੜੀ ਹੈ? ਤਾਂ ਇਹ ਗੁਰੂ ਗ੍ਰੰਥ ਸਾਹਿਬ ਦੀ ਜੋਤ, ਦੱਸ ਪਾਤਸ਼ਾਹਾਂ ਦੇ ਆਦੇਸ਼ 'ਤੇ ਅਕਾਲ ਪੁਰਖ ਨਾਲ ਕਿਵੇਂ ਜੋੜਦੀ ਹੈ? ਪਾਠ ਹੋਈ ਜਾ ਰਹੇ ਹਨ। ਵੱਧ ਤੋਂ ਵੱਧ ਹੋ ਰਹੇ ਹਨ। ਉਸ ਤੋਂ ਤੇਜ਼ ਰਫ਼ਤਾਰ ਨਾਲ ਨੌਜਵਾਨ ਸਿੱਖ ਮੁੰਡੇ ਪਤਿਤ ਵੀ ਹੋ ਰਹੇ ਹਨ। ਇਸ ਪਤਿਤਪੁਣੇ ਦੇ ਕਾਰਨ ਦਾ ਪਤਾ ਕੌਣ ਕੱਢੇ? ਪਿਤਾ, ਪੁੱਤਰ ਕਿ ਪੋਤਰਾ। ਇਸ ਦਾ ਮਤਲਬ ਇਹ ਹੋਇਆ ਕਿ ਪਾਠ ਨਹੀਂ ਕਰਨੇ ਚਾਹੀਦੇ। ਅਖੰਡ ਪਾਠ ਬੰਦ ਕਰ ਦੇਣੇ ਚਾਹੀਦੇ ਹਨ। ਅਜਿਹੀ ਗੱਲ ਨਹੀਂ, ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਇਤਨਾ ਕੀਤਾ ਗਿਆ ਪਾਠ ਸੁਣਿਆ ਕਿੰਨਿਆਂ ਨੇ ਹੈ? ਸੁਣ ਕੇ ਮੰਨਿਆ ਕਿੰਨਿਆਂ ਨੇ ਹੈ! ਕਿੰਨਿਆਂ ਕੁ ਨੂੰ ਮੰਨਣ ਵਾਸਤੇ ਪ੍ਰੇਰਿਆ ਗਿਆ ਹੈ। ਕਿੰਨਿਆਂ ਕੁ ਨੂੰ ਗੁਰੂ ਦੀ ਭਾਵਨਾ ਇਨ੍ਹਾਂ ਪਾਠਾਂ ਦੇ ਦੁਆਰਾ ਸਮਝਾਈ ਗਈ ਹੈ। ਕਿੰਨਿਆਂ ਦੇ ਮਨ ਨੂੰ ਭਾਈ ਤੇ ਕਿੰਨਿਆਂ ਦੇ ਮਨ ਵਿੱਚ ਵੱਸੀ। ਗੁਰੂ ਪਾਤਸ਼ਾਹ ਦਾ ਹੁਕਮ ਹੈ:

*ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥*
*ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥*
*(ਪੰਨਾ ੬੪੧)*

ਮੈਨੂੰ ਡਰ ਲਗਦਾ ਹੈ ਕਿ ਮੈਂ ਡਰਦਿਆਂ-ਡਰਦਿਆਂ ਹੀ ਪਰ ਬੜੀ ਦ੍ਰਿੜ੍ਹਤਾ ਨਾਲ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਅਡੰਬਰ ਜੱਗ 'ਤੇ ਲੜੀਆਂ ਅਧਿਕ ਅਹੰਬੁੱਧ ਬਣ ਕੇ ਗੁਰੂ-ਪਿਤਾ ਦੇ ਹਿਰਦੇ ਤੱਕ ਪਹੁੰਚਣ ਲਈ ਬਾਧਾ ਤੇ ਨਹੀਂ ਬਣ ਰਹੇ। ਇਹ ਸਾਡੇ ਫਿਕਰ ਦਾ ਬਿੰਦੂ ਹੈ ਅਤੇ ਇਹੀ ਸੋਚਣ ਦਾ ਵੇਲਾ ਹੈ। ਗੱਲ ਤਾਂ ਹੱਥੋਂ ਨਿਕਲ ਚੁੱਕੀ ਜਾਪਦੀ ਹੈ।

ਇਸ ਦੇ ਨਾਲ ਹੀ ਅਜੋਕੇ ਅਨਮੱਤੀਏ ਮਨਮੱਤੀਏ ਨੂੰ ਢੁੱਚਰ ਡਾਹੁਣ ਦਾ ਮੌਕਾ ਮਿਲਦਾ ਹੈ ਕਿ ਨਿੱਤਨੇਮ ਦੀ ਵੀ ਕਿਹੜੀ ਲੋੜ ਹੈ। ਨਿੱਤਨੇਮ ਦਾ ਪਾਠ ਨਿੱਤ ਕਰਨਾ ਹੈ ਤੇ ਨੇਮ ਨਾਲ ਕਰਨਾ ਹੈ। ਅਖੇ ਕੱਲ੍ਹ ਕਰ ਲਿਆ ਸੀ। ਅੱਜ ਕੀ ਲੋੜ ਹੈ? ਬੱਸ ਇਥੋਂ ਹੀ ਸਾਡੇ ਪ੍ਰਸ਼ਨ ਦਾ ਉੱਤਰ ਮਿਲ ਜਾਵੇਗਾ। ਹੱਲ ਨਿਕਲ ਆਏਗਾ ਤੇ ਮਸਲਾ ਹੱਲ ਹੋ ਜਾਏਗਾ। ਨਿੱਤਨੇਮ ਦੀਆਂ ਬਾਣੀਆਂ ਦੇ ਅੰਦਰ ਗੁਰਮਤਿ ਦੇ ਮੂਲ ਸਿਧਾਂਤ ਹਨ, ਉਨ੍ਹਾਂ ਨੂੰ ਰੋਜ਼ ਵਿਚਾਰਨਾ ਹੈ। ਗੁਰਬਾਣੀ ਗੁਰੂ ਹੈ, ਗੁਰੂ ਦੇ ਸੁਭਾਅ ਨੂੰ ਸਮਝਣਾ, ਚੇਤੇ ਰੱਖਣਾ ਤੇ ਉਸ ਅਨੁਸਾਰ ਜੀਵਨ ਨੂੰ ਢਾਲਣਾ ਹੈ। ਸੁਰਤ ਨੂੰ ਬੰਨ੍ਹਣਾ ਹੈ। ਮਨ ਦੇ ਅੰਦਰ ਪੈਦਾ ਹੋਈਆਂ ਵਿਪਰੀਤ ਸ਼ਕਤੀਆਂ ਨਾਲ ਲੜਨਾ ਹੈ। ਜਪੁ ਜੀ ਸਾਹਿਬ ਪਉੜੀ ਦਰ ਪਉੜੀ ਵੀਚਾਰਦਿਆਂ ਮਨੁੱਖਤਾ ਦੀ ਅਖ਼ੀਰਲੀ ਟੀਸੀ 'ਤੇ ਚੜ੍ਹਨਾ ਹੈ। ਅਹੰਬੁੱਧ ਨੂੰ ਮਾਰ ਆਪ ਨਿਵਾਰ ਸੋ ਦਰੁ ਦੇ ਅੰਦਰ ਵੜਨਾ ਹੈ। ਸੋ ਪੁਰਖ ਦਾ ਜਾਪੁ ਕਰਦਿਆਂ, ਉਸ ਦੇ ਸੋਹਿਲੇ ਗਾਉਂਦਿਆਂ ਆਨੰਦ ਨੂੰ ਪ੍ਰਾਪਤ ਕਰਨਾ ਹੈ। ਗੁਰਮਤਿ ਦੇ ਜੀਵੰਤ ਸਿਧਾਂਤ ਮਨੁੱਖੀ ਮਨ ਦੀਆਂ ਅਟਕਣਾਂ ਤੇ ਅੜਾਉਣੀਆਂ ਦਾ ਸਦੀਵੀ ਨਿਰਣਾ ਹੈ। ਸੁਰਤ ਵਾਲੀ ਸੂਝ-ਬੂਝ ਬੁਝਾ ਕੇ ਗਿਆਨ-ਦੀਪਕ ਜਗਾ ਦੇਏਗੀ। ਸਭ ਚੰਨ ਚਾਨਣ ਅਤੇ

ਚਾਨਣ ਚਿਰਾਗ ਹੋ ਜਾਏਗਾ।

ਸਾਨੂੰ ਘਾਟਾ ਉਦੋਂ ਸ਼ੁਰੂ ਹੁੰਦਾ ਹੈ ਜਦੋਂ ਵੱਧ ਰਹੀ ਜ਼ਿੰਦਗੀ ਦਿਨੋ-ਦਿਨ ਘਟ ਰਹੀ ਹੁੰਦੀ ਹੈ ਪਰ ਅਸੀਂ ਗੁਰਮਤਿ ਜਿਹੀ ਸਦੀਵੀ ਸਤਤਾ ਨੂੰ ਆਪਣੇ ਚਾਲ ਚਲਣ ਤੇ ਦਿਨ ਚਰਿਆ ਉੱਤੇ ਘਟਾ ਨਹੀਂ ਸਕਦੇ। ਅੱਖਾਂ ਵਿੱਚ ਅਜੋਕੀ ਤੇਜ਼ ਰਫ਼ਤਾਰੀ ਦੀ ਚਕਾਚੌਂਧ ਸਾਨੂੰ ਕਿਰਤ ਤੋਂ ਘਟਾ ਕੇ ਸੁਖ ਰਹਿਣੇ ਬਣਾਉਂਦੀ ਹੈ। ਕਿਰਕ ਤੇ ਘੱਟਾ ਸਾਡੀਆਂ ਅੱਖਾਂ ਵਿੱਚ ਪਾ ਕੇ ਸਾਨੂੰ ਅੰਨ੍ਹਾ ਕਰ ਦਿੰਦੀ ਹੈ। ਇਕ ਹਨੇਰੇ ਦੀ ਘਟਾ ਜਿਹੀ ਛਾ ਜਾਂਦੀ ਹੈ। ਸਾਡੀ ਮਤ ਮਾਰੀ ਜਾਂਦੀ ਹੈ। ਕਰਨੀ ਦਾ ਕਮਾਲ ਨਹੀਂ ਰਹਿੰਦਾ। ਕਰਨੀ, ਕਿਰਤ ਤੇ ਕੀਰਤੀ ਹੋਵੇ ਤਾਂ ਹੀ ਤੇ ਬਿਰਤੀ ਟਿਕੇ।

*ਜਹ ਕਰਣੀ ਤਹ ਪੂਰੀ ਮਤਿ॥ ਕਰਣੀ ਬਾਝਹੁ ਘਟੇ ਘਟਿ॥ (ਪੰਨਾ ੨੫)*

ਗੁਰੂ ਗ੍ਰੰਥ ਸਾਹਿਬ ਦਸਾਂ ਗੁਰੂਆਂ ਦੀ ਆਤਮਕ ਜੋਤ ਹਨ। ਆਪ ਜੀ ਜੁੱਗੋ -ਜੁੱਗ ਅਟੱਲ ਹਨ। ਗੁਰੂ ਗ੍ਰੰਥ ਸਾਹਿਬ ਗੁਰੂ ਹਨ। ਚਵਰ ਤਖ਼ਤ ਦੇ ਮਾਲਕ ਹਨ। ਗੱਦੀ-ਨਸ਼ੀਨ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਇਸੇ ਤਰ੍ਹਾਂ ਹੀ ਗੁਰਗੱਦੀ ਬਖ਼ਸ਼ੀ ਸੀ, ਜਿਵੇਂ ਸਿਰ ਸਾਹਾਂ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਬਖ਼ਸ਼ ਕੇ ਆਪਣਾ ਰੂਪ ਪ੍ਰਦਾਨ ਕੀਤਾ ਸੀ। ਅੱਗੇ ਖੁਦ ਆਖਿਆ ਸੀ।

ਉਨ੍ਹਾਂ ਨੇ ਗੁਰੂ ਦੇ ਬਚਨਾਂ ਨੂੰ ਹਿਰਦੇ ਲੈ ਧਾਰਿਆ ਸੀ। ਬਿਲਕੁਲ ਹੀ ਇਸੇ ਤਰ੍ਹਾਂ ਸਭ ਸਿੱਖਾਂ ਤੇ ਸੰਗਤਾਂ ਨੇ ਗੁਰੂ ਰਾਮਦਾਸ ਜੀ ਨੂੰ ਪਾਰਬ੍ਰਹਮ ਹਾਜ਼ਰ-ਨਾਜ਼ਰ ਜਾਣ ਕੇ ਨਮਸ਼ਕਾਰਿਆ ਸੀ। ਇਸ ਸਾਰੇ ਸਿਲਸਿਲੇ ਵਿੱਚ ਰੰਚਕ ਭੇਦ ਨਹੀਂ ਹੈ। ਇਸ ਲਈ ਗੁਰੂ ਦੇ ਪਵਿੱਤਰ ਬਚਨਾਂ ਨੂੰ ਵੀਚਾਰਨਾ ਤੇ ਹਿਰਦੇ ਵਿੱਚ ਧਾਰਨਾ ਹੈ। ਇਸ ਤੋਂ ਇਲਾਵਾ ਸਾਡੀ ਕੋਈ ਧਾਰਨਾ ਨਹੀਂ। ਹੁਣ ਵੀਚਾਰਨ ਵਾਲੀ ਗੱਲ ਇਹ ਹੈ ਕਿ:

*ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ॥*
*ਨਾਨਕ ਆਖਣਿ ਸਭੁ ਕੋ ਆਖੈ ਇਕ ਦੂ ਇਕੁ ਸਿਆਣਾ॥*
*(ਪੰਨਾ ੪)*

ਸਨਿਮਰ ਬਿਨੈ ਇਹ ਹੈ ਕਿ ਗੁਰਬਾਣੀ ਧਿਆਨ ਨਾਲ ਪੜ੍ਹੀਏ ਤੇ ਧਿਆਨ ਨਾਲ ਧਾਰੀਏ। ਗੁਰਬਾਣੀ ਮਿੱਠਤ ਦਾ ਪਹਾੜ ਹੈ। ਗੁਰਬਾਣੀ ਗੁਰਾਂ ਦੀ ਕਮਾਈ ਹੈ। ਇਹ ਗੁਰੂ ਪਾਤਸ਼ਾਹਾਂ ਦੁਆਰਾ ਕਮਾਈ ਹੋਈ ਜੀਵਨ-ਵਿਧੀ ਤੇ ਜੀਵਨ-ਜਾਚ ਹੈ। ਇੱਥੇ ਉਦਾਹਰਣ ਵਜੋਂ ਇਕ ਸ਼ਬਦ ਨੂੰ ਵੀਚਾਰਦੇ ਹਾਂ। ਗੁਰੂ ਕਿਰਪਾ ਕਰੇ ਤੇ ਰਮਜ਼ ਖੋਲ੍ਹੇ, ਕਿਵਾੜ ਖੋਲ੍ਹ ਕੇ ਦਰਸ਼ਨ ਦੇਵੇ।

*'ਖੋਲ੍ਹਿਓ ਕਪਾਟੁ ਤਾ ਮਨੁ ਠਹਰਾਈ'*
*ਪ੍ਰਭ ਕਿਰਪਾ ਤੇ ਮਨੁ ਵਸਿ ਆਇਆ॥*
*ਨਾਨਕ ਗੁਰਮੁਖਿ ਤਰੀ ਤਿਨਿ ਮਾਇਆ॥ (ਪੰਨਾ ੩੯੫)*

ਸਾਡਾ ਵਿਚਾਰ ਅਧੀਨ ਵਿਸ਼ਾ ਹੈ ਗੁਰਬਾਣੀ ਕਿਵੇਂ ਪੜ੍ਹੀਏ? ਗੁਰਬਾਣੀ ਇਕ ਆਪਣੀ ਬਣਤਰ ਹੈ। ਇਕ ਨਿਵੇਕਲਾ ਤੰਤਰ ਨਹੀਂ ਹੈ। ਇਹ ਜੰਤਰ-ਮੰਤਰ ਨਹੀਂ, ਇਹ ਮੰਤਰ-ਤੰਤਰ ਨਹੀਂ। ਇਹ ਤਾਂ ਮਨ ਅੰਤਰ ਦੀ ਬਾਤ ਹੈ। ਨਿਰੰਕਾਰ ਨਿਰੰਤਰ

ਦੀ ਬਾਤ ਹੈ। ਇਹ ਨਿਰਵੈਰ ਨੂੰ ਰਿਦੰਤਰ ਵਸਾਉਂਦੀ ਹੈ। ਪਾਠ ਦਾ ਇਕ ਆਪਣਾ ਠਾਠ ਹੈ। ਇਕ ਵਿਸ਼ੇਸ਼ ਥਾਟ ਹੈ। ਇਹ ਪੂਰੇ ਗੁਰੂ ਦੁਆਰਾ ਪੂਰੇ ਪ੍ਰਭੂ ਦੀ ਅਰਾਧਨਾ ਦੀ ਵਿਲੱਖਣ ਵਿਧੀ ਹੈ। ਇਹ ਰਿਧੀ ਸਿਧੀ ਨਹੀਂ। ਰਿਧੀ ਸਿਧੀ ਤਾਂ ਬਹੁਤ ਪਿੱਛੇ ਰਹਿ ਜਾਂਦੀ ਹੈ। ਇਹ ਪੂਰਨ ਪਿਤਾ ਪ੍ਰਮੇਸ਼ਵਰ ਦੇ ਨਾਲ ਸਿੱਧੀ ਗੱਲ-ਬਾਤ ਹੈ। ਗੁਰੂ ਪਾਤਸ਼ਾਹ ਫ਼ੁਰਮਾਉਂਦੇ ਹਨ :

*ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ॥*
*ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ ਮਤੁ ਕੋ ਧਰਹੁ ਗੁਮਾਨਾ॥੧॥*
*ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ॥*
*ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥੧॥*
*(ਪੰਨਾ ੭੯੭)*

ਸੁੰਦਰ ਸਪਸ਼ਟ ਵੀਚਾਰ ਹੈ ਕਿ ਗੁਰਬਾਣੀ ਅੰਦਰ ਸਾਚ ਨਾਮ ਦੀ ਸੋਭਾ ਤੋਂ ਬਿਨਾਂ ਹੋਰ ਕੁਝ ਨਹੀਂ। ਇਸ ਦਾ ਮਤਲਬ ਇਹ ਨਹੀਂ ਕਿ ਬਾਣੀ ਵਿੱਚ ਹੋਰ ਕੁਝ ਨਹੀਂ। ਗੁਰਬਾਣੀ ਵਿੱਚ ਨਾਮ ਹੈ, ਗੁਰਬਾਣੀ ਵਿੱਚ ਸਭ ਕੁਝ ਹੈ। ਨਾਨਕ ਦੇ ਘਰ ਕੇਵਲ ਨਾਮ ਹੈ। ਇਸ ਲਈ ਗੁਰਬਾਣੀ ਦਾ ਪਾਠ ਕਰਨ ਲੱਗਿਆਂ ਇਹ ਗੱਲ ਭਲੀ ਪ੍ਰਕਾਰ ਹਿਰਦੇ ਵਿੱਚ ਧਾਰ ਲੈਣੀ ਚਾਹੀਦੀ ਹੈ ਕਿ ਗੁਰਬਾਣੀ ਜੀਅ ਕਾ ਆਧਾਰ ਹੈ। ਇਹ ਗੁਰੂ ਦੇ ਉਰ ਦੀ ਬਾਣੀ ਹੈ, ਧੁਰ ਦੀ ਬਾਣੀ ਹੈ। ਸੋ ਇਸ ਨੂੰ ਉਰਧਾਰ ਬਨਾਉਣਾ ਹੈ। ਇਸ ਪ੍ਰਕਾਰ ਅੱਠੇ ਪਹਿਰ ਸਾਚੇ ਨਾਮ ਕੀ ਸੋਭਾ ਦਾ ਸ਼ੋਭਨੀਕ ਸੁਭਾਅ ਬਣ ਜਾਏਗਾ। ਗੁਰਸਿੱਖਾਂ ਨੂੰ ਸਤਿਗੁਰ ਕੀ ਮੱਤ ਆਵੇਗੀ। ਉਹ ਸਹਿਜੇ ਹੀ ਸਤਿਗੁਰ ਵਿੱਚ ਸਮਾਅ ਜਾਣਗੇ। ਅਕਾਲ ਪੁਰਖ ਤੇ ਸਤਿਗੁਰ ਦੇ ਗੁਣ ਗੁਰਸਿੱਖਾਂ ਵਿੱਚ ਆ ਵੱਸਣਗੇ। ਉਹ ਗੁਰਬਾਣੀ ਵਰਗੇ ਬਣ ਜਾਣਗੇ। ਜਿਹੋ ਜਿਹੇ ਗੁਰੂ ਚਾਹੁੰਦਾ ਹੈ, ਉਹੋ ਜਿਹੇ ਬਣ ਜਾਣਗੇ। ਉਹ ਆਪ ਗੁਰੂ ਨਹੀਂ ਬਣ ਬਹਿਣਗੇ। ਗੁਰੂ ਦੇ ਉੱਤੇ ਆਸਥਾ ਤੇ ਵਿਸ਼ਵਾਸ਼ ਹੋਵੇਗਾ, ਤਾਂ ਹਉਮੈ ਨੇੜੇ ਨਹੀਂ ਆਵੇਗੀ। ਗੁਰੂ ਕੀ ਸਿੱਖ ਮੱਤ ਲੈਣ ਵਾਲਾ ਗੁਰਸਿੱਖ ਗੁਰੂ ਨੂੰ ਮੁੱਖ ਰੱਖ ਕੇ ਅਕਾਲ ਪੁਰਖ ਦੇ ਗੁਣ ਗਾਉਂਦਾ ਰਹੇਗਾ :

*ਸਿਖ ਮਤਿ ਸਭ ਬੁਧਿ ਤੁਮ੍ਾਰੀ ਮੰਦਿਰ ਛਾਵਾ ਤੇਰੇ॥*
*ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ॥*
*(ਪੰਨਾ ੭੯੫)*

ਇਸ ਪ੍ਰਕਾਰ ਜਲ-ਥਲ, ਘਟ-ਘਟ ਅੰਦਰ ਵੱਸ ਰਿਹਾ ਬਨਵਾਰੀ ਦਿਸਣ ਲੱਗ ਪਵੇਗਾ। ਪਾਤਸ਼ਾਹ ਆਖਦੇ ਹਨ ਕਿ ਮਨ ਨੂੰ ਇਸ ਤਰ੍ਹਾਂ ਦੀ ਸਿੱਖ ਮੱਤ ਆ ਜਾਏਗੀ ਕਿ ਸਾਧ-ਸੰਗਤ ਕਾਰਨ ਉਸ ਦੇ ਭਰਮਾਂ ਦਾ ਨਾਸ਼ ਹੋ ਜਾਏਗਾ। ਭਰਮ ਸੜ ਜਾਣਗੇ:

*ਜਲਿ ਥਲਿ ਪੂਰਿ ਰਹਿਆ ਬਨਵਾਰੀ ਘਟਿ ਘਟਿ ਨਦਰਿ ਨਿਹਾਲੇ॥*
*ਨਾਨਕੁ ਸਿਖ ਦੇਇ ਮਨ ਪ੍ਰੀਤਮ ਸਾਧਸੰਗਿ ਭ੍ਰਮੁ ਜਾਲੇ॥*
*(ਪੰਨਾ ੭੯)*

ਅਸੀਂ ਸਤਿਗੁਰੂ ਮਹਾਰਾਜ ਅੱਗੇ ਨਿਮਰਤਾ ਸਹਿਤ ਬਿਨੈਵੱਤ ਹੋ ਵੀਚਾਰ ਵਜੋਂ ਇਕ ਸ਼ਬਦ ਇਥੇ ਉਧਰਤਿ ਕਰਦੇ ਹਾਂ:

*ਉਦਮੁ ਕਰਉ ਕਰਾਵਹੁ ਠਾਕੁਰ ਪੇਖਤ ਸਾਧੂ ਸੰਗਿ॥*
*ਹਰਿ ਹਰਿ ਨਾਮੁ ਚਰਾਵਹੁ ਰੰਗਨਿ ਆਪੇ ਹੀ ਪ੍ਰਭ ਰੰਗਿ॥੧॥*
*ਮਨ ਮਹਿ ਰਾਮ ਨਾਮਾ ਜਾਪਿ॥*
*ਕਰਿ ਕਿਰਪਾ ਵਸਹੁ ਮੇਰੈ ਹਿਰਦੈ ਹੋਇ ਸਹਾਈ ਆਪਿ॥ (ਪੰਨਾ ੮੦੫)*

ਪਾਤਸ਼ਾਹ ਹੁਕਮ ਕਰਦੇ ਹਨ ਹੇ ਦਾਤਾਰ, ਨਿਰੰਕਾਰ! ਤੂੰ ਆਪ ਹੀ ਉਦਮ ਕਰ ਤੇ ਆਪ ਹੀ ਉਦਮ ਕਰਾ। ਅਜਿਹਾ ਉਦਮ ਦੇਹ ਕਿ ਸਾਧੂ ਦਾ ਸੰਗ ਪਰਾਪਤ ਹੋਵੇ। ਹਰਿ ਨਾਮ ਦੀ ਰੰਗਣ ਵਿੱਚ ਮਨ ਰੰਗਿਆ ਜਾਏ। ਇਹ ਰੰਗਣ ਦਾ ਕੰਮ ਵੀ ਤੂੰ ਆਪ ਹੀ ਕਰ। ਐਸੀ ਬਖਸ਼ਿਸ਼ ਕਰ ਕਿ ਮੈਂ ਮਨ ਵਿੱਚ ਤੇਰਾ ਜਾਪ ਕਰਦਾ ਰਹਾਂ। ਇਸ ਪ੍ਰਕਾਰ ਤੂੰ ਮੇਰੇ ਹਿਰਦੇ ਵਿੱਚ ਵੱਸ ਜਾਏਂ। ਇਸ ਮਹਾਨ ਪਵਿੱਤਰ ਕਾਰਜ ਦੀ ਸਿਧੀ ਵਿੱਚ ਮੈਂ ਖੁਦ ਅਸਮਰਥ ਹਾਂ। ਇਸ ਵਿੱਚ ਵੀ ਤੂੰ ਆਪ ਹੀ ਸਹਾਇਤਾ ਕਰ।

ਇਸ ਸਭ ਨੂੰ ਵਿਚਾਰ ਕੇ ਮਨ ਵਿੱਚ ਸਿੱਧਾ ਜਿਹਾ ਭਾਵ ਉਤਪੰਨ ਹੁੰਦਾ ਹੈ। ਸਭ ਕੁਝ ਤਾਂ ਵਾਹਿਗੁਰੂ ਆਪ ਕਰਦਾ ਹੈ। ਅਸੀਂ ਫਿਰ ਆਪ ਕੀ ਕਰਨਾ ਹੈ? ਇਥੇ ਫਿਰ ਇਕ ਦੁਰਾਹ ਜਿਹਾ ਹੈ। ਜੇ ਇੱਥੋਂ ਖੁੰਝ ਗਏ ਤਾਂ ਅਸੀਂ ਔਝੜ ਪੈ ਜਾਵਾਂਗੇ। ਉਪਰਾਮ ਹੋ ਜਾਵਾਂਗੇ। ਜੋਗ ਮੱਤ ਵੱਲ ਝੁਕਾਅ ਜਿਹਾ ਬਣ ਜਾਵੇਗਾ। ਉਦਮ ਨੂੰ ਵੀਚਾਰਿਆ ਜਾਏ ਤਾਂ ਪਹਿਲਾਂ ਪ੍ਰਭਾਵ ਮਨ ਵਿੱਚ ਇਹ ਪੈਦਾ ਹੁੰਦਾ ਹੈ ਕਿ ਮੈਂ ਕੁਝ ਕਰਨਾ ਹੈ। ਬਿਲਕੁਲ ਠੀਕ ਹੈ। ਉਦਮ ਕਰ ਕੇ ਹੀ ਜੀਵਨ ਬਿਤਾਉਣਾ ਹੈ। ਗੁਰਸਿੱਖ ਅਵੇਸਲਾ ਜਾਂ ਵਿਹਲਾ ਨਹੀਂ। ਗੁਰਮਤਿ ਨੂੰ ਪ੍ਰਮੁੱਖ ਸਥਾਨ ਦਿੱਤਾ ਗਿਆ ਹੈ। ਹੁਕਮ ਹੈ:

*ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥*
*ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥ (ਪੰਨਾ ੫੨੨)*

ਉਦਮ ਹੋਇਆ ਜੀਵਨ ਜੀਉਣ ਲਈ। ਕਿਰਤ ਕਮਾਈ ਕੀਤੀ ਰੋਜ਼ਾਨਾ ਦੀਆਂ ਆਵਸ਼ਕਤਾਵਾਂ ਪੂਰੀਆਂ ਹੋਈਆਂ। ਇਹ ਸਭ ਕਰਦਿਆਂ ਇਸ ਪ੍ਰਕਾਰ ਦਾ ਵੀਚਾਰ ਨੇੜੇ ਨਹੀਂ ਆਉਣ ਦੇਣਾ ਕਿ ਮੈਂ ਕੁਝ ਕੀਤਾ ਹੈ। ਭਾਵ ਜੋ ਅਕਾਲ ਪੁਰਖ ਨੂੰ ਧਿਆਉਣ ਦੀ ਇੱਛਾ ਬਣੀ ਰਹੇ। ਧਿਆਉਣਾ ਰੱਟਨਾ ਨਹੀਂ, ਬਲਕਿ ਵਾਹਿਗੁਰੂ ਨੂੰ ਧਿਆਨ ਵਿੱਚ ਰੱਖਣਾ ਹੈ। ਜਦੋਂ ਉਹ ਧਿਆਨ ਵਿੱਚ ਰਹੇਗਾ, ਹਉਮੈ ਨਹੀਂ ਆਵੇਗੀ। ਚਿੰਤਾ ਉਤਰ ਜਾਵੇਗੀ। ਚਿੰਤਾ ਦਾ ਹੋਣਾ ਹੰਕਾਰ ਦੀ ਨਿਸ਼ਾਨੀ ਹੈ। ਹੁਕਮ ਹੈ 'ਚਿੰਤਾ ਜਾਇ ਮਿਟੈ ਅਹੰਕਾਰੁ' ਸਾਫ਼ ਸਪਸ਼ਟ ਹੈ ਕਿ ਚਿੰਤਾ ਤੇ ਅਹੰਕਾਰ ਲਾਜ਼ਮ ਮਜ਼ਲੂਮ ਹਨ, ਇਕ ਦੂਜੇ ਦੇ ਨਾਲ-ਨਾਲ ਹਨ। ਦੋਵੇਂ ਗੁਆਂਢੀ ਹਨ। ਸੋ ਇਸ ਪ੍ਰਕਾਰ ਕੀਤੇ ਹੋਏ ਉਦਮ ਠਾਕੁਰ ਨੂੰ ਨਹੀਂ ਭਾਉਂਦੇ। ਉਦਮ ਦੇ ਸਬੰਧ ਵਿੱਚ ਹੋਰ ਵਿਸਥਾਰ ਵਿੱਚ ਨਹੀਂ ਜਾਣਾ। ਇੱਥੇ ਇਤਨਾ ਹੀ ਲੋੜੀਂਦਾ ਹੈ ਕਿ ਗੁਰਸਿੱਖ ਜੋ ਵੀ ਕਾਰਜ ਕਰਦਾ ਹੈ, ਉਹ ਅਕਾਲ ਪੁਰਖ ਨੂੰ ਸਮਰਪਿਤ ਹੈ ਤੇ

ਉਹੀ ਕਰਨ ਕਾਰਨ ਹੈ।

ਅੱਖਰ ਠਾਕੁਰ, ਬਹੁਤਾ ਅਕਾਲ ਪੁਰਖ ਵਾਸਤੇ ਹੀ ਵਰਤਿਆ ਗਿਆ ਹੈ।

*ਹਮ ਚਾਕਰ ਗੋਬਿੰਦ ਕੇ ਠਾਕੁਰੁ ਮੇਰਾ ਭਾਰਾ॥ (ਪੰਨਾ ੩੯੯)*

ਭਾਵ ਅਸੀਂ ਠਾਕੁਰ ਅਕਾਲ ਪੁਰਖ ਦੇ ਸਾਹਮਣੇ ਹਉ-ਹਉ ਕਰ ਕੇ ਆਕੜਨਾ ਨਹੀਂ। ਉਸ ਦੀ ਹੋਂਦ ਨੂੰ ਸਰਵੋਤਮ ਮੰਨ ਕੇ ਆਪਣੇ-ਆਪ ਨੂੰ ਪਹਿਚਾਨਣਾ ਹੈ। ਉਹ ਭਾਰਾ ਠਾਕੁਰ ਹੈ। ਇਹ ਜੀਅ ਵਿਚਾਰਾ ਅਦਨਾ ਜਿਹਾ ਚਾਕਰ ਹੈ। ਠਾਕੁਰ ਤੋਂ ਅੱਖਰ ਠਾਕੁਰਾਈਆਂ ਵਰਤਿਆ ਗਿਆ ਹੈ। ਜਿਸ ਦਾ ਭਾਵ ਆਕੜ ਤੇ ਹਉਮੈ ਹੈ। ਇਥੇ ਸਾਧੂ ਸਿਧਾਂਤ ਰੂਪ ਵਿੱਚ ਗੁਰਬਾਣੀ ਦੇ ਅੰਦਰ ਹਮੇਸ਼ਾ ਗੁਰੂ ਦੀ ਭਾਵਨਾ ਨਾਲ ਹੀ ਵਰਤਿਆ ਗਿਆ ਹੈ। ਸਾਧੂ ਕੋਈ ਭੇਖ ਨਹੀਂ। ਤਨ 'ਤੇ ਭਸਮ ਬਿਭੂਤੀ, ਹੱਥ ਵਿੱਚ ਕਰਮੰਡਲ, ਲੱਕ ਨਾਲ ਚਮੜੀ, ਖੱਲੜੀ ਜਾਂ ਇਸ ਤਰ੍ਹਾਂ ਦੇ ਕਿਸੇ ਭੇਖ ਨਾਲ ਸਾਧੂ ਨਹੀਂ ਬਣਨਾ।

ਗੁਰੂ ਪਾਤਸ਼ਾਹ ਮੰਗ ਕਰਦੇ ਹਨ ਕਿ ਮੈਨੂੰ ਗੁਰੂ ਦਾ ਸੰਗ ਮਿਲੇ। ਹਰਿ ਹਰਿ ਨਾਮ ਦੀ ਰੰਗਨ ਵਿੱਚ ਮੇਰਾ ਮਨ ਰੰਗਿਆ ਜਾਏ। ਰੰਗ ਦੇ ਵਿੱਚ ਰੱਤੇ ਜਾਣਾ, ਰੰਗ ਲੱਗਣਾ, ਰੰਗ ਚੜ੍ਹਨਾ, ਪ੍ਰੇਮ ਵਿੱਚ ਵਲੀਨ ਹੋਣ ਦੀ ਭਾਵਨਾ ਨੂੰ ਦਰਸਾਉਂਦਾ ਹੈ। ਰੰਗ ਭਾਏ ਦਾ ਅਰਥ ਵੀ ਦਿੰਦਾ ਹੈ, ਜਿਵੇਂ :

*ਆਪੇ ਹਰਿ ਇਕ ਰੰਗੁ ਹੈ, ਆਪੇ ਬਹੁ ਰੰਗੀ॥ (ਪੰਨਾ ੭੨੬)*

ਰੰਗ ਤੋਂ ਮਤਲਬ ਉਸ ਦੀ ਰਜ਼ਾ ਤੇ ਮਰਜ਼ੀ ਹੀ ਹੈ ਜੋ ਭਾਣੇ ਦੀ ਹੀ ਪ੍ਰਾਇਵਾਚੀ ਹੈ। ਆਮ ਬੋਲ ਚਾਲ ਵਿੱਚ ਵੀ ਅਸੀਂ ਆਖਦੇ ਹਾਂ ਕਿ ਪਤਾ ਨਹੀਂ ਵਾਹਿਗੁਰੂ ਕਿਹੜੇ ਰੰਗ ਵਿੱਚ ਰਾਜ਼ੀ ਹੈ? ਇੱਥੇ ਰੰਗ ਦਾ ਭਾਵ ਦਸ਼ਾ ਜਾਂ ਹਾਲਤ ਵੀ ਬਣਦਾ ਹੈ ਪਰ ਰੰਗ ਮੂਲ ਭਾਵ ਵਿੱਚ ਪ੍ਰੇਮ ਦੀ ਭਾਵਨਾ ਵਜੋਂ ਹੀ ਆਇਆ ਹੈ। ਇਸ ਰੰਗ ਚਾੜ੍ਹਨ ਦਾ ਕਾਰਜ ਜਾਂ ਆਪਣਾ ਪਿਆਰ ਦੇਣ ਦਾ ਕਾਰਜ ਉਸ ਨੇ ਆਪ ਹੀ ਕਰਨਾ ਹੈ। ਜਿਵੇਂ "ਆਪੇ ਲਾਇਓ ਆਪਨਾ ਪਿਆਰੁ" ਨਿਰੰਕਾਰ ਪਾਤਸ਼ਾਹ ਆਪ ਹੀ ਉਪਾਵਣਹਾਰ ਹੈ, ਆਪੇ ਹੀ ਉਸਾਰਦਾ ਹੈ। ਆਪ ਹੀ ਸੁਆਰਦਾ ਹੈ, ਆਪੇ ਹੀ ਵਿਸਾਰਦਾ ਹੈ। ਆਪ ਹੀ ਮਾਰਦਾ ਹੈ। ਮੁੱਕਦੀ ਗੱਲ ਕਿ ਸਭ ਕੁਝ ਆਪ ਹੀ ਕਰਦਾ ਹੈ। ਗੁਰੂ ਨਾਨਕ ਪਾਤਸ਼ਾਹ ਸਪਸ਼ਟ ਕਰਦੇ ਹਨ ਕਿ

*ਕਿਸ ਨੋ ਕਹੀਐ ਨਾਨਕਾ, ਸਭੁ ਕਿਛੁ ਆਪੇ ਆਪਿ॥ (ਪੰਨਾ ੪੭੫)*

ਇਸ ਤੁਕ ਦੇ ਅਰਥ ਕਰਦਿਆਂ ਸਾਡੇ ਸਾਹਮਣੇ ਅੱਖਰ ਉਦਮ, ਠਾਕੁਰ, ਸਾਧੂ ਨਾਮ ਹਨ। ਅਹਿਤਿਆਤ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਅੱਖਰਾਂ ਦੇ ਅਰਥ ਤੇ ਵਿਆਖਿਆ ਗੁਰਬਾਣੀ ਨੇ ਖੁਦ ਕੀਤੀ ਹੋਈ ਹੈ। ਇਸ ਲਈ ਇਨ੍ਹਾਂ ਨੂੰ ਗੁਰਬਾਣੀ ਵਿੱਚੋਂ ਹੀ ਲੱਭਣਾ ਚਾਹੀਦਾ ਹੈ। ਬਾਹਰੋਂ ਟੋਲਾਂਗੇ ਤਾਂ ਭਰਮ-ਭੁਲੇਖੇ ਪੈਣਗੇ। ਆਪਣਾ ਆਪ ਰਲਾਵਾਂਗੇ ਤਾਂ ਰੱਲਾ ਪਵੇਗਾ ਤਾਂ ਰੌਲਾ ਪਵੇਗਾ। ਰੌਲਾ ਪਵੇਗਾ ਤਾਂ ਗੁਆਚ ਜਾਵਾਂਗੇ। ਤਾਂ ਰੁੱਲ ਜਾਵਾਂਗੇ। ਅਸੀਂ ਅਗਿਆਨ ਬਾਲਕ ਥੋੜ੍ਹੀ ਮੱਤ ਵਾਲੇ ਹਾਂ, ਸੱਚੇ ਸਾਹਿਬ ਬਾਪ ਦੀ ਉਂਗਲੀ ਛੱਡਣੀ ਲਾਭਦਾਇਕ ਨਹੀਂ ਹੋਵੇਗੀ। ਹਮੇਸ਼ਾਂ ਨੁਕਸਾਨਦਾਇਕ ਹੀ ਹੈ। ਬੋਲਚਾਲ ਦੀ ਆਮ ਭਾਸ਼ਾ ਵਿੱਚ ਉਦਮ ਦੀ ਬੜੀ

ਮਹਾਨਤਾ ਹੈ। ਉਦਮ ਦਲਿੱਦਰ ਦਾ ਨਾਸ ਕਿਹਾ ਜਾਂਦਾ ਹੈ। ਮਨੁੱਖ ਨੇ ਆਪਣਾ ਦਲਿੱਦਰ ਕੱਟਣ ਲਈ ਖੁਦ ਆਪ ਹੀ ਉਦਮ ਕਰਨਾ ਹੁੰਦਾ ਹੈ। ਗੁਰਬਾਣੀ ਦਾ ਇਹ ਤੱਤ ਰੂਪ, ਸਾਰ ਭੂਤ ਹੈ ਕਿ ਕਰਨ ਕਰਾਵਨਹਾਰ ਵਾਹਿਗੁਰੂ ਆਪ ਹੀ ਹੈ। ਜਿਹੜਾ ਉਦਮ ਅਸੀਂ ਕਰਨਾ ਹੈ, ਉਸ ਲਈ ਪ੍ਰਮਾਤਮਾ ਅੱਗੇ ਨੱਤਮਸਤਕ ਹੋਣਾ ਹੀ ਸ਼ੋਭਦਾ ਹੈ। ਜੇ ਅਸੀਂ ਇਹ ਕਹਿਣ ਲੱਗ ਜਾਈਏ ਕਿ ਇਹ ਮੈਂ ਕੀਤਾ, ਉਹ ਮੈਂ ਕੀਤਾ, ਮੈਂ ਨਾ ਹੁੰਦਾ ਤਾਂ ਕਿੱਥੋਂ ਹੋਣਾ ਸੀ ਆਦਿ! ਇਹ ਹਉਮੈ ਦਾ ਨਗਨ ਸਰੂਪ ਹੈ। ਗੁਰਮਤਿ ਹਉਮੈ ਨਹੀਂ ਮੰਨਦੀ। ਪ੍ਰਮਾਤਮਾ ਤਾਂ ਹਉਮੈ ਨਾਲ ਬਿਲਕੁਲ ਵੱਸ ਨਹੀਂ ਆਉਂਦਾ। ਭਗਤਾਂ ਨੂੰ ਉਸ ਦਾ ਤਾਣ ਹੈ। ਉਹ ਭਗਤਾਂ ਦੇ ਵੱਸ ਹੈ ਪਰ ਭਗਤੀ ਦੇ ਗੁਣ-ਗਾਣ ਹੈ। ਗੁਣ-ਗਾਣ ਨਿਮਰਤਾ ਨਾਲ ਹੁੰਦਾ ਹੈ। ਬੱਸ ਗੱਲ ਸਪਸ਼ਟ ਹੈ ਕਿ ਵਾਹਿਗੁਰੂ ਨਿਮਰਤਾ ਵਿੱਚ ਕੀਤੀ ਹੋਈ ਗੱਲ ਛੇਤੀ ਸੁਣਦਾ ਹੈ। ਜਿਹੜਾ ਉਦਮ ਅਸੀਂ ਕਰਨਾ ਹੈ, ਉਹ ਕਰਾਉਣਾ ਉਹਨੇ ਹੀ ਹੈ। ਸਤਿਗੁਰੂ ਬੇਨਤੀ ਕਰ ਰਹੇ ਹਨ ਕਿ ਦਾਤਾ ਤੂੰ ਉਦਮ ਕਰ ਭਾਵ ਸਾਡੇ ਕੋਲੋਂ ਕਰਾ ਤੇ ਸਾਨੂੰ ਗੁਰੂ ਸਾਧੂ ਦਾ ਸੰਗ ਬਖ਼ਸ਼ ਦੇ। ਜਿਸ ਕਾਰਨ ਸਾਡੇ ਉੱਤੇ ਉਸ ਦੇ ਪਿਆਰ ਦਾ ਪੱਕਾ ਰੰਗ ਚੜ੍ਹ ਜਾਏਗਾ। ਇਹ ਕਾਰਜ ਵੀ ਦਾਤਾ ਤੂੰ ਆਪ ਹੀ ਕਰ।

*ਉਦਮੁ ਕਰਉ ਕਰਾਵਹੁ ਠਾਕੁਰ ਪੇਖਤ ਸਾਧੂ ਸੰਗਿ॥ (ਪੰਨਾ ੪੦੫)*

ਇਕ ਹੋਰ ਬੜੀ ਵੱਡੀ ਸਿਧਾਂਤਕ ਗੱਲ ਰਹਾਉ ਦੀ ਤੁਕ ਅੰਦਰ ਸਪਸ਼ਟ ਰੂਪ ਵਿੱਚ ਗੁਰੂ ਦੇਵ ਨੇ ਆਖੀ ਹੈ ਕਿ ਰਾਮ ਨਾਮ ਮਨ ਵਿੱਚ ਹੀ ਜਪਣਾ ਹੈ। ਇਸ ਦਾ ਸਿੱਧਾ ਜਾਂ ਇੰਜ ਕਹੀਏ ਦਲੀਲਬਾਜ਼ੀ ਵਾਲਾ ਭਾਵ ਨਹੀਂ ਲੈਣਾ ਚਾਹੀਦਾ ਸਗੋਂ ਗੁਰਮਤਿ ਦੀ ਭਾਵਨਾ ਲੈਣੀ ਚਾਹੀਦੀ ਹੈ। ਗੁਰਮਤਿ ਵਿੱਚ ਕਿਤੇ ਵੀ ਚੀਕਾਂ ਮਾਰ ਕੇ ਉੱਚੀ-ਉੱਚੀ, ਪੁਕਾਰ-ਪੁਕਾਰ ਕੇ, ਤਰ੍ਹਾਂ-ਤਰ੍ਹਾਂ ਦੀਆਂ ਆਵਾਜ਼ਾਂ ਕੱਢ ਕੇ ਨਾਮ ਜਪਣ ਦੀ ਕਿਤੇ ਹਦਾਇਤ ਨਹੀਂ ਕੀਤੀ ਹੋਈ। ਧਿਆਨ ਨਾਲ ਦੇਖੀਏ, ਤਾਂ ਇਹ ਗੱਲ ਸਪਸ਼ਟ ਮਿਲ ਜਾਏਗੀ ਕਿ ਵਾਹਿਗੁਰੂ ਨੂੰ ਮਨ ਵਿੱਚ ਵਸਾਉਣਾ ਹੈ। ਉਸ ਨੂੰ ਆਪਣੇ ਹਿਰਦੇ ਵਿੱਚ ਬਿਠਾਉਣਾ ਹੈ। ਉਸ ਦਾਤੇ ਦਾ ਚੇਤਾ ਚਿੱਤ ਵਿੱਚ ਕਰਨਾ ਹੈ। ਜੇ ਇਹ ਗੱਲ ਭਲੀ ਪ੍ਰਕਾਰ ਸਮਝ ਆ ਗਈ ਹੁੰਦੀ, ਤਾਂ ਅੱਜ ਸਿੱਖ ਸਮਾਜ ਅੰਦਰ 'ਲਾਊਡ ਸਪੀਕਰ ਸਭਿਆਚਾਰ' ਦਾ ਪ੍ਰਚਾਰ ਨਾ ਹੋਇਆ ਹੁੰਦਾ। ਚਲੋ ਇਹ ਗੱਲ ਅਸੀਂ ਮੰਨ ਲੈਂਦੇ ਹਾਂ ਕਿ ਦੀਵਾਨ ਵਿੱਚ ਬੜੀ ਹਾਜ਼ਰੀ ਹੈ, ਹਜ਼ਾਰਾਂ ਲੱਖਾਂ ਗੁਰਸਿੱਖ ਇਕ ਥਾਂ 'ਤੇ ਇੱਕਤਰਤ ਹਨ, ਵਕਤਾ ਜਾਂ ਵਿਆਖਿਆਕਾਰ ਦੀ ਆਵਾਜ਼ ਸਰਬ ਸੰਗਤ ਤੱਕ ਪਹੁੰਚ ਸਕੇ। ਇਸ ਲਈ ਲਾਊਡ ਸਪੀਕਰ ਦੇ ਪ੍ਰਯੋਗ ਦੀ ਕੋਈ ਮਨਾਹੀ ਨਹੀਂ। ਹਾਸੋ-ਹੀਣੀ ਗੱਲ ਤਾਂ ਇਹ ਹੈ ਕਿ ਸਵੇਰੇ ਚਾਰ ਵਜੇ ਗੁਰਦੁਆਰਾ ਸਾਹਿਬ ਦੇ ਅੰਦਰ ਤਿੰਨ ਰਾਗੀ ਸਿੰਘਾਂ ਦੇ ਤਾਬਿਆ ਬੈਠੇ ਸਿੰਘ ਤੋਂ ਇਲਾਵਾ ਪੰਜਵਾਂ ਬੰਦਾ ਕੋਈ ਨਹੀਂ ਹੁੰਦਾ ਪਰ ਲਾਊਡ ਸਪੀਕਰ ਪੂਰੇ ਤਾਣ ਨਾਲ ਚਿੰਘਾੜ ਰਿਹਾ ਹੁੰਦਾ ਹੈ। 'ਮਨ ਮਹਿ ਰਾਮ ਨਾਮਾ ਜਾਪਿ' ਦੀ ਭਾਵਨਾ ਕਿਧਰ ਗਈ? ਮੈਂ ਉਸ ਵਿਸਥਾਰ ਵੱਲ ਨਹੀਂ ਜਾਣਾ ਚਾਹੁੰਦਾ ਕਿ ਵਿਗਿਆਨਕ ਤੌਰ 'ਤੇ ਲਾਊਡ ਸਪੀਕਰ ਆਦਿ ਉੱਚੀਆਂ-ਉੱਚੀਆਂ ਆਵਾਜ਼ਾਂ

ਧੁੰਨੀ ਪ੍ਰਦੂਸ਼ਣ ਪੈਦਾ ਕਰ ਕੇ ਨਾਮ ਸਿਮਰਨ ਵੱਲੋਂ ਪਹਿਲਾਂ ਹੀ ਬੋਲ਼ੇ ਬੰਦੇ ਨੂੰ ਸਰੀਰਕ ਤੌਰ 'ਤੇ ਵੀ ਬੋਲ਼ਾ ਕਰੀ ਜਾ ਰਹੀਆਂ ਹਨ। ਜੇ ਖਾਲਸੇ ਦਾ ਚਾਲ ਚਲਨ ਉੱਚਾ ਹੋਵੇਗਾ, ਤਾਂ ਸਾਡੀ ਅਰਦਾਸ ਦਾ ਬੋਲਾ ਸਤਿਗੁਰੂ ਪ੍ਰਵਾਨ ਕਰ ਕੇ ਖਾਲਸੇ ਜੀ ਕਾ ਬੋਲ ਬਾਲਾ ਕਰਨਗੇ। ਖਾਲਸੇ ਦੀ ਕਹੀ ਗੱਲ ਸਭ ਤੋਂ ਬਾਲਾ ਭਾਵ ਉਪਰ ਹੋਵੇਗੀ* ਰਹਾਉ ਦੀ ਦੂਜੀ ਤੁੱਕ ਵਿੱਚ ਗੁਰੂ ਪਾਤਸ਼ਾਹ ਹੁਕਮ ਕਰਦੇ ਹਨ ਜਿਹੜਾ ਜਾਪ ਮਨ ਦੇ ਵਿੱਚ ਕਰਨ ਦੀ ਜਾਚ ਤੁਸੀਂ ਮੈਨੂੰ ਦੱਸੀ ਹੈ, ਇਸ ਕਾਰਨ ਦਾਤਾ ਕਿਰਪਾ ਕਰ ਕੇ ਮੇਰੇ ਹਿਰਦੇ ਵਿੱਚ ਵੱਸੋ ਅਤੇ ਇਸ ਲਈ ਤੁਸੀਂ ਆਪ ਹੀ ਮੈਨੂੰ ਸਹਾਈ ਹੋਣਾ ਹੈ। ਇਹ ਹੈ ਗੁਰਸਿੱਖ ਦੀ ਪੂਰਨ ਸਮਰਪਣ ਦੀ ਅਵਸਥਾ। ਢੁੱਚਰ ਵਾਲਾ ਚਾਲਾਕ ਮਨੁੱਖ ਕਿੰਤੂ ਕਰ ਕੇ ਆਖੇਗਾ ਕਿ ਉਦਮ ਵੀ ਵਾਹਿਗੁਰੂ ਨੇ ਕਰਨਾ ਹੈ। ਰੰਗ ਵੀ ਵਾਹਿਗੁਰੂ ਨੇ ਚਾੜ੍ਹਨਾ ਹੈ। ਰੰਗਣਾ ਵੀ ਵਾਹਿਗੁਰੂ ਨੇ ਹੀ ਹੈ। ਹਿਰਦੇ ਵਿੱਚ ਤਾਂ ਵਾਹਿਗੁਰੂ ਨੇ ਵੱਸਣਾ ਹੀ ਹੈ। ਇਸ ਲਈ ਵੀ ਸਹਾਇਤਾ ਉਸ ਨੇ ਹੀ ਕਰਨੀ ਹੈ, ਤਾਂ ਫਿਰ ਅਸੀਂ ਕੀ ਕਰਨਾ ਹੈ? ਛੱਡੋ ਪਰੇ ਵਾਹਿਗੁਰੂ ਆਪੇ ਕਰਦਾ ਰਹੇਗਾ। ਸਾਡੇ ਕਰਨ ਯੋਗ ਕਾਰਜ ਇਹ ਹੈ ਕਿ ਅਸੀਂ ਅਰਦਾਸ ਕਰਨੀ ਹੈ। ਉਸ ਤੋਂ ਮਿਹਰ ਦੀ ਦਾਤ ਮੰਗਣੀ ਹੈ ਅਤੇ ਪੂਰੇ ਤੌਰ 'ਤੇ ਸਮਰਪਿਤ ਹੋਣ ਦੀ ਕਾਮਨਾ ਵਿਅਕਤ ਕਰਨੀ ਹੈ।

ਜਗਿਆਸੂ ਨੂੰ ਪਾਤਸ਼ਾਹ ਪਵਿੱਤਰ ਪ੍ਰੇਰਨਾ ਪ੍ਰਦਾਨ ਕਰਦਿਆਂ ਆਖਦੇ ਹਨ ਕਿ ਦਾਤਾ ਤੇਰਾ ਨਾਮ, ਉਸ ਦੀ ਮਹਿਮਾ ਤੇ ਉਸ ਦੀ ਵਡਿਆਈ ਮੈਂ ਸੁਣੀ ਹੈ। ਹੁਣ ਉਸ ਨੂੰ ਚੰਗੀ ਤਰ੍ਹਾਂ ਵੇਖਣ ਦਾ ਚਾਉ ਮੇਰੇ ਅੰਦਰ ਪੈਦਾ ਹੋਇਆ ਹੈ। ਇਹ ਚਾਅ ਆਪਣੇ ਆਪ ਫੁੱਟਣ ਵਾਲੇ ਇਕ ਚਸ਼ਮੇ ਦੇ ਉਮਾਹ ਵਰਗਾ ਹੁੰਦਾ ਹੈ। ਇਹ ਜਿਤਨਾ ਸ਼ਕਤੀਸ਼ਾਲੀ ਹੁੰਦਾ ਹੈ, ਉਤਨਾ ਹੀ ਸੰਤੁਲਿਤ ਹੁੰਦਾ। ਇਸ ਅਵਸਥਾ ਵਿੱਚ ਗੁਰਸਿੱਖ ਅਕਾਲ ਪੁਰਖ ਅੱਗੇ ਸਨਿਮਰ ਬੇਨਤੀ ਕਰਦਿਆਂ ਆਖਦਾ ਹੈ ਕਿ ਹੁਣ ਤੂੰ ਦਇਆ ਦੇ ਘਰ ਵਿੱਚ ਆ ਕੇ ਮੈਂ ਕਿਰਮ ਉੱਤੇ ਕਰਮ ਕਰ ਤੇ ਆਪਣੇ ਨਾਲ ਰਲਾ ਲੈ। ਆਪਣਾ ਦੀਦਾਰ ਦੇ। ਇਹੀ ਮੇਰਾ ਮਨੋਰਥ ਹੈ। ਇਹੀ ਮੇਰਾ ਸੁਆਉ ਹੈ। ਭਾਵ ਇਹੀ ਮੇਰੀ ਮਨੋਕਾਮਨਾ ਹੈ ਤੇ ਇਹੀ ਮੈਨੂੰ ਲਾਭਦਾਇਕ ਹੈ:

*ਸੁਣਿ ਸੁਣਿ ਨਾਮੁ ਤੁਮਾਰਾ ਪ੍ਰੀਤਮ ਪ੍ਰਭੁ ਪੇਖਨ ਕਾ ਚਾਉ॥*
*ਦਇਆ ਕਰਹੁ ਕਿਰਮ ਅਪੁਨੇ ਕਉ ਇਹੈ ਮਨੋਰਥੁ ਸੁਆਉ॥੨॥*
*ਤਨੁ ਧਨੁ ਤੇਰਾ ਤੂੰ ਪ੍ਰਭੁ ਮੇਰਾ ਹਮਰੈ ਵਸਿ ਕਿਛੁ ਨਾਹਿ॥*
*ਜਿਉ ਜਿਉ ਰਾਖਹਿ ਤਿਉ ਤਿਉ ਰਹਣਾ ਤੇਰਾ ਦੀਆ ਖਾਹਿ॥੩॥*
*(ਪੰਨਾ ੪੦੫)*

ਉਪਰ ਜਿਥੇ ਅਸੀਂ ਗੁਰਮਤਿ ਦੇ ਇਸ ਆਦੇਸ਼ ਨੂੰ ਨਿਰਣਾਤਮਕ ਢੰਗ ਨਾਲ ਸਮਝ ਲਿਆ ਹੈ ਕਿ ਦਾਤਾ ਸਭ ਕੁਝ ਤੇਰਾ ਹੈ, 'ਕਬੀਰ ਮੇਰਾ ਮੁਝ ਮਹਿ ਕਿਛੁ

**ਅਰਦਾਸ ਵਿੱਚ ਅਸੀਂ ਖਾਲਸੇ ਜੀ ਕੇ ਬੋਲ ਬਾਲੇ, ਬੋਲੋ ਜੀ! ਵਾਹਿਗੁਰੂ ਬੁਲਾਉਂਦੇ ਹਾਂ। ਦਰਅਸਲ ਇਹ ਸ਼ੁੱਧ ਰੂਪ ਵਿੱਚ ਖਾਲਸਾ ਜੀ ਕਾ ਬੋਲਬਾਲਾ ਹੈ। ਬਾਲਾ ਫ਼ਾਰਸੀ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਉੱਚਾ ਜਾਂ ਉੱਪਰ।*

ਨਹੀ' ਅਜਿਹਾ ਸੋਚਣ ਤੇ ਕਰਨ ਨਾਲ ਹਉਮੈ ਦਾ ਵਿਨਾਸ਼ ਹੋਵੇਗਾ ਤੇ ਗੁਰਮਤਿ ਦਾ ਪ੍ਰਕਾਸ਼। ਇਸ ਪ੍ਰਕਾਰ ਇਹ ਸਹਿਜ ਸੁਭਾਏ ਪ੍ਰਾਪਤੀ ਹੋਵੇਗੀ ਕਿ ਅਕਾਲ ਪੁਰਖ ਸਰਬ-ਸ਼ਕਤੀਮਾਨ ਤੇ ਸਰਵੋਪਰ ਹੈ। ਸਭ ਕੁਝ ਉਸ ਦੇ ਵੱਸ ਹੈ। ਸਾਡੇ ਵੱਸ ਕੁਝ ਵੀ ਨਹੀਂ। ਬੜੀ ਸੁਆਦਲੀ ਗੱਲ ਇਹ ਹੈ ਕਿ ਗੁਰੂ ਦੇ ਦੱਸੇ ਮਾਰਗ 'ਤੇ ਚੱਲਣ ਨਾਲ ਜਿਸ ਦੇ ਵੱਸ ਸਭ ਕੁਝ ਹੈ। ਉਹ ਸਾਡੇ ਵੱਸ ਆ ਜਾਏ। ਇਸ ਪ੍ਰਕਾਰ ਕੋਈ ਪੇਚੀਦਗੀ ਜਾਂ ਭੁਲੇਖਾ ਭਰਮ ਰਹਿੰਦਾ ਹੀ ਨਹੀਂ। ਜਿਸ ਤਰ੍ਹਾਂ ਤੂੰ ਰੱਖਦਾ ਹੈਂ, ਉਸੇ ਤਰ੍ਹਾਂ ਅਸੀਂ ਰਹਿੰਦੇ ਹਾਂ ਤੇ ਤੇਰਾ ਹੀ ਦਿੱਤਾ ਖਾ ਰਹੇ ਹਾਂ। ਇਹ ਗੱਲ ਕੋਈ ਕਹਿਣ ਮਾਤਰ ਦੀ ਨਹੀਂ। ਗੁਰੂ ਪਾਤਸ਼ਾਹ ਨੇ ਕਰ ਕੇ ਦਿਖਾਈ ਤੇ ਗੁਰਸਿੱਖਾਂ ਕੋਲੋਂ ਕਰਵਾਈ। ਜਦੋਂ ਕਿਸੇ ਗੁਰਸਿੱਖ ਨੇ ਵਜਦ ਵਿੱਚ ਆ ਕੇ ਗੁਰੂ ਘਰ ਲਈ ਇਕਤਰਿਤ ਮਾਇਆ ਤੇ ਦਾਤ ਨੂੰ ਕਿਸੇ ਲੋੜਵੰਦ ਨੂੰ ਦੇ ਦਿੱਤਾ, ਤਾਂ ਗੁਰੂ ਪਾਤਸ਼ਾਹ ਨੇ ਸਾਰਾ ਭਰਮ ਚੁਕਾ ਕੇ ਗੁਰਸਿੱਖਾਂ ਨੂੰ ਆਦੇਸ਼ ਦੇ ਦਿੱਤਾ ਕਿ, "ਗਰੀਬ ਦਾ ਮੂੰਹ ਗੁਰੂ ਦੀ ਗੋਲਕ ਹੈ।" ਗੁਰੂ ਦੀ ਗੋਲਕ ਵਿੱਚ ਆਇਆ ਧਨ ਗੁਰੂ ਨੇ ਆਪਣੇ ਉੱਤੇ ਤਾਂ ਖ਼ਰਚ ਕਰਨਾ ਨਹੀਂ, ਲੋੜਵੰਦਾਂ ਨੂੰ ਹੀ ਦੇਣਾ ਹੈ। ਉਹ ਧਨ ਜੇ ਬਰਾਸਤਾ ਗੋਲਕ ਜੇ ਗਰੀਬ ਦੇ ਮੂੰਹ ਵਿੱਚ ਜਾਏ, ਤਾਂ ਵੀ ਉਸ ਦੀ ਮਹਾਨਤਾ ਉਤਨੀ ਹੀ ਹੈ। ਜਿਤਨੀ ਕੀ ਕੋਈ ਗੁਰਸਿੱਖ ਗੁਰੂ ਦੀ ਦਿੱਤੀ ਹੋਈ ਦਾਤ ਨੂੰ ਕਿਸੇ ਲੋੜਵੰਦ ਦੇ ਮੂੰਹ ਵਿੱਚ ਪਾ ਦਏ। ਗੱਲ ਸਿੱਧੀ ਹੈ ਕਿ ਇਸ ਵਿੱਚ ਕੋਈ ਵਲ-ਵਲੇਵਾਂ ਜਾਂ ਪੇਚ-ਖਮ ਨਹੀਂ। ਹਾਂ ਕੋਈ ਸ਼ਰਾਰਤੀ ਬੰਦਾ (ਮੈਂ ਸਿੱਖ ਨਹੀਂ ਕਹਿ ਰਿਹਾ) ਗੁਰਦੁਆਰੇ ਦਾ ਧਨ ਤੇ ਗੋਲਕ ਨੂੰ ਆਪਣੀ ਲੋੜ ਵਾਸਤੇ ਵਰਤ ਕੇ ਬਹਾਨੇ ਪਿਆ ਮਾਰੇ, ਤਾਂ ਉਸ ਨੂੰ ਸਮਝਣਾ ਜਾਂ ਸਮਝਾਉਣਾ ਗੁਰੂ ਦਾ ਕੰਮ ਹੈ। ਉਹ ਆਪੇ ਹੀ ਇਸ ਮਹਾਨ ਕਾਰਜ ਨੂੰ ਨੇਪਰੇ ਚਾੜ੍ਹ ਲੈਂਦਾ ਹੈ ਜਾਂ ਫਿਰ "ਉਦਮੁ ਕਰਉ ਕਰਾਵਹੁ ਠਾਕੁਰ" ਦੇ ਮਹਾਨ ਕਥਨ ਅਨੁਸਾਰ ਕਿਸੇ ਗੁਰਸਿੱਖ ਪਾਸੋਂ ਉਦਮ ਕਰਵਾ ਦਿੰਦਾ ਹੈ। ਗੁਰੂ ਕ੍ਰਿਪਾ ਕਰੇ ਰੁੱਤਬਾ, ਦੌਲਤ, ਤਾਕਤ ਆਦਿ ਦੇ ਆ ਜਾਣ ਬਾਅਦ ਵੀ ਗੁਰਸਿੱਖ ਦੀ ਭਾਵਨਾ ਇਹੀ ਬਣੀ ਰਹੇ "ਦਇਆ ਕਰਹੁ ਕਿਰਮ ਅਪੁਨੇ ਕਉ . . .॥" ਜਦ ਇਹ ਭਾਵਨਾ ਗੁਰਸਿੱਖਾਂ ਵਿੱਚ ਪ੍ਰਧਾਨ ਹੁੰਦੀ ਹੈ ਤਾਂ ਗੁਰੂ ਪਾਤਸ਼ਾਹ ਦੀ ਅਤਿ ਨਿਕਟਤਾ ਵਾਲੀ ਅਤਿ ਉੱਤਮ ਅਵਸਥਾ ਵਿਦਮਾਨ ਹੁੰਦੀ ਹੈ। ਇਸੇ ਕਾਰਨ ਹੀ ਅਸੀਂ ਰਾਜ ਮਾਣਿਆਂ, ਇਸੇ ਕਾਰਨ ਹੀ ਅਸੀਂ ਰਾਜ ਜੋਗੀ ਬਣੇ, ਇਸੇ ਕਾਰਨ ਹੀ ਤਖ਼ਤਾਂ ਨੂੰ ਤਿਆਗਿਆ ਤੇ ਤਾਜਾਂ ਨੂੰ ਠੋਕਰਾਂ ਮਾਰੀਆਂ ਕਿਉਂ ਕਿ ਸਾਡੇ ਅੰਦਰ ਇਹ ਭਾਵਨਾ ਪ੍ਰਬਲ ਹੋ ਚੁੱਕੀ ਹੁੰਦੀ ਹੈ:

*ਹਉ ਬਲਿ ਬਲਿ ਜਾਉ ਰਮਈਆ ਕਾਰਨੇ॥ ਕਾਰਨ ਕਵਨ ਅਬੋਲ॥*

*(ਪੰਨਾ ੬੯੪)*

ਮੈਂ ਕੁਰਬਾਨ ਹਾਂ ਤੇਰੇ ਤੋਂ ਮੇਰੇ ਪਿਆਰੇ, ਮੈਂ ਤੈਨੂੰ ਕਿਉਂ ਪਿਆਰ ਕਰਦਾ ਹਾਂ, ਇਸ ਦਾ ਕੀ ਕਾਰਨ ਹੈ? ਮੈਂ ਦੱਸ ਨਹੀਂ ਸਕਦਾ। ਸੋਚਿਆ ਜਾਏ ਤਾਂ ਕੀ ਇਹ ਆਪਣੇ ਆਪ ਵਿੱਚ ਘੱਟ ਹੈ ਕਿ ਮੈਂ ਤੈਨੂੰ ਪਿਆਰ ਕਰਦਾ ਹਾਂ?

ਨਹਾਉਣ ਇਸ਼ਨਾਨ ਆਦਿ ਦੀ ਸਰੀਰ ਨੂੰ ਬੜੀ ਲੋੜ ਹੈ। ਰੋਜ਼ ਨਹਾਈਏ

ਜਾਂ ਸਰੀਰ ਦੀ ਦਸ਼ਾ ਅਨੁਸਾਰ ਇਕ ਦਿਨ ਛੱਡ ਕੇ ਜਾਂ ਇਕ ਦਿਨ ਵਿੱਚ ਦੋ ਵਾਰੀ। ਇਸ ਨਹਾਉਣ ਨੇ ਇਸ ਤੋਂ ਇਲਾਵਾ ਕੁਝ ਨਹੀਂ ਸਵਾਰਨਾ। ਇਸ ਨਾਲ ਪਿੰਡੇ ਦੀ ਓਪਰੀ-ਓਪਰੀ ਮੈਲ ਉਤਰ ਜਾਂਦੀ ਹੈ। ਕੋਈ ਮਨੁੱਖ ਜੇ ਇਸ ਗੱਲ ਨੂੰ ਧਰਮ ਮੰਨ ਲਏ ਕਿ ਨਹਾਉਣ ਨਾਲ ਹੀ ਕਲਿਆਣ ਹੁੰਦਾ ਹੈ ਜਾਂ ਕਿਸੇ ਵਿਸ਼ੇਸ਼ ਤੀਰਥ ਅਸਥਾਨ 'ਤੇ ਇਸ਼ਨਾਨ ਨਾਲ ਮੁਕਤੀ ਹੋ ਜਾਂਦੀ ਹੈ ਜਾਂ ਕਿਸੇ ਨਦੀ ਵਿਸ਼ੇਸ਼ ਵਿੱਚ ਕਿਸੇ ਖਾਸ ਸਮੇਂ ਮਾਰੀ ਹੋਈ ਡੁਬਕੀ ਸਾਨੂੰ ਤਾਰ ਦਿੰਦੀ ਹੈ। ਗੁਰਮਤਿ ਨੇ ਅਜਿਹਾ ਬਿਲਕੁਲ ਨਹੀਂ ਮੰਨਿਆ। ਅਣਮੱਤੀਏ ਆਖਦੇ ਹਨ ਕਿ ਫਲਾਣੇ ਤੀਰਥ ਉੱਤੇ ਇਸ਼ਨਾਨ ਕਰਨ ਨਾਲ ਚਾਰ ਪ੍ਰਕਾਰ ਦੇ ਕਿਲਬਿਖ ਨਾਸ ਹੋ ਜਾਂਦੇ ਹਨ ਜੇ ਅਸੀਂ ਅਜਿਹਾ ਸੋਚ ਕੇ ਸਰੋਵਰਾਂ ਜਾਂ ਦਰਿਆਵਾਂ ਵਿੱਚ ਇਸ਼ਨਾਨ ਕਰਦੇ ਫਿਰਦੇ ਹਾਂ, ਤਾਂ ਫਿਰ ਇਹ ਸਮਝ ਲੈਣਾ ਚਾਹੀਦਾ ਹੈ ਕਿ ਗੁਰੂ ਤੇ ਗੁਰਮਤਿ ਨੂੰ ਅਜੇ ਬਿਲਕੁਲ ਨਹੀਂ ਸਮਝਿਆ।

ਇਸ ਗੱਲ ਵਿੱਚ ਕੋਈ ਦੋ ਰਾਇ ਨਹੀਂ ਕਿ ਇਸ਼ਨਾਨ ਨਾਲ ਤਨ ਦੀ ਮੈਲ ਜਾਂ ਸਰੀਰ ਤੇ ਲੱਗੀ ਮਿੱਟੀ ਆਦਿ ਦੂਰ ਹੋ ਜਾਂਦੀ ਹੈ। ਗੁਰੂ ਪਾਤਸ਼ਾਹ ਇਥੇ ਇਕ ਕ੍ਰਾਂਤੀਕਾਰੀ ਸਿਧਾਂਤ ਸਹਿਜ ਸੁਭਾਏ ਦਿੰਦੇ ਹਨ। ਆਪ ਜੀ ਆਖਦੇ ਹਨ ਕਿ ਗੁਰਸਿੱਖਾਂ ਦੇ ਜਨਮ ਜਨਮ ਦੇ ਕਿਲਬਿਖ ਇਸ਼ਨਾਨ ਨਾਲ ਕੱਟੇ ਜਾਣਗੇ ਪਰ ਉਹ ਇਸ਼ਨਾਨ ਗੁਰੂ ਦੇ ਚਰਨਾਂ ਦੀ ਧੂੜ ਨਾਲ ਕੀਤਾ ਗਿਆ ਹੋਵੇ। ਗੁਰੂ ਦੇ ਚਰਨ ਪਵਿੱਤਰ ਹਨ। ਪਵਿੱਤਰਤਾ ਦੇ ਮਾਰਗ 'ਤੇ ਚੱਲ ਕੇ ਗੋਬਿੰਦ ਤੱਕ ਲੈ ਜਾਂਦੇ ਹਨ। ਗੁਰੂ ਦਾ ਮਾਰਗ ਹੀ ਗੋਬਿੰਦ ਦਾ ਮਾਰਗ ਹੈ। ਇਸ ਉੱਤੇ ਨਿਮਰਤਾ ਨਾਲ ਚੱਲਣਾ ਹੁੰਦਾ ਹੈ। ਗੁਰਬਾਣੀ ਵਿੱਚ ਧੂੜਿ, ਧੂਰਿ ਜਾਂ ਧੂਰੀ ਨਿਮਰਤਾ ਸੂਚਕ ਸ਼ਬਦ ਹਨ। ਕ੍ਰਾਂਤੀ ਦਾ ਵਾਸ ਇਥੇ ਹੀ ਹੈ ਕਿ ਆਮ ਹਾਲਤ ਵਿੱਚ ਇਸ਼ਨਾਨ ਜਾਂ ਮਜਨ ਨਾਲ ਪਿੰਡੇ ਤੋਂ ਮਿੱਟੀ ਤੇ ਧੂੜ ਲਹਿੰਦੀ ਹੈ ਪਰ ਜੇ ਮਨੁੱਖ ਆਪਣਾ ਸਦੀਵੀ ਕਲਿਆਣ ਕਰਨਾ ਚਾਹੁੰਦਾ ਹੈ, ਜਾਂ ਕਿਲਬਿਖ ਦੂਰ ਕਰਨੇ ਚਾਹੁੰਦਾ ਹੈ, ਤਾਂ ਉਹ ਗੁਰੂ ਦੇ ਚਰਨਾਂ ਦੀ ਧੂੜ ਨਾਲ ਮਜਨ ਕਰੇ, ਹੈ ਨਾ ਕ੍ਰਾਂਤੀ, ਹੈ ਕਿ ਨਹੀਂ ਨਿਰਾਲਾ ਪੰਥ? ਕੀ ਇਹ ਇਕ ਇਨਕਲਾਬ ਨਹੀਂ? ਤੇ ਸਾਰਿਆਂ ਭਰਮਾਂ ਵਹਿਮਾਂ ਆਦਿ ਤੋਂ ਮੋੜ ਕੇ ਸਾਨੂੰ ਗੁਰੂ ਦੇ ਚਰਨਾਂ ਵਿੱਚ ਲੈ ਆਉਂਦਾ ਹੈ। ਜੋ ਪਵਿੱਤਰ ਚਰਨ ਸਦਾ ਅਕਾਲ ਪੁਰਖ ਦੀ ਨੇੜਤਾ ਬਖ਼ਸ਼ਦੇ ਜਾ ਰਹੇ ਹਨ:

*ਜਨਮ ਜਨਮ ਕੇ ਕਿਲਵਿਖ ਕਾਟੈ ਮਜਨੁ ਹਰਿ ਜਨ ਧੂਰਿ॥*
*ਭਾਇ ਭਗਤਿ ਭਰਮ ਭਉ ਨਾਸੈ ਹਰਿ ਨਾਨਕ ਸਦਾ ਹਜੂਰਿ॥੪॥*

*(ਪੰਨਾ ੪੦੬)*

ਇਹ ਹੈ ਗੁਰਮਤਿ ਦਾ ਅਤਿ ਮਹਾਨ ਮਜ਼ਬੂਤ ਤੇ ਖ਼ੂਬਸੂਰਤ ਆਦੇਸ਼ ਕਿ ਗੁਰਸਿੱਖ ਨੂੰ ਗੁਰੂ ਪਾਤਸ਼ਾਹ ਨੇ ਭਾਇ ਭਗਤਿ, ਭਾਉ ਭਗਤਿ, ਭਾਵ ਨਿਰਮਲ ਭੈਅ ਦੀ ਭਾਵਨਾ ਬਖਸ਼ ਦਿੱਤੀ। ਬੰਧਨ ਸਾਰੇ ਕੱਟ ਦਿੱਤੇ। ਲੇਕਿਨ ਪ੍ਰੇਮ ਵਿੱਚ ਅਨੁਬੰਧਿਤ ਕਰ ਲਿਆ ਹੈ। 'ਗੋਬਿੰਦ ਭਾਉ ਭਗਤਿ ਦਾ ਭੁਖਾ' ਹੈ। ਉਹ ਦੁਰਯੋਧਨ ਕੋਲ ਨਹੀਂ ਜਾਏਗਾ। ਬਿਦਰ ਕੋਲ ਜਾਏਗਾ। ਉਹ ਰਾਜਿਆਂ ਕੋਲ ਨਹੀਂ ਜਾਏਗਾ,

ਉਹ ਸੁੱਚੀ ਕਿਰਤ ਵਾਲਿਆਂ ਕੋਲ ਜਾਏਗਾ। ਉਹ ਮਲਕ ਭਾਗੋ ਦੇ ਪਕਵਾਨ ਨਹੀਂ ਖਾਏਗਾ, ਉਹ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਖਾਏਗਾ। ਉਹ ਕਿਸੇ ਪਾਪ ਦੀ ਕਮਾਈ ਨਾਲ ਲੱਗੇ ਵਾਤਾਵਰਨ ਅਨੁਕੂਲ ਜੰਤਰ ਅੱਗੇ ਨਹੀਂ ਬੈਠੇਗਾ, ਕਿਸੇ ਰੁੱਖ ਥੱਲੇ ਡੇਰਾ ਲਾਏਗਾ। ਉਹ ਬਗ਼ਦਾਦ ਦੇ ਸ਼ਾਹ ਦੇ ਮਹੱਲਾਂ ਵਿੱਚ ਨਹੀਂ ਜਾਵੇਗਾ, ਉਹ ਬਾਹਰ ਜਾ ਅਸਥਾਨ ਕਰੇਗਾ। ਇਸੇ ਹੀ ਪਵਿੱਤਰ ਭਾਵਨਾ ਦੀ ਭਗਤੀ ਕਾਰਨ ਸਭ ਭੈਅ ਤੇ ਭਰਮ ਨਾਸ ਹੋ ਜਾਣੇ ਹਨ। ਭੁੱਖੇ ਸਾਹਿਬ ਦਾ ਨਫਰ ਵੀ ਭੁੱਖਾ ਹੀ ਮਰੇਗਾ। ਮੇਰਾ ਸਾਹਿਬ ਭੈਅ ਮੁਕਤ ਹੈ। ਇਸੇ ਲਈ ਉਹ ਭਰਮ ਰਹਿਤ ਹੈ। ਸਾਡੇ ਬਹੁਤੇ ਭੈਅ ਸਾਡਿਆਂ ਭਰਮਾਂ ਦੀ ਉਪਜ ਹਨ। ਅਧਿਆਤਮਕ ਜਗਤ ਵਿੱਚ ਨਰਕ ਦਾ ਭੈਅ ਕਰਮਕਾਂਡ ਦੀ ਭਰਮਾਰ ਕਰ ਦਏਗਾ। ਜਗਿਆਸੂ ਭੰਬਲਭੂਸਿਆਂ ਵਿੱਚ ਪੈ ਕੇ ਭੈਅ ਦਾ ਮਾਰਿਆ ਭਰਮਾਂ ਵਿੱਚ ਫਸ ਜਾਏਗਾ। ਥਿੱਤਾਂ, ਵਾਰਾਂ, ਰੁੱਤਾਂ, ਵਰਤ, ਨੇਮ, ਸੁੱਚ-ਸੰਜਮ ਆਦਿ ਪੁੱਠ ਸਿੱਧ ਵਿੱਚ ਪੈ ਜਾਏਗਾ। ਸਿੱਧੇ ਰਾਹ ਤਿਆਗ ਕਰ ਦਏਗਾ ਤੇ ਜੋ ਹਰਿ ਹਰਿ ਵੀ ਕਰੇਗਾ ਉਹ ਡਰ ਨਾਲ। ਬੜਾ ਪ੍ਰਚਲਿਤ ਮੁਹਾਵਰਾ ਹੈ "ਡਰਦੇ ਹਰਿ ਹਰਿ ਕਰਦੇ" ਗੁਰਮਤਿ ਨੇ ਤਾਂ ਭੈਅ ਮੁਕਾਏ, ਭਰਮਾਂ ਦਾ ਨਾਸ ਕੀਤਾ, ਭਟਕਣ ਮੁੱਕੀ, ਥਿਰਤਾ ਮਿਲ ਗਈ।

*ਅਸਥਿਰ ਰਹਹੁ ਡੋਲਹੁ ਮਤ ਕਬਹੂ ਗੁਰ ਕੈ ਬਚਨਿ ਅਧਾਰਿ॥*
*ਜੈ ਜੈਕਾਰੁ ਸਗਲ ਭੂ ਮੰਡਲ ਮੁਖ ਊਜਲ ਦਰਬਾਰ॥੩॥*

*(ਪੰਨਾ ੬੭੮)*

ਜਿਹੜੀ ਬਾਤ ਨਾਨਕ ਨੇ ਬਤਾਈ ਹੈ, ਉਸ ਨਾਲ ਸਾਨੂੰ ਅਸਥਿਰ ਮੱਤ ਆਈ ਹੈ। ਥਿਰਤਾ ਦੀ ਪ੍ਰਾਪਤੀ ਹੋਣ ਨਾਲ ਡੀਗਣ ਡੋਲਾ ਮੁੱਕ ਚੁੱਕ ਜਾਏਗਾ। ਧਿਆਨ ਰੱਖਣ ਦੀ ਗੱਲ ਕੇਵਲ ਇਹ ਹੈ ਕਿ ਗੁਰੂ ਹੁਕਮਾਂ ਦਾ ਠੋਸ ਆਧਾਰ ਹੋਣਾ ਚਾਹੀਦਾ ਹੈ। ਇਸ ਨਾਲ ਇਸ ਜਗਤ ਵਿੱਚ ਵੀ ਜੈ-ਜੈਕਾਰ ਹੋਵੇਗੀ। ਹਰ ਥਾਂ 'ਤੇ ਇੱਜ਼ਤ ਮਿਲੇਗੀ ਅਤੇ ਅਕਾਲ ਪੁਰਖ ਦੇ ਦਰਬਾਰ ਵਿੱਚ ਵੀ ਉੱਜਲਾ ਮੁੱਖ ਲੈ ਕੇ ਜਾਵਾਂਗੇ। ਇਹ ਰਹਿਣੀ ਤੇ ਰਹਿਤ ਇਸ ਤਰ੍ਹਾਂ ਦਾ ਸੁਤੰਤਰ ਤੇ ਭੈਅ ਮੁਕਤ ਵਾਤਾਵਰਣ ਸਿਰਜ ਦੇਵੇਗੀ ਕਿ ਸਾਨੂੰ ਇੰਜ ਲੱਗੇਗਾ ਕਿ ਰਚਣਹਾਰ ਦਾਤਾਰ ਸਾਡੇ ਕੋਲ-ਕੋਲ ਹੈ। ਸਾਡੇ ਨੇੜੇ-ਤੇੜੇ ਹੈ ਜਾਂ ਅਸੀਂ ਸਦਾ ਉਸ ਦੇ ਹਜ਼ੂਰ ਰਹਿ ਰਹੇ ਹਾਂ।

ਸਾਨੂੰ ਇਸ ਭਾਵਨਾ 'ਤੇ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ ਕਿ ਗੁਰਬਾਣੀ ਦਾ ਪਾਠ ਇੰਜ ਹੀ ਕਰੀਏ, ਜਿਵੇਂ ਇਹ ਗੁਰੂ ਪਾਂਧੇ ਦਾ ਦਿੱਤਾ ਹੋਇਆ ਸਬਕ ਹੈ। ਗੁਰਬਾਣੀ ਦਾ ਅਧਿਐਨ ਵਿਆਖਿਆ ਤੇ ਵਿਚਾਰ ਕਰਨ ਲੱਗਿਆਂ ਸਾਨੂੰ ਆਸਿਓਂ ਪਾਸਿਓਂ ਆਸ ਨਹੀਂ ਰੱਖਣੀ ਚਾਹੀਦੀ। ਇਸ ਨਾਲ ਘੱਚਲਾ ਪੈ ਜਾਏਗਾ। ਰੋਲ ਘਚੋਲਾ ਜਿਹੀ ਮੱਚ ਜਾਏਗੀ। ਗੁਰਬਾਣੀ ਨਿਰਾਲੀ, ਨਿਵੇਕਲੀ, ਵਿਲੱਖਣ, ਵੱਖਰੀ ਤੇ ਅੱਤ ਉੱਤਮ ਹੈ। ਜਿਹੜੇ ਸੰਦਰਭ ਗੁਰਬਾਣੀ ਨੇ ਇਤਿਹਾਸਕ ਜਾਂ ਮਿਥਿਹਾਸ ਦੇ ਵਰਤੇ ਹਨ, ਉਹ ਸਾਨੂੰ ਸਮਝਾਉਣ ਲਈ ਹਨ। ਉਸ ਵਿੱਚ ਉਲਝ ਕੇ ਅਟਕ ਜਾਵਾਂਗੇ, ਤਾਂ ਤੇ ਫਿਰ ਬੇਮੌਤ ਫਾਹੇ ਲਟਕ ਜਾਵਾਂਗੇ। ਜੇ ਕਿਤੇ ਉਹਦੀ

ਕਿਰਪਾ ਨਾਲ ਕੁਝ ਬਚਾਅ ਹੋ ਵੀ ਗਿਆ ਤਾਂ ਭਟਕ ਜ਼ਰੂਰ ਜਾਵਾਂਗੇ। ਇਸ ਸਬੰਧੀ ਮੁੱਢਲੀ ਗੱਲ ਇਹ ਹੈ ਕਿ ਗੁਰਬਾਣੀ ਦੇ ਅਰਥ ਵੇਦਾਂਤ ਵਿੱਚੋਂ ਨਹੀਂ, ਜੋਗਮੱਤ ਵਿੱਚੋਂ ਨਹੀਂ, ਬ੍ਰਾਹਮਣਵਾਦ ਵਿੱਚੋਂ ਨਹੀਂ, ਵਾਦ-ਵਿਵਾਦ ਵਿੱਚੋਂ ਤਾਂ ਬਿਲਕੁਲ ਨਹੀਂ, ਸਗੋਂ ਗੁਰਬਾਣੀ ਦੇ ਅਰਥ ਗੁਰਬਾਣੀ ਵਿੱਚੋਂ ਹੀ ਮਿਲਣਗੇ। ਗੁਰਬਾਣੀ ਵਿੱਚ ਕੱਚੀਆਂ ਗੱਲਾਂ ਨਹੀਂ ਕੀਤੀਆਂ ਹੋਈਆਂ। ਕਥਾ, ਕਹਾਣੀਆਂ, ਮਿਥਿਹਾਸ ਆਦਿ ਇਸੇ ਤਰ੍ਹਾਂ ਹੀ ਲਏ ਗਏ ਹਨ। ਜਿਵੇਂ ਸਿਆਣਾ ਗੁਰੂ ਆਪਣੇ ਵਿਦਿਆਰਥੀਆਂ ਨੂੰ ਪੜ੍ਹਾਉਣ ਲੱਗਿਆਂ ਵੱਖ-ਵੱਖ ਮਿਸਾਲਾਂ ਲੈ ਕੇ ਮੱਥ ਕੇ ਸਾਨੂੰ ਤੱਥ ਨੂੰ ਪ੍ਰਦਾਨ ਕਰਦਾ ਹੈ। ਇਹ ਪਾਰਬ੍ਰਹਮ ਕੀ ਬਾਣੀ ਹੈ। ਨਿਰੰਕਾਰ ਕੀ ਬਾਣੀ ਹੈ। ਜਿਸ ਨਿਰੰਕਾਰ ਨੇ ਬੁਲਾਈ ਹੈ ਉਸ ਦੀ ਬੋਲੀ ਬੋਲਦੀ ਹੈ:

*ਪ੍ਰਭਿ ਅਪਨਾ ਬਿਰਦੁ ਸਮਾਰਿਆ॥ ਹਮਰਾ ਗੁਣੁ ਅਵਗੁਣੁ ਨ ਬੀਚਾਰਿਆ॥*
*ਗੁਰ ਕਾ ਸਬਦੁ ਭਇਓ ਸਾਖੀ॥ ਤਿਨਿ ਸਗਲੀ ਲਾਜ ਰਾਖੀ॥੩॥*
*ਬੋਲਾਇਆ ਬੋਲੀ ਤੇਰਾ॥ ਤੂ ਸਾਹਿਬੁ ਗੁਣੀ ਗਹੇਰਾ॥*
*ਜਪਿ ਨਾਨਕ ਨਾਮੁ ਸਚੁ ਸਾਖੀ॥ ਅਪੁਨੇ ਦਾਸ ਦੀ ਪੈਜ ਰਾਖੀ॥੪॥*
*(ਪੰਨਾ ੬੨੨)*

ਉਸ ਨਿਰੰਕਾਰ ਦਾ ਆਸਰਾ ਲਿਆਂ ਉਹ ਲਾਜ ਰੱਖਦਾ ਹੈ। ਉਸ ਦਾ ਬੁਲਾਇਆ ਹੀ ਬੋਲਣਾ ਹੈ ਕਿਉਂਕਿ ਉਹ ਗਹਿਰ ਗੰਭੀਰ ਹੈ। ਉਸ ਦੇ ਇਲਾਵਾ ਹੋਰ-ਹੋਰ ਕੀਤੀਆਂ ਗੱਲਾਂ ਹੋਛੀਆਂ ਹਨ। ਕੂੜ ਤੇ ਝੂਠੀਆਂ ਹਨ। ਸਾਹਿਬ ਗੁਣੀ ਗਹੀਰ ਤੇ ਗੰਭੀਰ ਹੈ। ਉਸ ਦਾ ਨਾਮ ਹੀ ਗੁਰਸਿੱਖਾਂ ਦੀ ਸਾਖ ਹੈ ਅਤੇ ਉਸ ਕਾਰਨ ਹੀ ਇੱਤ ਉੱਤ, ਇਥੇ ਉਥੇ, ਹਲਤ ਪਲਤ ਸਭਨੀਂ ਥਾਈਂ ਗੁਰਸਿੱਖਾਂ ਦੀ ਇੱਜ਼ਤ ਹੁੰਦੀ ਹੈ।

ਉਦਾਹਰਣ ਵਜੋਂ ਵਿਆਖਿਆ ਵਾਸਤੇ ਲਏ ਇਸ ਸ਼ਬਦ ਦੇ ਅੰਦਰ ਗੁਰਮਤਿ ਸ਼ਬਦਾਵਲੀ ਦੇ ਕੁਝ ਵਿਸ਼ੇਸ਼ ਅੱਖਰ ਆਏ ਹਨ। ਉਨ੍ਹਾਂ ਨੂੰ ਨਿਖੇੜ ਕੇ ਲਿਖਿਆਂ ਤੇ ਵਿਚਾਰਿਆਂ ਗੱਲ ਹੋਰ ਨਿੱਖਰ ਕੇ ਸਾਹਮਣੇ ਆ ਜਾਏਗੀ। ਜਿਵੇਂ: ਉੱਦਮ, ਠਾਕੁਰ, ਸਾਧੂ, ਹਰਿ, ਨਾਮ, ਕਿਰਮ, ਮਨ, ਰੰਗ, ਜਾਪਿ, ਕਿਰਪਾ, ਆਪਿ, ਪ੍ਰੀਤਮ, ਪੇਖਣ, ਚਾਉ, ਦਇਆ, ਮਨੋਰਥ, ਸੁਆਉ, ਤਨੁ, ਧਨੁ, ਜਨਮ ਜਨਮ, ਕਿਲਬਿਖ, ਮਜਨ, ਧੂਰਿ, ਭਾਇ, ਭਗਤ, ਭਰਮ, ਭੈਅ, ਨਾਨਕ ਤੇ ਹਜ਼ੂਰ। ਅੱਖਰਾਂ ਦਾ ਭਾਵ ਗੁਰੂ ਗ੍ਰੰਥ ਸਾਹਿਬ ਵਿੱਚੋਂ ਹੀ ਲੱਭਣਾ ਚਾਹੀਦਾ ਹੈ। ਜੇ ਅਸੀਂ ਦੁਸਾਹਸ ਕਰ੍ਹ ਕੇ ਇਨ੍ਹਾਂ ਦਾ ਉਦਗਮ ਸਰੋਤ ਵੇਦ ਸਿਮਰਤੀਆਂ ਜਾਂ ਸ਼ਾਸਤਰਾਂ ਨੂੰ ਮੰਨ ਕੇ ਅਰਥ ਕਰਾਂਗੇ, ਤਾਂ ਬੜਾ ਅਨਰਥ ਹੋਵੇਗਾ। ਅੱਗੇ ਵੀ ਤਾਂ ਹੋ ਰਿਹਾ ਹੈ। ਇਹ ਸ੍ਵੈ-ਨਿਰਭਰ ਸੁਛੰਦ ਅਤੇ ਸਪਸ਼ਟ ਸ਼ਬਦਾਵਲੀ ਹੈ ਜੋ ਗੁਰੂ ਚਰਨਾਂ ਨਾਲ ਜੋੜਦੀ ਹੈ ਅਤੇ ਗੁਰੂ ਕੇਵਲ ਅਕਾਲ ਪੁਰਖ ਨਾਲ।

# ਗੁਰਬਾਣੀ ਦਾ ਪ੍ਰਭਾਵ

ਗੁਰਬਾਣੀ ਬ੍ਰਹਮ ਸਰੂਪ ਹੈ। ਬ੍ਰਹਮ ਨਿਰੰਕਾਰ ਹੈ। ਗੁਰਬਾਣੀ ਦਾ ਭਾਵ ਸਮਝਣ ਲਈ ਭਾਵਨੀ ਭਰਪੂਰ ਹਿਰਦੇ ਦੀ ਲੋੜ ਹੈ। ਤਾਂ ਹੀ ਨਿਰੰਕਾਰ ਤੱਕ ਪਹੁੰਚ ਹੋ ਸਕੇਗੀ। ਮਨ ਉੱਤੇ ਗੁਰਬਾਣੀ ਦਾ ਪ੍ਰਭਾਵ ਸਾਵਧਾਨ ਇਕਾਗਰਚਿੱਤ ਨਾਲ ਹੀ ਸੰਭਵ ਹੈ। ਗੁਰਬਾਣੀ ਦਾ ਪਾਠ ਨਿਰੀ ਰਸਮ ਜਾਂ ਕੋਈ ਕਰਮ ਨਹੀਂ। ਜਿਸ ਦੇ ਕਰਨ ਨਾਲ ਲੋੜੀਂਦੀ ਪ੍ਰਾਪਤੀ ਹੋ ਸਕੇ। ਗੁਰਬਾਣੀ ਦੇ ਪਾਠ ਵਿੱਚੋਂ ਗੁਰੂ ਦਾ ਦੀਦਾਰ ਸਾਕਾਰ ਹੁੰਦਾ ਹੈ। ਜਿਸ ਨਾਲ ਅਪਰੰਪਾਰ ਨਿਰੰਕਾਰ ਨਜ਼ਰੀਂ ਆਉਂਦਾ ਹੈ।

ਗੁਰਬਾਣੀ ਦਾ ਪਾਠ ਗੁਰੂ ਦਾ ਦੀਦਾਰ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਨੰਦਗੜ੍ਹ ਦਾ ਤਿਆਗ ਕਰ ਕੇ ਸਰਸਾ ਪਾਰ ਕਰਨ ਉਪਰੰਤ ਰੋਪੜ ਦੇ ਅਸਥਾਨ ਤੋਂ ਜਦੋਂ ਪਰਿਵਾਰ ਨੂੰ ਵਿਛੋੜਨ ਲੱਗੇ, ਤਾਂ ਮਾਤਾ ਸੁੰਦਰੀ ਜੀ ਨੇ ਪੁੱਛਿਆ, "ਪਾਤਸ਼ਾਹ ਹੁਣ ਦੀਦਾਰ ਕਦੋਂ ਹੋਣਗੇ?" ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸੱਜੇ ਗਾਤਰੇ ਵਿੱਚ ਪਿਆ ਹੋਇਆ ਸੁੰਦਰ ਗੁਟਕਾ ਮਾਤਾ ਸੁੰਦਰੀ ਜੀ ਨੂੰ ਦਿੱਤਾ ਤੇ ਆਖਿਆ, "ਜਦੋਂ ਸਾਡਾ ਦੀਦਾਰ ਕਰਨਾ ਹੋਵੇ, ਤਾਂ ਇਕਾਗਰਚਿੱਤ ਹੋ ਕੇ ਗੁਰਬਾਣੀ ਦਾ ਪਾਠ ਕਰਨਾ।" ਇਹੀ ਪਵਿੱਤਰ ਹੁਕਮ ਗੁਰਸਿੱਖਾਂ ਦਾ ਬੋਲਾ ਬਣ ਗਿਆ ਅਤੇ ਸਾਡੀ ਨਿੱਤ ਦੀ ਅਰਦਾਸ ਦਾ ਇਕ ਅੰਗ। ਅਸੀਂ ਰੋਜ਼ ਹੀ ਅਰਦਾਸ ਵਿੱਚ ਆਖਦੇ ਹਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਬੋਲੋ ਜੀ ਵਾਹਿਗੁਰੂ । ਇਕਾਗਰਚਿੱਤ ਕੀਤੇ ਪਾਠ ਨਾਲ ਗੁਰੂ ਦਾ ਦੀਦਾਰ ਹੁੰਦਾ ਹੈ ਤੇ ਨਿਰੰਕਾਰ ਸਾਕਾਰ। ਇਸ ਗੱਲ ਵਿੱਚ ਕੋਈ ਦੋ ਰਾਇ ਨਹੀਂ ਕਿ ਬਾਣੀ ਗੁਰੂ ਹੈ, ਗੁਰੂ ਬਾਣੀ। ਗੁਰੂ ਬਾਣੀ ਗੁਰੂ ਦੀ ਆਤਮਾ ਹੈ। ਜਦ ਗੁਰੂ ਕਾ ਸਿੱਖ ਇਸ ਭਾਵਨਾ ਨਾਲ ਗੁਰਬਾਣੀ ਦਾ ਪਾਠ ਕਰੇਗਾ, ਤਾਂ ਉਸ ਨੂੰ ਗੁਰੂ ਦੇ ਪ੍ਰਤੱਖ ਦੀਦਾਰ ਹੋਣਗੇ।

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥੫॥*

*(ਪੰਨਾ ੯੮੨)*

ਗੁਰੂ ਅੰਮ੍ਰਿਤ ਹੈ। ਗੁਰੂ ਦੇਹੁਰੀ ਅੰਮ੍ਰਿਤ ਭਿੰਨੀ ਹੈ। ਹਰਿ ਹਰਿ ਕੇਰੀ ਬਾਣੀ ਅੰਮ੍ਰਿਤ ਹੈ। ਭਾਵ ਗੁਰੂ ਵਾਂਗ ਬਾਣੀ ਵਿੱਚ ਅੰਮ੍ਰਿਤ ਦੀ ਸਾਰ ਹੈ। ਗੁਰਸਿੱਖ ਗੁਰੂ

ਦਾ ਹੁਕਮ ਮੰਨ ਕੇ ਜੀਵਨ ਵਿੱਚ ਹੰਢਾਏ, ਤਾਂ ਗੁਰੂ ਪਾਤਸ਼ਾਹ ਸਦਾ ਉਸ ਦੇ ਨਾਲ ਪ੍ਰਤੱਖ ਰਹਿਣਗੇ। ਜਦੋਂ ਗੁਰਬਾਣੀ ਨੂੰ ਤਨਮਯਤਾ ਨਾਲ ਵਿਚਾਰਿਆ ਜਾਏਗਾ, ਤਾਂ ਹਿਰਦੇ ਤੇ ਆਤਮਾ ਅੰਦਰ ਅੰਮ੍ਰਿਤ ਦਾ ਸੰਚਾਰ ਹੋਵੇਗਾ। ਇਹੀ ਆਤਮਕ ਅਨੁਭਵ ਹੈ। ਗੁਰੂ ਅਮਰਦਾਸ ਜੀ ਫ਼ੁਰਮਾਨ ਕਰਦੇ ਹਨ ਕਿ ਅਕਾਲ ਪੁਰਖ ਨੇ ਐਸੀ ਸੰਗਰਚਨਾ ਕੀਤੀ ਹੈ ਕਿ ਉਹ ਸਭਨੀਂ ਥਾਈਂ ਰਚਿਆ ਹੋਇਆ ਹੈ:

*ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ॥*
*ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ ਮਤੁ ਕੋ ਧਰਹੁ ਗੁਮਾਨਾ॥੧॥*
*ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ॥*
*ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥੧॥*
*(ਪੰਨਾ ੭੯੭)*

ਇਸ ਸਾਰੇ ਪਰਪੰਚ ਵਿੱਚ ਵਾਹਿਗੁਰੂ ਸਮਾਇਆ ਹੋਇਆ ਹੈ। ਇਸ ਬਾਰੇ ਕੋਈ ਭੁਲੇਖਾ ਨਹੀਂ ਰਹਿਣਾ ਚਾਹੀਦਾ। ਗੁਰਬਾਣੀ ਦਾ ਪਾਠ ਕਰਨ ਨਾਲ ਸਾਨੂੰ ਗੁਰੂ ਦੀ ਮੱਤ ਆਵੇਗੀ। ਅਸੀਂ ਸਤਿਗੁਰੂ ਵਿੱਚ ਹੀ ਸਮਾਅ ਜਾਵਾਂਗੇ। ਉਸ ਦੀ ਕਿਰਪਾ ਨਾਲ ਉਹ ਸਾਡੇ ਅੰਦਰ ਇਸ ਤਰ੍ਹਾਂ ਨਾਲ ਰਚ ਜਾਏਗਾ ਕਿ ਰਚਨਹਾਰ ਰਚਨਾ ਵਿੱਚੋਂ ਸਾਫ਼-ਸਾਫ਼ ਦਿੱਸਣ ਲੱਗ ਪਵੇਗਾ। ਸਤਿਗੁਰੂ ਦੀ ਆਤਮਾ, ਗੁਰਬਾਣੀ ਦੇ ਪਾਠ ਨਾਲ ਹਿਰਦੇ ਵਿੱਚ ਬਿਰਾਜਤ ਨਾਮ ਦਾ ਪ੍ਰਕਾਸ਼ ਹੋ ਜਾਏਗਾ। ਭਾਵ ਇਕਾਗਰਤਾ ਨਾਲ ਪੜ੍ਹੀ, ਵਾਚੀ ਤੇ ਵਿਚਾਰੀ ਹੋਈ ਗੁਰਬਾਣੀ ਪਾਠੀ ਦੇ ਅੰਦਰ ਅਨੁਭਵ-ਪ੍ਰਕਾਸ਼ ਕਰ ਜਾਏਗੀ। ਗੁਰਬਾਣੀ ਸਤਿਗੁਰੂ ਦੀ ਮੱਤ ਹੈ। ਗੁਰੂ-ਮੱਤ ਹੈ। ਗੁਰੂ ਦੀ ਮੱਤ ਆਉਣ ਨਾਲ ਮਨਮੱਤ ਭੱਜ ਜਾਏਗੀ। ਇਸੇ ਹੁਕਮ ਦੇ ਵਿੱਚ ਅੱਗੇ ਗੁਰੂ ਪਾਤਸ਼ਾਹ ਫ਼ੁਰਮਾਉਂਦੇ ਹਨ ਕਿ ਜਪ, ਤੀਰਥ, ਸੰਜਮ, ਕਰਮ-ਕਾਂਡ, ਰਟਨ ਆਦਿ ਬੀਤ ਚੁੱਕੇ ਸਮੇਂ ਦੀ ਗੱਲ ਹੈ। ਇਸ ਬਾਰੇ ਸਾਨੂੰ ਭਲੀ ਪ੍ਰਕਾਰ ਸਪਸ਼ਟ ਹੋ ਜਾਣਾ ਚਾਹੀਦਾ ਹੈ ਕਿ ਇਸ ਯੁੱਗ ਵਿੱਚ ਸੱਚੇ ਨਾਮ ਦੀ ਹੀ ਸ਼ੋਭਾ ਹੈ। ਸਾਕਾਰਾਤਮਕ ਪ੍ਰਭਾਵ ਗੁਰਬਾਣੀ ਦੇ ਇਕਾਗਰਚਿੱਤ ਪਾਠ ਨਾਲ ਮਨੁੱਖੀ-ਮਨ 'ਤੇ ਪੈਂਦਾ ਹੈ। ਗੁਰੂ ਪਾਤਸ਼ਾਹ ਹੋਰ ਕਹਿੰਦੇ ਹਨ ਕਿ ਮੈਂ ਤਾਂ ਵੇਦਾਂ ਪੁਰਾਣਾਂ ਨੂੰ ਘੋਖ ਕੇ ਉਨ੍ਹਾਂ ਦਾ ਡੂੰਘਾ ਅਧਿਐਨ ਕਰਨ ਤੋਂ ਬਾਅਦ ਇਸ ਨਤੀਜੇ 'ਤੇ ਪੁੱਜਾ ਹਾਂ ਕਿ ਇਸ ਯੁੱਗ ਵਿੱਚ, "ਸਾਚੇ ਨਾਮੁ ਕੀ ਸੋਭ" ਹੀ ਹੈ । ਹੋਰ ਕੁਝ ਨਹੀਂ ਅਤੇ ਗੁਰਬਾਣੀ ਇਸ ਦਾ ਅਮਿੱਟ ਪ੍ਰਭਾਵ ਮਨ ਉੱਤੇ ਛੱਡਦੀ ਹੈ।

ਬਾਣੀ ਦਾ ਰਸਮੀ ਪਾਠ ਲਾਹੇਵੰਦ ਨਹੀਂ ਹੁੰਦਾ। ਇਹ ਤਾਂ ਇਸ ਤਰ੍ਹਾਂ ਹੀ ਹੈ, ਜਿਸ ਤਰ੍ਹਾਂ ਕਿਸੇ ਮਨੁੱਖ ਨੂੰ ਦੋ ਰੋਟੀਆਂ ਖਵਾਉਣ ਤੋਂ ਬਾਅਦ ਪੁੱਛਿਆ- ਜਾਏ "ਦਾਲ, ਸਬਜ਼ੀ ਵਿੱਚ ਲੂਣ ਕੈਸਾ ਹੈ?" ਤਾਂ ਉਹ ਉੱਤਰ ਦੇਵੇਗਾ! "ਰਤਾ ਠਹਿਰ ਜਾਓ, ਇਹ ਬੁਰਕੀ ਖਾ ਕੇ ਦੱਸਦਾ ਹਾਂ।" ਕਿਤਨੀ ਮਜ਼ੇਦਾਰ ਗੱਲ ਹੈ ਕਿ ਉਹ ਅੱਧਾ ਖਾਣਾ ਬੇਧਿਆਨੀ ਵਿੱਚ ਹੀ ਖਾ ਗਿਆ। ਸੁਆਦ ਦਾ ਤਾਂ ਪਤਾ ਨਹੀਂ। ਇਸੇ ਪ੍ਰਕਾਰ ਬੇਧਿਆਨੀ ਨਾਲ ਕੀਤਾ ਹੋਇਆ ਪਾਠ ਆਪਣਾ ਅਸਰ ਨਹੀਂ ਦੇ

ਸਕੇਗਾ। ਬਹੁਤੀ ਵਾਰੀ ਅਸੀਂ ਪਾਠ ਨੂੰ ਕਸੂਰ ਦਿੰਦੇ ਹਾਂ। ਗੱਲ ਤਾਂ ਇਹ ਹੈ ਕਿ ਪਾਠ ਕੀਤਾ ਹੀ ਨਹੀਂ ਗਿਆ। ਪਾਠ ਸੁਣਿਆ ਹੀ ਨਹੀਂ ਗਿਆ। ਜਾਂ ਇੰਜ ਕਹੀਏ ਕਿ ਅਸੀਂ ਗੁਰਬਾਣੀ ਨੂੰ ਸੁਣੀ-ਅਣਸੁਣੀ ਕਰ ਦਿੰਦੇ ਹਾਂ। ਜੇ ਕੋਈ ਆਦਮ ਬੰਦਾ ਸਾਡੀ ਗੱਲ ਅਣਸੁਣੀ ਕਰ ਦੇਵੇ, ਤਾਂ ਸਾਨੂੰ ਕਿਤਨਾ ਗੁੱਸਾ ਲੱਗਦਾ ਹੈ? ਜਦੋਂ ਅਸੀਂ ਗੁਰੂ ਦੀ ਗੱਲ ਸੁਣੀ-ਅਣਸੁਣੀ ਕਰ ਦਿੰਦੇ ਹਾਂ, ਤਾਂ ਕੀ ਗੁਰੂ ਪਾਤਸ਼ਾਹ ਨੂੰ ਗੁੱਸਾ ਨਹੀਂ ਲੱਗਦਾ? ਜ਼ਰੂਰ ਲੱਗਦਾ ਹੋਏਗਾ ਪਰ ਉਹ ਦਰਿਆ ਦਿੱਲ ਵਿਸ਼ਾਲ ਗੁਰੂ ਗੁੱਸਾ ਪ੍ਰਗਟਾਉਂਦਾ ਨਹੀਂ। ਨੁਕਸਾਨ ਤਾਂ ਅਸੀਂ ਆਪਣਾ ਹੀ ਕਰ ਰਹੇ ਹੁੰਦੇ ਹਾਂ। ਐਸੀ ਦਸ਼ਾ ਵਿੱਚ ਬੇਧਿਆਨੀ ਨਾਲ ਪੜ੍ਹੀ ਬਾਣੀ, ਸੁਣੀ ਬਾਣੀ। ਇਸੇ ਤਰ੍ਹਾਂ ਹੀ ਹੈ, ਜਿਵੇਂ ਕਿਸੇ ਨਿਰੰਤਰ ਵਗਦੇ ਲਗਾਤਾਰ ਆਬਸ਼ਾਰ ਦੇ ਹੇਠਾਂ ਕੋਈ ਪੱਥਰ ਪਿਆ ਹੋਵੇ। ਉਸ ਉੱਤੇ ਦਿਨ ਰਾਤ ਪਾਣੀ ਡਿੱਗਦਾ ਹੈ, ਜਾਂ ਉਸ ਪੱਥਰ ਦਾ ਵਾਸਾ ਪਾਣੀ ਵਿੱਚ ਹੀ ਹੈ ਪਰ ਉਹ ਮੂਲੋਂ ਨਹੀਂ ਭਿੱਜਦਾ। ਭਾਵੇਂ ਲੱਖਾਂ ਵਰ੍ਹਿਆਂ ਪਾਣੀ ਅੰਦਰ ਰਹੇ। ਗੁਰਬਾਣੀ ਦੇ ਹੁਕਮ ਅਨੁਸਾਰ ਕੁਝ-ਕੁ ਚਤੁਰ ਬੰਦੇ ਗੁਰਬਾਣੀ ਦਾ ਨੇੜਾ ਤਾਂ ਪ੍ਰਾਪਤ ਕਰਦੇ ਹਨ ਪਰ ਉਨ੍ਹਾਂ ਦਾ ਨਿਬੇੜਾ ਨਹੀਂ ਹੁੰਦਾ। ਬਾਕੀ ਸਭ ਪੱਥਰ ਸਮ ਕਠੋਰ ਚਿੱਤ ਗੁਰੂ ਜਾਂ ਗੁਰਬਾਣੀ ਦੇ ਸੰਪਰਕ ਵਿੱਚ ਆਉਂਦੇ ਹੀ ਨਹੀਂ। ਜੇ ਮਜ਼ਬੂਰਨ ਉਨ੍ਹਾਂ ਨੂੰ ਗੁਰੂ ਪਾਸੇ ਬੈਠਣਾ ਹੀ ਪੈ ਜਾਏ, ਤਾਂ ਐਵੇਂ ਪਾਸੇ ਪਏ ਮਾਰਦੇ ਹਨ:

*ਜਿਨ ਕੇ ਚਿਤ ਕਠੋਰ ਹਹਿ ਸੇ ਬਹਹਿ ਨ ਸਤਿਗੁਰ ਪਾਸਿ॥*
*ਓਥੈ ਸਚੁ ਵਰਤਦਾ ਕੂੜਿਆਰਾ ਚਿਤ ਉਦਾਸਿ॥*
*ਓਇ ਵਲੁ ਛਲੁ ਕਰਿ ਝਤਿ ਕਢਦੇ ਫਿਰਿ ਜਾਇ ਬਹਹਿ ਕੂੜਿਆਰਾ ਪਾਸਿ॥*
*ਵਿਚਿ ਸਚੇ ਕੂੜੁ ਨ ਗਡਈ ਮਨਿ ਵੇਖਹੁ ਕੋ ਨਿਰਜਾਸਿ॥*
*ਕੂੜਿਆਰ ਕੂੜਿਆਰੀ ਜਾਇ ਰਲੇ ਸਚਿਆਰ ਸਿਖ ਬੈਠੇ ਸਤਿਗੁਰ ਪਾਸਿ॥੨੬॥*

*(ਪੰਨਾ ੩੧੪)*

ਇਹ ਕਹਿਣਾ ਤਾਂ ਬੜੀ ਅਸ਼ੋਭਨੀਕ ਤੇ ਕੋਝੀ ਗੱਲ ਹੈ ਕਿ ਦੇਖੋ ਜੀ! ਬਾਣੀ ਪੜ੍ਹੀ, ਪਾਠ ਕੀਤਾ, ਕੁਝ ਅਸਰ ਨਹੀਂ ਹੋਇਆ। ਕਠੋਰ ਚਿੱਤ ਨੇ ਬਾਣੀ ਤਾਂ ਸੁਣੀ ਨਹੀਂ। ਉਸ ਦੇ ਮਨ ਉੱਤੇ ਅਸਰ ਹੋਣ ਦੀ ਗੱਲ ਤਾਂ ਦੂਰ ਦੀ ਹੈ। ਗੁਰੂ ਪਿਤਾ ਆਖਦੇ ਹਨ, ਨਿਰਣਾਤਮਕ ਬਾਤ ਇਹ ਹੈ ਕਿ ਸੱਚੇ ਵਿੱਚ ਕੂੜ ਕਿਤੇ ਨਹੀਂ। ਕੂੜਿਆਰ ਨੇ ਮਜ਼ਬੂਰਨ ਕਿਤੇ ਤਨ ਕਰ ਕੇ ਹਾਜ਼ਰੀ ਦਿੱਤੀ ਹੈ ਫੇਰ ਉਥੋਂ ਉਠ ਕੇ ਕੂੜਿਆਰਾਂ ਵਿੱਚ ਜਾ ਰਲਿਆ ਹੈ। ਉਨ੍ਹਾਂ ਨੂੰ ਪ੍ਰਾਪਤੀ ਕੀ ਹੋਣੀ ਹੈ? ਉਨ੍ਹਾਂ ਉੱਤੇ ਪਾਠ ਦਾ ਪ੍ਰਭਾਵ ਕਿਵੇਂ ਪਏਗਾ? ਉਨ੍ਹਾਂ ਦਾ ਹਾਲ ਪਾਣੀ ਵਿੱਚ ਪਏ ਕਠੋਰ ਪੱਥਰ ਵਾਂਗ ਹੀ ਹੈ। ਜੇ ਅਕਾਲ ਪੁਰਖ ਦੀ ਕਿਰਪਾ ਨਾਲ ਉਨ੍ਹਾਂ ਦਾ ਮਨ ਕਿਤੇ ਪਸੀਜ ਜਾਏ, ਤਾਂ ਉਹ ਗੁਰੂ ਕੋਲੋਂ ਮੰਗ ਕਰਨ, ਗੁਰੂ ਮਿਹਰਬਾਨ ਹੋ ਜਾਏ ਤਾਂ "ਪਾਖਾਣੁ ਹਰਿਓ ਮਨੁ ਮੂੜਾ" ਵਾਲੀ ਅਵਸਥਾ ਬਣ ਜਾਂਦੀ ਹੈ ਅਤੇ ਉਹ ਪਾਠ ਦੇ ਪ੍ਰਭਾਵ ਤੋਂ ਲਾਹਾ ਲੈ ਕੇ ਕੋਈ ਸੱਚਾ ਅਨੁਭਵ ਪ੍ਰਾਪਤ ਕਰ ਸਕਦੇ ਹਨ। ਜਦ

ਗੁਰੂ ਦੀ ਨਦਰ ਕਰਮ ਹੋ ਜਾਏ, ਤਾਂ ਇਹ ਬਾਣੀ ਹਿਰਦੇ ਵਿੱਚ ਸਮਾਅ ਜਾਂਦੀ ਹੈ ਅਤੇ ਗੁਰਸਿੱਖ ਉਸ ਨੂੰ ਕਮਾ ਕੇ ਅਨੰਦ ਦੀ ਪ੍ਰਾਪਤੀ ਕਰ ਲੈਂਦਾ ਹੈ।

ਗੁਰੂ-ਆਤਮਾ ਧੁਰ ਅਕਾਲ ਪੁਰਖ ਨਾਲ ਜੁੜੀ ਹੋਈ ਹੈ ਅਤੇ ਇਹ ਬਾਣੀ ਧੁਰ ਕੀ ਬਾਣੀ ਹੈ। ਇਸ ਦਾ ਦਰਸ਼ਨ ਤੇ ਪਰਸਨ ਸਾਰਿਆਂ ਦੁੱਖਾਂ ਤੇ ਚਿੰਤਾਵਾਂ ਦਾ ਨਾਸ਼ ਕਰਦਾ ਹੈ :

*ਧੁਰ ਕੀ ਬਾਣੀ ਆਈ॥*
*ਤਿਨਿ ਸਗਲੀ ਚਿੰਤ ਮਿਟਾਈ॥*
*ਦਇਆਲ ਪੁਰਖ ਮਿਹਰਵਾਨਾ॥*
*ਹਰਿ ਨਾਨਕ ਸਾਚੁ ਵਖਾਨਾ॥੨॥* *(ਪੰਨਾ ੬੨੮)*

ਇਹ ਧੁਰ ਕੀ ਬਾਣੀ ਦੇ ਸ਼ਰਧਾ ਤੇ ਭਾਵਨਾ ਨਾਲ ਜਾਣੇ ਹੋਏ ਗੋਹਝ ਭਾਵ ਦੁੱਖ, ਦਰਦ, ਦਲਿੱਦਰ ਦੂਰ ਕਰ ਦੁਤਰ ਭਵਜਲ ਤੋਂ ਪਾਰ ਕਰਦੇ ਹਨ। ਗੁਰਬਾਣੀ ਦਾ ਪ੍ਰਭਾਵ ਮਨ ਨੂੰ ਸਵੱਛ ਤੇ ਬਲਵਾਨ ਬਣਾਉਂਦਾ ਹੈ। ਇਸ ਗੱਲ ਵਿੱਚ ਬਿਲਕੁਲ ਕੋਈ ਸ਼ੱਕ ਨਹੀਂ। ਗੁਰੂ ਅਰਜਨ ਦੇਵ ਜੀ ਇਸ ਗੱਲ ਨੂੰ ਪੁਰਜ਼ੋਰ ਅੱਖਰਾਂ ਵਿੱਚ ਆਖ ਰਹੇ ਹਨ ਕਿ ਮੈਂ ਸੱਚ ਕਹਿੰਦਾ ਹਾਂ ਕਿ ਬਾਣੀ ਦੇ ਪਾਠ ਨਾਲ ਮਨ ਦਾ ਸਿੱਧਾ ਸੰਪਰਕ ਅਕਾਲ ਪੁਰਖ ਨਾਲ ਹੁੰਦਾ,ਹੈ ਤੇ ਉਹ ਮਿਹਰਬਾਨ ਹੋ ਕੇ ਦੁੱਖਾਂ ਰੋਗਾਂ ਦਾ ਡੇਰਾ ਭੰਨ ਦਿੰਦਾ ਹੈ। ਆਤਮਾ ਰੂਪੀ ਨਾਰੀ ਪ੍ਰਮਾਤਮਾ ਰੂਪੀ ਪੁਰਖ ਨਾਲ ਇਕਮਿਕ ਹੋ ਜਾਂਦੀ ਹੈ ਤੇ ਐਸੀ ਅਨੰਦ ਦੀ ਅਵਸਥਾ ਬਣ ਜਾਂਦੀ ਹੈ ਕਿ ਲੋਕ ਤੇ ਪਰਲੋਕ ਦੋਵੇਂ ਸੰਵਰ ਜਾਂਦੇ ਹਨ। ਸੱਚ ਦੀ ਬਾਣੀ ਦੇ ਕਰਤਾ ਗੁਰੂ ਪਾਤਸ਼ਾਹ ਸੱਚ ਨੂੰ ਸਾਖੀ ਰੱਖ ਕੇ ਫ਼ੁਰਮਾਨ ਕਰਦੇ ਹਨ ਕਿ ਗੁਰਬਾਣੀ ਮਨ ਦੀ ਅਵਸਥਾ ਨੂੰ ਇਤਨਾ ਉੱਤਮ ਤੇ ਉਚਤਮ ਬਣਾ ਦਿੰਦੀ ਹੈ ਕਿ ਮਨੁੱਖ ਦਾ ਜੀਵਨ ਸਫਲ ਹੋ ਜਾਂਦਾ ਹੈ। ਬਹੁਤੇ ਮਨੁੱਖ ਇਸੇ ਪਾਸੇ ਲੱਗੇ ਹੋਏ ਹਨ ਕਿ ਬਹੁਤ ਸਾਰਾ ਧਨ ਕਮਾ ਕੇ ਇਸ ਜੀਵਨ ਨੂੰ ਸੁਖੀ ਬਣਾ ਲਈਏ। ਕਮਾਏ ਹੋਏ ਧਨ ਨਾਲ ਉਹ ਬਹੁਤ ਸੁਖ ਸੁਵਿਧਾਵਾਂ ਆਪਣੇ ਦੁਆਲੇ ਇਕੱਠੀਆਂ ਕਰ ਲੈਂਦੇ ਹਨ ਅਤੇ ਉਨ੍ਹਾਂ ਦੀ ਬਹੁਲਤਾ ਦੁੱਖ ਦਾ ਹੀ ਕਾਰਨ ਬਣ ਜਾਂਦੀ ਹੈ। ਉਨ੍ਹਾਂ ਵਸਤਾਂ ਦੇ ਨਾਲ ਇਤਨਾ ਲਗਾਵ ਹੋ ਜਾਂਦਾ ਹੈ ਕਿ ਉਨ੍ਹਾਂ ਤੋਂ ਪ੍ਰਾਪਤ ਸੁਖ ਨਾਲ ਸਨੇਹ ਪੈਦਾ ਹੁੰਦਾ ਹੈ। ਸੁਖਦਾਤੇ ਨਾਲ ਪ੍ਰੇਮ ਨਹੀਂ ਬਣਦਾ। ਸੁਖਦਾਤਾ ਮਨ ਵਿੱਚ ਨਹੀਂ ਵੱਸਦਾ। ਸਗੋਂ ਸੁਖਾਂ ਦੀ ਲਾਲਸਾ ਤੇ ਲਲਕ ਮਨ ਵਿੱਚ ਵੱਸ ਕੇ ਆਪਣੇ ਕਾਬੂ ਵਿੱਚ ਕਰ ਲੈਂਦੀ ਹੈ। ਸੁਖਾਂ ਦਾ ਇਹ ਲੋਭ, ਮਨ ਵਿੱਚ ਇਕ ਭੈਅ ਜਿਹਾ ਪੈਦਾ ਕਰ ਦਿੰਦਾ ਹੈ। ਹਾਏ! ਮਤੇ ਕਿਤੇ ਮੈਥੋਂ ਇਹ ਖੁਸ ਨਾ ਜਾਏ! ਖੁਸ਼ੀ ਵਿੱਚ ਲਿਆ ਭੈਅ ਖੁਸ਼ੀ ਨੂੰ ਖੀਣ ਕਰ ਦਿੰਦਾ ਹੈ ਤੇ ਮਨ ਖਿੰਨ-ਭਿੰਨ ਹੋਇਆ ਰਹਿੰਦਾ ਹੈ। ਖਿੰਨ-ਖਿੰਨ ਕੁੜ੍ਹਦਾ ਤੇ ਕਲਪਦਾ ਰਹਿੰਦਾ ਹੈ ਅਤੇ ਇਸ ਵਿੱਚ ਤਰ੍ਹਾਂ-ਤਰ੍ਹਾਂ ਦੀਆਂ ਕਲਪਨਾਵਾਂ ਪੈਦਾ ਹੋ ਕੇ ਇਕ ਮੁਸਲਸਲ ਕਲਪਣਾ ਦਾ ਰੂਪ ਧਾਰ ਲੈਂਦੀਆਂ ਹਨ। ਇਹ ਸਭ ਅਡੰਬਰ ਤੇ ਪਰਪੰਚ ਕੀਤਾ ਤਾਂ 'ਸੁਖ ਕੇ ਹੇਤ' ਪਰ ਇਹ ਟਕਰਿਆ ਅੱਗੋਂ ਦੁੱਖ ਬਣ ਕੇ।

ਮਨੁੱਖ ਦੀ ਇਕ ਹੋਰ ਪ੍ਰਬਲ ਇੱਛਾ ਹੈ ਕਿ ਮੌਤ ਮਗਰੋਂ ਸਵਰਗ ਵਿੱਚ ਜਾਵਾਂ, ਬੈਕੁੰਠ ਮਿਲੇ। ਦੁਬਿਧਾ ਵਿੱਚ ਸ਼ਿਕਾਰ ਹੋਏ, ਮਨੁੱਖ ਨੂੰ ਨਾ ਇਥੇ ਸੁਖ ਮਿਲਦਾ ਹੈ ਤੇ ਨਾ ਅੱਗੇ। ਸਵਰਗ ਦੇ ਝਾਂਸੇ ਤੇ ਬੈਕੁੰਠ ਦਾ ਭੁਲੇਖਾ, ਹੋਰ ਭੈਅ ਪੈਦਾ ਕਰ ਕੇ ਮਨੁੱਖ ਨੂੰ ਭੈ-ਭੀਤ ਕਰੀ ਰੱਖਦਾ ਹੈ। ਇਸ ਪ੍ਰਕਾਰ ਅਕਾਲ ਪੁਰਖ ਤੇ ਮਨੁੱਖ ਦੇ ਅੰਦਰ ਪਹਿਲਾਂ ਤੋਂ ਵਿਦਮਾਨ ਭੀਤ ਹੋਰ ਕੜੀ ਤੇ ਮਜ਼ਬੂਤ ਹੋ ਜਾਂਦੀ ਹੈ। ਪਤਾ ਉਦੋਂ ਲੱਗਦਾ ਹੈ, ਜਦੋਂ ਅੰਤ ਸਿਰ 'ਤੇ ਆ ਪੁੱਜਦਾ ਹੈ।

ਗੁਰੂ ਨਾਨਕ ਦੇਵ ਜੀ ਇਸ ਸਾਰੇ ਦਾ ਹੱਲ ਇਕੋ ਪਵਿੱਤਰ ਪੰਗਤੀ ਵਿੱਚ ਬਖਸ਼ਿਸ਼ ਕਰਦੇ ਹਨ। ਆਪ ਜੀ ਆਖਦੇ ਹਨ ਕਿ ਗੁਰੂ ਅਕਾਲ ਪੁਰਖ ਸਾਖੀ ਹੈ ਕਿ ਮਨੁੱਖ ਜੇ ਗੁਰੂ ਕੀ ਬਾਣੀ ਦੇ ਅੰਮ੍ਰਿਤ ਨੂੰ ਪੀਵੇ, ਤਾਂ ਉਹ ਪ੍ਰਵਾਨ ਹੋ ਜਾਏਗਾ। ਜਿਸ ਬੈਕੁੰਠ ਵਾਸਤੇ ਉਹ ਕਿਤਨੇ ਕਰਮ-ਕਾਂਡ ਤੇ ਕੁਪੱਤ ਕਰਦਾ ਹੈ, ਉਹ ਬੈਕੁੰਠ ਉਸ ਦੇ ਘਰ ਅੰਦਰ ਹੀ ਇਸ ਪ੍ਰਕਾਰ ਬਣ ਜਾਏਗਾ ਕਿ ਸਰਬ ਸ਼ਕਤੀਮਾਨ ਅਕਾਲ ਪੁਰਖ ਵਾਹਿਗੁਰੂ ਉਸ ਦੇ ਬੂਹੇ ਉੱਤੇ ਉਸ ਨੂੰ ਦਰਸ਼ਨ ਦੇਵੇਗਾ :

*ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ॥*
*ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ॥੩॥*

*(ਪੰਨਾ ੩੬੦)*

ਕਰਮ-ਕਾਂਡੀ ਤੇ ਪਾਖੰਡੀ ਮਰਿਆ-ਮਰਿਆ ਤੇ ਡਰਿਆ-ਡਰਿਆ ਰਹਿੰਦਾ ਹੈ। ਉਸ ਨੂੰ ਨਾ ਇੱਥੇ ਸੁਖ ਮਿਲਦਾ ਹੈ ਤੇ ਅੱਗੇ ਪਰ ਗੁਰੂ ਦੀ ਬਾਣੀ ਦੇ ਅੰਮ੍ਰਿਤ ਦਾ ਪ੍ਰਭਾਵ ਗ੍ਰਹਿਣ ਕਰਨ ਵਾਲਾ ਆਪਣੇ ਦੁਆਲੇ ਐਸਾ ਬੈਕੁੰਠ ਸਿਰਜ ਲੈਂਦਾ ਹੈ ਕਿ ਰਚਨਹਾਰ ਕਰਤਾ ਖੁਦ ਉਸ ਨੂੰ ਉਸ ਦੇ ਦਰ 'ਤੇ ਦਰਸ਼ਨ ਦਿੰਦਾ ਹੈ। ਵਾਹਿਗੁਰੂ ਪ੍ਰੀਤਮ 'ਹਾਥ ਪੈ ਨੇਰੇ' ਦ੍ਰਿਸ਼ਟੀਗੋਚਰ ਹੁੰਦਾ ਹੈ। ਗੁਰਬਾਣੀ ਸੱਚ ਕੀ ਬਾਣੀ ਹੈ। ਗੁਰਬਾਣੀ 'ਸਚੁ ਸੁਣਾਇਸੀ ਸਚ ਕੀ ਬੇਲਾ' ਹੈ। ਇਹ ਕੇਵਲ ਸੁਣਾਇਆ ਹੋਇਆ ਸੱਚ ਨਹੀਂ, ਸਗੋਂ ਕਮਾਇਆ ਹੋਇਆ ਸੱਚ ਹੈ। ਗੁਰੂ ਨੇ ਇਹ ਕਮਾ ਕੇ ਦਿਖਾਇਆ ਹੈ। ਪਹਿਲਾਂ ਸਭ ਕੁਝ ਆਪ ਆਪਣੇ ਉੱਤੇ ਹੰਢਾਇਆ ਤੇ ਫਿਰ ਗੁਰਸਿੱਖਾਂ ਨੂੰ ਆਦੇਸ਼ ਤੇ ਉਪਦੇਸ਼ ਦਿੱਤਾ।

ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸਾਈਂ ਮੀਆਂ ਮੀਰ ਜੀ ਇਕ ਵਾਰੀ ਦੋਵੇਂ ਬੈਠ ਕੇ ਮਾਰਫ਼ਤ ਦੀਆਂ ਵਿਚਾਰਾਂ ਕਰ ਰਹੇ ਸਨ। ਬ੍ਰਹਮ ਦੇ ਗਿਆਨ ਵਾਲਾ ਪੁਰਖ ਮਾਨ ਅਭਿਮਾਨ, ਸੋਨਾ ਤੇ ਮਿੱਟੀ, ਅੰਮ੍ਰਿਤ ਤੇ ਬਿਖੁ ਵਿੱਚ ਕੋਈ ਅੰਤਰ ਨਹੀਂ ਸਮਝਦਾ। ਸਭ ਹੀ ਅਕਾਲ ਪੁਰਖ ਦੀਆਂ ਦਾਤਾਂ ਹਨ। ਗੁਰੂ ਅਰਜਨ ਦੇਵ ਜੀ ਪਾਸੋਂ ਇਹ ਪਵਿੱਤਰ ਬਚਨ ਸੁਣ ਕੇ ਸਾਈਂ ਜੀ ਨੇ ਕਿਹਾ ਕਿ ਕੋਈ ਇਹੋ ਜਿਹਾ ਪ੍ਰਾਣੀ ਇਸ ਦੁਨੀਆਂ ਦੇ ਤਖ਼ਤੇ ਉੱਤੇ ਹੈ? ਸ੍ਰੀ ਗੁਰੂ ਸਾਹਿਬ ਨੇ ਬੱਸ ਮੁਸਕ੍ਰਾ ਦਿੱਤਾ। ਸਤਿਗੁਰਾਂ ਨੇ ਇਧਰ ਰਮਜ਼ ਪਾਈ ਤੇ ਸਾਈਂ ਜੀ ਨੇ ਬੁੱਝ ਲਈ।

ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ ਵਿਖੇ ਸ਼ਹਾਦਤ ਪ੍ਰਵਾਨ ਕਰਦਿਆਂ ਅਡੋਲ ਤੇ ਅਟੰਕ ਤੱਤੀ ਤਵੀ ਉੱਤੇ ਇਸ ਤਰ੍ਹਾਂ ਹੀ ਬਿਰਾਜੇ ਹੋਏ ਸਨ। ਜਿਵੇਂ

ਆਪ ਜੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਬਿਰਾਜਿਆ ਕਰਦੇ ਸਨ। ਸਾਈਂ ਮੀਆਂ ਮੀਰ ਜੀ ਇਹ ਸਭ ਦੇਖ ਕੇ ਹੈਰਾਨ ਰਹਿ ਗਏ। ਆਪ ਜੀ ਦੇ ਮਨ ਵਿੱਚ ਬੜਾ ਰੋਸ ਸੀ। ਆਪ ਜੀ ਵੱਡੀ ਆਤਮਿਕ ਸ਼ਕਤੀ ਦੇ ਮਾਲਕ ਸਨ। ਉਹ ਚਾਹੁੰਦੇ ਤਾਂ ਦਿੱਲੀ ਅਤੇ ਲਾਹੌਰ ਦੀ ਇੱਟ ਨਾਲ ਇੱਟ ਖੜਕਾਅ ਸਕਦੇ ਸਨ। ਸਾਈਂ ਜੀ ਨੇ ਗੁਰੂ-ਪਿਤਾ ਜੀ ਦੇ ਦਰਸ਼ਨ ਕੀਤੇ। ਤਾਂ ਗੁਰੂ ਜੀ ਦੇ ਮੁੱਖ 'ਤੇ ਭਾਵਪੂਰਨ ਖੇੜਾ ਵੇਖ ਕੇ ਉਹ ਅਕਾਲ ਪੁਰਖ ਦੇ ਹਜ਼ੂਰ ਹੋਏ ਅਤੇ ਗੁਰੂ ਜੀ ਦੀ ਅਜ਼ਮਤ ਤੇ ਵਡਿਆਈ ਤੋਂ ਹੋਰ ਜਾਣੂੰ ਹੋ ਗਏ। ਇਸ ਪ੍ਰਕਾਰ ਸਾਈਂ ਜੀ ਨੂੰ

*'ਤੈਸਾ ਸਵਰਨੁ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥"*

ਦੇ ਅਰਥ ਰਚਨਾਤਮਕ ਰੂਪ ਵਿੱਚ ਗੁਰੂ ਅਰਜਨ ਦੇਵ ਜੀ ਅੰਦਰ ਦਿਸੇ। ਇਸੇ ਦੇ ਸੰਬੰਧ ਵਿਚ ਪੰਥ ਪ੍ਰਕਾਸ਼ ਵਿਚ ਬੜਾ ਸੁੰਦਰ ਲਿਖਿਆ ਹੈ :

*ਰਹੇ ਬਦੇਹੀ ਹੋਇ ਦ੍ਰਿੜ ਬ੍ਰਹਮ ਗਿਆਨੀ ਨੀਕ।*
*ਜੋ ਬਰਨਿਓ ਮਧ ਸੁਖਮਨੀ ਪਾਲ ਦਿਖਾਲਿਓ ਠੀਕ।**

ਗੁਰੂ ਪਾਤਸ਼ਾਹ ਜੀ ਨੇ ਪੰਜ-ਭੂਤਕ ਸਰੀਰ ਵਿੱਚ ਹੋਣ ਦੇ ਬਾਵਜੂਦ ਬ੍ਰਹਮ ਵਾਂਗ ਬ੍ਰਹਮ ਗਿਆਨੀ ਬਣ ਤੱਤੀ ਤਵੀ 'ਤੇ ਨਿਰਭਉ ਨਿਰੰਕਾਰ ਨਾਨਕ ਵਾਂਗ ਬੈਠੇ ਹੋਏ ਸਨ। ਜਦੋਂ ਗੁਰਬਾਣੀ ਦਾ ਪਾਠੀ ਗੁਰੂ ਅਰਜਨ ਸਾਹਿਬ ਦੀ ਆਤਮਾ "ਧੁਰ ਕੀ ਬਾਣੀ ਤੇ ਸਚ ਕੀ ਬਾਣੀ" ਦਾ ਪਾਠ ਵਿਚਾਰ ਕੇ ਕਰੇਗਾ ਉਸ ਉੱਤੇ ਭਰਪੂਰ ਆਤਮਕ ਸਕਾਰਾਤਮਕ ਪ੍ਰਭਾਵ ਪਏ ਬਿਨਾਂ ਰਹਿ ਨਹੀਂ ਸਕੇਗਾ।

ਸ਼ਿਕਾਰੀ ਜੰਗਲ ਵਿੱਚ ਸ਼ਿਕਾਰ ਕਰਦਿਆਂ ਆਪਣੇ ਤੀਰਾਂ ਨੂੰ ਜ਼ਹਿਰ ਦੀ ਪਾਨ ਦੇ ਦਿੰਦੇ ਹਨ। ਤਾਂ ਜੋ ਸ਼ਿਕਾਰ ਬੱਚ ਕੇ ਨਾ ਜਾਏ। ਗੁਰੂ ਗੋਬਿੰਦ ਸਿੰਘ ਜੀ ਦੀ ਗੱਲ ਵੱਖਰੀ ਹੈ ਕਿ ਉਹ ਆਪਣੇ ਹਰ ਤੀਰ ਨੂੰ ਇਕ-ਇਕ ਤੋਲਾ ਸੋਨਾ ਲਾਉਂਦੇ ਸਨ। ਕਈ ਜੰਗਜੂ ਤੇ ਜੀਆਲੇ ਸਿਪਾਹੀ ਯੁੱਧ ਵਿੱਚ ਚਲਾਏ ਜਾਣ ਵਾਲੇ ਤੀਰਾਂ ਨੂੰ ਵੀ ਜ਼ਹਿਰ ਦੀ ਪਾਨ ਦੇ ਦਿੰਦੇ ਹਨ। ਇਸ ਕਾਰਨ ਸ਼ਿਕਾਰ ਹੋਏ ਜੀਵ ਜਾਂ ਮਨੁੱਖ ਦਾ ਬਚਣਾ ਅਸੰਭਵ ਹੀ ਹੁੰਦਾ ਹੈ। ਇਸ ਦੇ ਵਿਪਰੀਤ ਸਤਿਗੁਰ ਦੀ ਸੱਚੀ ਬਾਣੀ ਦੇ ਹਰ ਬਾਣ ਨੂੰ ਅੰਮ੍ਰਿਤ ਦੀ ਪਾਣ ਲੱਗੀ ਹੁੰਦੀ ਹੈ। ਜਦੋਂ ਬਾਣੀ ਦੇ ਅਨਿਆਲੇ ਬਾਣ ਦੀ ਸੱਚੀ ਬਾਣੀ ਦੇ ਗੁਰ ਬਾਣ ਦੀ ਅਣੀ ਮਨੁੱਖੀ-ਆਤਮਾ ਨੂੰ ਵਿੰਨ੍ਹਦੀ ਹੈ, ਤਾਂ "ਹਰਿ ਨਾਮੁ ਰਿਦੈ ਪਰੋਈ" ਵਾਲੀ ਅਵਸਥਾ ਬਣ ਜਾਂਦੀ ਹੈ। ਬਾਣੀ ਦੇ ਬਾਣ ਦੀ ਅਣੀ ਪਾਠ ਕਰਨ ਵਾਲੇ ਗੁਰਸਿੱਖ ਨੂੰ ਮਾਰਦੀ ਨਹੀਂ ਬਲਕਿ ਹਿਰਦੇ ਅੰਦਰ ਦਾ ਕੂੜ-ਕਬਾੜਾ, ਕੁਸੱਤ, ਕੁਬੁੱਧ ਤੇ ਕੁਕਰਮਾਂ ਦਾ ਨਾਸ ਕਰ ਦਿੰਦੀ ਹੈ। ਆਤਮਾ ਨਿਰਛਲ ਤੇ ਸਵੱਛ ਹੋ ਕੇ ਪ੍ਰਮਾਤਮਾ ਦਾ ਦੀਦਾਰ ਕਰਦੀ ਹੈ। ਇਹ ਅਣੀ ਮਾਣ ਨੂੰ ਮਾਰਦੀ ਹੈ। ਅਭਿਮਾਨ ਨੂੰ ਮਾਰਦੀ ਹੈ ਅਤੇ ਸਵੈਭਿਮਾਨ ਨੂੰ ਜੀਵਨ ਦਾਨ ਦੇ ਕੇ ਗੁਰਮੁਖ ਸਿੱਖਾਂ ਨੂੰ ਅਭੈਯ, ਨਿਰਭਉ ਤੇ ਨਿਰਵੈਰ ਕਰ ਦਿੰਦੀ ਹੈ :

**ਐਡੀਸ਼ਨ ਚੌਥੀ ਅਧਿ. ੧੪, ਪੰਨਾ ੧੧੬*

*ਹਰਿ ਪ੍ਰੇਮ ਬਾਣੀ ਮਨੁ ਮਾਰਿਆ ਅਣੀਆਲੇ ਅਣੀਆ ਰਾਮ ਰਾਜੇ॥*
*ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ॥*
*ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ॥*
*ਜਨ ਨਾਨਕ ਸਤਿਗੁਰੁ ਮੇਲਿ ਹਰਿ ਜਗੁ ਦੁਤਰੁ ਤਰੀਆ॥੨॥*
*(ਪੰਨਾ ੪੪੯)*

ਦੁਨੀਆਂ ਦੇ ਬਾਕੀ ਮਨੁੱਖ, ਜਿਨ੍ਹਾਂ ਦੇ ਅੰਦਰ ਪਿਤਾ ਪਰਮਾਤਮਾ ਨਾਲ ਅਭੇਦ ਹੋਣ ਦੀ ਪ੍ਰੀਤ-ਪੀੜ ਨਹੀਂ ਹੁੰਦੀ, ਉਹ ਜੀਉਂਦੇ ਹੀ ਮੋਇਆਂ ਵਰਗੇ ਹਨ। ਉਹ ਤੁਰਦੀਆਂ ਫਿਰਦੀਆਂ ਲਾਸ਼ਾਂ ਹਨ। ਉਨ੍ਹਾਂ ਨੂੰ ਸਤਿਗੁਰੂ ਜੀ "ਜੀਵਦੜੇ ਮੁਇਓਹਿ" ਦੀ ਸੰਗਿਆ ਦਿੰਦੇ ਹਨ। ਜਿਨ੍ਹਾਂ ਨੇ ਬਾਣੀ ਦਾ ਬਾਣ ਖਾ ਕੇ ਆਪਣੀ ਜੀਵਨ-ਬਾਨਿ (ਜੀਵਨ ਢੰਗ-ਜੀਵਨ ਜਾਚ)-ਗੁਰਮਤਿ ਰੂਪ ਬਣਾ ਲਈ ਹੈ, ਉਹ ਮਰਜੀਵੇ ਹਨ। ਉਨ੍ਹਾਂ ਰਾਮ ਕਸਵੱਟੀ ਸਹਿ ਲਈ ਹੈ। ਉਹ ਖਰੇ ਤੇ ਪੂਰੇ ਉੱਤਰੇ ਹਨ। ਇਹ ਮਰਜੀਵੇ ਜੀਵਨ ਮੁਕਤ ਹਨ ਅਤੇ ਇਨ੍ਹਾਂ ਨੇ ਸਾਰੇ ਦੁੱਖ ਦਰਦ ਕੱਟ ਕੇ ਦੁੱਤਰ ਭਵਜਲ ਨੂੰ ਪਾਰ ਕਰ ਲਿਆ ਹੈ। ਐਸਾ ਸੁਭਾਵ ਹੈ ਬਾਣੀ ਦਾ। ਐਸਾ ਪ੍ਰਭਾਵ ਹੈ ਬਾਣੀ ਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਦਸਾਂ ਗੁਰੂਆਂ ਦਾ ਆਤਮਕ ਸਰੂਪ ਤੇ ਪ੍ਰਤੱਖ ਦੇਹ ਹੈ। ਇਹ ਸੱਚ-ਮੁੱਚ 'ਪ੍ਰਗਟ ਭਏ ਪਾਰਬ੍ਰਹਮ ਸੁਆਮੀ' ਹੈ। ਗੁਰੂ ਦੀ ਦੇਹੀ ਤੇ ਹੋਂਦ ਅੰਮ੍ਰਿਤ ਨਾਲ ਭਿੱਜੀ ਤੇ ਗੁੱਝੀ ਹੋਈ ਹੈ। ਇਸ ਦੇ ਗੋਹਝ-ਭਾਵ ਨਿਰਮੋਲਕ ਹੀਰਿਆਂ ਤੋਂ ਕੀਮਤੀ ਹਨ। ਜਦੋਂ ਇਸ ਦਾ ਸਿੱਧਾ ਤੇ ਸਮੁੱਚਾ ਅਸਰ ਗੁਰਸਿੱਖ ਦੇ ਮਨ 'ਤੇ ਹੁੰਦਾ ਹੈ, ਤਾਂ ਉਹ ਸਾਕਾਰ ਅੰਮ੍ਰਿਤ ਦਾ ਰਸ ਮਾਣ ਰਿਹਾ ਹੁੰਦਾ ਹੈ। ਉਹਦਾ ਜੀਵਨ ਅੰਮ੍ਰਿਤ ਰੂਪ ਹੋ ਜਾਂਦਾ ਹੈ। ਉਸ ਨੂੰ ਗੁਰਬਾਣੀ ਮਨ ਤੋਂ ਭਾਉਂਦੀ ਹੈ। ਚੰਗੀ ਲੱਗਦੀ ਹੈ। ਉਹ ਗੁਰਬਾਣੀ ਤੋਂ ਅੰਮ੍ਰਿਤ ਪ੍ਰਾਪਤ ਕਰ ਕੇ ਮੁੜ ਖੰਡੇ ਬਾਟੇ ਦਾ ਅੰਮ੍ਰਿਤ ਲੈ ਤਿਆਰ-ਬਰ-ਤਿਆਰ ਹੋ ਜਾਂਦਾ ਹੈ। ਉਹ ਮਨਮਾਨੀ ਨਹੀਂ ਕਰਦਾ। ਉਹ ਅੰਮ੍ਰਿਤ ਛਕਣ ਵਿੱਚ ਆਨਾਕਾਨੀ ਨਹੀਂ ਕਰਦਾ। ਅੰਮ੍ਰਿਤ ਤਾਂ ਉਸ ਨੇ ਛਕਿਆ ਹੀ ਹੁੰਦਾ ਹੈ। ਉਸ ਨੇ ਖੰਡੇ ਬਾਟੇ ਦਾ ਅੰਮ੍ਰਿਤ ਧਾਰਨ ਕਰ ਕੇ ਕੇਵਲ ਇਕ ਸ਼ਪਤ ਮਾਤਰ ਲੈਣੀ ਹੁੰਦੀ ਹੈ। ਜਿਸ ਨਾਲ ਜੀਵਨ ਰਹੱਸਮਈ ਸਵੱਛ ਤੇ ਪਵਿੱਤਰ ਮਾਰਗ 'ਤੇ ਆਗਰਸਰ ਹੋ ਜਾਂਦਾ ਹੈ। ਐਸੇ ਮਾਰਗ ਉੱਤੇ ਨਾ ਕੋਈ ਪੀੜਾ ਹੈ, ਨਾ ਕੋਈ ਭੀੜਾ। ਗੱਲੇ-ਗੱਲੇ ਉਸ ਦੀ ਧੜਕਨ ਤੇਜ਼ ਨਹੀਂ ਹੁੰਦੀ। ਉਹ ਘਾਬਰਿਆ-ਘਾਬਰਿਆ ਨਹੀਂ ਫਿਰਦਾ। ਉਸ ਦਾ ਦਿਲ ਭੈਅ-ਮੁਕਤ ਨਿਰਭਉ ਹੁੰਦਾ ਹੈ ਤੇ ਨਿਕੰਮਾ ਧੱਕ-ਧੱਕ ਨਹੀਂ ਕਰਦਾ ਰਹਿੰਦਾ। ਦੁਨੀਆਂ ਦੇ ਬਜ਼ਾਰਾਂ ਵਿੱਚ ਧੱਕੇ ਵੀ ਨਹੀਂ ਖਾਂਦਾ। ਉਹ ਧੱਕਾ-ਮੁੱਕੀ ਨਹੀਂ ਕਰਦਾ। ਉਹ ਕਿਸੇ ਨਾਲ ਧੱਕਾ ਵੀ ਨਹੀਂ ਕਰਦਾ। ਉਸ ਗੁਰਮੁਖ ਦੀ ਜੀਵਨ ਅਧਵੱਟੀ ਸਰਬ ਸੁਖਦਾਈ ਹੋ ਜਾਂਦੀ ਹੈ। ਉਹ ਹਰਿ ਕਾ ਪਿਆਰਾ ਹੋ ਜਾਂਦਾ ਹੈ। ਉਹ ਹਰੀ ਰੂਪ ਹੋ ਜਾਂਦਾ ਹੈ। ਉਹ ਸਭਨਾਂ ਦਾ ਪਿਆਰਾ ਬਣ ਜਾਂਦਾ ਹੈ। ਉਸ ਦੇ ਲੇਖੇ ਮੁੱਕ ਜਾਂਦੇ

ਹਨ। ਉਸ ਨੂੰ ਜਦੋਂ ਵੰਗਾਰ ਤੇ ਲਲਕਾਰ ਦਿੱਤੀ ਜਾਏ ਉਹ ਤਿਆਰ-ਬਰ-ਤਿਆਰ ਮਿਲੇਗਾ :

*ਗੁਰ ਅੰਮ੍ਰਿਤ ਭਿੰਨੀ ਦੇਹੁਰੀ ਅੰਮ੍ਰਿਤੁ ਬੁਰਕੇ ਰਾਮ ਰਾਜੇ॥*
*ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕਿ ਛਕੇ॥*
*ਗੁਰ ਤੁਠੈ ਹਰਿ ਪਾਇਆ ਚੂਕੇ ਧਕ ਧਕੇ॥*
*ਹਰਿ ਜਨੁ ਹਰਿ ਹਰਿ ਹੋਇਆ ਨਾਨਕੁ ਹਰਿ ਇਕੇ॥੪॥*

*(ਪੰਨਾ ੪੪੯)*

ਦੁਨਿਆਵੀ ਗੁਰੂ ਤੇ ਉਸਤਾਦ ਕਦੀ ਆਪਣੇ ਸ਼ਾਗਿਰਦ ਜਾਂ ਚੇਲੇ ਨੂੰ ਆਪਣੇ ਜਿਹਾ ਨਹੀਂ ਬਣਾਉਂਦੇ। ਕਿਤੇ ਨਾ ਕਿਤੇ ਊਣਤਾਈ ਰਹਿ ਜਾਂਦੀ ਹੈ। ਜਾਂ ਫਿਰ ਦੁਨਿਆਵੀ ਗੁਰੂ ਕੋਈ ਨਾ ਕੋਈ ਗੁਰ ਲਕੋ ਕੇ ਰੱਖ ਲੈਂਦਾ ਹੈ ਕਿਤੇ ਕੱਲ੍ਹ ਨੂੰ ਚੇਲਾ ਹੀ ਗੁਰੂ 'ਤੇ ਸਵਾਰ ਨਾ ਹੋ ਬੈਠੇ। ਧੰਨ ਹੈ ਗੁਰੂ ਨਾਨਕ ਦਾ ਘਰ। ਧੰਨ ਹੈ ਗੁਰੂ ਨਾਨਕ ਦੀ ਕਰਨੀ। ਧੰਨ ਹੈ ਗੁਰੂ ਰੂਪ ਗੁਰਬਾਣੀ। ਜੋ ਗੁਰਸਿੱਖ ਨੂੰ ਆਪਣੇ ਜਿਹਾ ਹੀ ਕਰ ਲੈਂਦੀ ਹੈ ਅਤੇ ਐਸਾ ਹੋਣ ਉਪਰੰਤ ਗੁਰਸਿੱਖ ਹੰਕਾਰ ਰਹਿਤ ਹੋ ਕੇ ਦੁਨੀਆਂ ਵਿੱਚ ਅੰਮ੍ਰਿਤ ਰੂਪ ਨਿਰਮਲ ਹੋ ਵਿਚਰਦਾ ਹੈ। ਗੁਰਸਿੱਖਾਂ 'ਤੇ ਗੁਰਬਾਣੀ ਆਪਣਾ ਅਸਰ ਕਿਵੇਂ ਛੱਡਦੀ ਹੈ? ਇਸ ਦਾ ਇਕ ਉਦਾਹਰਣ ਮੈਂ ਆਪਣੇ ਸਤਿਕਾਰਯੋਗ ਪਿਤਾ ਭਾਈ ਹਰਨਾਮ ਸਿੰਘ ਜੀ ਨੂੰ ਦੇਖਿਆ ਹੈ। ਉਹ ਦੁਨਿਆਵੀ ਤੌਰ 'ਤੇ ਜੰਗਲਾਤ ਦੇ ਬਹੁਤ ਵੱਡੇ ਠੇਕੇਦਾਰ ਸਨ ਤੇ ਸਭ ਤੋਂ ਵੱਧ ਇਨਕਮ ਟੈਕਸ ਦੇਣ ਵਾਲੇ ਵਪਾਰੀ ਸਨ। ਕੋਠੇ, ਕਿਲ੍ਹੇ, ਬਾਗ, ਮਿਲਕ, ਧਨ, ਮਾਲ, ਜਾਇਦਾਦ ਦਾ ਕੋਈ ਅੰਤ ਨਹੀਂ ਸੀ। ਇਕ ਵਾਰੀ ਉਹ ਆਪਣੇ ਕਮਰੇ ਵਿੱਚ ਬੈਠੇ ਵੈਰਾਗ ਦੀ ਮੂਰਤ ਬਣੇ ਸ਼ਬਦ ਪੜ੍ਹ ਰਹੇ ਸਨ:

*ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ॥*
*ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ॥੧॥*
*ਤੇਰੇ ਗੁਣ ਗਾਵਾ ਦੇਹਿ ਬੁਝਾਈ॥*
*ਜੈਸੇ ਸਚ ਮਹਿ ਰਹਉ ਰਜਾਈ॥੧॥*

*(ਪੰਨਾ ੭੯੫)*

ਪਿਤਾ ਜੀ ਬਾਣੀ ਪੜ੍ਹਦੇ ਜਾ ਰਹੇ ਸਨ ਤੇ ਉਨ੍ਹਾਂ ਦੇ ਨੇਤਰ ਨਿਰੰਤਰ ਨੀਰ ਵਹਾ ਰਹੇ ਸਨ। ਮੈਂ ਨਿੱਕਾ ਜਿਹਾ ਕੋਲ ਬੈਠਾ ਸਮਝ ਨਾ ਸਕਿਆ ਤੇ ਠਠੰਬਰ ਗਿਆ। ਮੈਂ ਸੋਚੀ ਜਾਵਾਂ, ਦਾਰ ਜੀ ਨੂੰ ਕੀ ਹੋਇਆ ਹੈ? ਉਨ੍ਹਾਂ ਨੂੰ ਪੁੱਛਣ ਦਾ ਹੀਆ ਹੀ ਨਾ ਪਿਆ। ਉਹ ਸਾਰੇ ਦੇ ਸਾਰੇ ਤੇਜ਼ਮਈ ਪਰ ਨਿਮਰਤਾ ਸਰੂਪ ਹੋਏ ਬੈਠੇ ਸਨ। ਅੱਜ ਹੁਣ ਜਦ ਮੈਨੂੰ ਕੁਝ-ਕੁ ਸਮਝ ਆਈ ਹੈ, ਤਾਂ ਮੈਂ ਕਹਿ ਸਕਦਾ ਹਾਂ ਕਿ ਉਹ ਬਾਣੀ ਪੜ੍ਹਦਿਆਂ ਆਪਣਾ ਸਾਰਾ ਪਾਸਾਰਾ ਤੇ ਖਲਾਰਾ ਭੁੱਲ ਕੇ ਨਿਰੰਤਰ ਅਕਾਲ ਪੁਰਖ ਦੀ ਵੱਡੀ ਵਡਿਆਈ ਨੂੰ ਮਾਣ ਰਹੇ ਸਨ। ਜਦੋਂ ਉਹ

ਵੱਡਾ ਦ੍ਰਿਸ਼ਟੀਗੋਚਰ ਹੁੰਦਾ ਹੈ, ਗੁਰਸਿੱਖ ਦੀ ਅਵਸਥਾ, 'ਹਉ ਕਿਆ ਸਾਲਾਹੀ ਕਿਰਮ ਜੰਤੁ ਵਡੀ ਤੇਰੀ ਵਡਿਆਈ॥' ਵਾਲੀ ਹੁੰਦੀ ਹੈ। ਗੁਰਬਾਣੀ ਸ਼ਕਤੀਸ਼ਾਲੀ ਹੈ, ਬਲਸ਼ਾਲੀ ਹੈ ਅਤੇ ਪ੍ਰਭਾਵਸ਼ਾਲੀ ਹੈ। ਕੋਈ ਰਤਾ ਕੁ ਜੁੜਨਾ ਤਾਂ ਚਾਹੇ। ਇਹ ਦਿਆਲ ਕ੍ਰਿਪਾਲ ਨਾਲ ਜੋੜਨ ਵਾਲੀ ਹੈ।

ਇਕ ਵਾਰੀ ਮੈਂ ਗੁਰੂ ਕੇ ਹਜ਼ੂਰ ਸੰਗਤ ਨੂੰ ਸੰਬੋਧਨ ਕਰ ਰਿਹਾ ਸਾਂ। ਗੁਰੂ ਬਖ਼ਸ਼ਿਸ਼ ਨਾਲ ਅਚਨਚੇਤ ਮੇਰੇ ਮੂੰਹੋਂ ਨਿਕਲਿਆ ਕਿ ਗੁਰੂ ਨਾਨਕ ਪਾਤਸ਼ਾਹ ਵੱਡਾ ਹੈ। ਬਹੁਤ ਵੱਡਾ, ਬਹੁਤ ਹੀ ਵੱਡਾ ਤੇ ਸਭ ਤੋਂ ਵੱਡਾ। ਗੁਰੂ ਨਾਨਕ ਦੇਵ ਜੀ ਜਦੋਂ ਬ਼ਗਦਾਦ ਵਿਖੇ ਵਾਹਿਗੁਰੂ ਨੂੰ ਸਜਦਾ ਕਰ ਬਾਂਗ ਦਿੱਤੀ, ਸੱਦ ਲਾਈ, ਤਾਂ ਸਾਰੀ ਨਗਰੀ ਸੁੰਨ-ਮੁੰਨ ਹੋ ਗਈ। ਉਥੋਂ ਦਾ ਪੀਰ ਵੇਖ ਕੇ ਹੈਰਾਨ ਹੋਇਆ :

*ਫਿਰਿ ਬਾਬਾ ਗਇਆ ਬਗਦਾਦਿ ਨੋ ਬਾਹਰਿ ਜਾਇ ਕੀਆ ਅਸਥਾਨਾ।...*
*ਦਿਤੀ ਬਾਂਗਿ ਨਿਵਾਜਿ ਕਰਿ ਸੁੰਨਿ ਸਮਾਨਿ ਹੋਆ ਜਹਾਨਾ।*
*ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ।*

*(ਵਾਰ ੧/੩੫)*

ਗੁਰੂ ਨਾਨਕ ਪਾਤਸ਼ਾਹ ਆਪਣੇ ਸੁਭਾਅ ਅਨੁਸਾਰ ਨਾਮ-ਨਿਹਾਦ ਵੱਡਿਆਂ ਕੋਲ ਨਹੀਂ ਸਨ ਜਾਂਦੇ। ਉਨ੍ਹਾਂ ਦੀਆਂ ਮਹਿਲ-ਮਾੜੀਆਂ ਤਿਆਗ ਬਾਹਰ ਹੀ ਜਾ ਕੇ ਅਸਥਾਨ ਕਰਦੇ ਸਨ। ਬ਼ਗਦਾਦ ਵਿਖੇ ਵੀ ਐਸਾ ਹੀ ਹੋਇਆ। ਆਪ ਜੀ ਨੇ ਜਦੋਂ ਉਹੀ ਸੱਦ ਲਾਈ, ਤਾਂ ਉਹ ਕੈਸਾ ਪਵਿੱਤਰ ਸਮਾਂ ਤੇ ਵੱਡਾ ਵੇਲਾ ਹੋਵੇਗਾ! ਸਾਰੀ ਨਗਰੀ ਸੁੰਨ-ਮੁੰਨ ਹੋ ਗਈ। ਪੀਰ ਵੀ ਹੈਰਾਨ ਹੋਇਆ ਤੇ ਸੁੰਨ-ਮੁੰਨ ਸਾਰਾ ਜਹਾਨ ਹੋਇਆ। ਮੇਰੀ ਸਨਿਮਰ ਬੇਨਤੀ ਹੈ ਕਿ ਜੇ ਗੁਰੂ ਨਾਨਕ ਪਿਤਾ ਜੀ ਦੇ ਮੂੰਹੋਂ ਨਿਕਲੀ ਸੱਦ ਸਾਰੇ ਜਗਤ ਵਿੱਚ ਠੰਢ ਵਰਤਾਅ ਸਕਦੀ ਹੈ, ਤਾਂ ਅੱਜ ਸਾਨੂੰ ਕੀ ਵਾਪਰ ਗਿਆ ਹੈ? ਸਾਡਾ ਜ਼ੋਰ, ਮਨ-ਸ਼ੋਹਰੱਤੇ ਹੀ ਨਹੀਂ ਚਲਦਾ। ਦਰਅਸਲ ਜ਼ਰੂਰਤ ਹੈ, ਗੁਰੂ ਨਾਨਕ ਦੇਵ ਜੀ ਅੱਗੇ ਨੱਤਮਸਤਕ ਹੋ ਕੇ ਉਨ੍ਹਾਂ ਦੇ ਹੁਕਮਾਂ ਨੂੰ ਜੀਵਨ ਵਿੱਚ ਗ੍ਰਹਿਣ ਕਰ ਕੇ ਖਹਿ-ਖਹਿ ਕਰਦੀ ਲੁਕਾਈ ਤੱਕ ਨਿਰਮਾਣਤਾ ਨਾਲ ਪੁਚਾਇਆ ਜਾਏ। ਜੇ ਬਾਣੀ ਦਾ ਸਾਕਾਰ ਪ੍ਰਭਾਵ ਲੈਣਾ ਚਾਹੁੰਦੇ ਹਾਂ, ਤਾਂ ਅਜੇ ਵੀ ਦੇਰ ਨਹੀਂ ਹੋਈ, ਅੱਜ ਤੋਂ ਹੀ ਸ਼ੁਰੂਆਤ ਹੋਣੀ ਚਾਹੀਦੀ ਹੈ।

# ਖੋਜੀ ਉਪਜੈ ਬਾਦੀ ਬਿਨਸੈ

ਗੁਰਾਂ ਨੇ ਖੋਜ ਦਾ ਬੜਾ ਭਾਰੀ ਮਹਾਤਮ ਦੱਸਿਆ ਹੈ। ਜੀਵਨ ਇਕ ਵੱਡੀ ਵਡਮੁੱਲੀ ਵਸਤੂ ਹੈ। ਇਸ ਨੂੰ ਖੋਜ ਵਾਲੇ ਪਾਸੇ ਲਾਉਣਾ ਹੈ। ਦੇਖਣਾ ਇਹ ਹੈ ਕਿ ਕਿਸ ਦੀ ਖੋਜ ਕਰਨੀ ਹੈ? ਕੀ ਭਾਲਣਾ ਹੈ? ਜੀਵਨ ਕਿਸ ਲਈ ਘਾਲਣਾ ਹੈ। ਮੂਲ ਵਿਚਾਰਦਾਤਾ ਗੁਰੂ ਨਾਨਕ ਦੇਵ ਜੀ ਨੇ ਖੋਜ ਕਰਨ ਵਾਲੇ ਨੂੰ ਬੜਾ ਸਲਾਹਿਆ ਹੈ। ਉਸ ਦੀ ਉਤਮਤਾ ਬਾਰੇ ਆਪ ਜੀ ਆਖਦੇ ਹਨ : ਖੋਜੀ ਵਧੇ ਫੁੱਲੇਗਾ, ਉਸ ਦਾ ਮਨ ਖੇੜੇ ਵਿੱਚ ਰਹੇਗਾ। ਵਾਦ-ਵਿਵਾਦ ਵਾਲਾ, ਬਹਿਸੀ ਬੰਦਾ ਕੁੜ੍ਹੇਗਾ, ਸੜੇਗਾ, ਝਗੜੇ-ਝੇੜੇ ਵਿੱਚ ਰਹੇਗਾ ਅਤੇ ਆਪਣਾ ਵਿਨਾਸ਼ ਕਰ ਬੈਠੇਗਾ :

*ਸੇਵਾ ਸੁਰਤਿ ਰਹਸਿ ਗੁਣ ਗਾਵਾ ਗੁਰਮੁਖਿ ਗਿਆਨੁ ਬੀਚਾਰਾ॥*
*ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ॥*
*ਹਮ ਨੀਚ ਹੋਤੇ ਹੀਣ ਮਤਿ ਝੂਠੇ ਤੂ ਸਬਦਿ ਸਵਾਰਣਹਾਰਾ॥*
*ਆਤਮ ਚੀਨਿ ਤਹਾ ਤੂ ਤਾਰਣ ਸਚੁ ਤਾਰੇ ਤਾਰਣਹਾਰਾ॥੩॥*

*(ਪੰਨਾ ੧੨੫੫)*

ਸਾਡੇ ਆਲੇ-ਦੁਆਲੇ ਸੰਸਾਰ-ਸਾਗਰ ਅੰਧ-ਗਹੇਰਾ ਹੈ। ਅੰਧ ਗੁਬਾਰ ਅਤੇ 'ਆਨੇਰੈ ਰਾਹੁ ਨ ਕੋਈ' ਵਾਲੀ ਹਾਲਤ ਹੈ। ਸੁਰਤ ਨੂੰ ਇਕਾਗਰ ਕਰ ਕੇ ਸੇਵਾ ਵੱਲ ਲਾ ਰਹੱਸ ਰੂਪ ਅਕਾਲ ਪੁਰਖ ਦੇ ਗੁਣ ਗਾਉਣੇ ਹਨ। ਇਸ ਸਾਰੇ ਘੜਮੱਸ ਵਿੱਚੋਂ ਖੋਜੀ ਹੀ ਰਹੱਸ ਨੂੰ ਨਿਤਾਰ, ਨਿਖੇੜ ਸਕੇਗਾ। ਬਹਿਸ ਕਰਨ ਵਾਲਾ, ਵਾਦ-ਵਿਵਾਦ ਵਾਲਾ ਅਤੇ ਬਹੁਤਾ ਬੋਲਣ ਦੀ ਵਾਦੀ ਵਾਲਾ ਜ਼ਿੰਦਗੀ ਨੂੰ ਤਬਾਹ ਕਰ ਕੇ ਵਿਨਾਸ਼ ਕਰ ਲਏਗਾ। ਮਨੁੱਖ ਦੀ ਮੁੱਢਲੀ ਬਿਰਤੀ ਨਕਾਰਾਤਮਕ ਤੇ ਨੀਵਾਣ ਵੱਲ ਜਾਣ ਵਾਲੀ ਹੈ। ਅਕਾਲ ਪੁਰਖ ਸਭ ਤੋਂ ਉੱਚਾ, ਅਤਿ ਉੱਚਾ ਹੈ। ਨਿਰੰਕਾਰ ਰੂਪ, ਰਹੱਸ ਰੂਪ ਸ਼ਬਦ ਨੂੰ ਪ੍ਰਾਪਤ ਕਰਨਾ ਹੈ। ਉਹ ਨਿਰੰਕਾਰ ਹੀ ਸਵਾਰਣਹਾਰਾ ਹੈ। ਆਪਣੇ-ਆਪ ਨੂੰ ਬੇਲੋੜੇ ਰੁਝੇਵਿਆਂ ਵਿੱਚ ਗੁਆ-ਗੁਆ ਕੇ ਆਤਮ ਨਹੀਂ ਚੀਨਿਆ ਜਾ ਸਕਦਾ। ਆਪਾ ਪਹਿਚਾਨਣ ਨਾਲ, ਐਸੀ ਸਾਫ਼ ਤੇ ਸਵੱਛ ਅਵਸਥਾ ਦੀ ਪ੍ਰਾਪਤੀ ਹੋਵੇਗੀ ਕਿ ਤਾਰਣਹਾਰ ਗੋਬਿੰਦ ਭਵਸਾਗਰ ਤੋਂ ਪਾਰ ਉਤਾਰਾ ਕਰ ਦੇਏਗਾ।

ਖੋਜ ਤੇ ਖੋਜੀ ਦੀ ਬੜੀ ਮਹਿਮਾ ਦੱਸੀ ਗਈ ਹੈ। ਵਾਦ-ਵਿਵਾਦ ਵਾਲੇ ਵਾਦੀ ਨੂੰ ਸਵੀਕਾਰ ਨਹੀਂ ਕੀਤਾ। ਇਸ ਸਬੰਧ ਵਿੱਚ ਇਕੋ ਹੀ ਗੁਰੂ-ਹੁਕਮ ਤੋਂ ਤੱਤ ਉਘੜ ਕੇ ਸਾਹਮਣੇ ਆ ਜਾਏਗਾ। ਫ਼ੁਰਮਾਨ ਹੈ :

*ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥*
*ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥੨॥*
*(ਪੰਨਾ ੭੧੪)*

ਮਹਾਰਾਜ ਕਹਿੰਦੇ ਹਨ ਕਿ ਖੋਜ-ਖੋਜ ਕੇ ਮੈਂ ਇਸ ਨਿਰਣੇ 'ਤੇ ਪੁੱਜਾ ਹਾਂ ਕਿ ਹੋਰਨਾਂ ਗੱਲਾਂ ਨੂੰ ਛੱਡ ਕੇ ਤੱਤ ਦੀ ਬੀਚਾਰ ਇਹ ਹੈ ਕਿ ਖੋਜ ਵਾਲੇ ਭਗਤ ਨੇ ਆਪਣੇ ਗੋਵਿੰਦ ਦੇ ਪਰਾਇਣ ਹੋਣਾ ਹੈ। ਉਸ ਨੂੰ ਸਮਰਪਿਤ ਹੋਣਾ ਹੈ। ਉਸ ਦੇ ਮੁਤਾਬਿਕ ਬਣਨਾ ਹੈ। ਇਸ ਦੀ ਉਪਲਬਧੀ ਇਹ ਹੋਵੇਗੀ ਕਿ ਖੋਜੀ ਅਟੁੱਟ ਤੇ ਸਦੀਵੀ ਸਕੁਸ਼ਲਤਾ ਨੂੰ ਹਾਸਲ ਕਰੇਗਾ। ਨਾਲ ਹੀ ਸ਼ਰਤ ਜਿਹੀ ਵੀ ਦੇ ਦਿੱਤੀ ਹੈ ਕਿ ਜੇ ਤੂੰ ਸਦੀਵੀ ਸੁਖ ਤੇ ਆਨੰਦ ਚਾਹੁੰਦਾ ਹੈ! ਤਾਂ ਤੱਤ ਨੂੰ ਖੋਜ ਲੈ। ਉਹ ਤੱਤ ਨਾਰਾਇਣ ਦਾ ਸਿਮਰਨ ਹੈ। ਉਸ ਦੀ ਭਾਲ ਅਤੇ ਉਸ ਦੇ ਲਈ ਅੰਦਰ ਪੈਦਾ ਹੋਇਆ ਚਾਅ ਤੇ ਉਮਾਹ ਹੈ।

ਇਸ ਦੇ ਬਿਲਕੁਲ ਉਲਟ ਵਾਦੀ ਬਹਿਸ ਕਰਦਾ ਰਹੇਗਾ। ਕਿਸੇ ਦੀ ਗੱਲ ਸੁਣੇਗਾ ਨਹੀਂ, ਆਪਣੀ ਗੱਲ ਨੂੰ ਤੱਕੀ ਜਾਏਗਾ। ਬਕੀ ਜਾਏਗਾ, ਬੱਕ-ਬੱਕ ਕਰੀ ਜਾਏਗਾ। ਇਸ ਨਾਲ ਲਭਤ ਕੁਝ ਨਹੀਂ ਹੋਵੇਗੀ, ਸਗੋਂ ਵਿਕਾਰ ਹੀ ਵਧਣਗੇ:

*ਬੋਲਤ ਬੋਲਤ ਬਢਹਿ ਬਿਕਾਰਾ॥ ਬਿਨੁ ਬੋਲੇ ਕਿਆ ਕਰਹਿ ਬੀਚਾਰਾ॥੩॥*
*ਕਹੁ ਕਬੀਰ ਛੂਛਾ ਘਟੁ ਬੋਲੈ॥ ਭਰਿਆ ਹੋਇ ਸੁ ਕਬਹੁ ਨ ਡੋਲੈ॥੪॥*
*(ਪੰਨਾ ੮੭੦)*

ਇਸ ਸਾਰੇ ਸ਼ਬਦ ਵਿੱਚ ਭਗਤ ਕਬੀਰ ਜੀ ਨੇ ਬਹੁਤੇ ਬੋਲਣ ਵਾਲੇ ਭਾਵ ਬਹਿਸ ਤੇ ਵਾਦ-ਵਿਵਾਦ ਨੂੰ ਨਕਾਰਿਆ ਤੇ ਪਛਾੜਿਆ ਹੈ। ਖਿਆਲ ਇਹ ਰੱਖਣਾ ਹੈ ਕਿ ਮਤੇ ਨਾ ਬੋਲਣ ਨੂੰ ਚੁੱਪ ਮੰਨ ਕੇ ਅਸੀਂ ਮੋਨੀ ਬਾਬਾ ਹੀ ਨਾ ਬਣ ਕੇ ਰਹਿ ਜਾਈਏ। ਬੋਲਣਾ ਸਹੀ ਹੈ, ਜੇ ਭਲੇ ਪੁਰਸ਼ਾਂ ਜਾਂ ਸੰਤਾਂ ਨਾਲ ਬੋਲਿਆ ਜਾਏ। ਬੋਲਣ ਸੰਬੰਧੀ ਭਗਤ ਕਬੀਰ ਜੀ ਆਖਦੇ ਹਨ ਕਿ ਕੀ ਬੋਲੀਏ ਤੇ ਕਿਤਨਾ ਬੋਲੀਏ? ਉੱਤਰ ਹੈ ਕਿ ਬੋਲਣ ਤੋਂ ਪਹਿਲਾਂ ਸੁਣੀਏ। ਅਸੰਤ ਜਾਂ ਬੋਲਣ ਵਾਲਾ ਝੱਖ ਮਾਰਨ ਵਾਲਾ ਮਿਲੇ, ਤਾਂ ਤੇ ਮਸ਼ਟ ਮਾਰ ਕੇ ਹੀ ਰਹਿ ਜਾਣਾ ਚਾਹੀਦਾ ਹੈ। ਭਾਵ ਚੁੱਪ ਹੀ ਭਲੀ ਤੇ ਜਦੋਂ ਬੋਲੀਏ ਉਦੋਂ ਇਸ ਤਰ੍ਹਾਂ ਲੱਗੇ ਜਿਵੇਂ ਰਾਮ ਨਾਮ ਵਿੱਚ ਵਿਚਰ ਰਹੇ ਹਾਂ। ਗੱਲ ਸਪਸ਼ਟ ਹੋਈ ਕਿ ਖੋਜਤ ਖੋਜਤ ਤਤੁ ਬਿਚਾਰਿਆ ਜਾਏਗਾ ਤੇ ਬੋਲਤ ਬੋਲਤ ਵਿਕਾਰ ਵਜੋਂ। ਖੋਜੀ ਭਲਾ ਹੈ ਅਤੇ ਵਾਦੀ ਝੱਖ ਮਾਰ ਬੇਕਾਰ। ਇਕ ਗੱਲ ਹੋਰ ਸਪਸ਼ਟ ਹੋ ਕੇ ਸਾਹਮਣੇ ਆਉਂਦੀ ਹੈ ਕਿ ਗੁਰਮਤਿ ਨੇ ਖੋਜ ਨੂੰ ਸਹਿਜ ਰੂਪ ਦੱਸਿਆ ਹੈ। ਖੋਜੀ ਵਿਚਾਰ ਵਾਲਾ ਹੋਵੇਗਾ। ਉਹ ਗੋਸ਼ਟ ਕਰੇਗਾ। ਸੰਵਾਦ ਨਹੀਂ। ਗੋਸ਼ਟੀ ਦਾ ਸੁਭਾਅ ਹੈ ਕਿ ਆਪਣਾ ਵੀਚਾਰ ਸਾਹਮਣੇ ਰੱਖ ਦਿੱਤਾ ਜਾਏ ਅਤੇ ਅਗਲੇ ਵਿਚਾਰਵਾਨ ਨੂੰ ਇਹ ਬੇਨਤੀ ਕੀਤੀ ਜਾਏ ਕਿ ਮੈਨੂੰ ਇਤਨਾ ਪਤਾ ਹੈ, ਅਗਲੀ ਗੱਲ ਤੁਸੀਂ ਤੋਰੋ। ਸੰਵਾਦ ਦਾ ਤਰੀਕਾ ਹੈ ਕਿ ਦੂਜੇ ਦੀ ਗੱਲ ਸੁਣੀ ਤਾਂ ਜਾਏਗੀ ਪਰ ਸਿੱਧ ਇਹ ਕਰਨ ਦਾ ਯਤਨ ਕੀਤਾ ਜਾਏਗਾ ਕਿ ਮੈਂ ਜੋ ਕਹਿ ਰਿਹਾ ਹਾਂ, ਉਹ ਠੀਕ ਹੈ। ਇਸ ਸਬੰਧੀ ਹੁਕਮ ਹੈ :

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥੨੩੨॥*
*(ਪੰਨਾ ੧੩੭੭)*

ਗੋਸ਼ਟੀ ਇਕ ਘੜੀ ਜਾਂ ਅੱਧੀ ਘੜੀ ਵਿੱਚ ਕਲਿਆਣ ਕਰ ਦਏਗੀ। ਇਕ ਸੰਤੁਸ਼ਟ ਤੇ ਰੱਜ ਪ੍ਰਾਪਤ ਹੋਵੇਗਾ। ਗੋਸ਼ਟੀ ਖੋਜ ਹੀ ਹੈ ਅਤੇ ਸੰਵਾਦ, ਬਹਿਸ ਜਾਂ ਡੀਬੇਟ ਸਾਰੀ ਦਿਨ ਭਰ ਰਾਤ ਸਿਰ ਧੂੜਨ ਮਗਰੋਂ ਸ਼ਾਇਦ ਹੀ ਕੁਝ ਪ੍ਰਾਪਤ ਕਰਨ ਵਿੱਚ ਸਹਾਈ ਹੋ ਸਕੇ, ਗੋਸ਼ਟੀ ਮਗਰੋਂ ਇਕ ਠਾਰ ਜਿਹਾ ਮਹਿਸੂਸ ਹੋਵੇਗਾ ਤੇ ਵਾਦ-ਵਿਵਾਦ ਮਗਰੋਂ ਇਕ ਸਉੜਾਪਨ, ਇਕ ਕੌੜਾਪਨ ਜਾਂ ਕੁੜਿਤਣ ਜਿਹੀ ਭਾਸੇਗੀ।

ਖੋਜੀ ਸ਼ੇਰ ਦੀ ਨਿਆਈਂ ਹੈ। ਵਾਦੀ ਗਿੱਦੜ ਵਾਂਗ ਹੈ। ਖੋਜੀ ਸ਼ਬਦ ਸੁਣ ਕੇ ਸ਼ੇਰ ਵਾਂਗ ਇਕਾਗਰ-ਚਿੱਤ ਹੋ, ਕੰਨ ਖੜ੍ਹੇ ਕਰ ਕੇ ਉਸ ਦਾ ਅਨੁਸਰਨ ਕਰੇਗਾ। ਵਾਦੀ ਸ਼ਬਦ ਸੁਣ ਕੇ ਚੌਂਕੇਗਾ। ਰਹਿ-ਰਹਿ ਕੇ ਗਿੱਦੜ ਭੱਬਕੀਆਂ ਮਾਰੇਗਾ ਅਤੇ ਅੰਤ ਦੁੰਮ ਦਬਾ ਕੇ ਚੱਲ ਦਏਗਾ।

ਇਹ ਤਰ੍ਹਾਂ-ਤਰ੍ਹਾਂ ਦੇ ਵਾਦ-ਵਿਵਾਦ ਹੀ ਪੈਦਾ ਕਰਦੇ ਹਨ। ਵਾਦੀ ਪੰਜੇ ਝਾੜਨ ਜੋਗੇ ਹੀ ਹਨ ਜਾਂ ਗੁਰ੍ਹਾਨ ਜੋਗੇ। ਸਾਮਰਾਜਵਾਦ, ਸਮਯਵਾਦ, ਪ੍ਰਗਤੀਵਾਦ ਤੇ ਹੋਰ ਕਿਤਨੇ ਵਾਦ। ਇਹ ਪ੍ਰਗਤੀਵਾਦ ਵਾਲੇ ਹੀ ਹਨ, ਜੋ ਹੀਆ ਕਰਦੇ ਹਨ ਕਿ ਸਾਨੂੰ ਮੁੜ ਨਵੇਂ ਸਿਰੇ ਤੋਂ ਖਾਸ ਕਰ ਕੇ ਇੱਕੀਵੀਂ ਸਦੀ ਦੇ ਆਉਣ ਉੱਤੇ ਗੁਰਬਾਣੀ ਨਾਲ ਇਹ ਸੰਵਾਦ ਰਚਾਉਣਾ ਚਾਹੀਦਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਸੰਗਿਕ ਹਨ ਜਾਂ ਨਹੀਂ। ਇਹਨਾਂ ਝੱਖਮਾਰਾਂ ਨੂੰ ਕੌਣ ਦੱਸੇ ਕਿ 'ਗੁਰਬਾਣੀ ਇਸੁ ਜਗ ਮਹਿ ਚਾਨਣੁ' ਸ੍ਰੀ ਗੁਰੂ ਗ੍ਰੰਥ ਸਾਹਿਬ ਜੁੱਗੋ ਜੁੱਗ ਅਟੱਲ ਹਨ ਅਤੇ ਧਰਮ ਦਾ ਜੈਕਾਰ ਹੈ । ਆਪਣੇ ਖਿਆਲਾਂ ਨੂੰ ਦੂਜੇ ਉੱਤੇ ਥੋਪਣਾ ਨਹੀਂ ਹੁੰਦਾ। ਜੇ ਉਹ ਮੰਨ ਜਾਏ ਤਾਂ ਠੀਕ ਹੈ ਨਹੀਂ ਤਾਂ ਉਸ ਨੂੰ ਅਰੋਪਣਾ ਨਹੀਂ ਹੁੰਦਾ। ਚਾਹੀਦਾ ਇਹ ਹੈ ਕਿ ਵਿਚਾਰ ਇਤਨੇ ਸਪਸ਼ਟ ਤੇ ਨਿਰਣਾਤਮਕ ਹੋਣ ਕਿ ਉਹ ਆਤਮਾ ਵਿੱਚ ਧੱਸਦੇ ਜਾਣ ਤੇ ਹਿਰਦੇ ਵਿੱਚ ਵਸਦੇ ਜਾਣ। ਐਸੀ ਹੀ ਹੈ ਇਹ ਗੁਰਬਾਣੀ 'ਜਿਤੁ ਸੁਣੀ ਮਨੁ ਤਨੁ ਹਰਿਆ' ਹੋਇਆ।

ਖੋਜ ਹੈ ਗੱਲ ਦੀ ਤਹਿ ਤਕ ਪੁੱਜਣਾ ਅਤੇ ਤੱਤ ਪ੍ਰਾਪਤ ਕਰਨਾ। ਵਾਦ ਹੈ ਜੋ ਮੈਂ ਕਹਿ ਰਿਹਾਂ, ਉਹ ਠੀਕ ਹੈ ਬਾਕੀ ਸਭ ਗਲਤ। ਗੁਰਮਤਿ ਵਾਦ-ਵਿਵਾਦ ਨਹੀਂ ਮੰਨਦੀ। ਗੁਰਬਾਣੀ ਦਾ ਕਥਨ ਹੈ ਕਿ ਵਿਵਾਦ ਕਿਸੇ ਨਾਲ ਨਹੀਂ ਕਰਨਾ, ਸਿਰਫ ਰਾਮ ਦਾ ਰਸ ਪ੍ਰਾਪਤ ਕਰਨਾ ਹੈ :

*ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ॥ ਰਸਨਾ ਰਾਮ ਰਸਾਇਨੁ ਪੀਜੈ॥੨॥*
*ਅਬ ਜੀਅ ਜਾਨਿ ਐਸੀ ਬਨਿ ਆਈ॥ ਮਿਲਉ ਗੁਪਾਲ ਨੀਸਾਨੁ ਬਜਾਈ॥੩॥*
*ਉਸਤਤਿ ਨਿੰਦਾ ਕਰੈ ਨਰੁ ਕੋਈ॥ ਨਾਮੇ ਸ੍ਰੀਰੰਗੁ ਭੇਟਲ ਸੋਈ॥੪॥*
*( ਪੰਨਾ ੧੧੬੪)*

ਭਗਤ ਨਾਮਦੇਵ ਜੀ ਬਿਨੈਵੱਤ ਹੋ ਕੇ ਕਹਿੰਦੇ ਹਨ ਕਿ ਹੁਣ ਤੇ ਮੇਰੇ ਜੀਅ ਅਤੇ ਜਾਨ 'ਤੇ ਬਣ ਆਈ ਹੈ ਭਾਵ ਬੜੀ ਵਿਆਕੁਲਤਾ ਹੈ। ਹੁਣ ਬਹਿਸ ਮੁਬਾਹਿਸੇ

ਅਤੇ ਵਾਦ-ਵਿਵਾਦ ਦਾ ਮੇਰੇ ਪਾਸ ਵਕਤ ਹੀ ਨਹੀਂ। ਇਹ ਨਿਕੰਮਾ ਰੌਲਾ, ਰੱਬ ਕਰੇ ਮੁੱਕ ਹੀ ਜਾਏ। ਭਗਤ ਜੀ ਕਹਿੰਦੇ ਹਨ : ਹੇ ਦਾਤਾਰ! ਇਸ ਦਾ ਤਰੀਕਾ ਇਹ ਹੈ ਕਿ ਤੂੰ ਹੁਣ ਮੈਨੂੰ ਮਿਲ। ਤੇਰੇ ਮਿਲਣ ਨਾਲ ਅਜਿਹੀ ਦਸ਼ਾ ਪੈਦਾ ਹੋ ਜਾਏਗੀ, ਜਿਵੇਂ ਕਿਤੇ ਨਗਾਰਾ ਵੱਜ ਰਿਹਾ ਹੋਵੇ ਜਾਂ ਸ਼ੇਰ ਗੱਜ ਰਿਹਾ ਹੋਵੇ। ਜਦ ਨਗਾਰਾ ਵੱਜਦਾ ਹੈ ਤਦ ਹੋਰ ਮਾੜੀਆਂ ਮੋਟੀਆਂ ਆਵਾਜ਼ਾਂ ਵਿੱਚੇ ਹੀ ਦੱਬ ਕੇ ਰਹਿ ਜਾਂਦੀਆਂ ਹਨ। ਜਦੋਂ ਸ਼ੇਰ ਗੱਜਦਾ ਹੈ ਉਦੋਂ ਗਿੱਦੜ ਭਬਕੀਆਂ ਦੀ ਕੋਈ ਥਾਂ ਨਹੀਂ ਰਹਿੰਦੀ। ਨਾ ਉਸ ਦੀ ਕੋਈ ਪ੍ਰਵਾਹ ਰਹਿੰਦੀ ਹੈ। ਹੁਣ ਮੈਨੂੰ ਕਿਸੇ ਦੀ ਉਸਤਤਿ ਦੀ ਲੋੜ ਨਹੀਂ ਤੇ ਕਿਸੇ ਦੀ ਨਿੰਦਿਆ ਦੀ ਪ੍ਰਵਾਹ ਨਹੀਂ। ਸ੍ਰੀ ਰੰਗ ਪਿਤਾ ਜੂ ਮੈਨੂੰ ਮਿਲ ਗਿਆ। ਹੁਣ ਕੋਈ ਕੁਝ ਵੀ ਕਹੇ, ਬੁਰਾ ਕਹੇ ਜਾਂ ਭਲਾ ਕਹੇ, ਉਸਤਤਿ ਕਰੇ ਜਾਂ ਨਿੰਦਾ ਕਰੇ। ਮੈਨੂੰ ਕੋਈ ਡਰ ਭੈਅ ਨਹੀਂ। ਇਹ ਪਵਿੱਤਰ ਪਹੁੰਚ ਹੈ ਖੋਜੀ ਦੀ।

ਆਪਣੇ ਵੱਲੋਂ ਸਾਰੀ ਦੁਨੀਆਂ ਖੋਜ ਵਿੱਚ ਲੱਗੀ ਹੋਈ ਹੈ। ਬਹੁਤਿਆਂ ਨੂੰ ਤਾਂ ਇਹੀ ਪਤਾ ਨਹੀਂ ਕਿ ਜ਼ਿੰਦਗੀ ਦਾ ਮਕਸਦ ਕੀ ਹੈ ਤੇ ਉਹ ਕੀ ਖੋਜ ਰਹੇ ਹਨ? ਉਹ ਤੁਰਦੇ ਪੂਰਬ ਵੱਲ ਹਨ ਤੇ ਬਾਉਰੀਆਂ ਹਵਾਵਾਂ ਉਨ੍ਹਾਂ ਨੂੰ ਪੱਛਮ ਵੱਲ ਲੈ ਜਾਂਦੀਆਂ ਹਨ। ਖੋਜੀ ਲਗਾਤਾਰ ਕੋਸ਼ਿਸ਼ ਅਤੇ ਦ੍ਰਿੜ੍ਹ ਨਿਸ਼ਚੇ ਨਾਲ ਆਪਣੇ ਮਾਰਗ ਉੱਤੇ ਸੱਜਾ, ਖੱਬਾ ਤਿਆਗ ਕੇ ਵੱਧਦਾ ਜਾਂਦਾ ਹੈ:

*ਖੋਜਤ ਖੋਜਤ ਭਈ ਬੈਰਾਗਨਿ*
*ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ ॥੩॥*
*ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ*
*ਸਾਧਸੰਗਿ ਮੇਰੀ ਜਲਨਿ ਬੁਝਾਈ ॥੪॥*

*(ਪੰਨਾ ੨੦੪)*

ਖੋਜੀ ਨੂੰ ਆਪਣੀ ਮੰਜ਼ਿਲ ਦੀ ਕਸਕ ਹੁੰਦੀ ਹੈ। ਉਸ ਨੂੰ ਹਿਰਦੇ ਵਿੱਚ ਲੈ ਕੇ ਉਹ ਹੋਰ ਸੁਵਿਧਾਵਾਂ ਅਤੇ ਆਕਰਸ਼ਣਾਂ ਵੱਲ ਖਿੱਚਿਆ ਨਹੀਂ ਜਾਂਦਾ। ਖਿੱਚ ਉਹਨੂੰ ਮੰਜ਼ਿਲ ਦੀ ਹੀ ਹੁੰਦੀ ਹੈ। ਉਹ ਰਹਿੰਦਾ ਦੁਨੀਆਂ ਵਿੱਚ ਹੀ ਹੈ ਪਰ ਬੈਰਾਗੀਆਂ ਵਾਂਗ। ਜਿਵੇਂ ਇਕ ਪਿਆਸਾ ਕਿਸੇ ਜੰਗਲ ਵਿੱਚ ਪਾਣੀ ਦੀ ਭਾਲ ਅੰਦਰ ਜਾ ਰਿਹਾ ਹੋਵੇ, ਤਾਂ ਰਾਹ ਦੇ ਨਜ਼ਾਰੇ ਹੀਰੇ, ਮੋਤੀ ਤੇ ਹੋਰ ਵਸਤਾਂ ਉਸ ਦਾ ਰਾਹ ਨਹੀਂ ਰੋਕ ਸਕਦੀਆਂ। ਇਸੇ ਤਰ੍ਹਾਂ ਖੋਜੀ ਅੰਦਰਲੀ ਤਿਖਾ ਕਾਰਨ ਸਦਾ ਆਪਣੇ ਮਾਰਗ ਉੱਤੇ ਅਗਰਸਰ ਰਹਿੰਦਾ ਹੈ। ਉਸ ਨੂੰ ਦੀਨ ਦਇਆਲ ਅਕਾਲ ਪੁਰਖ ਉੱਤੇ ਭਰੋਸਾ ਹੁੰਦਾ ਹੈ ਅਤੇ ਸਤ ਪੁਰਸ਼ਾਂ ਦੀ ਸੰਗਤ ਨਾਲ ਆਪਣੀ ਪਿਆਸ ਨੂੰ ਬੁਝਾਅ ਕੇ ਸੰਤੁਸ਼ਟ ਹੋ ਜਾਂਦਾ ਹੈ।

ਖੋਜੀ ਤੇ ਵਾਦੀ ਦਾ ਇਕ ਹੋਰ ਵਿਸ਼ੇਸ਼ ਅੰਤਰ ਹੈ। ਵਾਦੀ ਨੂੰ ਆਪਣਾ ਮਨ ਖੋਜਣ ਦੀ ਵਾਦੀ ਨਹੀਂ ਹੁੰਦੀ। ਉਹ ਆਪਣਾ ਸੁਧਾਰ ਕਦੀ ਨਹੀਂ ਕਰ ਸਕਦਾ। ਉਸ ਬਾਰੇ ਉਹ ਸੋਚਦਾ ਹੀ ਨਹੀਂ। ਉਹ ਦੂਜਿਆਂ ਦੇ ਔਗੁਣ ਤੇ ਊਣਤਾਈਆਂ ਲੱਭਦਾ ਰਹਿੰਦਾ ਹੈ। ਲੋਕਾਂ ਦੇ ਹੀ ਕੀੜੇ ਕੱਢਦਾ ਰਹਿੰਦਾ ਹੈ। ਇਸ ਦੇ ਵਿਪਰੀਤ ਖੋਜੀ ਆਪਣੇ ਅੰਦਰ ਨੂੰ ਸੋਹਣੇ ਤੋਂ ਹੋਰ ਸੋਹਣਾ ਬਨਾਉਣ ਲਈ ਯਤਨਸ਼ੀਲ ਰਹਿੰਦਾ ਹੈ।

ਉਹ ਦੂਜਿਆਂ ਦੇ ਨੁਕਸ ਢੂੰਢਣ ਨਾਲੋਂ ਆਪਣੇ ਦਿਲ ਦੀ ਖੋਜ ਕਰਦਾ ਹੈ:

*ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ॥*
*ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ॥੧॥*

*(ਪੰਨਾ ੭੨੭)*

ਉਹ ਇਸ ਕਾਰਜ ਨੂੰ ਨਿਰੰਤਰ ਕਰਦਾ ਹੈ। ਨਿੱਤ ਹੀ ਗੁਣਾਂ ਦਾ ਸੰਗ੍ਰਹਿ ਕਰਦਾ ਹੈ। ਔਗੁਣਾਂ ਨੂੰ ਝਾੜ ਬਹੁਕਰ ਮਾਰ ਕੇ ਕੂੜੇ ਵਾਂਗੂੰ ਬਾਹਰ ਸੁੱਟ ਦਿੰਦਾ ਹੈ। ਕੂੜਾ ਤੇ ਗੰਦ ਮੁਕਦਾ ਜਾਂਦਾ ਹੈ। ਗੁਣ ਅੰਦਰ ਪ੍ਰਵੇਸ਼ ਕਰਦੇ ਜਾਂਦੇ ਹਨ। ਇਹ ਦੁਨੀਆਂ ਇਕ ਮੇਲੇ ਤੇ ਖੇਡ ਤਮਾਸ਼ੇ ਵਾਂਗ ਹੈ। ਇਹ ਜਾਦੂ ਦਾ ਖੇਲ ਹੈ। ਜਿਵੇਂ ਵਾਦੀ ਇਧਰ-ਉਧਰ ਦੀ ਫਜ਼ੂਲ ਬਹਿਸ ਵਿੱਚ ਉਲਝਿਆ ਰਹਿੰਦਾ ਹੈ। ਜਿਵੇਂ ਇਥੇ ਝੰਡੇ ਹੋਣ। ਖੋਜੀ ਨੂੰ ਇਸ ਸਭ ਕਾਸੇ ਨਾਲ ਕੋਈ ਵਾਸਤਾ ਨਹੀਂ। ਖੋਜੀ ਨੇ ਮੱਲਾਂ ਨਹੀਂ ਮਾਰਨੀਆਂ ਹੁੰਦੀਆਂ। ਉਹ ਆਪਣੇ ਦਿਲ ਨੂੰ ਹੀ ਗੁਣਾਂ ਦਾ ਖਜ਼ਾਨਾ ਬਣਾ ਕੇ ਸਿਫਤੀ ਦੇ ਘਰ ਪੁੱਜ ਕੇ ਬਿਸਰਾਮ ਪਾਉਂਦਾ ਹੈ।

ਇਸੇ ਹੀ ਸਬੰਧ ਵਿੱਚ ਗੁਰੂ ਰਾਮਦਾਸ ਜੀ ਪੱਥ-ਪਰਦਰਸ਼ਨ ਕਰਦਿਆਂ ਆਖਦੇ ਹਨ ਕਿ ਮੈਨੂੰ ਮੇਰੇ ਪਿਆਰੇ ਪ੍ਰੀਤਮ ਦੀ ਇਤਨੀ ਲੋੜ ਹੈ ਕਿ ਉਸ ਬਿਨਾਂ ਮੈਨੂੰ ਕੁਝ ਹੋਰ ਚਾਹੀਦਾ ਹੀ ਨਹੀਂ! ਮੈਂ ਦੂਜੇ ਕਿਸੇ ਹੋਰ ਨੂੰ ਜਾਣਦਾ ਹੀ ਨਹੀਂ। ਹੁਣ ਪ੍ਰਸ਼ਨ ਇਹ ਹੈ ਕਿ ਉਸ ਨੂੰ ਖੋਜਿਆ ਤੇ ਪਾਇਆ ਕਿਵੇਂ ਜਾਏ? ਪਾਤਸ਼ਾਹ ਕਹਿੰਦੇ ਹਨ, ਇਸ ਲਈ ਮਨ ਤੇ ਤਨ ਦੋਹਾਂ ਨੂੰ ਖੋਜਣ ਦੀ ਲੋੜ ਹੈ। ਮਨ ਤੇ ਤਨ ਦਾ ਬੜਾ ਸਬੰਧ ਹੈ। ਮਨ ਰੋਗੀ ਤੇ ਤਨ ਭੁਗਤੇਗਾ। ਤਨ ਵਿਕਾਰੀ ਹੈ ਤਾਂ ਮਨ ਦੁੱਖੀ ਹੋਏਗਾ। ਇਸ ਲਈ ਇਹ ਜ਼ਰੂਰੀ ਹੈ ਕਿ ਮਨ ਨੂੰ ਵੀ ਖੋਜਿਆ ਜਾਏ ਤੇ ਤਨ ਨੂੰ ਵੀ:

*ਹਉ ਮਨੁ ਤਨੁ ਖੋਜੀ ਭਾਲਿ ਭਾਲਾਈ॥ ...*
*ਮਿਲਿ ਸਤਸੰਗਤਿ ਖੋਜੁ ਦਸਾਈ ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ॥੨॥*

*(ਪੰਨਾ ੯੪)*

ਖੋਜ, ਭਾਲ ਕੇ ਤੱਤ ਇਹ ਨਿਕਲਿਆ ਕਿ ਸਤਿ ਸੰਗਤਿ ਵਿੱਚ ਜਾ ਕੇ ਬੈਠਿਆ ਜਾਏ। ਸੰਗਤ ਵਿੱਚ ਹਰਿ ਪ੍ਰਭੂ ਜੀ ਵਸਦੇ ਹਨ। ਬੱਸ ਪ੍ਰਾਪਤੀ ਹੋ ਗਈ। ਇਸ ਪ੍ਰਕਾਰ ਕਿਸੇ ਹੋਰ ਟੂਣੇ ਟੱਪਲੇ, ਮੰਨਤਾਂ, ਤਵੀਤਾਂ, ਵਿਧੀਆਂ, ਨੇਮਾਂ, ਸੰਜਮਾਂ, ਵਰਤਾਂ ਆਦਿ ਦੀ ਕੋਈ ਲੋੜ ਨਹੀਂ। ਅਕਾਲ ਪੁਰਖ ਨੇ ਕ੍ਰਿਪਾ ਕੀਤੀ, ਗੁਰੂ ਪਾਤਸ਼ਾਹ ਨਾਲ ਮੇਲ ਹੋਇਆ। ਸੰਗਤ ਦੀ ਪ੍ਰਾਪਤੀ ਤੇ ਉਸ ਵਿੱਚੋਂ ਅਕਾਲ ਪੁਰਖ ਦੇ ਦੀਦਾਰ ਹੋਏ।

ਖੋਜੀ ਦੀ ਖੋਜ ਮਹਾਨ ਤੇ ਪਵਿੱਤਰ ਹੋ ਜਾਏਗੀ, ਜਦੋਂ ਉਹ ਆਪਣੇ ਆਪ ਨੂੰ ਖੋਜੇਗਾ। ਗੁਰੂ ਵੱਲ ਮੁੱਖ ਰੱਖੇਗਾ। ਸਾਧ ਸੰਗਤ ਨੂੰ ਮਾਣੇਗਾ। ਇਸ ਪ੍ਰਕਾਰ ਉਹ ਤ੍ਰੈ-ਕਾਲ ਦਰਸ਼ੀ ਤ੍ਰਿਭਵਨ ਦਾ ਗਿਆਨੀ ਅਤੇ ਬ੍ਰਹਿਮੰਡ ਦਾ ਜਾਣਕਾਰ ਹੋਵੇਗਾ:

*ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥*
*ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ॥੨॥੩॥*

*(ਪੰਨਾ ੬੯੫)*

# ਹਰਿ ਬਿਨੁ ਹੋਰੁ ਨ ਪੂਜਉ

ਗੁਰਮਤਿ ਇਕ ਅਕਾਲ ਪੁਰਖ ਦੀ ਟੇਕ ਹੈ। ਸਾਨੂੰ ਸਤਿਗੁਰਾਂ ਦਾ ਉਪਦੇਸ਼ ਹੈ। ਇਕ ਤੋਂ ਇਲਾਵਾ ਦੂਜੇ ਨੂੰ ਮਨ ਵਿੱਚ ਨਹੀਂ ਆਉਣ ਦੇਣਾ। ਗੁਰੂ ਨਾਨਕ ਦੇਵ ਜੀ ਨੇ ਇਕ ਏਕੰਕਾਰ ਦੀ ਮਹਿਮਾ ਹੀ ਕੀਤੀ, ਉਸੇ ਦੀ ਪੂਜਾ, ਉਸੇ ਦੀ ਆਰਾਧਣਾ, ਉਸੇ ਨਾਲ ਗੱਲਾਂ, ਉਸੇ ਨਾਲ ਮਿੱਤਰਤਾ, ਉਸੇ ਨਾਲ ਮਸਲਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਰੰਭ ਹੀ ਇਕ (੧) ਤੋਂ ਕੀਤਾ ਹੈ ਤੇ ਸਮਾਪਨ ਵੀ ਉਸੇ ਇਕ ਪਾਰਬ੍ਰਹਮ 'ਤੇ ਕੀਤਾ ਹੈ।

ਗੁਰੂ ਅੰਗਦ ਦੇਵ ਜੀ ਨੂੰ ਗੁਰ-ਗੱਦੀ ਦੇਣ ਲੱਗਿਆਂ, ਗੁਰੂ ਨਾਨਕ ਪਿਤਾ ਨੇ ਹੁਕਮ ਕੀਤਾ, "ਪਾਰਬ੍ਰਹਮ ਕਾ ਪੰਥ ਦ੍ਰਿੜ ਕਰਨਾ।" ਇਹ ਹੀ ਇਕ ਦੀ ਪੂਜਾ, ਨਾਮ ਦੀ ਪੂਜਾ, ਨਾਮ ਧਿਆਉਣ, ਨਾਮ ਸਿਮਰਨ, ਇਕ ਨੂੰ ਪੜ੍ਹਨਾ, ਇਕ ਨੂੰ ਹੀ ਮਨ ਵਿੱਚ ਧਰਨਾ, ਗੁਰੂ ਅਮਰਦਾਸ ਜੀ ਨੇ ਸਾਨੂੰ ਦਾਤ ਵਜੋਂ ਦਿੱਤਾ :

*ਤੈ ਪਢਿਅਉ ਇਕੁ ਮਨਿ ਧਰਿਅਉ ਇਕੁ ਕਰਿ ਇਕੁ ਪਛਾਣਿਓ॥*
*ਨਯਣਿ ਬਯਣਿ ਮੁਹਿ ਇਕੁ ਇਕੁ ਦੁਹੁ ਠਾਂਇ ਨ ਜਾਣਿਓ॥*

*(ਪੰਨਾ ੧੩੯੪)*

ਇਹ ਏਕੇ ਨਾਲ ਲੱਗੀ ਹੋਈ ਲਿਵ ਦੀ ਮਸਲਤ, ਸਾਡਾ ਵਿਰਸਾ ਤੇ ਸਾਡਾ ਧਨ ਬਣ ਗਈ। ਖਾਲਸਾ ਪੰਥ ਧੰਨ ਹੋ ਗਿਆ। ਧੰਨ-ਧੰਨ ਅਤੇ ਧੰਨ ਨਿਰੰਕਾਰ ਦੀ ਧੁਨੀ ਸਾਰੀ ਲੋਕਾਈ ਨੇ ਖਾਲਸੇ ਦੀ ਧੁਨੀ ਸੁਣੀ।

ਅੱਜ ਦੇ ਯੁੱਗ ਦੇ ਰਾਮ-ਰੌਲੇ ਵਿੱਚ ਪਤਾ ਨਹੀਂ, ਕਿਥੋਂ ਕੁਝ ਅਣਮੱਤੀਏ ਤੇ ਮਨਮੱਤੀਏ ਸਭ ਤੋਂ ਉਤਮ ਪੰਥਕ ਵਿਚਾਰਾਂ ਵਿੱਚ ਰਲਾ ਪਾਉਣ ਲੱਗੇ ਹੋਏ ਹਨ। ਇਸੇ ਹੀ ਭਾਵਨਾ ਦੇ ਪਵਿੱਤਰ ਬਚਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਹੇ। ਜਦੋਂ ਮੀਣੇ "ਹਰਿ ਹਰਿ ਕੇਰੀ ਉਤਮ ਬਾਣੀ" ਵਿੱਚ ਮਿਲਾਵਟਾਂ ਕਰ ਕੇ ਸੰਗਤਾਂ ਨੂੰ ਵਰਗਲਾਉਣ ਲੱਗੇ। ਲਾਲਚ ਦੇ ਮਾਰਿਆਂ ਧਨ ਕਾਰਨ ਜਾਂ ਫਿਰ ਵਿਗੜੇ ਭਾਗ ਅਤੇ ਸ਼ਰਾਰਤੀ ਮਨ ਕਾਰਨ ਇਹ ਸਭ ਹੁੰਦਾ ਰਿਹਾ। ਗੁਰੂ ਦੇ ਸੂਝਵਾਨ ਸੁਰਤ ਵਾਲੇ ਸਿੱਖਾਂ ਨੇ ਸਦਾ ਹੀ ਗੁਰਮਤਿ ਦੀ ਵਿਲੱਖਣਤਾ ਅਤੇ ਨਿਰਾਲੇਪਨ 'ਤੇ ਪਹਿਰਾ ਦਿੱਤਾ। ਬਹੁਤੀ ਵਾਰੀ ਗੁਰੂ ਦੇ ਪਿਆਰਿਆਂ ਨੂੰ ਆਰਿਆਂ ਨਾਲ ਸੀਸ ਚਰਾਉਣੇ ਪਏ। ਕੁਰਬਾਨੀਆਂ ਕੀਤੀਆਂ, ਆਪਣਾ ਸਭ ਕੁਝ ਵਾਰਿਆ ਪਰ ਸਿੱਖੀ ਸਿਦਕ ਕੇਸਾਂ-ਸੁਆਸਾਂ ਨਾਲ ਨਿਭਾਇਆ।

ਗੁਰਦੁਆਰਾ ਲਹਿਰ ਤੋਂ ਪਹਿਲਾਂ ਅਜਿਹੇ ਹਾਲਾਤ ਪੈਦਾ ਹੋ ਗਏ ਸਨ ਕਿ ਜਿੱਥੇ ਬਾਬਾ ਜੀ ਨੇ ਪੈਰ ਧਰੇ ਸਨ ਸੋ ਥਾਂ ਅਕਾਲ ਪੁਰਖ ਦੀ ਪੂਜਾ ਅਤੇ ਗਿਆਨ ਦਾ ਸੋਮਾ ਸਨ, ਉਨ੍ਹਾਂ ਵਿੱਚ ਵੀ ਅਗਿਆਨੀਆਂ ਨੇ ਬੜੀਆਂ ਵਧੀਕੀਆਂ ਕੀਤੀਆਂ। ਗੁਰਦੁਆਰਿਆਂ ਵਿੱਚ ਮੂਰਤੀਆਂ ਦੀ ਥਾਪਨਾ ਕੀਤੀ ਗਈ। ਉਹ ਮਤਿਹੀਣ ਵਿਚਾਰੇ ਇਹ ਭੁੱਲ ਗਏ ਕਿ ਗੁਰੂ ਨਾਨਕ ਪਾਤਸ਼ਾਹ ਦਾ ਹੁਕਮ ਹੈ ਕਿ ਵਾਹਿਗੁਰੂ ਥਾਪਿਆ ਨਹੀਂ ਜਾਂਦਾ, ਨਾ ਕੀਤਾ ਜਾਂਦਾ ਹੈ। ਉਹ ਸਾਰੇ ਬ੍ਰਹਿਮੰਡ ਦਾ ਸਿਰਜਣਹਾਰ ਹੈ, ਨਿਆਂਕਾਰ ਤੇ ਨਿਰੰਕਾਰ ਹੈ। ਨਿਰੰਜਨ ਹੈ। ਆਦਿ-ਗੁਰੂ ਗੁਰੂ ਨਾਨਕ ਪਿਤਾ ਦਾ ਹੁਕਮ ਹੈ।

*ਥਾਪਿਆ ਨ ਜਾਇ ਕੀਤਾ ਨ ਹੋਇ॥*
*ਆਪੇ ਆਪਿ ਨਿਰੰਜਨੁ ਸੋਇ॥*
*ਜਿਨਿ ਸੇਵਿਆ ਤਿਨਿ ਪਾਇਆ ਮਾਨੁ॥*
*ਨਾਨਕ ਗਾਵੀਐ ਗੁਣੀ ਨਿਧਾਨੁ॥* *(ਪੰਨਾ ੨)*

ਜਿਨ੍ਹਾਂ ਨੇ ਇਨ੍ਹਾਂ ਹੁਕਮਾਂ ਦੀ ਵਡਿਆਈ ਨੂੰ ਜਾਤਾ-ਪਛਾਤਾ, ਉਨ੍ਹਾਂ ਨੇ ਸੱਚ ਨੂੰ ਪਛਾਣ ਲਿਆ ਅਤੇ ਵਾਹਿਗੁਰੂ ਦੀ ਸੱਚੀ ਸੇਵਾ ਕਮਾ ਕੇ ਮਾਣ ਪ੍ਰਾਪਤ ਕੀਤਾ।

ਸਤ੍ਹਾਰਵੀਂ ਸਦੀ ਦਾ ਅੰਤ ਤੇ ਅਠ੍ਹਾਰਵੀਂ ਸਦੀ ਦੇ ਸ਼ੁਰੂ ਵਿੱਚ ਇਹ ਹਾਲ ਸੀ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਪਵਿੱਤਰ ਪ੍ਰਕਰਮਾ ਵਿੱਚ ਜਿਥੇ ਸ੍ਰੀ ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਬਿਰਾਜੇ ਸਨ। ਉਨ੍ਹਾਂ ਹੀ ਥਾਵਾਂ ਉੱਤੇ ਭਿੰਨ-ਭਿੰਨ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਥਾਪ ਦਿੱਤੀਆਂ ਗਈਆਂ। ਜਿਹਨਾਂ ਪਵਿੱਤਰ ਥਾਵਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦੇ ਅੰਮ੍ਰਿਤ ਦੇ ਛਿੱਟਿਆਂ ਨਾਲ ਸਰਸ਼ਾਰ ਕੀਤਾ, ਉਨ੍ਹਾਂ ਨੂੰ ਮੂਰਤੀਆਂ ਰੱਖ ਕੇ ਗੰਧਲਾ ਕਰ ਦਿੱਤਾ। ਜਿਸ ਪਰਿਭਾਸ਼ਾ ਨੂੰ ਬ੍ਰਹਮ-ਗਿਆਨੀ ਬਾਬਾ ਬੁੱਢਾ ਜੀ, ਭਾਈ ਬਹਿਲੋ ਜੀ, ਭਾਈ ਬੰਨੋ ਜੀ, ਭਾਈ ਮੰਝ ਜੀ, ਭਾਈ ਗੁਰਦਾਸ ਜੀ ਵਰਗੇ ਸਿੱਖਾਂ ਨੇ ਗੁਰੂ ਗਿਆਨ ਬਹੁਕਰ ਨਾਲ ਭਰਮਾਂ ਦੇ ਕੂੜੇ ਨੂੰ ਝਾੜ-ਝਾੜ ਬਾਹਰ ਕੱਢਿਆ ਸੀ, ਉਥੇ ਦੇਵਾਂ ਤੇ ਠਾਕੁਰਾਂ ਦੀਆਂ ਮੂਰਤੀਆਂ, ਜਿਵੇਂ ਖੁੰਬਾਂ ਵਾਂਗੂੰ ਉੱਗ ਪਈਆਂ। ਜਿਸ ਪਰਕਰਮਾਂ ਵਿੱਚ ਮਹਾਨ ਗੁਰਮੁਖ ਸਿੱਖ ਭਾਈ ਸੁੱਖਾ ਸਿੰਘ ਜੀ ਅਤੇ ਭਾਈ ਮਹਿਤਾਬ ਸਿੰਘ ਮੀਰਾਂਕੋਟੀਆ ਜੀ ਨੇ ਆਪਣੀਆਂ ਦਲੇਰੀਆਂ ਨਾਲ ਡਰ ਤੇ ਭੈਅ ਦੀਆਂ ਢੇਰੀਆਂ ਨੂੰ ਲਿਤਾੜ, ਪਛਾੜ ਉਡਾ ਬਾਹਰ ਢੋਇਆ ਸੀ, ਉਹ ਫੇਰ•ਉਥੇ ਕੱਠੀਆਂ ਹੋ ਗਈਆਂ।

ਜਿਸ ਪਰਕਰਮਾ ਨੂੰ ਮਹਾਨ ਸ਼ਹੀਦ ਗੁਰਬਾਣੀ ਦੇ ਰਸੀਏ ਗੁਰੂ ਗੋਬਿੰਦ ਸਿੰਘ ਦੇ ਵਰੋਸਾਏ, ਗੁਰਬਾਣੀ ਦੇ ਵਿਆਖਿਆਕਾਰ ਬਾਬਾ ਦੀਪ ਸਿੰਘ ਜੀ ਨੇ ਆਪਣਾ ਸੀਸ ਭੇਟ ਕੀਤਾ ਸੀ ਅਤੇ ਲਾਲ ਰੱਤ ਨਾਲ ਪਵਿੱਤਰ ਕੀਤਾ ਸੀ। ਉਥੇ ਫੇਰ ਭਰਮਾਂ ਦਾ ਕੂੜਾ ਆ ਗਿਆ।

ਗੁਰਦੁਆਰਾ ਸੁਧਾਰ ਲਹਿਰ ਨੇ ਪੂਰੇ ਜ਼ੋਰ ਨਾਲ ਉਨ੍ਹਾਂ ਰੇਤ ਦੇ ਘਰੋਂਦਿਆਂ

ਨੂੰ ਪਵਿੱਤਰ ਪਰਕਰਮਾਂ 'ਚੋਂ ਦੂਰ ਕਰ ਦਿੱਤਾ। ਉਥੇ ਇਹ ਹਾਲ ਬਣ ਚੁੱਕਾ ਸੀ। ਜਿਵੇਂ ਜੰਮੂ ਦੇ ਕਿਸੇ ਮੰਦਰ ਵਿੱਚ ਮੰਦਰ ਦੀ ਚਾਰ-ਦੀਵਾਰੀ ਦੇ ਨਾਲ-ਨਾਲ, ਸੀਮਿੰਟ ਦੇ ਬਣੇ ਤਿਰਛੇ ਢਾਲਵੇਂ ਚਬੂਤਰਿਆਂ ਦੇ ਵਿੱਚ ਤਮਾਮ ਵੱਟੇ ਗੀਟੇ, ਗੱਡ-ਗੱਡ ਕੇ ੩੫ ਕਰੋੜ ਦੇਵਤੇ ਦਿਖਾਏ ਹਨ। ਇਹ ਸਭ ਸਫਾਈ ਸ੍ਰੀ ਦਰਬਾਰ ਸਾਹਿਬ, ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ, ਪੰਜਾ ਸਾਹਿਬ, ਸ੍ਰੀ ਤਰਨਤਾਰਨ ਸਾਹਿਬ, ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ ਅਤੇ ਹੋਰ ਗੁਰਦੁਆਰਿਆਂ ਵਿੱਚੋਂ ਗੁਰਸਿੱਖਾਂ ਨੇ ਅਨਗਿਣਤ ਸ਼ਹੀਦੀਆਂ ਦੇ ਕੇ ਕੀਤੀ। ਸਰਕਾਰੀ ਪਿੱਠੂ, ਮਹੰਤਾਂ ਦਾ ਅੰਤ ਹੋਇਆ।

ਅਜੇ ਇਸ ਸਾਰੇ ਇਤਿਹਾਸ ਨੂੰ ਬਨਾਉਣ ਵਾਲੇ ਕਈ ਬਜ਼ੁਰਗ ਮੌਜੂਦ ਹਨ, ਜਾਂ ਜਿਨ੍ਹਾਂ ਨੇ ਆਪਣੇ ਪਿਤਾ-ਪਿਤਾਮਿਆਂ ਦੇ ਮੂੰਹੋਂ ਇਹ ਗੱਲ ਸੁਣੀ ਹੈ। ਉਹ ਇਹ ਸ਼ਾਂਤਮਈ ਸਿਰੜ ਦੀ ਗਾਥਾ ਸੁਣਾਉਂਦਿਆਂ ਹੋਇਆਂ ਝੂਮ-ਝੂਮ ਜਾਂਦੇ ਹਨ। ਜਿਵੇਂ ਇਹ ਕਲ੍ਹ ਦੀ ਗੱਲ ਹੈ। ਸੱਚਮੁੱਚ ਇਹ ਹੈ ਵੀ ਤਾਂ ਕੱਲ੍ਹ ਦੀ ਗੱਲ। ਇਸੇ ਸਦੀ ਦੀ ਗੱਲ। ਇਹ ਸਾਰਾ ਇਤਿਹਾਸ ੧੯੨੦ ਤੋਂ ੧੯੨੨ ਤੱਕ ਦਾ ਹੈ। ਇਨ੍ਹਾਂ ਹੀ ਕੁਰਬਾਨੀਆਂ ਤੇ ਦ੍ਰਿੜ੍ਹਤਾ ਦਾ ਸਦਕਾ, ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਜਿਹੀਆਂ ਜਥੇਬੰਦੀਆਂ ਹੋਂਦ ਵਿੱਚ ਆਈਆਂ। ਜੋ ਪੰਜਾਬ ਦਾ ਰਾਜ-ਕਾਜ ਤੇ ਗੁਰਦੁਆਰਿਆਂ ਦਾ ਪ੍ਰਬੰਧ ਚਲਾ ਰਹੀਆਂ ਹਨ। ਅੱਜ ਸਾਰਾ ਪੰਥ ਇਨ੍ਹਾਂ ਵੱਲ ਟਿਕ-ਟਿਕੀ ਲਗਾ ਕੇ ਵੇਖਦਾ ਹੈ।

ਬਹੁਤ ਸਾਰੇ ਗੁਰਮੁਖ ਸਿੱਖ ਜਗਿਆਸੂ, ਪਿਆਰ ਵਾਲੇ ਖੋਜੀ, ਪਵਿੱਤਰ ਆਤਮਾਵਾਂ, ਪ੍ਰਚਾਰਕ ਤੇ ਸੰਤ ਜਿਨ੍ਹਾਂ ਨਾਲ ਸੰਗਤ ਦਾ ਸੁਭਾਗ ਮੈਨੂੰ ਮਿਲਦਾ ਹੈ। ਉਹ ਜੱਕੋ-ਤੱਕੀ ਵਿੱਚ ਪਏ ਨਜ਼ਰ ਆਉਂਦੇ ਹਨ। ਜਾਗਤ ਜੋਤ ਦੇ ਹੁੰਦਿਆਂ ਇਤਨੀ ਰਾਜਸੀ ਤੇ ਧਾਰਮਿਕ ਜਥੇਬੰਦ ਸ਼ਕਤੀ ਹੋਣ ਦੇ ਬਾਵਜੂਦ ਅਸੀਂ ਸ਼ਕਤੀਹੀਣ ਤੇ ਹਤੋਤਸਾਹਤ ਜਿਹੇ ਹੋ ਜਾਂਦੇ ਹਨ।

ਪਿੱਛੇ ਜਿਹੇ ਇਕ ਲਹਿਰ ਜੋ ਕਈ ਵਰ੍ਹਿਆਂ ਤੋਂ ਗੁਪਤ ਰੂਪ ਵਿੱਚ ਲਾਵੇ ਵਾਂਗ ਤਹਿ ਦੇ ਹੇਠਾਂ ਸਰਕ ਰਹੀ ਸੀ। ਉਹ ੧੯੯੨-੯੩ ਵਿੱਚ ਫੁੱਟ ਕੇ ਬਾਹਰ ਆ ਗਈ। ਸਾਰੇ ਗੁਰਸਿੱਖਾਂ ਦੇ ਬੁੱਲ੍ਹ ਫਰਕੇ ਤੇ ਦਿਲ ਧੜਕੇ। ਪਸ਼ੌਰਾ ਸਿੰਘ ਦਾ ਗੁਰੂ ਗ੍ਰੰਥ ਸਾਹਿਬ ਸਬੰਧੀ ਕੋਝ ਭਰਿਆ ਥੀਸਿਸ ਸਾਹਮਣੇ ਆਇਆ। ਇਸ ਸਾਰੇ ਘਿਰਣਾਤਮਕ ਕਾਰਜ ਨੂੰ ਪੱਛਮ ਵਿੱਚੋਂ ਕਿਤੋਂ ਕ੍ਰਿਸਚਿਅਨ ਸੁਸਾਇਟੀਆਂ ਤੇ ਹੋਰ ਸ਼ਰਾਰਤੀ ਤੇ ਮਨਫੀ ਅਨਸਰਾਂ ਦੀ ਸ਼ਹਿ ਸੀ। ਇਸ ਭੱਦੀ ਮੁਹਿੰਮ ਨੂੰ ਇਥੋਂ ਦੇ ਕੁਝ ਨਾਮ ਨਿਹਾਦ ਸੰਤਾਂ, ਡੇਰਿਆਂ ਅਤੇ ਅਖੌਤੀ ਅਗਾਂਹਵਧੂ ਵਿਦਵਾਨਾਂ ਦੀ ਪੁਸ਼ਤ ਪਨਾਹੀ ਪ੍ਰਾਪਤ ਹੋਈ। ਇਸ ਸਦੀ ਦੇ ਪ੍ਰਸਿੱਧ ਗੁਰਮਤਿ ਵਿਆਖਿਆਕਾਰ ਮੇਰੇ ਸਤਿਕਾਰਯੋਗ ਵੀਰ ਪ੍ਰਿੰ. ਸਤਿਬੀਰ ਸਿੰਘ ਜੀ ਨੇ ਇਸ ਗੰਭੀਰ ਸਾਜਿਸ਼ ਨੂੰ ਭਾਂਪਿਆ ਅਤੇ ਪੂਰੇ ਤਾਣ ਨਾਲ ਸ਼੍ਰੋਮਣੀ ਕਮੇਟੀ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਸਹਿਯੋਗ ਨਾਲ ਠਲ੍ਹ ਪਾਈ। ਪੰਥਕ ਪਿਆਰ ਵਾਲੇ ਤੇ ਕੌਮੀ ਪੀੜਾ ਨੂੰ ਮਹਿਸੂਸਣ

ਵਾਲੀ ਭਲੀ ਪ੍ਰਕਾਰ ਸੁਯੋਜਿਤ ਜਥੇਬੰਦੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨੇ ਇਸ ਲੜਾਈ ਨੂੰ ਲੜਨ ਦਾ ਬੀੜਾ ਚੁੱਕਿਆ। ਇਸ ਸਬੰਧ ਵਿੱਚ ਇਕ ਪ੍ਰਸਿੱਧ ਮੁਕੱਦਮਾ ਭਾਈ ਗੁਰਦਾਸ ਹਾਲ ਅੰਮ੍ਰਿਤਸਰ ਵਿਖੇ ੧੯ ਜੂਨ ੧੯੯੪ ਨੂੰ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਹੋਇਆ। ਇਹ ਮੁਕੱਦਮਾ ਬੜਾ ਵਿਲੱਖਣ ਸੀ। ਸਵੇਰੇ ੯ ਵਜੇ ਤੋਂ ਸ਼ਾਮੀ ੮ ਵਜੇ ਤੱਕ ਲਗਾਤਾਰ ਚੱਲਿਆ। ਵੀਡੀਓ ਤੇ ਆਡੀਓ ਕੈਸਟ ਬਣੇ। ਪੰਜ ਸਿੰਘ ਸਾਹਿਬਾਨ, ਪੰਜ ਅਖੌਤੀ ਬੁੱਧੀਜੀਵੀ ਅਗਾਂਹਵਧੂ ਵਿਦਵਾਨ, ਪੰਜ ਪ੍ਰਸਿੱਧ ਪੰਥਕ ਹਸਤੀਆਂ, ਪੰਜ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਹੋਰ ਵਿਦਵਾਨ ਸ਼ਾਮਲ ਹੋਏ। ਕੁਲ ਗਿਣਤੀ ਸਣੇ ਅੱਗੇ ਵਧੂਆਂ ਦੇ ੩੫ ਸੱਜਣਾਂ ਦੀ ਸੀ। ਉਹਨਾਂ ਵਿੱਚ ਮੈਂ ਵੀ ਸ਼ਾਮਲ ਸਾਂ। ਮੈਂ ਉਥੇ ਭਰੇ ਦਿਲ ਤੇ ਅੱਧ ਡੁੱਲ੍ਹੇ ਨੇਤਰਾਂ ਨਾਲ ਇਹ ਬੇਨਤੀ ਕੀਤੀ ਸੀ ਕਿ ਇਹ ਇਤਿਹਾਸ ਦਾ ਇਕ ਵਿਲੱਖਣ ਮੁਕੱਦਮਾ ਹੈ। ਵਿਧੀ ਦਾ ਕੈਸਾ ਵਿਧਾਨ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਮੁਕੱਦਮਾ ਗੁਰੂ ਗ੍ਰੰਥ ਸਾਹਿਬ ਅੱਗੇ ਚੱਲ ਰਿਹਾ ਹੈ :

ਪੰਥ ਦੀ ਜਿੱਤ ਹੋਈ ਅਤੇ ਵਾਹਿਗੁਰੂ ਜੀ ਕੀ ਫਤਹ।

ਇਸ ਕੋਝੀ ਨੀਅਤ ਵਾਲਿਆਂ ਦੇ ਹਮਲਿਆਂ ਦਾ ਅਜੇ ਅੰਤ ਨਹੀਂ ਹੋਇਆ। ਸਾਡੇ ਪਾਸ ਤਿੰਨ ਮੁੱਖ ਪਵਿੱਤਰ ਜ਼ਰੀਏ ਹਨ। ਜਿਨ੍ਹਾਂ ਤੋਂ ਅਸੀਂ ਗੁਰੂ ਪਿਤਾਮਿਆਂ, ਗੁਰਬਾਣੀ ਅਤੇ ਗੁਰਮਤਿ ਦਾ ਗਿਆਨ ਹਾਸਲ ਕਰਦੇ ਹਾਂ :

* ਗੁਰੂ ਗ੍ਰੰਥ ਸਾਹਿਬ
* ਗੁਰ ਇਤਿਹਾਸ-ਸਿੱਖ ਇਤਿਹਾਸ
* ਸਿੱਖ ਕਲਾਸਿਕਸ (ਟਰਾਂਸਪੇਰੈਂਟ)

ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਕੀਤਾ। ਅਜਿਹਾ ਮੇਰਾ ਵਿਚਾਰ ਹੈ ਕਿ ਪ੍ਰਿੰ. ਸਤਿਬੀਰ ਸਿੰਘ ਜੀ ਨੇ ਆਪਣੀ ਜ਼ਿੰਦਗੀ ਲਾ ਕੇ ਇਨ੍ਹਾਂ ਤਿੰਨਾਂ ਪੱਖਾਂ 'ਤੇ ਕੰਮ ਕੀਤਾ। ਸਾਰਾ (ਤਕਰੀਬਨ) ਗੁਰ ਇਤਿਹਾਸ ਮੁੜ ਲਿਖਿਆ। ਸਾਰਾ ਸਿੱਖ ਕਲਾਸਿਕਸ, ਸਮਝ, ਵਾਚ, ਖੋਜ-ਪੜਤਾਲ ਕੇ ਮੁੜ ਸਿਰਜਿਆ।

ਪ੍ਰਿੰ. ਸਤਿਬੀਰ ਸਿੰਘ ਉਪਰ ਲਿਖਤ ਘਟਨਾ ਤੋਂ ੧੩ ਮਹੀਨੇ ਬਾਅਦ ਅਕਾਲ ਚਲਾਣਾ ਕਰ ਗਏ। ਗੁਰੂ ਪਾਤਸ਼ਾਹ ਦੇ ਪਵਿੱਤਰ ਕਾਰਜ ਕਦੀ ਰੁਕੇ ਨਹੀਂ ਤੇ ਕਦੀ ਰੁਕਣੇ ਵੀ ਨਹੀਂ। ਲੋੜ ਹੈ ਕਿ ਪੰਥ ਦੇ ਦਰਦ ਵਾਲੇ ਗੁਰਸਿੱਖ ਦੁਬਿਧਾ ਤਿਆਗ ਕੇ ਇਕੱਤਰ ਹੋਣ, ਗੁਰੂ ਨਾਨਕ ਦੇਵ ਜੀ ਦਾ ਅਜਿਹਾ ਹੀ ਹੁਕਮ ਹੈ:

*ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥*
*ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥੧॥*
*(ਪੰਨਾ ੧੧੮੫)*

ਜ਼ਰੂਰਤ ਹੈ ਚੇਤ ਢਾਲ ਕੇ ਪਾਸਾ ਸੁੱਟਣ ਦੀ। ਸਮੇਂ ਦੀ ਕਰਵਟ ਨੂੰ ਸਮਝਣਾ ਹੈ। ਸਭ ਕੁਝ ਹੁੰਦਿਆਂ-ਸੁੰਦਿਆਂ ਅਸੀਂ ਕੁੰਢਿਆਂ ਹਥਿਆਰਾਂ ਵਾਲੇ ਕੁੰਦ ਜਹਿਨ,

ਕਰੂਰ ਸਾਜ਼ਿਸ਼ਾਂ ਦੀਆਂ ਗੁੰਦੀਆਂ ਗੋਂਦਾ ਦੇ ਸ਼ਿਕਾਰ ਹੋ ਰਹੇ ਹਾਂ। ਆਪਸ ਵਿੱਚ ਨਾ ਲੜੀਏ। ਲੜ ਗੁਰੂ ਦਾ ਫੜੀਏ। ਲੜੀਏ ਤੇ ਇਨ੍ਹਾਂ ਮਨਫੀ ਸ਼ਕਤੀਆਂ ਨਾਲ, ਇਹ ਵੇਲਾ ਹੈ ਲੜਨ ਦਾ। ਆਪਸ ਵਿੱਚ ਲੜ ਮਰਨ ਦੀ ਬਜਾਏ ਧਾਰਮਕ ਅਨਪੜ੍ਹਤਾ ਤੇ ਆਤੰਕਵਾਦ ਦੇ ਵਿਰੁੱਧ ਲੜਾਈ ਤੇਜ਼ ਕਰੀਏ। ਸਾਨੂੰ ਹੁਕਮ ਹੈ:

*ਵਖਤੈ ਉਪਰਿ ਲੜਿ ਮਰੈ ਅੰਮ੍ਰਿਤ ਵੇਲੈ ਸਬਦੁ ਅਲਾਪੈ॥*

*(ਵਾਰ ੩੦/੧੪)*

ਜੂਝਣਾ ਮਨ ਨਾਲ ਹੈ। ਆਪਣਿਆਂ ਨਾਲ ਨਹੀਂ। ਵੀਰਾਂ, ਮਿੱਤਰਾਂ, ਭਰਾਵਾਂ ਨਾਲ ਨਹੀਂ। ਜਦੋਂ ਸਾਨੂੰ ਮਿੱਤਰਾਂ, ਭਰਾਵਾਂ ਨਾਲ ਰਹਿਣਾ ਆ ਜਾਏਗਾ, ਉਦੋਂ ਸਾਡੀ ਅਵਸਥਾ ਇਹ ਹੋਵੇਗੀ ਕਿ ਸਾਨੂੰ ਗੁਰੂ ਨਾਲ ਰਹਿਣਾ, ਗੁਰੂ ਦੇ ਹਜ਼ੂਰ ਰਹਿਣਾ ਵੀ ਆ ਜਾਵੇਗਾ। ਸਤਿਗੁਰੂ ਵੀ ਤਾਂ ਸਾਡਾ ਮਿੱਤਰ ਹੈ। ਜ਼ਰੂਰਤ ਇਹ ਹੈ ਕਿ ਅਸੀਂ ਚਤੁਰਾਈ ਛੱਡ ਭੋਲੀ-ਭਾਲੀ ਭਗਤ ਭਰਮ-ਰਹਿਤ ਹੋਵੇ, ਉਸ ਨੂੰ ਅਪਣਾਈਏ :

*ਸਤਿਗੁਰੁ ਮਿਤ੍ਰੁ ਮੇਰਾ ਬਾਲ ਸਖਾਈ॥* *(ਪੰਨਾ ੯੪)*

ਗੁਰੂ-ਪਿਤਾ ਬਰਕਤ ਪਾਏਗਾ। ਆਪੇ ਕਾਰਜ ਪੂਰੇ ਹੋਣਗੇ। ਪੰਥ ਦੀਆਂ ਗੂੰਜਾਂ ਜੇ ਮੁਗ਼ਲ ਰਾਜ ਸਮੇਂ ਪਈਆਂ ਸਨ, ਅੱਜ ਤਾਂ ਫਿਰ ਵੀ ਕਹਿਣ ਨੂੰ ਆਪਣੀ ਸਰਕਾਰ ਹੈ:

*ਸਿਰ ਊਪਰਿ ਠਾਢਾ ਗੁਰੁ ਸੂਰਾ॥*
*ਨਾਨਕ ਤਾ ਕੇ ਕਾਰਜ ਪੂਰਾ॥੭॥* *(ਪੰਨਾ ੨੯੩)*

ਅਜੇ ਇਸ ਸਾਰੇ ਰਗੜੇ-ਝਗੜੇ ਤੋਂ ਚੰਗੀ ਤਰ੍ਹਾਂ ਅਸੀਂ ਉਭਰ ਨਹੀਂ ਸਕੇ ਕਿ ਹੋਰ ਕਿਤਨੀਆਂ ਗੁਰਮਤਿ ਵਿਰੋਧੀ ਸਾਜਿਸ਼ਾਂ ਪੂਰੀ ਵਿਉਂਤ ਨਾਲ ਘੜੀਆਂ, ਚਲਾਈਆਂ ਅਤੇ ਭੋਲੀ-ਭਾਲੀ ਕੌਮ ਦੇ ਸਿਰ 'ਤੇ ਮੜੀਆਂ ਜਾ ਰਹੀਆਂ ਹਨ।

ਸਾਡੀ ਕੌਮ ਨੂੰ ਕਦੀ ਵੀ ਜਾਬਰਾਂ ਦੇ ਜਬਰ ਕਾਰਨ ਹਾਰ ਨਹੀਂ ਹੋਈ। ਜਦੋਂ ਵੀ ਹੋਈ ਸਾਡੀ ਆਪਣੀ ਅੰਦਰਲੀ ਕਮਜ਼ੋਰੀ ਅਤੇ ਵਿਸ਼ਵਾਸ਼ ਦੇ ਡੋਲ ਜਾਣ ਕਾਰਨ ਹੋਈ। ਬਹੁਤ ਸਾਰੇ ਇਤਿਹਾਸਕ ਉਦਾਹਰਣ ਹਨ। ਮੈਂ ਇਥੇ ਟੂਕ ਮਾਤਰ ਇਕੋ ਹੀ ਲਵਾਂਗਾ। ਅਨੰਦਗੜ੍ਹ ਦਸ ਲੱਖ ਮੁਗ਼ਲਾਂ, ਚੁਗਲਾਂ ਤੇ ਮੁਲਖੀਏ ਨਾਲ ਘਿਰਿਆ ਹੋਇਆ ਹੈ। ਉਹ ਦਸ ਲੱਖ ਦਾ ਕੋਈ ਡਰ ਨਹੀਂ। ਮਰ ਸਕਦੇ ਹਾਂ। ਲੜ ਸਕਦੇ ਹਾਂ। ਕੱਟ ਸਕਦੇ ਹਾਂ। ਡਟ ਸਕਦੇ ਹਾਂ। ਹੱਟ ਨਹੀਂ ਸਕਦੇ। ਖਾਲਸਾ ਹਟਿਆ ਨਹੀਂ। ਡੱਟਿਆ ਰਿਹਾ। ਥੋੜ੍ਹੀ ਜਿਹੀ ਲਰਜਿਸ਼ ਉਦੋਂ ਆਈ, ਜਦੋਂ ਅੰਦਰਲੇ ਕੁਝ-ਕੁ ਡੋਲ ਗਏ। ਗੁਰੂ ਗੋਬਿੰਦ ਸਿੰਘ ਜੀ ਸਰੀਰ ਤੇ ਆਤਮਾ ਕਰ ਕੇ ਖਾਲਸੇ ਕੋਲ ਸਨ। ਉਥੋਂ ਸਥਾਨੰਤਰ ਹੋ ਗਿਆ ਪਰ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਦੀ ਜੰਗ ਖਾਲਸੇ ਨੇ ਜਿੱਤ ਲਈ। ਇਹੀ ਸਾਡਾ ਇਤਿਹਾਸ ਹੈ। ਇਹੀ ਸਾਡਾ ਅਸਾਸਾ ਹੈ। ਇਸ ਦਾ ਸਾਨੂੰ ਅਹਿਸਾਸ ਹੈ। ਅਸੀਂ ਇਸੇ ਲਈ ਅਜੀਤ ਦੇ ਭਾਈ ਹਾਂ। ਸਿਦਕ

ਦੀ ਦੌਲਤ ਤੇ ਖ਼ਜ਼ਾਨਾ ਸਾਡੇ ਪਾਸ ਹੈ।

ਸਾਨੂੰ ਬਹੁਤਾ ਨੁਕਸਾਨ ਅਨਪੜ੍ਹਾਂ ਤੋਂ ਨਹੀਂ। ਅਧਪੜ੍ਹਾਂ ਤੋਂ ਹੋਇਆ। ਜਿਹੜੇ ਸਾਡੇ ਵਿੱਚ ਹੀ ਵਿਚਰ ਕੇ, ਸਭ ਕੁਝ ਕਚਰ-ਕਚਰ ਕੇ ਸਭ ਕਚਰਾ ਕਰੀ ਜਾ ਰਹੇ ਹਨ ਜਾਂ ਫਿਰ ਸ਼ਰਾਰਤੀ ਸਾਜਿਸ਼ਾਂ ਦਾ ਖਚਰਾਪਨ ਹੈ, ਜੋ ਕਚਰੇ ਨੂੰ ਕੰਚਨ ਸਿੱਧ ਕਰਨ ਵਿੱਚ ਲੱਗੇ ਹੋਏ ਹਨ। ਗੁਰੂ ਪਿਤਾ ਨੇ ਤਾਂ ਕੱਚਿਆਂ ਨੂੰ ਪੱਕਾ ਤੇ ਪੱਕਿਆਂ ਨੂੰ ਕੰਚਨ ਕੀਤਾ ਹੈ, ਗੁਰੂ ਸ਼ਬਦ ਸੁਣਾ ਕੇ:

*ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ॥*
*ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ॥*
*ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ॥*

*(ਪੰਨਾ ੧੩੯੯)*

ਗੁਰੂ ਨੇ ਸਾਨੂੰ ਸ਼ਬਦ ਦੇ ਲੜ ਲਾਇਆ ਹੈ। ਨਿਰੰਕਾਰ ਦੇ ਲੜ। ਸਰੀਰ ਤੇ ਆਕਾਰ ਦੇ ਲੜ ਨਹੀਂ। ਇਸ ਦੀ ਘਾੜਤ ਉਸ ਨੇ ਆਪ ਸ਼ਬਦ ਦੀ ਟਕਸਾਲ ਵਿੱਚ ਘੜ ਕੇ ਸਾਨੂੰ ਦਿੱਤੀ ਹੈ। ਲੋਹਾ ਲਾਲ ਹੋਇਆ ਹੈ। ਨਦਰ ਸਤਿਗੁਰੂ ਨੇ ਧਾਰੀ ਹੈ। ਪੱਥਰਾਂ ਨੂੰ ਮਾਨਕ ਕੀਤਾ ਹੈ। ਇਹ ਹੁਣ ਸਾਡਾ ਫਰਜ਼ ਹੈ ਕਿ ਅਸੀਂ ਗੁਰੂ ਦੇ ਗਿਆਨ ਸ਼ਬਦ ਨੂੰ ਹੀ ਆਪਣੇ ਮੂਹਰੇ ਰੱਖੀਏ, ਬੁੱਤਾਂ ਵੱਲ ਨਾ ਜਾਈਏ। ਸ਼ਰਾਰਤਾਂ ਵੱਲ ਨਾ ਜਾਈਏ। ਸਗੁੱਤਾ ਵੱਲ ਨਾ ਜਾਈਏ। ਗੁਰੂ ਪਿਤਾ ਵੱਲ ਜਾਈਏ। **ਡੋਲ-ਡੋਲ ਡਿਗਦੇ ਪੁੱਤਾਂ ਵੱਲ ਨਾ ਜਾਈਏ। ਉਨ੍ਹਾਂ ਨੂੰ ਸਾਂਭੀਏ, ਸੰਭਾਲੀਏ।**

ਮੈਂ ਬੇਨਤੀ ਕੀਤੀ ਹੈ ਕਿ ਇਹ ਸਾਜਿਸ਼ ਕਦੋਂ ਦੀ ਚੱਲ ਰਹੀ ਹੈ? ਅੱਜ ਜਦ ਅਸੀਂ ਰਾਜਸੀ ਅਤੇ ਧਾਰਮਕ ਤੌਰ 'ਤੇ ਜਥੇਬੰਦ ਤੇ ਬਲਵਾਨ ਹਾਂ। ਇਸ ਸਾਜਿਸ਼ ਦਾ ਸਿਰ ਕੁਚਲਿਆ ਜਾ ਚੁੱਕਾ ਹੋਣਾ ਸੀ ਪਰ ਇਹ ਸਾਜਿਸ਼ ਹੋਰ ਬਲਮਈ ਹੋ ਕੇ ਸਾਡੇ ਗਲ ਪਈ ਜਾ ਰਹੀ ਹੈ। ਗੁਰਬਾਣੀ ਵਿੱਚ ਵਾਰ-ਵਾਰ ਵਿਸਤਾਰ ਨਾਲ ਲਿਖਿਆ ਹੈ ਕਿ ਬੁੱਤ ਨਹੀਂ ਪੂਜਣੇ। ਸਾਡੇ ਪਾਸ ਹੁਕਮ ਹੈ ਕਿ ਨਾਮ ਹੀ ਪੂਜਾ ਹੈ। ਅਕਾਲ ਦੀ ਪੂਜਾ ਕਰਨੀ ਹੈ:

*ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ॥ (ਪੰਨਾ ੪੮੯)*

ਪੂਜਾ ਦੀ ਵਿਧੀ ਦਸਦਿਆਂ ਗੁਰੂ ਨਾਨਕ ਦੇਵ ਜੀ ਕਹਿ ਰਹੇ ਹਨ ਕਿ ਚੰਦਨ ਆਦਿ ਦਾ ਲੇਪ ਲਾਉਣ ਦੀ ਕੋਈ ਲੋੜ ਨਹੀਂ। ਨਾਮ ਹੀ ਉਹ ਵਸਤ ਹੈ, ਜਿਸ ਦੇ ਉੱਤੇ ਮਨ ਰੂਪੀ ਉਰਸਾਰ ਗੜਿਆ ਜਾਏ। ਗਿਝਾਉਣਾ ਤਾਂ ਮਨ ਨੂੰ ਹੈ। ਮਨਾਉਣਾ ਤਾਂ ਮਨ ਨੂੰ ਹੈ। ਇਹ ਗੁਰੂ ਦੀ ਕ੍ਰਿਪਾ ਨਾਲ ਹੁੰਦਾ ਹੈ ਅਤੇ ਅਜਿਹਾ ਕਰਨ ਨਾਲ ਆਪਣੇ ਸਰੀਰ ਦੇ ਅੰਦਰ ਹਰੀ ਦੀ ਪੂਜਾ ਅਰੰਭ ਹੋ ਜਾਏਗੀ। ਜਿੱਥੇ ਜ਼ਰੂਰਤ ਹੈ :

*ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ॥੧॥*

*(ਪੰਨਾ ੪੮੯)*

ਗੁਰੂ ਪਾਤਸ਼ਾਹ ਦਾ ਇਹ ਸਾਫ਼ ਤੇ ਸਪਸ਼ਟ ਹੁਕਮ ਹੈ ਕਿ ਨਾਮ ਧਿਆਉਣਾ ਹੀ ਪੂਜਾ ਹੈ। ਇਸ ਤੋਂ ਬਿਨਾਂ ਹੋਰ ਕੋਈ ਪੂਜਾ ਨਹੀਂ। ਫਿਰ ਬੁੱਤ ਦੀ ਪੂਜਾ ਦਾ ਕੀ ਕੰਮ ਹੈ? ਫਿਰ ਵੀ ਅਸੀਂ ਦੇਖ ਰਹੇ ਹਾਂ ਕਿ ਸਾਡੇ ਅੰਦਰ ਇਹ **ਘਾਟ ਹੁੰਦੀ ਜਾ ਰਹੀ ਹੈ ਤੇ ਵਧ ਰਹੀ ਹੈ।**

*ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ॥*
*ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ...॥*

*(ਪੰਨਾ ੪੮੯)*

ਗੁਰਦੇਵ ਅਨੁਸਾਰ ਜੇ ਫਿਰ ਵੀ ਅਸੀਂ ਬੁੱਤ ਪੂਜਾ ਕਰਦੇ ਹਾਂ ਤਾਂ ਤੇ ਅਸੀਂ ਪਸ਼ੂ-ਬਿਰਤੀ ਦੇ ਮਾਲਕ ਹੋਏ। ਸਗੋਂ ਪਸ਼ੂਆਂ ਤੋਂ ਵੀ ਭੈੜੇ ਹੋਏ। ਪਸ਼ੂ ਸਾਡੇ ਤੋਂ ਚੰਗੇ ਹਨ। ਉਹ ਘਟੀਆ ਕਿਸਮ ਦਾ ਖਾਣਾ ਖਾਂਦੇ ਹਨ ਤੇ ਅੰਮ੍ਰਿਤ (ਦੁੱਧ) ਸਾਨੂੰ ਦਿੰਦੇ ਹਨ। ਉਸ ਦੀ ਖੁਰਾਕ ਦੀ ਖਲ਼ ਵਿੱਚੋਂ ਤੇਲ ਅਸੀਂ ਪਹਿਲਾਂ ਖਾ ਲੈਂਦੇ ਹਾਂ, ਉਹ ਰਹਿੰਦਾ-ਖੂੰਹਦਾ ਖਾਂਦੇ ਹਨ। ਕਣਕ ਦੀਆਂ ਬੱਲੀਆਂ ਵਿੱਚੋਂ ਦਾਣੇ ਅਸੀਂ ਖਾਂਦੇ ਹਾਂ, ਤੂੜੀ ਲਵੇਰਾ ਖਾਂਦਾ ਹੈ। ਵਧੀਆਂ ਭਲੀਆਂ ਦਾਲਾਂ ਅਸੀਂ ਖਾਂਦੇ ਹਾਂ। ਬੱਚਿਆ ਟੋਟਾ ਦਾਣਾ ਤੇ ਵੰਡ ਗਾਵਾਂ, ਮੱਝਾਂ ਖਾਂਦੀਆਂ ਹਨ। ਗੁਰੂ ਪਾਤਸ਼ਾਹ ਕਹਿੰਦੇ ਹਨ ਕਿ ਅਸੀਂ ਵੀ ਕਿਸ ਤਰ੍ਹਾਂ ਦੇ ਅਕ੍ਰਿਤਘਣ ਮਨੁੱਖ ਹਾਂ। ਉਤਮ ਤਰੀਨ, ਅਤੀ ਸੁਆਦਿਸ਼ਟ ਵਧੀਆ ਕਿਸਮ ਦਾ ਭੋਜਨ ਖਾ ਕੇ ਗੰਦ ਖਲ੍ਹਾਰਦੇ ਹਾਂ। ਮੰਦਾ ਬੋਲਦੇ ਹਾਂ। ਦਿਲ ਦੁਖਾਉਂਦੇ ਹਾਂ। ਗੁਰੂ ਦੀ ਹੁਕਮ ਅਦੂਲੀ ਕਰਦੇ ਹਾਂ। ਅਸਲਾ ਛੱਡ ਜਾਂਦੇ ਹਾਂ, ਮਸਲਾ ਉਲਝਾਅ ਕੇ ਰੱਖ ਦਿੰਦੇ ਹਾਂ। ਗੁਰੂ ਸਾਹਿਬਾਨ ਨੇ ਅਤਿਅੰਤ ਸਪਸ਼ਟ ਅਤੇ ਬੜੀਆਂ ਵਿਧੀਆਂ ਨਾਲ ਸਾਨੂੰ ਸਮਝਾਇਆ ਕਿ ਬੁੱਤ ਨਹੀਂ ਪੂਜਣੇ। ਅਕਾਰਾਂ ਮਗਰ ਨਹੀਂ ਪੈਣਾ। ਨਿਰੰਕਾਰ ਨੂੰ ਪੂਜਣਾ ਹੈ। ਅਕਾਲ ਮੂਰਤ ਨੂੰ ਪੂਜਣਾ ਹੈ। "ਪੂਜਾ ਅਕਾਲ ਕੀ ਹੈ" ਇਸ ਦੇ ਬਾਵਜੂਦ ਅਸੀਂ ਗੁਰਬਾਣੀ ਨੂੰ ਤਰੋੜ-ਮਰੋੜ ਕੇ ਪੇਸ਼ ਕਰਦੇ ਹਾਂ। ਸੰਦਰਭਾਂ ਨੂੰ ਸਮਝਦੇ ਹੀ ਨਹੀਂ। ਕਥਾ ਕਹਾਣੀ ਵਿੱਚ ਪੈ ਕੇ ਗੁਰੂ ਸਾਹਿਬ ਨਿਸ਼ਕਰਸ਼ਾਂ ਤੇ ਨਤੀਜਿਆਂ ਨੂੰ ਭੁੱਲ ਜਾਂਦੇ ਹਾਂ। ਸੁਣਿਆਂ ਅਣਸੁਣਿਆਂ ਕਰ ਦਿੰਦੇ ਹਾਂ। ਵੱਟੇ ਤੇ ਬੁੱਤ ਪੂਜਦੇ। ਅਸੀਂ ਸਹੀ ਥਾਂ ਤਾਂ ਪੂਜਦੇ ਹੀ ਨਹੀਂ। ਕਿਧਰੇ ਦਾ ਕਿਧਰੇ ਗੁਆਚ ਜਾਂਦੇ ਹਾਂ। ਗੁਰੂ ਨਾਨਕ ਦੇਵ ਜੀ ਦਾ ਹੁਕਮ ਹੈ ਕਿ ਮਨੁੱਖ ਦੀ ਮੱਤ ਵਿੱਚ ਰਤਨ ਜਵਾਹਰ ਹਨ। ਮਾਣਕ ਹਨ। ਜੇ ਉਹ ਗੁਰੂ ਦੀ ਇਕ ਵੀ ਸੁਣ ਲਏ ਤਾਂ! ਜਦੋਂ ਅਸੀਂ ਗੁਰੂ ਦੀ ਨਹੀਂ ਸੁਣਦੇ। ਉਦੋਂ ਉਹ ਹੀਰੇ, ਮੋਤੀ, ਮਾਣਕ, ਵੱਟੇ ਤੇ ਪੱਥਰ ਬਣ ਜਾਂਦੇ ਹਨ। ਇਸੇ ਲਈ ਤਾਂ ਇਹ ਮੁਹਾਵਰਾ ਪ੍ਰਚਲਤ ਹੈ ਕਿ ਫਲਾਣੇ ਦੀ ਮੱਤ ਮਾਰੀ ਗਈ ਹੈ ਜਾਂ ਅਮਕੇ ਮਨੁੱਖ ਦਾ ਦਿਮਾਗ ਖਰਾਬ ਹੋ ਗਿਆ ਜਾਂ ਉਸ ਮਨੁੱਖ ਦੀ ਅਕਲ ਵਿੱਚ ਵੱਟੇ ਪੈ ਗਏ ਹਨ, ਪੱਥਰ ਪੈ ਗਏ ਹਨ। ਇਹ ਸੋਚਣ ਦਾ ਵੇਲਾ ਹੈ ਕਿ ਸਾਡੇ ਨਾਲ ਅਜਿਹਾ ਤਾਂ ਨਹੀਂ ਹੋ ਰਿਹਾ। ਅੱਜ ਗਲੀ-ਗਲੀ ਹੱਟੀਆਂ ਖੁੱਲ੍ਹੀਆਂ ਪਈਆਂ ਹਨ। ਹਰ ਸ਼ਹਿਰ ਉਸ ਵਕਤ ਦਾ ਬਾਬਾ ਬਕਾਲਾ ਬਣਿਆ ਹੋਇਆ ਹੈ। ਜਦੋਂ ਗੁਰੂ ਨਾਨਕ ਦੇਵ ਜੀ ਦੀ ਅਠਵੀਂ

ਜੋਤ ਦਿੱਲੀ ਵਿਖੇ ਬ੍ਰਹਮ ਨਾਲ ਮਿਲ ਗਈ ਸੀ ਅਤੇ ਨੌਵੀਂ ਜੋਤ ਗੁਰੂ ਤੇਗ ਬਹਾਦਰ ਜੀ ਬਾਬਾ ਬਕਾਲਾ ਵਿਖੇ ਸਨ ਤੇ ਪ੍ਰਗਟ ਨਹੀਂ ਸਨ ਹੋਏ। ਇਕ ਭਾਈ ਮੱਖਣ ਸ਼ਾਹ ਲੁਬਾਣਾ ਉੱਠਿਆ, ਤਾਂ ਪਖੰਡੀਆਂ ਦਾ ਲਾਣਾ ਭੱਜਿਆ ਤੇ ਮਲੇਛਾਂ ਦੀ ਸਭਾ ਉੱਠ ਗਈ। ਗੁਰੂ ਪਿਤਾ ਉਦੋਂ ਵੀ ਜੋਤ ਰੂਪ ਸਨ। ਅੱਜ ਵੀ ਜੋਤ ਰੂਪ ਹਨ। ਉਹ ਜੋਤ ਗੁਰੂ ਗ੍ਰੰਥ ਸਾਹਿਬ ਵਿੱਚ ਮੌਜੂਦ ਹੈ। ਮਖਣ ਸ਼ਾਹ ਜੀ ਦੀ ਪਵਿੱਤਰ ਬਿਰਤੀ ਵਾਲੇ ਗੁਰਸਿੱਖਾਂ ਦਾ ਵੀ ਕੋਈ ਘਾਟਾ ਨਹੀਂ। ਲੋੜ ਹੈ ਕਿ ਨਿੱਤਰ ਕੇ ਆਉਣ। ਲੁਕਣ ਨਾ। ਮੰਜ਼ਿਲ ਵੱਲੋਂ ਉਕਣ ਨਾ। ਜ਼ਬਰ ਅੱਗੇ ਝੁਕਣ ਨਾ। ਪੀੜ ਹੈ, ਬੜਾ ਦਰਦ ਹੈ। ਗੁਰੂ ਪਾਤਸ਼ਾਹ ਅਗੰਮੜਾ ਮਰਦ ਹੈ। ਫਿਰ ਸਿੱਖੀ ਸਰੂਪ ਦਾ ਚਿਹਰਾ ਕਿਉਂ ਜ਼ਰਦ ਹੈ? ਸੋਹਣੇ ਲੰਮੜੇ ਕੇਸਾਂ ਵਿੱਚ ਕਿਉਂ ਪੈ ਰਹੀ ਉੱਡ-ਉੱਡ ਕੇ ਗਰਦ ਹੈ? ਹੁਣ ਨਾ ਜਾਗੇ ਤਾਂ ਕਦੋਂ ਜਾਗਾਂਗੇ? ਦੁਹਾਈ ਦੁਹਾਈ ਰਾਮ ਕੀ ਦੁਹਾਈ। ਅਜੇ ਉਨ੍ਹਾਂ ਕੋਝੇ ਹਮਲਿਆਂ ਦਾ ਅਸਰ ਮਸਾਂ ਕੁਝ ਘਟਿਆ ਹੈ ਜਦੋਂ ਗੁਰਬਾਣੀ, ਗੁਰ-ਇਤਿਹਾਸ ਅਤੇ ਸਾਡੀਆਂ ਕਲਾਸਿਕਸ ਨੂੰ ਕਮਜ਼ੋਰ ਅਤੇ ਵਿਵਾਦਗ੍ਰਸਤ ਕਰਨ ਲਈ ਕੀਤਾ ਗਿਆ ਸੀ। ਹੁਣ ਇਕ ਨਵੀਂ ਬਦੀ ਸਿਰ ਚੁੱਕ ਰਹੀ ਹੈ। ਇਤਿਹਾਸਕ ਗੁਰਦੁਆਰਿਆਂ ਦੇ ਖੁਲ੍ਹੇ ਵਿਹੜਿਆਂ ਵਿੱਚ ਗੁਰ ਇਤਿਹਾਸ ਅਤੇ ਗੁਰਸਿੱਖਾਂ ਦੇ ਬੁੱਤ ਸਾਹਮਣੇ ਆ ਰਹੇ ਹਨ। ਗੁਰਦੁਆਰਾ ਮੇਹਤਿਆਣਾ ਸਾਹਿਬ ਇਸ ਦੀ ਇਕ ਪ੍ਰਜ੍ਵਲਤ ਉਦਾਹਰਣ ਹੈ। ਇਸ ਅਸਥਾਨ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਵਿੱਤਰ ਚਰਨਾਂ ਦੀ ਛੋਹ ਪ੍ਰਾਪਤ ਹੈ। ਇਹ ਉਹ ਅਸਥਾਨ ਹੈ, ਜਿਥੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣਾ ਸਰਬੰਸ ਵਾਰਨ ਤੋਂ ਬਾਅਦ ਚਮਕੌਰ ਦੀ ਗੜ੍ਹੀ ਤੋਂ ਮਾਛੀਵਾੜਾ ਹੁੰਦੇ ਹੋਏ ਪੁੱਜੇ। ਜਿਹਾ ਕਿ ਗੁਰਦੁਆਰਾ ਸਾਹਿਬ ਦੇ ਪੌੜਾਂ ਦੇ ਖੱਬੇ ਹੱਥ ਲੱਗੇ ਹੋਏ ਬਹੁਤ ਵੱਡੇ ਸਾਰੇ ਬੋਰਡ ਉੱਤੇ ਲਿਖਿਆ ਹੋਇਆ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਥੇ ਟਿਕਾਣਾ ਕੀਤਾ। ਭਾਈ ਦਇਆ ਸਿੰਘ ਜੀ ਨੇ ਪਾਤਸ਼ਾਹ ਨੂੰ ਬੇਨਤੀ ਕੀਤੀ ਕਿ ਉਹ ਔਰੰਗਜ਼ੇਬ ਨੂੰ ਪੱਤਰ ਲਿਖਣ ਕਿ ਕਿਸ ਤਰ੍ਹਾਂ ਪੰਜਾਬ ਦੀ ਧਰਤੀ ਉੱਤੇ ਜ਼ੁਲਮ ਤੇ ਜ਼ਬਰ ਹੋ ਰਿਹਾ ਹੈ। ਮੈਂ ਇਸ ਸਾਰੇ ਇਤਿਹਾਸ ਵੱਲ ਨਾ ਜਾ ਕੇ ਇਸ ਵੇਲੇ ਉਸ ਪੀੜ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ, ਜੋ ਸਾਡੇ ਕਲੇਜੇ ਵਿੱਚ ਰੜਕ ਰਹੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਪੱਤਰ ਲਿੱਖਣ ਦਾ ਮਨ ਬਣਾ ਲਿਆ। ਮਨ ਇੱਥੇ ਹੀ ਬਣਿਆ ਪਰ ਉਹ ਇਤਿਹਾਸਕ ਪੱਤਰ ਜ਼ਫਰਨਾਮਾ ਪਿਤਾ ਦਸਮੇਸ਼ ਨੇ ਕਾਂਗੜ ਦੇਸ਼ ਵਿੱਚ ਲਿਖਿਆ। ਉਸ ਵਿੱਚ ਬਹੁਤ ਸਾਰੇ ਇਤਿਹਾਸਕ ਤੱਥ ਅਤੇ ਗੁਰਮਤਿ ਦੇ ਅਸੂਲ ਗੁਰਸਿੱਖੀ ਦਾ ਸੁਭਾਅ ਅਤੇ ਗੁਰੂ ਮਹਾਰਾਜ ਵੱਲੋਂ ਲੜੀਆਂ ਜੰਗਾਂ ਦਾ ਕਾਰਣ ਦਿੱਤਾ ਹੈ। ਇਸੇ ਹੀ ਪੱਤਰ ਵਿੱਚ ਮਹਾਰਾਜ ਹੁਕਮ ਕਰਦੇ ਹਨ :

*ਕਿ ਓ ਬੁਤ ਪਰਸਤੰਦ, ਮਨ ਬੁਤ ਸ਼ਿਕਸਤ॥੯੫॥*

ਭਾਵ ਇਹ ਹੈ ਕਿ ਮੇਰੀ ਲੜਾਈ ਪਹਾੜੀ ਰਾਜਿਆਂ ਨਾਲ ਇਥੋਂ ਅਰੰਭ ਹੋਈ

ਕਿ ਉਹ ਸਾਰੇ ਬੁੱਤ ਪੂਜ ਸਨ ਅਤੇ ਮੈਂ ਭਾਵ ਗੁਰੂ ਨਾਨਕ ਦੇਵ ਜੀ ਬੁੱਤ ਸ਼ਿਕਨ ਹਨ। ਬੁੱਤ ਨਹੀਂ ਪੂਜਦੇ, ਸਗੋਂ ਬੁੱਤ ਤੋੜਦੇ ਹਾਂ ਅਤੇ ਅਕਾਲ ਪੁਰਖ ਦੀ ਸੁੰਦਰ ਕ੍ਰਿਤ ਨੂੰ ਉਸ ਨਾਲ ਜੋੜ ਦਿੰਦੇ ਹਾਂ। ਇਥੇ ਇਹ ਵੀ ਮਤਲਬ ਨਹੀਂ ਲੈਣਾ ਚਾਹੀਦਾ ਕਿ ਗੁਰੂ ਘਰ ਜਾਂ ਗੁਰੂ ਪਾਤਸ਼ਾਹ ਦਾ ਵੈਰ ਹਿੰਦੂਆਂ ਜਾਂ ਮੁਸਲਮਾਨਾਂ ਨਾਲ ਸੀ। ਉਨ੍ਹਾਂ ਦੀਆਂ ਸਾਰੀਆਂ ਜੰਗਾਂ ਆਦਰਸ਼ਾਂ ਲਈ ਸਨ। ਅਸੂਲਾਂ ਲਈ ਪਾਤਸ਼ਾਹ ਰੋੜਾਂ ਦੀ ਵਿਛਾਈ 'ਤੇ ਵੀ ਲੰਮੇ ਪਏ ਅਤੇ ਮਾਛੀਵਾੜੇ ਵਿਖੇ ਸੂਲਾਂ ਦੀ ਸੇਜ਼ ਉੱਤੇ ਵੀ ਵਿਸ਼ਰਾਮ ਕੀਤਾ। ਜਿਨ੍ਹਾਂ ਪਹਾੜੀ ਰਾਜਿਆਂ ਨਾਲ ਪਾਤਸ਼ਾਹ ਦੀ ਪਹਿਲੀ ਜੰਗ ਹੋਈ ਸੀ। ਉਸ ਬਾਰੇ ਮਹਾਰਾਜ ਨੇ ਖੁਦ ਲਿਖਿਆ ਹੈ ਕਿ ਇਹ ਰਾਜੇ ਈਰਖਾ ਕਰ ਕੇ ਮੇਰੇ ਨਾਲ ਲੜ ਰਹੇ ਹਨ।

*"ਲੋਹ ਪਰਾ ਹਮ ਸਿਉ ਬਿਨੁ ਕਾਜਾ॥"*

*(ਬਚਿਤ੍ਰ ਨਾਟਕ ਅਧਿ. ੮ ਪੰਨਾ ੬੦)*

ਦਾ ਜ਼ਿਕਰ ਗੁਰੂ ਸਾਹਿਬਾਂ ਨੇ ਵਿਸ਼ੇਸ਼ ਕਰ ਕੇ ਭੰਗਾਣੀ ਦੇ ਯੁੱਧ ਸਬੰਧੀ ਕੀਤਾ ਹੈ। ਖਾਲਸਾ ਅਕਾਲ ਪੁਰਖ ਦੀ ਫੌਜ ਹੈ। ਉਹ ਛਿੱਲੜਾਂ ਤੇ ਫੋਕਾਂ ਵਾਸਤੇ ਨਹੀਂ ਲੜਦੀ। ਉਹ ਬਾਦਸ਼ਾਹਾਂ ਵਾਸਤੇ ਨਹੀਂ ਲੜਦੀ। ਉਹ ਲੋਕਾਂ ਵਾਸਤੇ ਲੜਦੀ ਹੈ। ਉਹ ਮਹੱਲਾਂ ਦੀ ਰਾਖੀ ਵਾਸਤੇ ਨਹੀਂ ਲੜਦੀ। ਉਹ ਗਰੀਬਾਂ ਦੀਆਂ ਢੋਕਾਂ ਵਾਸਤੇ ਲੜਾਈ ਹੈ। ਸਾਰਾ ਇਤਿਹਾਸ ਇਨ੍ਹਾਂ ਲਿਸ਼ਕਵੀਆਂ ਤੇ ਚਮਕਦਾਰ ਘਟਨਾਵਾਂ ਨਾਲ ਭਰਿਆ ਹੋਇਆ ਹੈ।

ਭੰਗਾਣੀ ਦਾ ਯੁੱਧ ਗੁਰੂ ਮਹਾਰਾਜ ਨੇ ਪਹਾੜੀ ਰਾਜਿਆਂ ਦੇ ਵਿਰੁੱਧ ਕੀਤਾ। ਜਦੋਂ ਔਰੰਗਜ਼ੇਬ ਦਾ ਵੱਡਾ ਪੁੱਤਰ ਸ਼ਾਹਜ਼ਾਦਾ ਮੁਅੱਜ਼ਮ ਖਿਰਾਜ਼ ਵਾਸਤੇ ਪਹਾੜੀ ਰਾਜਿਆਂ 'ਤੇ ਚੜ੍ਹਾਈ ਕਰ ਕੇ ਆਇਆ, ਤਾਂ ਨਦੌਣ ਦਾ ਯੁੱਧ ਮਹਾਰਾਜ ਨੇ ਪਹਾੜੀ ਰਾਜਿਆਂ ਦੀ ਬੇਨਤੀ ਉੱਤੇ ਉਨ੍ਹਾਂ ਵੱਲੋਂ ਹੋ ਕੇ ਮੁਅਜ਼ਮ ਦੇ ਵਿਰੁੱਧ ਲੜਿਆ ਤੇ ਉਸ ਨੂੰ ਭਾਂਜ ਦਿੱਤੀ। ਮਹਾਰਾਜ ਨੇ ਉਸ ਯੁੱਧ ਦੀ ਜਿੱਤ ਮਗਰੋਂ ਮਾਲ, ਧਨ, ਪੈਸਾ, ਔਜ਼ਾਰ, ਹਥਿਆਰ, ਔਰਤ ਆਦਿ ਨੂੰ ਆਪਣੀ ਸੇਵਾ ਵਿੱਚ ਨਹੀਂ ਲਿਆ। (ਭਾਵੇਂ ਮੁਅੱਜ਼ਮ ਦੀ ਬੇਗਮ ਨੂੰ ਪਕੜ ਕੇ ਮਹਾਰਾਜ ਦੇ ਸਾਹਮਣੇ ਪੇਸ਼ ਕੀਤਾ)। ਜ਼ਮੀਨ, ਕੋਈ ਇਲਾਕਾ, ਕਲਗੀਆਂ ਵਾਲੇ ਨੇ ਆਪਣੇ ਜ਼ੇਰ (ਮਤਹਿਤ) ਨਹੀਂ ਕੀਤਾ। ਯਾਦ ਰਹੇ ਦੁਨੀਆਂ ਦੀਆਂ ਸਾਰੀਆਂ ਲੜਾਈਆਂ ਜ਼ਰ, ਜ਼ੋਰੂ, ਜ਼ਮੀਨ ਵਾਸਤੇ ਹੋਈਆਂ ਹਨ। ਧਨ, ਦੌਲਤ, ਔਰਤ, ਇਲਾਕੇ ਤੇ ਸਲਤਨਤ ਵਾਸਤੇ। ਗੁਰੂ-ਘਰ ਤੇ ਗੁਰੂ ਕੇ ਸਿੱਖ ਅਕਾਲ ਪੁਰਖ ਦਾ ਇਕ ਛਤਰ ਰਾਜ ਮੰਨਦੇ ਹਨ, ਪਰ ਇਸਤਰੀ, ਧੀ ਭੈਣ ਵਖਾਣਦੇ ਹਨ ਅਤੇ ਆਪਣੀ ਕਮਾਈ ਸਾਰਿਆਂ ਵਿੱਚ ਵੰਡ ਕੇ ਛਕਦੇ ਹਨ। ਮੇਰਾ ਭਾਵ ਇਥੇ ਇਹ ਕਹਿਣ ਤੋਂ ਹੈ ਕਿ ਪੰਥ ਦੀਆਂ ਸਾਰੀਆਂ ਲੜਾਈਆਂ ਅਸੂਲਾਂ ਵਾਸਤੇ ਹਨ। ਸੱਚ, ਅਣਖ, ਪ੍ਰੇਮ ਤੇ ਅਜ਼ਾਦੀ ਵਾਸਤੇ। ਇਹ ਸਭ ਕੁਝ ਆਪਣੇ ਪਾਸ ਹੁੰਦਿਆਂ ਇਤਨਾ ਅਮੀਰ ਵਿਰਸਾ ਕਿ ਪਿਉ, ਦਾਦੇ ਦਾ ਅਨਮੋਲ ਖ਼ਜ਼ਾਨਾ ਹੋਣ ਦੇ ਬਾਵਜੂਦ ਅਸੀਂ ਹਟੋ-ਹੱਟ ਕਿਉਂ ਵਿੱਕ

ਰਹੇ ਹਾਂ? ਕੀ ਅਸੀਂ ਸਾਕਤਾਂ ਦੇ ਅਸਰ ਹੇਠ ਹਾਂ ਜਾਂ ਅਸੀਂ ਸਾਕਤ ਬਣਦੇ ਜਾ ਰਹੇ ਹਾਂ? ਗੁਰੂ ਪਾਤਸ਼ਾਹ ਕਿਰਪਾ ਕਰ ਕੇ ਗੁਰਸਿੱਖਾਂ ਦਾ ਮੇਲ ਕਰੇ ਤੇ ਸਾਧ-ਸੰਗਤ ਦਾ ਸੰਗ ਪ੍ਰਾਪਤ ਹੋਵੇ। ਸਾਧ-ਸੰਗਤ ਵਿੱਚ ਗੁਰੂ ਦੇ ਹਜ਼ੂਰ ਬੈਠ ਕੇ ਸਾਨੂੰ ਪਤਾ ਲੱਗ ਜਾਏਗਾ ਕਿ ਬੁੱਤ-ਪੂਜਾ ਦਾ ਇੱਥੇ ਕੋਈ ਸਥਾਨ ਨਹੀਂ।

ਸਿਤਮ ਦੀ ਗੱਲ ਤਾਂ ਇਹ ਹੈ ਕਿ ਜਿਸ ਥਾਂ ਉੱਤੇ ਖੁੱਲ੍ਹੇ ਆਕਾਸ਼ ਦੇ ਥੱਲੇ ਲੱਗੇ ਬੋਰਡ 'ਤੇ ਇਹ ਗੱਲ ਲਿਖੀ ਹੋਈ ਹੈ ਕਿ ਜ਼ਫ਼ਰਨਾਮੇ ਦਾ ਵਿਚਾਰ ਪਾਤਸ਼ਾਹ ਦੇ ਹਿਰਦੇ ਵਿੱਚ ਇਥੇ ਉਤਪੰਨ ਹੋਇਆ ਹੈ। ਉਸੇ ਬੋਰਡ ਦੇ ਬਿਲਕੁਲ ਨਾਲ ਭਾਈ ਦਇਆ ਸਿੰਘ ਦਾ ਬੁੱਤ ਲਾਇਆ ਹੋਇਆ। ਜ਼ਫ਼ਰਨਾਮਾ ਇਹ ਹੈ ਕਿ ਉਹ ਬੁੱਤ ਮੰਨਦੇ ਨੇ ਮੈਂ ਬੁੱਤ ਭੰਨਦਾ ਹਾਂ। ਕੀ ਆਉਣ ਵਾਲੀ ਸਿੱਖ ਪੀੜ੍ਹੀ ਇਸ ਜਬਰ ਨੂੰ ਬਰਦਾਸ਼ਤ ਕਰ ਸਕੇਗੀ? ਕੀ ਉਹ ਇਥੇ ਗੁਆਚ ਕੇ ਨਹੀਂ ਰਹਿ ਜਾਏਗੀ? ਕੀ ਉਹ ਬੁੱਤਾਂ ਤੋਂ ਗੁਰਮਤਿ ਸਿਞਾਣ ਸਕੇਗੀ? ਕੀ ਉਹ ਇਹਨਾਂ ਬੇਧਿਆਨੀਆਂ ਵਿੱਚ ਕੀਤੀਆਂ ਹੋਈਆਂ ਇਨ੍ਹਾਂ ਅਣਗਹਿਲੀਆਂ ਤੇ ਖਰਮਸਤੀਆਂ ਨੂੰ ਝੱਲ ਕੇ ਸੱਚ ਤੇ ਝੂਠ ਨੂੰ ਨਿਖੇੜ ਸਕੇਗੀ? ਕੀ ਇਹ ਪੱਥਰ ਮੱਤ ਵਿਚਲੇ ਰਤਨ, ਜਵਾਹਰ, ਮਾਣਕਾਂ ਨੂੰ ਪ੍ਰਗਟ ਹੋਣ ਦੇਣਗੇ? ਇਹ ਸਭ ਫਿਕਰ ਕਰਨ ਦੀ ਲੋੜ ਹੈ। ਅੱਗਾ ਸੰਵਾਰਨ ਦੀ ਲੋੜ ਹੈ। ਗੱਲ ਦੀ ਦਲਦਲ ਵਿੱਚ ਫਸ ਕੇ ਗੱਲ ਨਹੀਂ ਬਣੇਗੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਚੰਗੀ ਤਰ੍ਹਾਂ ਇਸ ਸਿਧਾਂਤ ਉੱਤੇ ਉਪਦੇਸ਼ ਦਿੱਤੇ ਹਨ ਅਤੇ ਨਿਰਦੇਸ਼ ਦਿੱਤਾ ਹੈ ਕਿ ਨਿਰੰਕਾਰ ਦੇ ਦੇਸ਼ 'ਸਾਨੂੰ ਦੁਬਿਧਾ ਤੇ ਦੁਚਿਤਾਪਨ' ਕਦੀ ਨਹੀਂ ਜਾਣ ਦਏਗਾ! ਭਾਵੇਂ ਅਸੀਂ ਹੱਠ ਤੇ ਭੱਠ ਪਏ ਆਪਣੀ ਜਾਨ ਕਿਉਂ ਨਾ ਦੇ ਦਈਏ!

ਗੁਰਮਤਿ ਵਿੱਚ ਤਾਂ *"ਸਹਜੇ ਹੀ ਹਰਿ ਨਾਮੁ ਲੇਹੁ ਹਰਿ ਤਤੁ ਨ ਖੋਈਐ ॥"** ਦਾ ਸਿਧਾਂਤ ਹੈ। ਕਬੀਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਫਰਮਾਉਂਦੇ ਹਨ ਕਿ ਵਿਚਾਰੀ ਮਾਲਣੀ ਭੁੱਲੀ ਹੋਈ ਹੈ। ਸਾਫ ਸੰਕੇਤ ਹੈ ਕਿ ਅੱਜ ਗੁਰਸਿੱਖ ਫੁਲਵਾੜੀ ਦੇ ਰਾਖੇ ਭੁੱਲ ਪਏ ਹਨ। ਉਨ੍ਹਾਂ ਨੂੰ ਯਾਦ ਨਹੀਂ ਰਿਹਾ ਹੁੰਦਾ ਕਿ ਸਤਿਗੁਰੂ ਜਾਗਤਾ ਦੇਵ ਹੈ। ਉਹ ਬੁੱਤਾਂ ਵਿੱਚ ਨਹੀਂ:

*ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ॥*
*ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ ॥੧॥*
*ਭੂਲੀ ਮਾਲਨੀ ਹੈ ਏਉ ॥*
*ਸਤਿਗੁਰੁ ਜਾਗਤਾ ਹੈ ਦੇਉ ॥੧॥ (ਪੰਨਾ ੪੭੯)*

ਇਹ ਬਾਗ ਜਿਸ ਦੀ ਸਿੰਞਾਈ ਸ਼ਹੀਦਾਂ ਨੇ ਖੂਨ ਨਾਲ ਕੀਤੀ ਸੀ। ਉਹ ਉਸੇ ਬਾਗ ਵਿੱਚ ਸ਼ਹੀਦਾਂ ਦੇ ਬੁੱਤ ਰੱਖ ਰਹੇ ਹਨ। ਹੁਕਮ ਹੈ ਮਾਲਣ ਪੱਤੀਆਂ ਤੋੜ-ਤੋੜ ਕੇ ਲਿਆਉਂਦੀ ਹੈ, ਬੁੱਤ ਪੂਜਣ ਦੇ ਲਈ। ਜਿਨ੍ਹਾਂ ਬੁੱਤਾਂ ਨੂੰ ਪੂਜਣਾ ਹੈ, ਉਹ ਨਿਜਿੰਦ ਹਨ, ਨਿਰਜਾਨ ਹਨ। ਕਿਆ ਬਾਉਰਾਪਨ ਹੈ! ਕਿਤਨੀ ਨਾਦਾਨ ਹੈ!

**ਵਾਰ ਵਡਹੰਸ ਮਹਲਾ ੪, ਪੰਨਾ ੫੮੭*

ਅਸੀਂ ਕਿਧਰ ਗੁਆਚਦੇ ਜਾ ਰਹੇ ਹਾਂ! ਸਾਨੂੰ ਇਹ ਸਮਝ ਨਹੀਂ ਆ ਰਹੀ ਕਿ ਪੂਜਾ ਅਕਾਲ ਕੀ ਹੈ। ਪੂਜਾ ਨਿਰੰਕਾਰ ਦੀ ਹੈ। ਸ਼ਹੀਦਾਂ ਦਾ ਤਾਂ ਸਤਿਕਾਰ ਹੈ। ਬੇਅੰਤ ਸਤਿਕਾਰ। ਉਨ੍ਹਾਂ ਤੋਂ ਅਸੀਂ ਵਾਰਨੇ ਜਾਂਦੇ ਹਾਂ। ਉਨ੍ਹਾਂ ਕੁਰਬਾਨ ਹੋਣ ਵਾਲਿਆਂ ਤੋਂ ਕੁਰਬਾਨ ਹੋ-ਹੋ ਜਾਂਦੇ ਹਾਂ। ਉਨ੍ਹਾਂ ਸ਼ਹੀਦਾਂ ਨੇ ਵੀ ਸ਼ਕਤੀ ਨਿਰੰਕਾਰ ਤੋਂ ਲਈ ਸੀ। ਸਾਡੇ ਵਿੱਚ ਵੀ ਸ਼ਕਤੀ ਨਿਰੰਕਾਰ ਹੈ। ਉਹ ਸ਼ਕਤੀ ਉਨ੍ਹਾਂ ਦੇ ਸ਼ਕਤੀਸ਼ਾਲੀ ਕਾਰਨਾਮਿਆਂ ਨਾਲ ਛੂਹ ਕੇ ਸਾਡੇ ਕੋਲ ਆਉਂਦੀ ਹੈ, ਤਾਂ ਉਹ ਹੋਰ ਚਮਕਦਾਰ ਹੋ ਜਾਂਦੀ ਹੈ। ਨਜ਼ਰੀ ਦਿੱਸ ਆਉਣ ਲੱਗਦੀ ਹੈ। ਜਿਸ ਤਰ੍ਹਾਂ ਸ਼ੀਸ਼ੇ ਅੱਗੇ ਰੱਖਿਆ ਸ਼ੀਸ਼ਾ ਅਨੰਤ ਤੇ ਅਣਗਿਣਤ ਮੂਰਤਾਂ ਬਣਾਉਂਦਾ ਹੈ! ਇਨਫਿਨਟੀ ਤੱਕ। ਬੇਅੰਤਤਾ ਤੱਕ, ਜਾਂ ਇੰਜ ਕਹੀਏ ਕਿ ਜਦੋਂ ਅਸੀਂ ਪ੍ਰੀਜ਼ਮ ਵਿੱਚੋਂ ਰੋਸ਼ਨੀ ਲੰਘਾਉਂਦੇ ਹਾਂ, ਤਾਂ ਉਸ ਦੇ ਸੱਤੇ ਰੰਗ, ਸਭੇ ਰੰਗ ਸਾਨੂੰ ਨਜ਼ਰ ਆਉਂਦੇ ਹਨ। ਚਾਨਣ ਦੀ ਜੋਤ ਦੀ ਨਿਰਾਲੀ ਛੱਬ ਸਾਨੂੰ ਵਿਸਮਾਦੀ ਦਿਸ਼ਾ ਵਿੱਚ ਲੈ ਜਾਂਦੀ ਹੈ। ਜਿੱਥੇ ਕਿ ਸਿੱਖ ਨੇ ਪੂਜਣਾ ਹੈ :

*ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ॥*
*ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ॥੨॥*

*(ਪੰਨਾ ੪੭੯)*

ਗੁਰਬਾਣੀ ਕਿਸ ਤਰ੍ਹਾਂ ਇਕ ਡਾਲੀ ਵਿੱਚੋਂ ਸਾਨੂੰ ਨਿਰੰਕਾਰ ਦੇ ਦਰਸ਼ਨ ਕਰਾ ਰਹੀ ਹੈ। ਅਸੀਂ ਕਮਅਕਲ ਫਿਰ ਅਕਾਰ ਵੱਲ ਭੱਜਦੇ ਹਾਂ। ਮਿਥਿਹਾਸ ਵਿੱਚ ਜਗਤ ਨੂੰ ਚਲਾਉਣ ਵਾਲੇ ਤਿੰਨ ਦੇਵਤੇ ਹਨ। ਐਸਾ ਹੀ ਬਹੁਤ ਲੋਕਾਂ ਨੇ ਮੰਨਿਆ ਹੋਇਆ ਹੈ। ਬ੍ਰਹਮਾ ਸੰਸਾਰ ਨੂੰ ਪੈਦਾ ਕਰਦਾ ਹੈ। ਵਿਸ਼ਨੂੰ ਮਹਾਰਾਜ ਪਾਲਦੇ-ਪੋਸਦੇ ਹਨ ਤੇ ਸ਼ੰਕਰ ਮਹਾਰਾਜ ਵਿਨਾਸ਼ ਕਰਦੇ ਹਨ। ਇਕ ਡਾਲੀ ਦੇ ਸੰਦਰਭ ਵਿੱਚ ਪੱਤੀਆਂ ਖੁਰਾਕ ਪੈਦਾ ਕਰਦੀਆਂ ਹਨ। ਡਾਲੀਆਂ ਉਸ ਖੁਰਾਕ ਦਾ ਸੰਚਾਰ, ਬੂਟੇ ਦੇ ਅੰਗ-ਅੰਗ ਲਈ ਕਰਦੀਆਂ ਹਨ। ਸਾਰੇ ਅੰਗ ਨਮੋ ਨੁਮਾ ਪਾ ਕੇ ਫੁੱਲ ਨੂੰ ਜਨਮ ਦਿੰਦੇ ਹਨ। ਫੁੱਲ ਆਪਣੇ-ਆਪ ਨੂੰ ਖ਼ਤਮ ਕਰ ਕੇ ਰੂਪ ਬਦਲ ਫੁੱਲ ਤੋਂ ਫਲ ਅਤੇ ਫਲ ਤੋਂ ਬੀਜ ਬਣ ਜਾਂਦਾ ਹੈ। ਬੀਜ ਤੋਂ ਮੁੜ ਨਵਾਂ ਬੂਟਾ। ਇਹ ਚੱਕਰ ਬਿਨਾਂ ਰੋਕ ਟੋਕ ਅਰੋਕ ਚਲਦਾ ਹੈ। ਨਿਰੰਕਾਰ ਖੁਦ ਚਲਾਉਂਦਾ ਹੈ। ਉਸੇ ਹੀ ਨਿਰੰਕਾਰ ਦੀ ਪੂਜਾ ਹੈ। ਬੇਸਮਝ ਮਾਲਣ ਸਾਰੀ ਡਾਲੀ ਨੂੰ ਤੋੜ ਕੇ ਭਾਵ ਤਿੰਨੇ ਮੁੱਖ ਦੇਵਤਿਆਂ ਨੂੰ ਤਰੋੜ-ਮਰੋੜ ਕੇ ਪੱਥਰ ਦੀ ਭੇਟ ਚੜ੍ਹਾ ਦਿੰਦੀ ਹੈ। ਕੀ ਅਸੀਂ ਵੀ ਐਸਾ ਹੀ ਕਰਨ ਜਾ ਰਹੇ ਹਾਂ? ਸਭ ਕੁਝ ਤੋੜ-ਮੋੜ ਕੇ ਬੁੱਤਾਂ ਨੂੰ ਰੂਪਮਾਨ ਕਰ ਰਹੇ ਹਾਂ। ਇਸ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ। ਇਹ ਗੁਰਮਤਿ ਤੋਂ ਉਲਟ ਪੁੱਠੇ ਪਾਸੇ ਚੁੱਕਿਆ ਹੋਇਆ ਇਕ ਵਿਨਾਸ਼ਕਾਰੀ ਕਦਮ ਹੈ। ਪਹਿਲਾਂ ਸਿੱਖ ਲੀਡਰਾਂ ਦੇ ਬੁੱਤ ਲਾਏ ਗਏ ਤੇ ਅੱਜ ਇਤਿਹਾਸਕ ਵਿਅਕਤੀਆਂ ਦੇ ਬੁੱਤ ਲੱਗ ਰਹੇ ਹਨ। ਕਲ੍ਹ ਕੋਈ ਉਠੇਗਾ ਤੇ ਗੁਰੂ ਸਾਹਿਬਾਨ ਦੇ ਬੁੱਤ ਲਾ ਕੇ ਆਪਣੇ-ਆਪ ਨੂੰ ਗੁਰਮਤਿ ਦਾ ਸੇਵਾਦਾਰ ਸਫਲ ਮੰਨੇਗਾ।

ਇਸੇ ਉਪਰ ਲਿਖਤ ਸ਼ਬਦ ਵਿੱਚ ਅੱਗੇ ਜਾ ਕੇ ਮੂਰਤੀ ਪੂਜਾ ਦੇ ਭਰਮ ਤੋਂ ਮੁਕਤ ਕਰਨ ਲਈ ਸ੍ਰੀ ਕਬੀਰ ਸਾਹਿਬ ਜੀ ਨੇ ਸਵਿਸਥਾਰ ਦਲੀਲਾਂ ਦੇ ਕੇ ਸਮਝਾਇਆ ਹੈ। ਭਗਤ ਨਾਮਦੇਵ ਜੀ ਤੇ ਭਗਤ ਧੰਨਾ ਜੀ ਦੀ ਉਦਾਹਰਣ ਬੁੱਤ ਦੀ ਪੂਜਾ ਸਬੰਧੀ ਦੇਣ ਤੋਂ ਬੜੇ-ਬੜੇ ਵਿਦਵਾਨ ਤੇ ਗਿਆਨੀ ਨਹੀਂ ਉੱਕਦੇ। ਜਦ ਕਿ ਇਹ ਗੱਲ ਬੜੀ ਸਪਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਉਨ੍ਹਾਂ ਪਵਿੱਤਰ ਰੂਹਾਂ ਦੀ ਰਚਿਤ ਬਾਣੀ ਹੀ ਦਰਜ਼ ਕੀਤੀ ਗਈ ਹੈ। ਜੋ ਇਕ ਪਾਰਬ੍ਰਹਮ ਨਿਰੰਕਾਰ ਦੇ ਪੁਜਾਰੀ ਸਨ। ਕਿਤਨੇ ਕਵੀਆਂ, ਮਹਾਂਪੁਰਸ਼ਾਂ, ਸੂਫੀਆਂ ਅਤੇ ਬੁੱਤ-ਪੂਜਕਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਇਸੇ ਹੀ ਕਾਰਨ ਦਰਜ਼ ਨਹੀਂ ਕੀਤੀ ਗਈ ਕਿ ਉਹ ਉਨ੍ਹਾਂ ਮਹਾਨ ਸਿਧਾਂਤਾਂ ਦਾ ਉਲੰਘਣ ਕਰਦੇ ਸਨ। ਜੋ ਗੁਰਮਤਿ ਨੂੰ ਪ੍ਰਵਾਨ ਨਹੀਂ, ਜਿਵੇਂ ਇਸਤਰੀ ਨਿੰਦਾ, ਹਉਮੈ, ਆਪਣੀ ਉਸਤਤ ਵਰਗੇ ਅਤੇ ਹੋਰ ਬਿਆਨ ਜੋ ਉਨ੍ਹਾਂ ਸੰਤਾਂ ਆਦਿ ਦੀ ਬਾਣੀ ਵਿੱਚ ਸਨ। ਗੁਰੂ ਗ੍ਰੰਥ ਸਾਹਿਬ ਵਿੱਚ ਭਗਤ ਨਾਮਦੇਵ ਜੀ ਦੇ ਭੈਰਉ ਰਾਗ ਵਿੱਚ ਦਰਜ ਤੀਜੇ ਸ਼ਬਦ ਅੰਦਰ ਜੋ ਵਿਚਾਰ ਦਿੱਤਾ ਹੈ। ਉਸ ਨੂੰ ਅਸੀਂ ਬੜੇ ਅਰਾਮ ਨਾਲ ਪੱਥਰ ਪੂਜਣ ਦੀ ਕਹਾਣੀ ਨਾਲ ਬਿਆਨ ਕਰ ਦਿੱਤਾ ਹੈ। ਇਹ ਬੜੀ ਨੁਕਸਾਨਦੇਹ ਅਣਗਹਿਲੀ ਹੈ। ਗੁਰੂ ਮਹਾਰਾਜ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਹੈ ਕਿ ਗੁਰਬਾਣੀ ਦੇ ਅਰਥ ਗੁਰਸਿੱਖਾਂ ਪਾਸੋਂ ਕਰਾਏ ਜਾਣ। ਇਹ ਪਾਤਸ਼ਾਹ ਦੇ ਸਿਖਰਲੇ ੫੨ ਬਚਨਾਂ ਵਿੱਚ ਹੁਕਮ ਹੈ। ਜਿਸ ਦਾ ਭਾਵ ਇਹ ਹੈ ਕਿ ਅਰਥ ਕਰਨ ਵਾਲਾ ਪਹਿਲਾਂ ਭਲੀ ਪ੍ਰਕਾਰ ਗੁਰਮਤਿ ਸਿਧਾਂਤਾਂ ਤੋਂ ਜਾਣੂੰ ਹੋਵੇ ਤੇ ਗੁਰੂ ਇਤਿਹਾਸ ਦਾ ਜਾਣੂੰ ਹੋਵੇ। ਗੁਰਬਾਣੀ ਤੋਂ ਹੀ ਗੁਰਬਾਣੀ ਦੀ ਸੋਝੀ ਆਉਂਦੀ ਹੈ। ਗੁਰਬਾਣੀ ਬ੍ਰਹਮ ਸਰੂਪ ਹੈ। ਬ੍ਰਹਮ ਖੁਦ ਬੋਲਦਾ ਨਹੀਂ ਹੈ। ਜਿਵੇਂ ਕੁਦਰਤ ਖੁਦ ਬੋਲਦੀ ਨਹੀਂ ਪਰ ਉਸ ਨੇ ਆਪਣੇ ਕੁਝ ਸਿਧਾਂਤ ਬਣਾਏ ਹੋਏ ਹਨ ਪਰ ਉਨ੍ਹਾਂ ਦੇ ਸੁਚੱਜੇ ਪਾਲਣ ਕਾਰਨ ਸਾਰਾ ਜਗਤ ਪਲ ਰਿਹਾ ਹੈ। ਜਦੋਂ ਅਸੀਂ ਉਨ੍ਹਾਂ ਦੀ ਪਾਲਣਾ ਨਹੀਂ ਕਰਦੇ, ਆਪਣੀ ਚਤੁਰਾਈ ਤੋਂ ਘਾਲਣਾ ਵਿੱਚ ਗਲਤਾਨ ਹੋ ਕੇ ਉਲੰਘਣ ਕਰਦੇ ਹਾਂ, ਤਾਂ ਫਿਰ ਕੁਦਰਤ ਕਰੋਪਵਾਨ ਹੋ ਜਾਂਦੀ ਹੈ। ਇਹੀ ਸਭ ਕੁਝ ਅੱਜ ਦੇ ਜਗਤ ਵਿੱਚ ਹੋ ਰਿਹਾ ਹੈ। ਕੁਦਰਤ ਦਾ ਰੱਜ ਕੇ ਨਿਰਾਦਰ ਕੀਤਾ ਗਿਆ। ਹੁਣ ਸਾਰੇ ਸਿਆਣੇ ਅੰਞਾਣੇ ਬਾਲਾਂ ਵਾਂਗ ਰੋਣ ਲੱਗੇ ਹੋਏ ਹਨ। ਦੁਨੀਆਂ ਬਚਾਉ ਜੰਗਲ ਵਧਾਉ। ਏਡਜ਼ ਫੈਲ ਰਹੀ ਹੈ। ਤੰਬਾਕੂ ਨਾ ਪੀਉ। ਗਰੀਨ ਹਾਊਸ ਪ੍ਰਭਾਵ ਨੂੰ ਠਲ੍ਹ ਪਾਓ। ਓਜੋਨ ਪਰਤ ਫੱਟ ਰਹੀ ਹੈ। ਭਾਵ ਅਸੀਂ ਨਿਰਾਦਰ ਕਰ ਕੇ ਕੁਦਰਤ ਵੱਲੋਂ ਆਪਣੇ ਉੱਤੇ ਬਚਾਅ ਰੂਪੀ ਓੜੀ ਹੋਈ ਚਾਦਰ ਨੂੰ ਫਾੜ ਬੈਠੇ ਹਾਂ। ਬਿਲਕੁਲ ਇਸੇ ਹੀ ਤਰ੍ਹਾਂ ਐਨ ਕੁਦਰਤ ਵਾਂਗ ਗੁਰਬਾਣੀ ਹੈ। ਬ੍ਰਹਮ ਸਰੂਪ ਬਾਣੀ। ਇਸ ਦੇ ਅਰਥ ਵੀ ਗੁਰਮਤਿ ਦੁਆਰਾ ਦਿੱਤੇ ਨਿਯਮਾਂ ਦੁਆਰਾ ਹੀ ਕਰਨੇ ਹਨ। ਗੁਰਮਤਿ ਨੂੰ ਬੁੱਤ ਪੂਜਾ ਮਨਜ਼ੂਰ ਨਹੀਂ। ਅਸੀਂ ਬੁੱਤ ਪੂਜਾ ਕਰਦੇ ਵੀ ਹਾਂ ਅਤੇ ਇਹ ਵੀ ਸਾਬਤ ਕਰਨ ਦਾ ਯਤਨ ਕਰਦੇ ਹਾਂ ਕਿ ਗੁਰਮਤਿ ਜਾਂ ਗੁਰੂ ਗ੍ਰੰਥ ਸਾਹਿਬ ਵਿੱਚ ਬੁੱਤ ਪੂਜਕਾਂ ਦੀ ਮਹਿਮਾ ਹੈ। ਇਹੀ ਗੱਲ ਅਸੀਂ ਭਗਤ ਨਾਮਦੇਵ ਜੀ ਤੇ ਭਗਤ ਨਾਮਦੇਵ ਜੀ ਦੀ ਬਾਣੀ ਦੀਆਂ ਦੋ

ਟੂਕਾਂ ਦੇ ਕੇ ਸਮਝਾਉਣ ਦਾ ਯਤਨ ਕਰਦੇ ਹਨ।

ਇਥੇ ਉਸ ਸ਼ਬਦ ਦੇ ਅਰਥ ਲਿਖਣ ਦਾ ਯਤਨ ਅਸੀਂ ਆਪਣੀ ਤੁੱਛ ਬੁੱਧੀ ਅਨੁਸਾਰ ਕਰਾਂਗੇ। ਭਗਤ ਜੀ ਫਰਮਾਉਂਦੇ ਹਨ ਕਿ ਕਟੋਰਾ ਦੁੱਧ ਦਾ ਭਰਿਆ ਹੋਇਆ ਹੈ। ਗੜਵੇ ਵਿੱਚ ਪਾਣੀ ਹੈ। ਭਗਤ ਜੀ ਦੇ ਪਿਤਾ ਜੀ ਭਗਤ ਜੀ ਨੂੰ, ਠਾਕੁਰ ਨੂੰ ਭੋਗ ਲਵਾਉਣ ਸਬੰਧੀ ਕਹਿ ਕੇ ਚਲੇ ਗਏ ਤੇ ਠਾਕੁਰ ਨੇ ਦੁੱਧ ਪੀ ਲਿਆ। ਭਗਤ ਜੀ ਵੀ ਖੁਸ਼ ਤੇ ਭਗਤ ਜੀ ਦੇ ਪਿਤਾ ਜੀ ਵੀ ਖੁਸ਼। ਗੁਰਬਾਣੀ ਕਥਾ ਕਹਾਣੀ ਨਹੀਂ ਹੈ। ਇਸ ਗੱਲ ਦਾ ਵਿਸਥਾਰ ਪੂਰਵਕ ਆਦੇਸ਼ ਗੁਰੂ ਗ੍ਰੰਥ ਸਾਹਿਬ ਵਿੱਚ ਵਿੱਚ ਵੀਹ ਵਾਰ ਤੋਂ ਵੱਧ ਦਿੱਤਾ ਹੈ। ਕੀ ਇਹ ਧੁਰ ਦੀ ਬਾਣੀ ਹੈ? ਗੁਰ ਕੀ ਬਾਣੀ ਹੈ। ਉਰ ਕੀ ਬਾਣੀ ਹੈ। ਨਿਰੰਕਾਰ ਦੀ ਬਾਣੀ ਹੈ। ਇਹ ਆਤਮਾ ਦੀਆਂ ਵਾਹਿਗੁਰੂ ਦੇ ਨਾਲ ਗੱਲਾਂ ਹਨ। ਪ੍ਰਭੂ ਦੀ ਮਿੱਠੀ ਭਾਸ਼ਾ ਹੈ। ਉਹ ਭਾਸ਼ਾ ਜਿਹਦੇ ਨਾਲ ਭਗਤ ਸੰਗ ਗੋਸ਼ਟ ਕਰਦਾ ਹੈ ਜਾਂ ਉਹ ਬੋਲੀ ਜੋ ਸੁਣ ਕੇ ਵਾਹਿਗੁਰੂ ਆਪਣੇ ਪਿਆਰੇ ਨੂੰ ਖੁਦ ਪਿਆਰ ਕਰਨ ਲੱਗ ਪੈਂਦਾ ਹੈ।

ਦੁੱਧ ਇਕ ਕਟੋਰੀ ਵਿੱਚ ਹੈ, ਜੋ ਸੋਨੇ ਦੀ ਬਣੀ ਹੋਈ ਹੈ। ਪਾਣੀ ਗੜਵੇ ਵਿੱਚ ਹੈ:

*ਦੂਧੁ ਕਟੋਰੈ ਗਡਵੈ ਪਾਨੀ॥ ਕਪਲ ਗਾਇ ਨਾਮੈ ਦੁਹਿ ਆਨੀ॥੧॥*
*ਦੂਧੁ ਪੀਉ ਗੋਬਿੰਦੇ ਰਾਇ॥ ਦੂਧੁ ਪੀਉ ਮੇਰੋ ਮਨੁ ਪਤੀਆਇ॥*
*ਨਾਹੀ ਤ ਘਰ ਕੋ ਬਾਪੁ ਰਿਸਾਇ॥੧॥*

*(ਪੰਨਾ ੧੧੬੩)*

ਇਹ ਗੱਲ ਸਾਫ਼ ਤੇ ਸਪਸ਼ਟ ਹੈ ਅਤੇ ਗੁਰੂ ਗ੍ਰੰਥ ਸਾਹਿਬ ਵਿੱਚ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਬਿਆਨ ਕੀਤੀ ਗਈ ਹੈ ਕਿ ਇਹ ਸਰੀਰ ਪਾਣੀ ਹੈ। ਗੁਰੂ ਨਾਨਕ ਦੇਵ ਜੀ ਦਾ ਹੁਕਮ ਹੈ :

*'ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭ ਕੋਇ॥'*

ਪਾਣੀ ਤੋਂ ਹੀ ਜੀਵਨ ਚਲਿਆ ਹੈ। ਗੁਰੂ ਨਾਨਕ ਦੇਵ ਜੀ ਦਾ ਆਪਣਾ ਇਕ ਸ੍ਰੀ ਰਾਗ ਅੰਦਰ ਹੋਰ ਹੁਕਮ ਹੈ ਕਿ ਨਿਰੰਕਾਰ ਵਾਹਿਗੁਰੂ ਤੋਂ ਪਵਨ ਰੂਪ ਭਾਵ ਗੈਸੀ ਸ਼ਕਲ ਵਿੱਚ ਉਪਜ ਪ੍ਰਾਰੰਭ ਹੋਈ। ਉਸ ਪਵਨ ਤੋਂ ਜਲ ਜਹੂਰ ਵਿੱਚ ਆਇਆ। ਜਲ ਤੋਂ ਸਾਰਾ ਤ੍ਰਿਭਵਣ ਸਿਰਜਿਆ ਗਿਆ। ਉਹੀ ਜਲ ਇਸ ਸਰੀਰ ਅੰਦਰ ਹੈ:

*ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥*
*ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥*

*(ਪੰਨਾ ੧੯)*

ਹੋਰ ਵੀ ਬੇਅੰਤ ਹੁਕਮ ਇਸ ਪ੍ਰਕਾਰ ਦੇ ਹਨ ਕਿ ਇਹ ਸਰੀਰ ਸ਼ੁਭ ਜਲ ਹੈ। ਬਹੁਤ ਖੂਬਸੂਰਤ ਹੁਕਮ ਹੈ 'ਸਾਗਰੁ ਪੰਡੈ ਪਾਇਆ' ਭਾਵ ਸਰੀਰ ਇਕ ਪੰਡ

ਵਿੱਚ ਬੰਨ੍ਹਿਆ ਪਾਣੀ ਹੈ। ਇਥੇ ਸਾਗਰ ਪਿੰਡੇ ਪਾਇਆ ਨਹੀਂ ਲਿਖਿਆ। ਲਿਖਿਆ ਹੈ ਸਾਗਰ ਪੰਡੇ ਪਾਇਆ। ਗੱਲ ਸਮਝਣ ਵਾਲੀ ਹੈ ਕਿ ਇਹ ਸਰੀਰ ਗੜਵੇ ਦੀ ਨਿਆਈਂ ਹਾਂ। ਇਸ ਸਰੀਰ ਨੂੰ ਨਸ਼ਵਰ ਬਿਆਨ ਕਰਦਿਆਂ ਬਹੁਤ ਵਾਰੀ, ਘਟ, ਘੜਾ, ਮਟਕੀ, ਮਟਕਾ ਆਦਿ ਲਿਖਿਆ ਹੋਇਆ ਹੈ। 'ਜਲ ਕੀ ਭੀਤਿ ਪਵਨ ਕਾ ਥੰਭਾ' ਇਸੇ ਹੀ ਭਾਵਨਾ ਦਾ ਲਖਾਇਕ ਹੈ। ਤਾਂ ਫਿਰ ਸਾਨੂੰ ਭਗਤ ਨਾਮਦੇਵ ਜੀ ਦਾ ਗੜਵਾ ਠਾਕੁਰ ਨੂੰ ਨ੍ਹਵਾਉਣ ਵਾਲਾ ਗੜਵਾ ਕਿਉਂ ਲਗਦਾ ਹੈ! ਇਹ ਸਾਨੂੰ ਜੇ ਸਰੀਰ ਰੂਪ ਦਿੱਸ ਆਏ ਤਾਂ ਅਸੀਂ ਗੁਰਮਤਿ ਦੇ ਨੇੜੇ-ਨੇੜੇ ਵਿਚਰਨ ਲੱਗ ਜਾਵਾਂਗੇ ਤੇ ਦੁਰਮਤਿ ਦੁਬਿਧਾ ਤੋਂ ਦੂਰ-ਦੂਰ ਹੋ ਜਾਵਾਂਗੇ।

ਜਿਸ ਤਰ੍ਹਾਂ ਗੜਵੇ ਦੇ ਉੱਤੇ ਸੋਨੇ ਦੀ ਕਟੋਰੀ ਹੈ ਤੇ ਉਸ ਵਿੱਚ ਦੁੱਧ। ਬਿਲਕੁਲ ਇਸੇ ਤਰ੍ਹਾਂ ਸਰੀਰ ਦੇ ਉੱਤੇ ਸਭ ਤੋਂ ਉੱਤੇ ਸਿਰ ਹੈ। ਸਿਰ ਦੇ ਸਭ ਤੋਂ ਉਤਲੇ ਹਿੱਸੇ ਵਿੱਚ ਦਿਮਾਗ ਹੈ। ਬੁੱਧ ਹੈ। ਇਸ ਬੁੱਧ ਨੂੰ ਬੜੀ ਵਾਰੀ ਆਮ ਭਾਸ਼ਾ ਵਿੱਚ ਵੀ ਇਸ ਨੂੰ ਬਿਆਨ ਕਰਦਿਆਂ ਆਖਦੇ ਹਨ ਕਿ ਜੀ ਦੁੱਧ ਤੇ ਬੁੱਧ ਫੁਟਦਿਆਂ ਦੇਰ ਨਹੀਂ ਲਗਦੀ। ਭਾਵ ਬੁੱਧ ਦੁੱਧ ਹੈ। ਇਸ ਬੁੱਧ ਨੂੰ ਗੁਰਮਤਿ ਦਾ ਧਾਰਨੀ ਕੁਬੁੱਧ ਨਹੀਂ ਬਣਨ ਦਿੰਦਾ। ਜੇ ਬੁੱਧ ਕੁਬੁੱਧ ਜਾਏ ਤਾਂ ਉਹ ਡੂੰਮਣੀ'ਹੈ। ਡਾਇਣ ਹੈ। ਕੁਲੱਛਣੀ ਹੈ। ਕੁਲਹਿਣੀ ਹੈ। ਅਜਿਹਾ ਹੁਕਮ ਗੁਰੂ ਨਾਨਕ ਸਾਹਿਬ ਨੇ ਕੀਤਾ ਹੈ। 'ਕੁਬੁਧਿ ਡੂਮਣੀ ਕੁਦਇਆ...॥' ਚੰਗੀ ਬੁਧ ਚੰਗੇ ਜ਼ਰੀਏ ਤੋਂ ਪੈਦਾ ਹੁੰਦੀ ਹੈ। ਮਾੜੇ ਬੰਦਿਆਂ ਤੋਂ ਹਾਸਲ ਕੀਤੀ ਹੋਈ ਵਸਤੂ ਚੰਗੇਰੀ ਨਹੀਂ ਹੋ ਸਕਦੀ। ਇਸੇ ਹੀ ਤਰ੍ਹਾਂ ਨਿਰੰਕਾਰ ਤੇ ਅਕਾਲ ਨੂੰ ਸਿਆਨਣ ਲਈ ਬੁੱਧੀ ਚੰਗੇ ਜ਼ਰੀਏ ਤੋਂ ਹੀ ਹਾਸਲ ਹੁੰਦੀ ਹੈ। ਇਸੇ ਹੀ ਕਾਰਨ ਐਸਾ ਬੁੱਧ ਰੂਪੀ ਦੁੱਧ ਭਗਤ ਜੀ ਕਪਿਲ ਗਾਂ ਤੋਂ ਪ੍ਰਾਪਤ ਕੀਤਾ ਹੋਇਆ ਦਸਦੇ ਹਨ। ਕਪਿਲ ਗਾਂ ਵਿਸ਼ੇਸ਼ ਕਿਸਮ ਦੀ ਗਾਂ ਦੱਸੀ ਜਾਂਦੀ ਹੈ।

ਆਪਣੀ ਇਸ ਸਵੱਛ ਬੁੱਧੀ ਨੂੰ ਗੁਰਸਿੱਖ ਨੇ ਵਾਹਿਗੁਰੂ ਦੇ ਅਰਪਿਤ ਕਰਨਾ ਹੈ। ਉਸ ਦੇ ਹਵਾਲੇ ਕਰਨਾ ਹੈ। ਅਜਿਹਾ ਕਰਨ ਤੋਂ ਬਾਅਦ ਦੁਬਿਧਾ ਮੁੱਕ ਜਾਏਗੀ। ਕਲੇਸ਼ ਖਤਮ ਹੋ ਜਾਣਗੇ। ਸਭ ਭਲਾ ਭਲਾ ਲੱਗੇਗਾ ਤੇ ਸਰਬੱਤ ਦੇ ਭਲੇ ਦੀ ਭਾਵਨਾ ਅੰਦਰ ਜਾਗੇਗੀ। ਕੁਪੱਤ ਤੇ ਕੁਸੱਤ ਮੁੱਕ ਜਾਏਗਾ। ਬੁੱਧੀ ਹੀ ਤਾਂ ਸਾਰੀਆਂ ਪੁੱਠੀਆਂ ਵਿਉਂਤਾ ਬਣਾਉਂਦੀ ਹੈ। ਬੱਸ ਇਸ ਨੂੰ ਅਕਾਲ ਪੁਰਖ ਦੇ ਹਵਾਲੇ ਕਰਨਾ ਹੈ। ਫੇਰ ਇਹ ਬੁੱਧ ਸੋਨ ਸੁਨੱਖੀ, ਸਵੱਛ, ਉਤਮ ਤੇ ਸੁਮੱਤ ਰੂਪ ਹੋ ਜਾਏਗੀ। ਇਹੀ ਭਾਵਨਾ ਸਤਿਕਾਰਯੋਗ ਗੁਰੂਆਂ ਨੇ ਵੱਖ-ਵੱਖ ਅੱਖਰਾਂ ਤੇ ਵਿਧੀਆਂ ਨਾਲ ਬਿਆਨ ਕੀਤੀ ਹੈ। ਗੁਰੂ ਰਾਮਦਾਸ ਜੀ ਫਰਮਾਉਂਦੇ ਹਨ

*ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ ਹਮ ਵੇਚਿਓ ਸਿਰੁ ਗੁਰ ਕੇ॥*

*(ਪੰਨਾ ੭੩੧)*

ਅਤੇ

*ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ॥*

*(ਪੰਨਾ ੧੧੧੪)*

ਇਹੀ ਉਤਮ ਵਿਚਾਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਖਸ਼ਿਆ ਹੈ ਕਿ ਜਿਹੜਾ ਮੈਨੂੰ ਅਕਾਲ ਪੁਰਖ ਦੀ ਗੱਲ ਸੁਣਾਵੇ, ਉਸ ਨੂੰ ਮੈਂ ਆਪਣਾ ਸਿਰ ਵੱਢ ਕੇ ਦੇ ਦਿਆਂਗਾ। ਉਸ ਦਾ ਬੈਠਕਾਂ ਬਣਾ ਕੇ ਉਸ ਨੂੰ ਉੱਤੇ ਬਿਠਾਵਾਂਗਾ। ਫਿਰ ਬਿਨਾਂ ਸਿਰ ਉਸ ਸਤਿ ਸੱਜਣ ਦੀ ਸੇਵਾ ਕਰਾਂਗਾ। ਇਹ ਬੁੱਧ ਦਾ ਹੀ ਤਾਂ ਸਾਰਾ ਰੌਲਾ ਹੈ। ਹੰਕਾਰ ਵੀ ਇਸੇ ਵਿੱਚ ਹੈ। ਵਿਗੜਦੀ ਵੀ ਬੁੱਧੀ ਹੈ। ਖਰਾਬ ਵੀ ਦਿਮਾਗ ਹੁੰਦਾ ਹੈ। ਜਿਸ ਨੇ ਸਾਨੂੰ ਖਰਾਬ ਕਰਨਾ ਹੈ। ਖ਼ੂਨ-ਖ਼ਰਾਬਾ ਕਰਾਉਣਾ ਹੈ। ਉਸ ਨੂੰ ਬਾਬਾ ਜੀ ਦੇ ਹਵਾਲੇ ਕਰੀਏ। ਬਾਬਿਆਂ ਦੇ ਬਾਬੇ ਅਕਾਲ ਪੁਰਖ ਕੋਲ ਨਿਸ਼ੰਗ ਹੋ ਕੇ ਜਾਈਏ।

ਭਗਤ ਨਾਮਦੇਵ ਜੀ ਅਕਾਲ ਪੁਰਖ ਨੂੰ ਨਿਮਰਤਾ ਨਾਲ ਬੇਨਤੀ ਕਰਦੇ ਹਨ ਕਿ ਦਾਤਾ ਮੈਂ ਤੇਰੇ ਦਿੱਤੇ ਹੋਏ ਸਰੀਰ ਰੂਪੀ ਗੜਵੇ ਨੂੰ ਤੇਰੇ ਮੂਹਰੇ ਲਿਆ ਰੱਖਿਆ ਹੈ। ਤੇਰੇ ਹੁਕਮ ਵਿੱਚ ਆ ਗਿਆ ਹਾਂ। ਤੇਰੀ ਸ਼ਰਨ ਆ ਗਿਆ ਹਾਂ। ਇਸ ਸਰੀਰ ਵਿੱਚ ਸੋਨੇ ਰੂਪ ਜੋ ਉਤਮ ਬੁੱਧੀ ਹੈ ਜਿਹੜੀ ਇਸ ਗੜਵੇ ਰੂਪੀ ਸਰੀਰ ਉੱਪਰ ਟਿਕੀ ਹੋਈ ਹੈ, ਉਹ ਤੈਨੂੰ ਅਰਪਿਤ ਕਰਦਾ ਹਾਂ। ਹੇ ਮੇਰੇ ਗੋਬਿੰਦ ਰਾਇ ਜੀ! ਤੂੰ ਮੇਰੀ ਸੰਭਾਲਣਾ ਕਰ। ਮੇਰੀ ਬੁੱਧ ਅੰਦਰ ਤੇਰਾ ਨਿਵਾਸ ਹੋਵੇ। ਇਹ ਦੁੱਖ ਰੂਪੀ ਬੁੱਧੀ ਹਉਮੈ ਰੂਪੀ ਕਾਂਜੀ ਨਾਲ ਫਟੇ ਨਾ। ਜੇ ਤੁਸੀਂ ਐਸਾ ਕਰ ਦਿਓ, ਤਾਂ ਮੇਰਾ ਮਨ ਬਹੁਤ ਖੁਸ਼ ਹੋਵੇਗਾ, ਮੈਂ ਅਨੰਦ ਦੀ ਅਵਸਥਾ ਵਿੱਚ ਆ ਜਾਵਾਂਗਾ, ਜੇ ਤੁਸੀਂ ਐਸਾ ਨਹੀਂ ਕਰਦੇ, ਤਾਂ ਮੇਰੇ ਅੰਦਰ ਜੋ ਨਿਰੰਕਾਰ ਵਸਦਾ ਹੈ ਜੋ ਤੁਹਾਡੀ ਜੋਤ ਵਿਦਮਾਨ ਹੈ ਜੋ ਮੈਨੂੰ ਬਾਪ ਜਿਤਨੀ ਪਿਆਰੀ ਤੇ ਸਤਿਕਾਰਯੋਗ ਹੈ। ਉਹ ਨਰਾਜ਼ ਹੋ ਜਾਏਗਾ। ਮੇਰੇ ਅੰਦਰ ਵਾਲੀ ਜੋਤ ਮੇਰੇ ਨਾਲ ਰੁਸ ਜਾਏਗੀ। ਮੇਰੇ ਘਰ ਦਾ ਬਾਪੂ ਨਾਰਾਜ਼ ਹੋ ਜਾਏਗਾ। ਇਹੀ ਸ਼ਬਦ ਦਾ ਰਹਾਉ ਹੈ। ਇਹੀ ਨਿਚੋੜ ਤੇ ਨਿਸ਼ਕਰਸ਼ ਹੈ। ਇਸੇ ਨੂੰ ਹੀ ਭਲੀ ਪ੍ਰਕਾਰ ਵਿਚਾਰਨ ਦੀ ਲੋੜ ਹੈ। ਜੇ ਅਸੀਂ ਇਸ ਉਤਮ ਵਿਚਾਰ ਨੂੰ ਬੁੱਤ ਪੂਜਾ ਨਾਲ ਜੋੜ ਕੇ ਵਿਗਾੜ ਦਿਆਂਗੇ, ਤਾਂ ਸੱਚਮੁੱਚ ਸਾਡਾ ਬਾਪ 'ਮਾਧੋ ਧਨੀ' ਪ੍ਰਸੰਨ ਨਹੀਂ ਹੋਵੇਗਾ। ਜਦੋਂ ਬਾਪ ਖੁਸ਼ ਹੈ ਤਾਂ ਸਭ ਕੁਝ ਹੈ।

ਸਾਰੀਆਂ ਬਰਕਤਾਂ ਹਨ। ਇਸ ਭਾਵਨਾ ਦੇ ਬੇਅੰਤ ਵੀਚਾਰਸ਼ੀਲ ਹੁਕਮ ਗੁਰਬਾਣੀ ਵਿੱਚ ਮੌਜੂਦ ਹਨ, ਜਿਨ੍ਹਾਂ ਅੰਦਰ ਇਸ ਸਰੀਰ ਨੂੰ ਹਰਿਮੰਦਰ ਤੱਕ ਆਖਿਆ ਹੈ। ਜਿਸ ਅੰਮ੍ਰਿਤ ਨੂੰ 'ਸੁਰਿ ਨਰ ਮੁਨਿ ਜਨ ਖੋਜਦੇ' ਹਨ। ਉਹ ਇਸ ਦੇਹੀ ਅੰਦਰ ਮੌਜੂਦ ਹੈ। ਦੇਹੀ ਅੰਦਰ ਇਸ ਦਾ ਬਿਸਰਾਮ ਹੈ :

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥* *(ਪੰਨਾ ੨੯੩)*

ਅੰਮ੍ਰਿਤ ਬਹੁਤ ਸਾਰੇ ਪਵਿੱਤਰ ਅੱਖਰ ਦੇ ਨਾਲ ਗੁਰਬਾਣੀ ਵਿੱਚ ਆਇਆ ਹੈ। ਜਿਵੇਂ 'ਅੰਮ੍ਰਿਤ ਬਾਣੀ', 'ਅੰਮ੍ਰਿਤ ਦਾਤਾ', 'ਅੰਮ੍ਰਿਤ ਨਾਮ', 'ਅੰਮ੍ਰਿਤ ਸ਼ਬਦ', 'ਅੰਮ੍ਰਿਤ ਸਰੋਵਰ' ਤੇ 'ਅੰਮ੍ਰਿਤ ਰੂਪ' ਹੀ ਹਰਿ ਜੀ ਹਨ। ਉਸੇ ਅੰਮ੍ਰਿਤ ਦੇ ਦਾਤੇ ਵਾਹਿਗੁਰੂ ਨੂੰ ਪ੍ਰਸੰਨ ਕਰਨਾ ਹੈ ਨਾ ਕਿ ਕਿਸੇ ਠਾਕੁਰ ਦੀ ਮੂਰਤੀ ਨੂੰ।

ਭਗਤ ਜੀ ਇਸ ਸ਼ਬਦ ਵਿੱਚ ਅੱਗੇ ਜਾ ਕੇ ਗੁਰਮਤਿ ਦੇ ਰਹੱਸ ਨੂੰ ਹੋਰ

ਭਲੀ ਪ੍ਰਕਾਰ ਦ੍ਰਿਸ਼ਟਾਂਦੇ ਹਨ। ਉਸੇ ਮੂਲ ਭਾਵ ਨੂੰ ਫੜਨਾ ਹੈ ਨਾ ਕਿ ਐਵੇਂ ਕਹਾਣੀ ਜਿਹੀ ਜੋੜ ਕੇ ਇਸ ਅਤੀ ਉੱਤਮ ਵਿਚਾਰ ਨੂੰ ਬੇਕਾਰ ਕਰਨਾ ਹੈ :

*ਸੁਇਨ ਕਟੋਰੀ ਅੰਮ੍ਰਿਤ ਭਰੀ॥ ਲੈ ਨਾਮੈ ਹਰਿ ਆਗੈ ਧਰੀ॥੨॥*
*ਏਕੁ ਭਗਤੁ ਮੇਰੇ ਹਿਰਦੇ ਬਸੈ॥ ਨਾਮੇ ਦੇਖਿ ਨਰਾਇਨੁ ਹਸੈ॥੩॥*

*(ਪੰਨਾ ੧੧੬੩)*

ਸ੍ਰੀ ਨਾਮਦੇਵ ਜੀ ਨੇ ਅਕਾਲ ਪੁਰਖ ਦੀ ਕਿਰਪਾ ਨਾਲ ਬੁਧਿ ਨੂੰ ਅਹੰ-ਮੁਕਤ ਕਰ ਦਿੱਤਾ। ਬੁੱਧ ਸਵੱਛ ਹੋ ਗਈ, ਨਿੰਦਿਆ, ਚੁਗਲੀ, ਬਖੀਲੀ, ਤਕੱਬਰ, ਲੋਭ ਆਦਿ ਤੋਂ ਰਹਿਤ ਹੋਈ, ਇਸ ਸੁਧ-ਬੁੱਧ ਨੂੰ ਸ੍ਰੀ ਅਕਾਲ ਜੀ ਨੇ ਪ੍ਰਵਾਨ ਕੀਤਾ ਤੇ ਉਸ ਨੂੰ ਪਰਵਾਨ ਕਰਨ ਉਪਰੰਤ ਨਰਾਇਣ ਜੀ ਨੇ ਆਖਿਆ, ਏਹੋ ਜਿਹਾ ਭਗਤ ਮੇਰੇ ਹਿਰਦੇ ਵਿੱਚ ਵੱਸਣਯੋਗ ਹੈ। ਭਾਵ ਨਾਮਦੇਵ ਜੀ ਦਾ ਅਸਥਾਨ ਵਾਹਿਗੁਰੂ ਜੀ ਦੇ ਹਿਰਦੇ ਵਿੱਚ ਬਣ ਗਿਆ ਹੈ ਤੇ ਐਸੇ ਭਗਤ ਨੂੰ ਆਪਣੇ ਘਰ ਵਿੱਚ ਸਥਾਨ ਦੇ ਕੇ ਹਰਿ ਜੀ ਖੁਸ਼ ਹੋ ਰਹੇ ਹਨ। ਮੁਸਕ੍ਰਾ ਰਹੇ ਹਨ, ਹੱਸ ਰਹੇ ਹਨ। ਇਸ ਦੇ ਇਹ ਅਰਥ ਕਰਨੇ ਵਾਜਿਬ ਨਹੀਂ ਲਗਦੇ ਕਿ ਉਸ ਮੂਰਤੀ 'ਚੋਂ ਕਿਧਰੇ ਨਰਾਇਣ ਪ੍ਰਗਟ ਹੋਏ ਜਾਂ ਨਾਮਦੇਵ ਦੇ ਭੋਲੇਪਨ 'ਤੇ ਹੱਸ ਪਏ। ਦਰਅਸਲ ਬਾਤ ਇਹ ਜਚਦੀ ਹੈ ਕਿ ਵਾਹਿਗੁਰੂ ਦਾ ਹਿਰਦਾ ਨਾਮਦੇਵ ਜੀ ਦਾ ਘਰ ਬਣ ਗਿਆ।

ਅਜਿਹੀ ਭਾਵਨਾ ਵਿੱਚ ਇਕ ਵਾਰ ਤੋਂ ਵੱਧ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੱਖ-ਵੱਖ ਗੁਰੂ-ਵਿਅਕਤੀਆਂ ਦੇ ਮੁਖਾਰਬਿੰਦ ਤੋਂ ਵਿਅਕਤ ਕੀਤੀ ਗਈ ਹੈ। 'ਢਾਢੀ ਸਚੈ ਮਹਲਿ ਖਸਮਿ ਬੁਲਾਇਆ' ਢਾਡੀ ਵਾਹਿਗੁਰੂ ਪਾਸੋਂ ਉਸ ਦਾ ਦਰ ਘਰ ਮੰਗਦਾ ਹੈ ਤੇ ਵਾਹਿਗੁਰੂ ਪ੍ਰਸੰਨ ਹੋ ਕੇ ਨਿਮਰਤਾ ਸਰੂਪ ਆਪਣੇ ਮਹਿਲ ਵਿੱਚ ਬੁਲਾ ਲੈਂਦਾ ਹੈ।

ਜਦੋਂ ਇਹ ਹਾਲਤ ਬਣ ਜਾਂਦੀ ਹੈ ਕਿ ਉਦੋਂ ਹੋਰ ਕੁਝ ਮੰਗਣਾ ਹੀ ਭੁੱਲ ਜਾਂਦਾ ਹੈ। ਗੁਣ ਗਾਇਕ ਭਗਤ ਨੂੰ ਹੋਰ ਕੁਝ ਚੰਗਾ ਹੀ ਨਹੀਂ ਲੱਗਦਾ ਤੇ ਹੋਰ ਕੁਝ ਲੋੜ ਹੀ ਨਹੀਂ ਭਾਸਦੀ। ਇਥੇ ਸਾਨੂੰ ਭਗਤ ਦੀ ਪ੍ਰੀਭਾਸ਼ਾ ਗੁਰਬਾਣੀ ਵਿੱਚੋਂ ਹੀ ਲੱਭਣੀ ਚਾਹੀਦੀ ਹੈ। ਸਾਡੇ ਪਾਸ ਸ੍ਰੀ ਜਪੁ ਜੀ ਸਾਹਿਬ ਵਿੱਚ ਅਜਿਹਾ ਪਵਿੱਤਰ ਆਦੇਸ਼ ਮੌਜੂਦ ਹੈ ਕਿ ਭਗਤ ਕੀ ਹੈ? ਭਗਤ ਉਹ ਹੈ ਜੋ ਵਾਹਿਗੁਰੂ ਦੇ ਗੁਣਾਂ ਨੂੰ ਵਿਚਾਰਦਾ ਹੈ। ਇਹੀ ਉਸ ਦਾ ਗਿਆਨ ਤੇ ਇਸੇ ਤੋਂ ਉਹ ਗਿਆਨ ਪ੍ਰਾਪਤ ਕਰਦਾ ਹੈ :

*ਅਸੰਖ ਭਗਤ ਗੁਣ ਗਿਆਨ ਵੀਚਾਰ॥* *(ਪੰਨਾ ੪)*

ਭਗਤ ਹੈ ਹੀ ਉਹ ਜੋ ਵਾਹਿਗੁਰੂ ਦੇ, ਅਕਾਲ ਪੁਰਖ ਦੇ ਗੁਣਾਂ ਨੂੰ, ਨਿਰੰਕਾਰ ਦੇ ਗੁਣਾਂ ਨੂੰ ਵੀਚਾਰੇ। ਮੂਰਤੀ ਪੂਜਣ ਵਾਲਾ ਬੁੱਤ ਪੂਜ ਤਾਂ ਹੋ ਸਕਦਾ ਹੈ, ਭਗਤ ਨਹੀਂ। ਪਰ ਨਾਮਦੇਵ ਜੀ ਤਾਂ ਭਗਤ ਹਨ ਤੇ ਨਾਮਦੇਵ ਜੀ ਦੇ ਸਬੰਧ ਵਿੱਚ ਮੂਰਤੀ ਦੀ ਗੱਲ ਕਰਨੀ ਜਾਇਜ਼ ਨਹੀਂ ਤੇ ਫਿਰ ਅਸੀਂ ਮੂਰਤੀ ਤੇ ਮੂਰਤੀ ਪੂਜਾ ਕਿੱਥੋਂ ਲੈ ਆਂਦੀ? ਕੋਲੋਂ ਪਾਈ ਨਾ! ਰਲਾ ਨਹੀਂ ਪਾਉਣਾ ਚਾਹੀਦਾ।

ਗੁਰਮਤਿ ਇਕ ਟੇਕ ਹੈ, ਦੁਬਿਧਾ ਨਹੀਂ। ਬਿਲਕੁਲ ਐਸੀ ਹੀ ਭਾਵਨਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੁਕਮਾਂ 'ਚ ਭਲੀ ਪ੍ਰਕਾਰ ਪ੍ਰਕਾਸ਼ਮਾਨ ਹੈ। ਸਤਿਗੁਰੂ ਕਿਰਪਾ ਕਰਨ ਸਾਨੂੰ ਵੀ ਸ਼ੁੱਧ ਪ੍ਰਕਾਸ਼ ਬਖਸ਼ਣ। ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ:

*ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ॥*
*ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ॥੩॥*

*(ਪੰਨਾ ੩੬੦)*

ਗੱਲ ਇਹ ਹੈ ਕਿ ਜੋ ਗੁਰੂ ਦੀ ਦੱਸੀ ਹੋਈ ਵਿਧੀ ਅਨੁਸਾਰ ਗੁਰਸਿੱਖ ਚਲੇ, ਸਾਚੀ ਬਾਨੀ ਦਾ ਅੰਮ੍ਰਿਤਪਾਨ ਕਰੇ, ਤਾਂ ਉਹ ਪ੍ਰਵਾਨ ਹੋ ਜਾਏਗਾ। ਐਸਾ ਪ੍ਰਵਾਨ ਹੋਏਗਾ ਕਿ ਅਕਾਲ ਪੁਰਖ ਉਸ ਦੇ ਬੂਹੇ ਉੱਤੇ ਖੜ੍ਹਾ ਉਸ ਨੂੰ ਮਿਲੇਗਾ। ਮੂਰਤੀਆਂ ਨਾਲ ਸਿਰ ਫੋੜਨ ਜਾਂ ਟਕਰਾਉਣ ਦੀ ਕੋਈ ਵਿਧੀ ਗੁਰਮਤਿ ਨੇ ਨਹੀਂ ਦੱਸੀ। ਗੁਰੂ ਗ੍ਰੰਥ ਸਾਹਿਬ ਵਿੱਚ ਕਿਧਰੇ ਨਹੀਂ ਹੈ। ਗੁਰੂ ਹੀ ਸਾਨੂੰ ਇਸ ਤੋਂ ਬਚਾਏ। ਬਹੁਤਾ ਵਿਸਥਾਰ ਨਾ ਕਰਾਂ ਪਰ ਇਕ ਬੇਨਤੀ ਜ਼ਰੂਰ ਕਰਾਂਗਾ ਕਿ ਕਰਨਾ ਆਪ ਜੀ ਨੇ ਬੁੱਧ ਤੇ ਸੁਰਤ ਨੂੰ ਅਕਾਲ ਪੁਰਖ ਦੇ ਹਵਾਲੇ ਹੈ, ਉਦੋਂ ਅਵਸਥਾ ਇਹ ਹੋਵੇਗੀ ਕਿ ਭਗਤ ਕਬੀਰ ਸਾਹਿਬ ਦੇ ਹੁਕਮ ਅਨੁਸਾਰ ਮਨ ਪੁਕਾਰ ਉਠੇਗਾ :

*ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰੁ॥*

*(ਪੰਨਾ ੧੩੬੭)*

ਗੁਰੂ ਕਿਰਪਾ ਕਰ ਕੇ ਸਾਨੂੰ ਇਹ ਸੋਝੀ ਦੇਵੇ ਕਿ ਸਰੀਰ ਦੇ ਕਰਮ-ਕਾਂਡ ਦੀ ਜਾਂ ਬੁੱਤਾਂ ਦੇ ਪੂਜਣ ਦੀ ਗੱਲ ਨਹੀਂ ਹੈ।

ਇਹ ਸ਼ਬਦ ਵਿਸ਼ੇਸ਼ ਜਿਸ ਦੇ ਸੰਦਰਭ ਵਿੱਚ ਅਸੀਂ ਅੱਜ ਬਿਨੇਵੱਤ ਤੇ ਨਤਮਸਤਕ ਹਾਂ, ਉਸ ਵਿੱਚ ਅੱਖਰ ਭਗਤ ਸ੍ਰੀ ਨਾਮਦੇਵ ਜੀ ਨੇ ਵਰਤਿਆ ਹੈ। ਇਥੇ ਧਿਆਨ ਦੇਣ ਵਾਲੀ ਗੱਲ ਹੈ ਕਿ 'ਭਗਤ' ਸ਼ਬਦ ਨੂੰ ਔਂਕੜ' ਲੱਗੀ ਹੋਈ ਹੈ ਅਤੇ ਹੁਕਮ ਵਿੱਚ ਅੰਕਿਤ ਹੈ। 'ਏਕੁ ਭਗਤੁ ਮੇਰੇ ਹਿਰਦੇ ਬਸੈ' ਇਹ ਭਗਤ ਜੀ ਨਹੀਂ ਕਹਿ ਰਹੇ। ਇਹ ਨਾਰਾਇਣ ਕਹਿ ਰਹੇ ਹਨ। ਭਗਤ ਸ਼ਬਦ ਨੂੰ ਲੱਗੀ ਔਂਕੜ ਦਰਸਾਉਂਦੀ ਹੈ ਕਿ ਭਗਤ ਕਿਸੇ ਵਿਸ਼ੇਸ਼ ਭਗਤ ਵਾਸਤੇ ਲਿਖਿਆ ਹੈ। ਗੁਰਬਾਣੀ ਦਾ ਸਿਧਾਂਤ ਹੈ ਕਿ ਜਦ ਕਿਸੇ ਅੱਖਰ ਨੂੰ ਔਂਕੜ ਲੱਗ ਜਾਂਦੀ ਹੈ, ਤਾਂ ਉਹ ਸੰਗਿਆ ਬਣ ਜਾਂਦੀ ਹੈ। ਇਕ ਵਚਨ ਸੰਗਿਆ। ਅਜਿਹਾ ਬੇਅੰਤ ਅੱਖਰਾਂ ਨਾਲ ਬਹੁਤ ਵਾਰੀ ਆਇਆ ਹੈ। ਇਸ ਦਾ ਸਭ ਤੋਂ ਮੁੱਖ ਪ੍ਰਥਮ ਉਦਾਹਰਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਪਵਿੱਤਰ ਪੰਨੇ ਉੱਤੇ ਪ੍ਰਥਮ ਗੁਰੂ ਰਚਿਤ, ਪ੍ਰਥਮ ਬਾਣੀ ਦੇ ਸਿਰਲੇਖ ਵਜੋਂ ਆਇਆ ਹੈ। ਜਪੁ ਨੂੰ ਔਂਕੜ ਲੱਗੀ ਹੋਈ ਹੈ। ਜਿਸ ਦਾ ਭਾਵ ਹੈ ਇਕ ਵਚਨ ਸੰਗਿਆ। ਇਸ ਦਾ ਅਰਥ ਇਹ ਕਰਨ ਤੋਂ ਸੰਕੋਚ ਕਰਨਾ ਚਾਹੀਦਾ ਹੈ ਕਿ ਜਪੁ ਦਾ ਅਰਥ ਜਪੋ ਹੈ। ਤੁਸੀਂ ਜਪੋ ਜਾਂ ਮੈਂ ਜਪਾਂ, ਅਜਿਹਾ ਹੁਕਮ ਹੋਵੇਗਾ ਤਾਂ ਸ਼ਬਦ ਜੋੜ ਬਦਲ ਜਾਣਗੇ। ਇਹ ਸਪਸ਼ਟ ਹੈ ਕਿ ਜਪੁ ਦੇ ਸਿਰਲੇਖ ਹੇਠ ਗੁਰੂ ਨਾਨਕ ਦੇਵ ਜੀ ਗੁਰਸਿੱਖਾਂ ਦਾ ਮਾਰਗ ਦਰਸ਼ਨ ਕਰਦਿਆਂ

ਹੁਕਮ ਕਰ ਰਹੇ ਹਨ ਕਿ ਸਾਡਾ ਇਹ ਜਪ ਹੈ, ਇਸ ਨੂੰ ਦ੍ਰਿੜ੍ਹ ਕਰੀਏ, ਜੋ ਅਗਲੀਆਂ ਅਠੱਤੀ ਪਉੜੀਆਂ ਵਿੱਚ ਸਿਲਸਿਲੇਵਾਰ ਉਦਾਹਰਣਾਂ ਤੇ ਦ੍ਰਿਸ਼ਟਾਂਤਾਂ ਸਹਿਤ ਗੁਰਦੇਵ ਨੇ ਕੀਤਾ ਹੈ। ਸਾਡੇ ਅੱਜ-ਕਲ੍ਹ ਜਪੁ ਤੋਂ ਬਹੁਤਾ ਭਾਵ ਰਟਨ ਤੋਂ ਲਿਆ ਜਾ ਰਿਹਾ ਹੈ। ਗੁਰੂ ਪਾਤਸ਼ਾਹ ਤੇ ਗੁਰਮਤਿ ਨੂੰ ਐਸਾ ਪ੍ਰਵਾਨ ਨਹੀਂ। ਭਗਤ ਨਾਮਦੇਵ ਜੀ ਰਚਿਤ ਵੀਚਾਰ ਹੇਠ ਭੈਰਉਂ ਰਾਗ ਦੇ ਸ਼ਬਦ ਵਿੱਚ ਜਦ ਭਗਤ ਨੂੰ ਔਂਕੜ ਲਗਦੀ ਹੈ, ਤਾਂ ਭਗਤ ਦਾ ਭਾਵ ਭਗਤ ਨਾਮਦੇਵ ਜੀ ਹੈ। ਜੋ ਨਾਰਾਇਣ ਦੇ ਹਿਰਦੇ ਵਿੱਚ ਵੱਸ ਚੁੱਕੇ ਹਨ। ਅਸੀਂ ਇਥੇ ਹੋਰ ਵਿਸਥਾਰ ਨਹੀਂ ਲੈ ਸਕਾਂਗੇ ਕਿ ਕਿਸ ਪ੍ਰਕਾਰ ਇਕੋ ਹੀ ਅੱਖਰ ਨੂੰ ਮੁਕਤਾ ਔਂਕੜ ਜਾਂ ਸਿਹਾਰੀ ਲਿਖਣ ਨਾਲ ਅਰਥ ਕਿਵੇਂ ਤਬਦੀਲ ਹੁੰਦੇ ਹਨ। ਕੇਵਲ ਇਤਨੀ ਬੇਨਤੀ ਕਰਨੀ ਵਾਜਿਬ ਹੋਵੇਗੀ ਕਿ ਨਾਮਦੇਵ ਜੀ ਇਹ ਕਹਿ ਰਹੇ ਹਨ ਕਿ ਮੇਰੇ ਮਨ ਵਿੱਚ ਭਗਤੀ ਵਸ ਗਈ ਹੈ ਤਾਂ 'ਭਗਤ' ਨੂੰ ਬਿਹਾਰੀ ਲੱਗੀ ਹੁੰਦੀ ਹੈ।

ਇਸ ਭਾਵਨਾ ਦੀਆਂ ਦੋ ਟੂਕਾਂ ਮੈਂ ਖੋਜੀ ਗੁਰਮੁਖਾਂ ਦੀ ਸੇਵਾ ਵਿੱਚ ਇਥੇ ਅੰਕਤ ਕਰ ਕੇ ਗੁਰੂ ਪਿਤਾ ਦਾ ਧੰਨਵਾਦ ਕਰਦਾ ਹਾਂ, ਜਿਵੇਂ :

*ਭਗਤਿ ਦਾਨੁ ਭਗਤਾ ਕਉ ਦੀਨਾ*
*ਹਰਿ ਨਾਨਕੁ ਜਾਚੈ ਮਾਈ॥੨੧॥*

*(ਪੰਨਾ ੯੧੬)*

*ਭਗਤਿ ਬਿਹੂਨਾ ਜਗੁ ਬਉਰਾਨਾ॥* *(ਪੰਨਾ ੯੩੧)*
*ਭਗਤਿ ਭਾਇ ਆਤਮ ਪਰਗਾਸ॥* *(ਪੰਨਾ ੨੮੮)*
*ਭਗਤਿ ਰਤੇ ਤਿਨ੍ ਸਚੀ ਸੋਇ॥* *(ਪੰਨਾ ੩੬੫)*

ਏਹੋ ਜਿਹੇ ਹੋਰ ਸ਼ਬਦਾਂ ਵਿੱਚ ਸਿਹਾਰੀ ਲੱਗਣ ਨਾਲ ਭਗਤਿ ਦਾ ਅਰਥ ਬਣਿਆ ਹੈ ਭਗਤੀ।

ਪਹਿਲੀ ਉਧਰਿਤ ਤੁਕ ਵਿੱਚ 'ਭਗਤਿ ਦਾਨ' ਦਾ ਭਾਵ ਹੈ, ਭਗਤੀ ਦਾ ਦਾਨ। ਦੂਜੀ ਉਧਰਿਤ ਤੁਕ ਵਿੱਚ ਭਗਤਿ ਬਿਹੂਨਾ ਦਾ ਭਾਵ ਹੈ, ਭਗਤੀ ਤੋਂ ਬਗੈਰ। ਤੀਜੀ ਤੁਕ 'ਭਗਤਿ ਭਾਇ' ਵਿੱਚ ਅਰਥ ਬਣਦਾ ਹੈ, ਭਗਤੀ ਦੀ ਭਾਵਨਾ ਨਾਲ। ਚੌਥੀ ਤੁਕ ਵਿੱਚ ਭਗਤ ਰਤੇ ਦਾ ਭਾਵ ਹੈ, ਭਗਤੀ ਨਾਲ ਰੰਗੇ ਹੋਏ। ਉਤਲੀਆਂ ਚੌਹਾਂ ਤੁਕਾਂ ਵਿੱਚ ਭਗਤਿ ਨਾਲ ਲੱਗੀ ਸਿਹਾਰੀ ਇਕ ਸਹਾਇਕ ਅੱਖਰ ਦਾ ਕੰਮ ਕਰਦੀ ਹੈ। ਜਿਵੇਂ ਪਹਿਲੀ ਵਿੱਚ ਭਗਤੀ ਦਾ ਦਾਨ, ਦੂਜੀ ਵਿੱਚ ਭਗਤੀ ਤੋਂ, ਤੀਜੀ ਵਿੱਚ ਭਗਤੀ ਦੀ, ਚੌਥੀ ਵਿੱਚ ਭਗਤੀ ਨਾਲ। ਸੋ ਗੱਲ ਸਪਸ਼ਟ ਹੋਈ ਕਿ ਸਿਹਾਰੀ ਦਾ ਆਪਣਾ ਵਿਸ਼ੇਸ਼ ਕਾਰਜ ਹੈ ਤੇ ਔਂਕੜ ਦਾ ਆਪਣਾ। ਔਂਕੜ ਨੇ ਭਗਤ ਨੂੰ ਸੰਗਿਆ ਬਣਾ ਦਿੱਤਾ ਤੇ ਅਰਥ ਭਗਤ ਨਾਮਦੇਵ ਜੀ ਵੱਲ ਸੰਕੇਤ ਕਰਦਾ ਹੈ।

ਭਗਤ ਨਾਮਦੇਵ ਜੀ ਉਪਰੋਕਤ ਲਿਖਤ ਸ਼ਬਦ ਵਿੱਚ ਬੁੱਧ ਦੇ ਵਾਹਿਗੁਰੂ ਨੂੰ

ਸਮਰਪਿਤ ਕਰ ਦੇਣ ਮਗਰੋਂ ਪ੍ਰਾਪਤ ਹੋਈ ਅਸਵਥਾ ਦਾ ਜ਼ਿਕਰ ਕਰਦਿਆਂ ਕਹਿੰਦੇ ਹਨ ਕਿ ਹੁਣ ਮੈਂ ਆਪਣੇ ਆਪ ਦੇ ਅੰਦਰ ਆ ਗਿਆ ਹਾਂ। ਬੁੱਧੀ ਜੋ ਚਤੁਰਾਈਆਂ ਕਰਦੀ ਹੈ। ਉਹੀ ਸਹੀ ਥਾਂ 'ਤੇ ਅੱਪੜ ਗਈ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਸਾਰਾ ਸਰੀਰ ਮਿੱਟੀ ਦਾ ਹੈ। ਉਸ ਵਿੱਚ ਪਾਈ ਜੁਗਤ ਅਕਾਲ ਪੁਰਖ ਦੀ ਹੈ ਅਤੇ ਉਸ ਦੁਆਰਾ ਦਿੱਤੀ ਗਈ ਬੁੱਧੀ ਚੰਚਲਤਾ ਤੇ ਚਪਲਤਾ ਦੀਆਂ ਖੇਡਾਂ ਖੇਡਦੀ ਰਹਿੰਦੀ ਹੈ। ਇਸ ਨੂੰ ਕਾਬੂ ਕਰਨਾ ਹੈ। ਵਾਹਿਗੁਰੂ ਨੇ ਇਹ ਪ੍ਰਵਾਨ ਕਰ ਲਈ। ਇਸ ਪ੍ਰਕਾਰ ਨਾਮੇ ਨੂੰ ਬੜਾ ਚੰਗਾ ਲੱਗਾ ਅਤੇ ਹਰਿ ਜੀ ਦਾ ਦਰਸ਼ਨ ਮਨ ਨੂੰ 'ਭਾਇਆ'। ਕਿੱਸਾ ਘੜਨ ਵਾਲੇ ਤੇ ਕਹਾਣੀ ਘੜਨ ਵਾਲੇ ਆਖਦੇ ਹਨ, ਨਾਮਦੇਵ ਜੀ ਠਾਕੁਰ ਨੂੰ ਦੁੱਧ ਪਿਆ ਕੇ ਆਪਣੇ ਘਰ ਆ ਗਏ ਤੇ ਨਾਲ ਹੀ ਦੱਸਦੇ ਹਨ ਕਿ ਠਾਕੁਰ ਦੀ ਮੂਰਤੀ ਘਰ ਪਈ ਸੀ ਤੇ ਘਰ ਦੇ ਬਾਪ ਨੇ ਹੀ ਇਹ ਗੱਲ ਸਮਝਾਈ ਕਿ ਇਹ ਘੜੀ ਕਹਾਣੀ ਜਦ ਵਿਚਾਰ ਦੇ ਅੱਡੇ ਚੜ੍ਹੀ, ਤਾਂ ਇਸ ਦਾ ਕਥਾਨਕ ਹੀ ਢਿੱਲਾ ਪਿੱਲਾ ਨਿਕਲਿਆ। ਗੱਲ ਕੀ ਬਣੀ? ਆਮ ਤੌਰ 'ਤੇ ਅਸੀਂ ਇਹ ਵੀ ਸੁਣਦੇ ਹਾਂ, "ਨਾਮੇ ਹਰਿ ਕਾ ਦਰਸਨੁ ਭਇਆ।" ਦਰਅਸਲ ਭਾਵਨਾ ਇਹ ਹੈ ਕਿ ਸੁੱਧ ਬੁੱਧ 'ਤੇ ਸਮਰਪਿਤ ਹੋ ਕੇ ਅਕਾਲ ਪੁਰਖ ਵਾਹਿਗੁਰੂ ਨੂੰ ਪੂਜੀਏ, ਤਾਂ ਭਗਤ ਦੇ ਦਿਲ ਵਿੱਚ ਅਸਥਾਨ ਪਾਉਂਦਾ ਹੈ ਤੇ ਹਰੀ ਨੂੰ ਇਹ ਚੰਗਾ-ਚੰਗਾ ਲੱਗਦਾ ਹੈ ਤੇ ਮਨ ਨੂੰ ਭਾਉਂਦਾ ਹੈ।

ਇਕ ਹੋਰ ਬੜੀ ਧਿਆਨ ਆਕਰਸ਼ਿਤ ਕਰਨ ਵਾਲੀ ਗੱਲ ਹੈ ਕਿ ਇਸ ਸ਼ਬਦ ਵਿੱਚ ਭਗਤ ਜੀ ਨੇ ਹਰੀ ਦੇ ਤਿੰਨ ਨਾਵਾਂ ਦਾ ਪ੍ਰਯੋਗ ਕੀਤਾ ਹੈ-1 ਹਰੀ, 2 ਗੋਬਿੰਦ ਰਾਏ, 3 ਨਾਰਾਇਣ। ਹਰੀ ਤੇ ਨਾਰਾਇਣ ਤਾਂ ਨਰਪਿਤ ਨਿਰੰਕਾਰ ਹੈ। ਇਸੇ ਨਾਰਾਇਣ ਦਾ ਸਿਮਰਨ ਤੇ ਪੂਜਾ ਨਾਰਦ ਜੀ ਆਪਣੇ ਇਕਤਾਰੇ ਦੀ ਧੁਨ ਉੱਤੇ ਇਕ ਮਨ ਇਕ ਚਿੱਤ ਹੋ ਕੇ, ਤਿੰਨਾਂ ਲੋਕਾਂ ਵਿੱਚ ਗੁੰਜਾਈ ਜਾਂਦੇ ਹਨ। ਨਾਰਦ ਜੀ ਬ੍ਰਹਮਾ, ਬਿਸ਼ਨ, ਮਹੇਸ਼ ਸਭ ਨੂੰ ਮਿਲਦੇ ਹਨ ਪਰ ਮੁਖੋਂ ਉਚਾਰਣ ਨਾਰਾਇਣ; ਨਾਰਾਇਣ; ਨਾਰਾਇਣ ਹੀ ਕਰਦੇ ਹਨ। ਇਸੇ ਸੰਬੰਧ ਵਿੱਚ ਗੁਰਬਾਣੀ ਦਾ ਪਾਵਨ ਹੁਕਮ ਹੈ ਕਿ *'ਭਗਤਿ ਨਾਰਦੀ ਰਿਦੈ ਨ ਆਈ'* ਨਾਰਦ ਜੀ ਦੀ ਭਗਤੀ ਪ੍ਰਵਾਨ ਹੈ ਕਿਉਂ ਕਿ ਉਹ ਨਾਰਾਇਣ ਦੀ ਹੈ। ਗੁਰਮਤਿ ਵੀ ਇਸੇ ਦਾ ਸਤਿਕਾਰ ਕਰਦੀ ਹੈ, ਤਾਂ ਹੀ ਉਨ੍ਹਾਂ ਦਾ ਜ਼ਿਕਰ ਸਤਿਕਾਰ ਨਾਲ ਲਿਆ ਗਿਆ ਹੈ। ਖਾਲਸਾ ਉਤਦ੍ਰਿਸ਼ਟ ਮੱਤ ਵਾਲਾ ਗੁਰਮਤਿ ਦਾ ਧਾਰਨੀ ਉਤਮ ਪ੍ਰਕਿਰਤੀ ਦਾ ਉਤਦ੍ਰਿਸ਼ਟ ਜੀਵਨ ਹੈ। ਉਸ ਨੇ ਆਪ ਨਿਰਣੈ ਕਰਨਾ ਹੈ ਕਿ ਗੁਰਮਤਿ ਦੀ ਵਿਧੀ ਆਦੇਸ਼ ਤੇ ਉਪਦੇਸ਼ ਦੀ ਹੈ। ਇਥੇ ਮੂਰਤੀ ਪੂਜਾ ਦਾ ਕੋਈ ਕੰਮ ਨਹੀਂ।

ਦੂਜਾ ਬਹੁਤਾ ਜ਼ਿਕਰ ਧੰਨਾ ਭਗਤ ਜੀ ਦੇ ਪੱਥਰ ਪੂਜਣ ਦਾ ਸੁਣਿਆ ਤੇ ਸੁਣਾਇਆ ਜਾਂਦਾ ਹੈ ਅਤੇ ਨਾਲ ਹੀ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚੋਂ ਉਦਾਹਰਣ ਦੇ ਕੇ ਕਥਾਕਾਰ ਆਪਣੇ ਕਥਨ ਦੀ ਪੁਸ਼ਟੀ ਕਰਦੇ ਹਨ। ਮੈਂ ਇਥੇ ਉਸ ਵਿਵਾਦ ਨੂੰ ਨਹੀਂ ਛੇੜਨਾ ਚਾਹੁੰਦਾ। ਉਸ ਸੰਬੰਧੀ ਸਨਿਮਰ ਬੇਨਤੀ ਹੀ ਹੈ ਕਿ ਭਾਈ ਸਾਹਿਬ ਜਰੀ ਦੇ ਕਥਨ ਦਾ ਉਦਾਹਰਣ ਦੇ ਕੇ ਮੂਰਤੀ ਪੂਜਾ ਦੇ ਰੁਝਾਨ

ਦੇ ਕੁਰਹਿਤ ਉੱਤੇ ਜ਼ੋਰ ਦੇਣਾ ਭਾਈ ਸਾਹਿਬ ਜੀ ਦਾ ਨਿਰਾਦਰ ਹੈ । ਗੁਮਰਤਿ ਦਾ ਨਿਰਾਦਾਰ ਤਾਂ ਹੈ ਹੀ। ਭਾਈ ਸਾਹਿਬ ਭਾਈ ਗੁਰਦਾਸ ਜੀ ਗੁਰਮਤਿ ਦੇ ਸਰਬ-ਸ੍ਰੇਸ਼ਟ ਤੇ ਪ੍ਰਥਮ ਵਿਆਖਿਆਕਾਰ ਹਨ । ਉਹ ਹਰ ਪ੍ਰਕਾਰ ਨਾਲ ਗੁਰੂ ਘਰ ਸੰਗ ਜੁੜੇ ਹੋਏ ਹਨ। ਰਿਸ਼ਤੇ ਸਾਕ ਨਾਲ, ਭਗਤੀ ਨਾਲ, ਦ੍ਰਿੜ੍ਹਤਾ ਨਾਲ ਤੇ ਵਿਸ਼ਵਾਸ ਨਾਲ। ਉਨ੍ਹਾਂ ਨੇ ਗੁਰੂ ਦਾ ਇਤਨਾ ਨੇੜ ਮਾਣਿਆ ਕਿ ਪੁਸ਼ਤਾਂ ਤਕ ਢਾਲਿਆ। ਉਹ ਮੂਰਤੀ ਪੂਜਾ ਦੀ ਪੁਸ਼ਤ-ਪਨਾਹੀ ਨਹੀਂ ਕਰ ਸਕਦਾ। ਉਨ੍ਹਾਂ ਨੇ ਜੋ ਉਦਾਹਰਣ ਨਾਮਦੇਵ ਜੀ ਦੀ ਅਤੇ ਭਗਤ ਧੰਨਾ ਜੀ ਦੇ ਸੰਬੰਧ ਵਿੱਚ ਦਿੱਤੇ ਹਨ, ਉਹ ਸੰਦਰਭ ਵਜੋਂ ਹਨ ਅਤੇ ਲੋਕਾਂ ਦੀ ਭਾਸ਼ਾ ਵਿੱਚ ਲੋਕਾਂ ਨੂੰ ਗੁਰੂ ਘਰ ਦੀ ਰਹਿਸ ਭਰੀ ਰਮਝ ਸਮਝਾਈ ਹੈ। ਸਤਿਗੁਰੂ ਪਾਤਸ਼ਾਹ ਨੇ ਗੁਰਬਾਣੀ ਅੰਦਰ ਸਤਿਗੁਰੂ ਤਰੇਤ, ਦੁਆਪਰ ਦੇ ਬੀਤੇ ਜੁੱਗਾਂ ਵਿੱਚ ਹੋਏ ਭਗਤਾਂ, ਸੰਤਾਂ, ਮਹੰਤਾਂ, ਰਿਸ਼ੀਆਂ, ਮੁਨੀਆਂ, ਸੇਵਕਾਂ ਆਦਿ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਉਦਾਹਰਣ ਦੇ ਸੰਦਰਭ ਵਜੋਂ ਕੀਤਾ ਹੈ ਪਰ ਨਿਸ਼ਕਰਸ਼ ਨਿਰੰਕਾਰ ਅਕਾਲ ਪੁਰਖ ਨੂੰ ਪੂਜਿਆ ਜਾਏ। ਨਾਮ ਨੂੰ ਪੂਜਿਆ ਜਾਏ। ਨਾਮ ਹੀ ਜਪਿਆ ਜਾਏ। ਨਾਮ ਹੀ ਧਿਆਇਆ ਜਾਏ, ਨਾਮ ਹੀ ਅਰਾਧਿਆ ਜਾਏ। ਨਾਮ ਹੀ ਉਚਾਰਿਆ ਜਾਏ ਤੇ ਸਭ ਤੋਂ ਉੱਤਮ ਨਾਮ ਨੂੰ ਮਨ ਵਿੱਚ ਇਸ ਤਰ੍ਹਾਂ ਵਸਾਇਆ ਜਾਏ ਕਿ ਅਸੀਂ ਵਾਹਿਗੁਰੂ ਦੇ ਹਿਰਦੇ ਵਿੱਚ ਵੱਸ ਜਾਈਏ। ਭਗਤ ਅਤੇ ਵਾਹਿਗੁਰੂ ਵਿੱਚ ਕੋਈ ਭੇਦ ਨਾ ਰਹੇ ਅਤੇ ਰਹਿੰਦਾ ਹੀ ਨਹੀਂ।

ਭਗਤ ਧੰਨਾ ਜੀ ਦੇ ਸਬੰਧ ਵਿੱਚ ਇਥੇ ਜ਼ਿਕਰ ਕਰਨਾ ਅਤਿਆਵੱਸ਼ਕ ਹੈ। ਭਗਤ ਜੀ ਦੇ ਤਿੰਨ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ। ਗੁਰਬਾਣੀ ਦੇ ਸੰਕਲਨ ਦਾ ਇਕ ਵਿਸ਼ੇਸ਼ ਸੁਭਾਅ ਹੈ। ਇਕ ਖ਼ੂਬਸੂਰਤ ਵਿਧੀ ਹੈ। ਜਿਸ ਦਾ ਪਾਲਣ ਬੜੀ ਸਤਰਕਤਾ ਨਾਲ ਗੁਰੂ ਨਾਨਕ ਦੇਵ ਜੀ ਨੇ ਕੀਤਾ ਹੈ। ਪਹਿਲਾਂ ਗੁਰੂਆਂ ਦੀ ਬਾਣੀ, ਉਸ ਵਿੱਚ ਦਿੱਤੇ ਗਏ ਸਿਰਲੇਖਾਂ ਅੰਦਰ ਘਰ ਦਾ ਕਰਮ, ਉਸ ਤੋਂ ਬਾਅਦ ਵਾਰਾਂ, ਉਸ ਤੋਂ ਬਾਅਦ ਭਗਤ ਜਨਾਂ ਦੀ ਬਾਣੀ, ਗੁਰਸਿੱਖਾਂ ਦੀ ਬਾਣੀ। ਜੇ ਕੋਈ ਗੁਰੂ ਪੁੱਤਰ ਦੀ ਬਾਣੀ ਹੈ, ਤਾਂ ਉਹ ਇਕ ਪੂਰਾ ਸੁੰਦਰ ਤੇ ਵਿਲੱਖਣ ਢੰਗ ਹੈ। ਜਿਸ ਨੂੰ ਦ੍ਰਿੜ੍ਹਤਾ ਨਾਲ ਨਿਭਾਇਆ ਗਿਆ ਹੈ। ਇਸ ਦੇ ਕਿਧਰੇ ਕਿਧਰੇ ਅਪਵਾਦ ਹਨ। ਸਵੈ-ਵਿਰੋਧਤਾ ਬਿਲਕੁਲ ਨਹੀਂ। ਉਨ੍ਹਾਂ ਅਪਵਾਦਾਂ ਦਾ ਬਹੁਤ ਮਹਾਤਮ ਹੈ। ਰਹਾਉ ਦਾ ਜ਼ਿਕਰ ਕਰੀਏ, ਤਾਂ ਇਹ ਇਕ ਸੰਪੂਰਨ ਥੀਸਿਸ ਹੈ। ਸੰਕਲਨ ਸੰਬੰਧੀ ਕਿਤਨੇ ਵਿਦਵਾਨਾਂ ਨੇ ਡਾਕਟਰੇਟ ਲਈ ਹੈ। ਇਸ ਸੰਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਵਿਸਥਾਰ ਲਿਖਦਿਆਂ ਗੁਰੂ ਗ੍ਰੰਥ ਸਾਹਿਬ ਦੀ ਪ੍ਰਸਤਾਵਨਾ ਵਾਲੀ ਪੋਥੀ ਵਿੱਚ ਗਿਆਨ-ਸਾਗਰ ਬਹਾਇਆ ਹੈ। ਮੈਂ ਇਥੇ ਭਗਤ ਧੰਨਾ ਜੀ ਦੇ ਸ਼ਬਦਾਂ ਸਬੰਧੀ ਜ਼ਿਕਰ ਕਰਾਂਗਾ। ਜੋ ਉਨ੍ਹਾਂ ਆਸਾਂ ਰਾਗ ਵਿੱਚ ਦਰਜ ਕੀਤੇ ਹਨ :

ਆਸਾ ਰਾਗ ਵਿੱਚ ਗੁਰੂਦੇਵ ਉਸੇ ਅਨੁਕਰਮ ਦੇ ਸਿਧਾਂਤ ਅਨੁਸਾਰ ਭਗਤਾਂ

ਦੀ ਬਾਣੀ, ਆਸਾ ਦੀ ਵਾਰ ਤੋਂ ਬਾਅਦ ਦਰਜ ਕਰਦਿਆਂ ਭਗਤ ਰਵਿਦਾਸ ਜੀ ਦੀ ਬਾਣੀ ਤੋਂ ਬਾਅਦ ਧੰਨਾ ਜੀ ਦੇ ਦੋਵੇਂ ਸ਼ਬਦ ਦਰਜ ਕਰਦੇ ਹਨ। ਭਗਤ ਜੀ ਦੇ ਪਹਿਲੇ ਤੇ ਦੂਜੇ ਸ਼ਬਦ ਦੇ ਵਿਚਕਾਰ ਗੁਰੂ ਅਰਜਨ ਦੇਵ ਜੀ ਆਪਣਾ ਸ਼ਬਦ ਦੇ ਰਹੇ ਹਨ। ਸੋਚਣਾ ਤਾਂ ਇਹ ਹੈ ਕਿ ਬਾਣੀ ਤਾਂ ਚੱਲ ਰਹੀ ਹੈ ਭਗਤਾਂ ਦੀ ਤੇ ਭਗਤ ਧੰਨਾ ਜੀ ਦੀ। ਉਸ ਤੋਂ ਪਹਿਲਾਂ ਭਗਤ ਰਵਿਦਾਸ ਜੀ ਦੇ ਸ਼ਬਦ ਹਨ। ਉਸ ਤੋਂ ਬਾਅਦ ਸ਼ੇਖ ਫਰੀਦ ਸਾਹਿਬ ਜੀ ਦੇ ਦੋ ਸ਼ਬਦ ਹਨ। ਭਗਤ ਧੰਨਾ ਜੀ ਦੇ ਸ਼ਬਦਾਂ ਦੇ ਵਿਚਕਾਰ ਗੁਰੂ ਅਰਜਨ ਦੇਵ ਜੀ ਦਾ ਸ਼ਬਦ ਕਿਵੇਂ ਆਇਆ? ਮੈਂ ਸਤਿਗੁਰਾਂ ਅੱਗੇ ਸਿਰ ਨਿਵਾਉਂਦਿਆਂ ਖਿਮਾ ਮੰਗ ਕੇ ਇਹ ਬੇਨਤੀ ਕਰਦਾ ਹਾਂ ਕਿ ਇਹ ਕਿੰਤੂ ਨਹੀਂ, ਗੁਰੂ ਪਾਤਸ਼ਾਹ ਦੀ ਪਵਿੱਤਰ ਕਰਨੀ ਅਤੇ ਉਨ੍ਹਾਂ ਦੇ ਚਰਨਾਂ ਦੇ ਨਿਕਟ ਪਹੁੰਚਣ ਦਾ ਇਥੇ ਅਧੀਰ ਉੱਦਮ ਹੈ। ਜਿਥੇ ਚਾਨਣ ਹੀ ਚਾਨਣ ਹੈ। ਭਰਮ, ਹਨ੍ਹੇਰਾ, ਅਗਿਆਨ, ਦੁਬਿਧਾ, ਜਾਂ ਦੁਚਿੱਤਾਪਨ ਬਿਲਕੁਲ ਨਹੀਂ। ਕੱਤਈ ਨਹੀਂ। *"ਗੁਰ ਕੇ ਚਰਨ ਜੀਅ ਕਾ ਨਿਸਤਾਰਾ"* ਹਨ।

*'ਦ੍ਰਿਸਟਿ ਧਰਤ ਤਮ ਹਰਨ ਦਹਨ ਅਘ ਪਾਪ ਪ੍ਰਨਾਸਨ॥'*

ਵਾਲਾ ਦੈਵੀ ਪ੍ਰਤਾਪ ਗੁਰੂ ਦੇ ਚਰਨਾਂ ਦਾ ਹੈ। ਗੁਰੂ ਕਿਰਪਾ ਕਰੇ ਅਸੀਂ ਆਪ ਮੁਹਾਰੇ ਜਾਂ ਬੇਮੁਹਾਰੇ ਹੋ ਕੇ ਅਕਲ ਦੇ ਪਾਗਲ ਘੋੜੇ ਬੇ-ਲਗਾਮ ਨਾ ਦੁੜਾਈਏ। ਇਸ ਪ੍ਰਕਾਰ ਰਮਜ਼ਾਂ ਖੁੱਲ੍ਹਣਗੀਆਂ ਤੇ ਚਾਨਣ ਪਸਰੇਗਾ। ਗੁਰੂ ਦੀ ਮਹਾਨਤਾ ਨਾਲ ਅਸੀਂ ਸ਼ਰਸ਼ਾਰ ਹੋਵਾਂਗੇ ਤੇ ਅਸੀਂ ਭਉਜਲ ਤੋਂ ਪਾਰ ਹੋਵਾਂਗੇ।

ਇਕ ਗੱਲ ਹੋਰ ਇਸ ਸ਼ਬਦ ਦੇ ਅੰਕਿਤ ਸਬੰਧੀ ਵਿਚਾਰ ਲੈਣੀ ਠੀਕ ਰਹੇਗੀ। ਧੰਨਾ ਜੀ ਦੀ ਵੱਟਾ (ਬੁੱਤ) ਜਾਂ ਠਾਕੁਰ ਪੂਜਣ ਦੀ ਗੱਲ ਆਪਾਂ ਕਿਧਰੇ ਟੁੰਗ ਲੈਣੀ ਸੀ ਅਤੇ ਕਹਿਣਾ ਸੀ ਕਿ ਇਹ ਸ਼ਬਦ ਧੰਨਾ ਜੀ ਦਾ ਹੈ ਜਾਂ ਧੰਨਾ ਜੀ ਦਾ ਹੈ ਹੀ ਨਹੀਂ ਪਰ ਧੰਨ ਗੁਰੂ ਅਰਜਨ ਸਾਹਿਬ ਤੁਸੀਂ ਭਗਤਾਂ ਦੀ ਬਾਣੀ 'ਤੇ ਚੱਲਦਿਆਂ-ਚੱਲਦਿਆਂ ਵਿੱਚ ਆਪਣਾ ਰਚਿਤ ਸਿਧਾਂਤ ਮੂਲਕ ਸ਼ਬਦ ਦੇ ਕੇ ਸਾਡੇ 'ਤੇ ਕਰਮ ਕੀਤਾ ਅਤੇ ਸ਼ੰਕੇ ਨੂੰ ਨਿਵਾਰ ਕੇ ਡੰਕੇ ਦੀ ਚੋਟ ਨਾਲ ਸ਼ਬਦ ਦੇ ਸਿਰਲੇਖ 'ਤੇ ਆਸਾ ਮਃ ਪੰਜਵਾਂ ਲਿਖ ਦਿੱਤਾ। ਗੱਲ ਸਪਸ਼ਟ ਹੋਈ ਕਿ ਧੰਨਾ ਜੀ ਦੇ ਬੁੱਤ ਪੂਜਣ ਦੇ ਸੰਬੰਧ ਵਿੱਚ ਕੋਈ ਗੱਲ ਕਹਿਣ ਤੋਂ ਪਹਿਲਾਂ, ਕੋਈ ਕਹਾਣੀ ਘੜਨ ਤੋਂ ਪਹਿਲਾਂ ਗੁਰੂ ਨਾਨਕ ਪਿਤਾ ਗੁਰਮਤਿ ਦੁਆਰਾ ਦੱਸੇ ਗਏ ਅਰਾਧਨ ਦੇ, ਜਪਣ ਦੇ ਸਿਧਾਂਤ ਨੂੰ ਭਲੀ-ਭਾਂਤ ਸਮਝ ਲਿਆ ਹੈ।

ਗੁਰੂ ਅਰਜਨ ਦੇਵ ਜੀ ਫ਼ੁਰਮਾਨ ਕਰਦੇ ਹਨ ਕਿ ਇਸ ਸ਼ਬਦ ਵਿੱਚ ਦਿੱਤੇ ਹੋਏ ਪੰਜਾਂ ਭਗਤਾਂ ਨੇ ਕਿਸ ਤਰ੍ਹਾਂ ਹਰੀ ਜੀ ਨੂੰ ਰਿਝਾਇਆ ਤੇ ਉਸ ਦੀ ਪ੍ਰਾਪਤੀ ਕੀਤੀ। ਇਹ ਪੰਜੇ ਸਿਧਾਂਤ ਪੰਜੇ ਤੁਕਾਂ ਵਿੱਚ ਪੰਜ ਵੱਖ-ਵੱਖ ਸੰਦਰਭਾਂ ਵਿੱਚ ਅੰਕਿਤ ਕੀਤੇ ਹਨ। ਪਹਿਲੀ ਤੁਕ ਰਹਾਉ ਦੀ ਹੈ। ਭਾਵ ਨਿਰਾ ਪਾਠ ਨਹੀਂ ਕਰਨਾ, ਨਿਰਾ ਪਾਠ ਕਰ ਕੇ ਵਿਚਾਰਨਾ ਹੀ ਨਹੀਂ, ਸਗੋਂ ਮਨ ਵਿੱਚ ਵਸਾਉਣਾ ਹੈ। ਹੁਕਮ ਹੈ ਕਿ ਭਗਤ ਨਾਮਦੇਵ ਜੀ ਫ਼ੁਰਮਾਉਂਦੇ ਹਨ : ਗੋਬਿੰਦ ਗੋਬਿੰਦ

ਧਿਆਉਂਦਿਆਂ ਭਾਵ ਕੰਮ-ਕਾਰ ਕਰਦਿਆਂ ਚਿੱਤ ਨਿਰੰਜਨ ਨਾਲ ਲਾ ਕੇ ਉਸ ਵਿੱਚ ਹੀ ਲੀਨ ਹੋ ਗਏ। ਇਸ ਦੇ ਨਤੀਜੇ ਵਜੋਂ "ਆਢ ਦਾਮ ਕੋ ਛੀਪਰੋ" ਭਾਵ ਇਕ ਧੇਲੇ ਮੁਲ ਦਾ ਛੀਂਬਾ ਲੱਖਾਂ ਦੇ ਮੁੱਲ ਦਾ ਹੋ ਗਿਆ। ਬੇਸ਼ਕੀਮਤ ਲਾਲ ਬਣ ਗਿਆ :

*ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥*
*ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥੧॥*

*(ਪੰਨਾ ੪੮੭)*

ਗੁਰੂ ਗ੍ਰੰਥ ਸਾਹਿਬ ਵਿੱਚ ਮਨ ਨੂੰ ਵੱਸ ਕਰਨ 'ਤੇ ਸਭ ਤੋਂ ਵੱਧ ਜ਼ੋਰ ਦਿੱਤਾ ਗਿਆ ਹੈ। ਗਿਣਤੀ ਘੱਟ ਵੱਧ ਹੋ ਸਕਦੀ ਹੈ। ਮੇਰੀ ਤੁੱਛ ਬੁੱਧੀ ਅਨੁਸਾਰ ਗੁਰਬਾਣੀ ਅੰਦਰ ਦਸ ਹਜ਼ਾਰ ਤੋਂ ਵੱਧ ਵਾਰ ਮਨ ਦਾ ਜ਼ਿਕਰ ਹੋਵੇਗਾ। ਬੱਸ ਮਨ ਨੂੰ ਹੀ ਗੋਬਿੰਦ ਵਿੱਚ ਲੀਨ ਕਰਨਾ ਹੈ। ਐਸਾ ਹੀ ਭਗਤ ਨਾਮਦੇਵ ਜੀ ਨੇ ਕੀਤਾ। ਬੁੱਤ ਪੂਜਾ ਨਹੀਂ ਕੀਤੀ।

ਭਗਤ ਕਬੀਰ ਜੀ ਦਾ ਜ਼ਿਕਰ ਕਰਦਿਆਂ ਹੋਇਆਂ ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ ਕਿ ਭਗਤ ਜੀ ਨੇ ਬੁਣਨਾ-ਤਨਣਾ ਤਿਆਗ ਦਿੱਤਾ ਤੇ ਅਕਾਲ ਪੁਰਖ ਦੇ ਚਰਨਾਂ ਨਾਲ ਪ੍ਰੀਤੀ ਜੋੜ ਲਈ। ਇੱਥੇ ਫਿਰ ਪ੍ਰਸ਼ਨ ਉਠੇਗਾ ਕਿ ਕੀ ਭਗਤ ਜੀ ਨੇ ਕਿਰਤ ਤਿਆਗ ਦਿੱਤੀ? ਕਿਰਤੀ ਤਾਂ ਉਹ ਸਾਰੀ ਉਮਰ ਰਹੇ। ਉਨ੍ਹਾਂ ਨੇ ਸਾਡੇ ਸੰਸਾਰੀਆਂ ਵਾਲੇ ਤਾਣੇ ਤਨਣੇ ਛੱਡ ਦਿੱਤੇ। ਅਸੀਂ ਤਾਂ ਤਾਣੇ ਬਾਣੇ ਬੁਣਦੇ ਰਹਿੰਦੇ ਹਾਂ। ਇਹਨੂੰ ਢਾਓ ਉਹਨੂੰ ਬਣਾਓ। ਅਮਕੇ ਬੰਦੇ ਨੂੰ ਠਿੱਬੀ ਮਾਰੋ। ਉਹਦੀਆਂ ਲੱਤਾਂ ਵੱਢ ਦਿਉ, ਤਾਂ ਜੋ ਇਧਰ ਨਾ ਆਏ ਤੇ ਹੋਰ ਕੀ ਕੀ ਬੇਕਾਰ ਲਕਬ ਤੇ ਬੇਕਾਰ ਬਾਤਾਂ। ਮਨ ਵਿੱਚ ਤਾਣੇ, ਬਾਣੇ ਦੀਆਂ ਤੰਦਾਂ ਵਾਂਗ ਉਲਝੀਆਂ ਰਹਿੰਦੀਆਂ ਹਨ, ਇਹ ਤਿਆਗ ਕੇ ਭਗਤ ਕਬੀਰ ਜੀ ਗਹਿਰ ਗੰਭੀਰ ਹੋ ਗਏ। ਸਾਡੇ ਬੋਲ-ਚਾਲ ਵਿੱਚ ਆਮ ਮੁਹਾਵਰਾ ਚਲਦਾ ਹੈ ਕਿ ਜੇ ਕੋਈ ਬੰਦਾ ਗੱਲ ਨੂੰ ਨਾ ਸਮਝੇ ਤੇ ਝੱਲ ਬਲੱਲੀਆਂ ਮਾਰੇ, ਉਸ ਨੂੰ ਜੁਲਾਹਿਆ ਆਖਦੇ ਹਨ। ਹੋਰ ਵੀ ਮੁਹਾਵਰਾ ਮੈਂ ਆਪਣੇ ਵਡਿਕਿਆਂ ਕੋਲੋਂ ਬੋਲ-ਚਾਲ ਵਿੱਚ ਸੁਣਿਆ ਹੈ, ਜਦੋਂ ਕੋਈ ਬੱਚਾ ਆਪਣੀ ਮਾਂ ਜਾਂ ਭੈਣ ਨਾਲ ਠੱਠਾ ਕਰੇ, ਤਾਂ ਦਾਦੀ ਜੀ ਆਖਦੇ ਹਨ ਜਾ ਪਰੇ ਮੂਰਖਾ! ਅਖੇ ਜੁਲਾਹੇ ਦੀਆਂ ਮਸ਼ਕਰੀਆਂ ਮਾਂ ਭੈਣ ਨਾਲ। ਕਬੀਰ ਸਾਹਿਬ ਜੀ ਧੰਨ ਹਨ ਜਿਨ੍ਹਾਂ ਨੇ ਤਾਣੀ ਦੀ ਤੰਦ ਹੀ ਉਲਝਣ ਨਹੀਂ ਦਿੱਤੀ, ਸਭ ਕੁਝ ਸੰਵਾਰ ਦਿੱਤਾ ਅਤੇ ਗਹਿਰ-ਗੰਭੀਰ ਡੂੰਘੀ ਸੂਝ ਵਾਲੇ ਬਾਧਲੀ ਤੇ ਲਾ-ਜਵਾਬ ਕਰ ਦੇਣ ਵਾਲੇ ਗਿਆਨਵਾਨ ਸਿੱਧ ਹੋਏ:

*ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥*
*ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥੧॥*

*(ਪੰਨਾ ੪੮੭)*

ਅਜਿਹਾ ਹੀ ਗੁਰੂ ਅਰਜਨ ਪਾਤਸ਼ਾਹ ਭਗਤ ਰਵਿਦਾਸ ਦੇ ਸੰਬੰਧ ਵਿੱਚ

ਫ਼ੁਰਮਾ ਰਹੇ ਹਨ। ਭਗਤ ਜੀ ਜੀਵਨ ਭਰ ਕਿਰਤ ਵਜੋਂ ਢੋਰ ਡੰਗਰਾਂ ਦੀ ਮਿਰਤਕ ਮਿੱਟੀ ਢੋਂਦੇ ਰਹੇ। ਡੰਗਰਾਂ ਦਾ ਚੰਮ ਲਾਹੁਣਾ, ਉਸ ਨੂੰ ਕਮਾਉਣਾ, ਉਸ ਤੋਂ ਜੁੱਤੀਆਂ ਬਣਾ ਕੇ ਕਿਰਤ ਕਮਾਈ ਕੀਤੀ ਪਰ ਢੋਰ ਡੰਗਰ ਨਹੀਂ ਢੋਏ। ਢੋਰ ਡੰਗਰ ਅਸੀਂ ਢੋਅ ਰਹੇ ਹਾਂ। ਸਭ ਕੁਝ ਸਾਡੇ ਕੋਲ ਹੈ। ਧਨ, ਦੌਲਤ, ਸੁਖ, ਗੱਡੀਆਂ, ਕੋਠੀਆਂ, ਨੌਕਰ, ਚਾਕਰ ਤੇ ਸਭ ਤੋਂ ਵੱਡੀ ਦਾਤ ਮਨੁੱਖਾ ਜਨਮ ਪਰ ਅਸੀਂ ਕਰਦੇ ਕੀ ਹਾਂ ਸਿਰਫ ਸਰੀਰਾਂ ਦੇ ਸੌਦੇ, ਸਰੀਰਾਂ ਦੇ ਭੋਗ। ਹੋਰ ਭੋਗ ਭੋਗਣੇ। ਢੋਰ ਹੀ ਤਾ ਢੋਰ ਹੈ। ਢੋਅ ਤਾਂ ਰਲਿਆ ਸੀ ਮਨੁੱਖਾ ਜਨਮ ਦਾ ਕਿ ਵਾਹਿਗੁਰੂ ਦੇ ਨੇੜੇ ਢੁੱਕ ਸਕੀਏ ਪਰ ਨੇਰ੍ਹਾ ਹੀ ਢੋਂਦੇ ਰਹੇ। ਮਾਇਆ ਦਾ ਨੇਰ੍ਹਾ। ਇਨ੍ਹਾਂ ਵਸਤੂਆਂ ਕਾਰਨ ਵਾਹਿਗੁਰੂ ਵਿਸਾਰ ਦਿੱਤਾ ਤੇ ਮਾਇਆ ਪ੍ਰਧਾਨ ਹੋ ਗਈ। ਭਗਤ ਰਵਿਦਾਸ ਜੀ ਨੇ ਇਹ ਕਿਰਤ ਕਰਦਿਆਂ ਹੋਇਆਂ ਵੀ ਮਾਇਆ ਨੂੰ ਆਪਣੇ ਉੱਤੇ ਹਾਵੀ ਨਹੀਂ ਹੋਣ ਦਿੱਤਾ। ਸਾਧ-ਸੰਗਤ ਦਾ ਆਸਰਾ ਰੱਖਿਆ। ਸਾਧ-ਸੰਗਤ ਵਿੱਚੋਂ ਹੀ ਵਾਹਿਗੁਰੂ ਨੂੰ ਪਛਾਣਿਆ। ਭਗਤ ਜੀ ਨੂੰ ਸਾਧ-ਸੰਗਤ ਵਿੱਚੋਂ ਵਾਹਿਗੁਰੂ ਪ੍ਰਗਟ ਹੋਇਆ। ਕਿਧਰੇ ਕੋਈ ਹੋਰ ਉਪਰਾਲੇ ਟੂਣੇ ਜਾਂ ਕਰਮ-ਕਾਂਡ, ਇਸ਼ਨਾਨ ਆਦਿ ਦਾ ਆਸਰਾ ਨਹੀਂ ਲਿਆ। ਰਹਿੰਦੇ ਉਹ ਬਨਾਰਸ ਵਿੱਚ ਹੀ ਸਨ। ਜਿਥੇ ਗੰਗਾ ਗੱਜ-ਵੱਜ ਕੇ ਵਗਦੀ ਹੈ ਤੇ ਉੱਥੇ ਵੱਡਾ ਤੀਰਥ ਬਣਿਆ ਹੈ:

*ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥*
*ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥੨॥*

*(ਪੰਨਾ ੪੮੭)*

ਬੜੇ ਧਿਆਨ ਦੇਣ ਦੀ ਗੱਲ ਹੈ ਕਿ ਉਪਰ ਲਿਖਤ ਤੁਕ ਵਿੱਚ ਹੁਕਮ ਹੈ “ਹਰਿ ਦਰਸਨੁ ਪਾਇਆ” ਭਗਤ ਨਾਮਦੇਵ ਜੀ ਦੇ ਸਬੰਧ ਵਿੱਚ ਭਗਤ ਜੀ ਫ਼ੁਰਮਾਉਂਦੇ ਹਨ : “ਨਾਮੇ ਹਰਿ ਕਾ ਦਰਸਨੁ ਭਇਆ” ਅੰਤਰ ਸਪਸ਼ਟ ਹੈ ਅੰਤਰ ਸਾਹਮਣੇ ਹਨ। ਗੱਲ ਸਪਸ਼ਟ ਹੈ ਭਗਤ ਸੈਨ ਜੀ ਦੇ ਸਬੰਧ ਵਿੱਚ ਗੁਰੂ ਅਰਜਨ ਦੇਵ ਜੀ ਸਾਡਾ ਪੱਥ ਪਰਦਰਸ਼ਨ ਕਰਦਿਆਂ ਆਖਦੇ ਹਨ: ਸੈਨ ਨਾਈ ਜੀ ਬੁਤਕਾਰੀਆ ਸਨ ਅਤੇ ਘਰ-ਘਰ ਜਾਂਦੇ ਸਨ। ਇਹ ਗੱਲ ਅੱਜ ਵੀ ਪਿੰਡਾਂ ਵਿੱਚ ਦੇਖੀ ਜਾ ਸਕਦੀ ਹੈ। ਮੁਹਾਵਰਾ ਹੈ, ‘ਫਲਾਣੀਏ ਨੀ ਫਲਾਣੀਏ: ਨੀ ਤੂੰ ਤਾਂ ਏਦਾਂ ਫਿਰ ਰਹੀ ਏਂ, ਜਿਵੇਂ ਵਿਆਹ ਵਾਲੇ ਘਰ ਨੈਣ।’ ਇਹ ਸੰਕੇਤ ਹੈ ਕਿ ਵਿਆਹਾਂ ਵਿੱਚ ਨਾਈ ਜਾਂ ਨੈਣ ਸੁਨੇਹੇ ਲੈ ਕੇ ਜਾਂਦੇ ਹਨ ਤੇ ਸੁਨੇਹੇ ਲੈ ਕੇ ਆਉਂਦੇ ਹਨ। ਨਾਈ ਪਿੰਡ ਦੇ ਸਰਦਾਰਾਂ, ਜਗੀਰਦਾਰਾਂ ਤੇ ਨੰਬਰਦਾਰਾਂ ਦੀਆਂ ਵਗਾਰਾਂ ਵੀ ਕੱਢਦੇ ਹਨ ਅਤੇ ਜੇ ਸਰਦਾਰਨੀਆਂ ਨੇ ਕਿਤੇ ਵਾਂਢੇ ਜਾਣਾ ਹੋਵੇ, ਤਾਂ ਉਨ੍ਹਾਂ ਦੇ ਨਿੱਜੀ ਸੇਵਕ ਵਜੋਂ ਜਾਂ ਬਾਡੀਗਾਰਡ ਵਜੋਂ ਨਾਲ ਜਾਂਦੇ ਸਨ। ਇਸ ਸਬੰਧ ਵਿੱਚ ਬਥੇਰੀਆਂ ਲੋਕ ਕਹਾਣੀਆਂ, ਚੁਟਕਲੇ ਤੇ ਮੁਹਾਵਰੇ ਮਸ਼ਹੂਰ ਹਨ। ਉਨ੍ਹਾਂ ਦੇ ਜ਼ਿਕਰ ਦੀ ਇਥੇ ਲੋੜ ਨਹੀਂ। ਬੁਤਕਾਰੀਆ ਦਾ ਅਰਥ ਕਰਦਿਆਂ ਇਥੇ ਸਾਵਧਾਨੀ ਦੀ ਜ਼ਰੂਰਤ ਹੈ। ਨਹੀਂ ਤਾਂ ਅਸੀਂ ਝੱਟ ਗੱਲ ਨੂੰ ਇਥੇ ਬੁੱਤ ਪੂਜਣ ਨਾਲ ਜੋੜ ਦਿਆਂਗੇ। ਬੁਤਕਾਰੀਆ

ਦਾ ਭਾਵ ਹੈ ਬੁੱਤੀਆਂ ਸਾਰਨ ਵਾਲਾ, ਨਿੱਕੇ-ਨਿੱਕੇ ਕੰਮ ਕਰਨ ਵਾਲਾ, ਜਿਨ੍ਹਾਂ ਦਾ ਜ਼ਿਕਰ ਅਸੀਂ ਉੱਤੇ ਕੀਤਾ ਹੈ। ਐਸੇ ਬੁਤਕਾਰੀਏ ਸਨ ਭਗਤ ਸੈਨ ਜੀ ਅਤੇ ਉਹ ਘਰ-ਘਰ ਜਾਂਦੇ ਸਨ:

*ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥*
*ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ॥੩॥ (ਪੰਨਾ ੪੮੭)*

ਕਮਾਲ ਦਾ ਖ਼ੂਬਸੂਰਤ ਫ਼ੁਰਮਾਨ ਹੈ, ਗੁਰੂ ਅਰਜਨ ਦੇਵ ਜੀ ਦਾ ਜੋ ਬੁੱਧ ਨੂੰ ਟੁੰਬਦਾ ਹੈ ਤੇ ਸਿੱਧਾ ਮਨ ਵਿੱਚ ਲੱਗ ਜਾਂਦਾ ਹੈ। ਕਿਰਤ ਤੇ ਸੁਭਾਅ ਮੁਤਾਬਿਕ ਨਾਈ ਘਰ-ਘਰ ਜਾਂਦਾ ਹੈ, ਅਸੀਂ ਕਿਹੜਾ ਘੱਟ ਹਾਂ। ਅਸੀਂ ਵੀ ਦੁਆਰੇ-ਦੁਆਰੇ ਭਟਕਦੇ ਹਾਂ। ਸਖੀ ਸਰਵਰ, ਗੁੱਗੇ, ਸੱਪ, ਨਾਗ, ਸੂਰਜ, ਚੰਨ, ਅੱਗ ਕਿਸ ਨੂੰ ਨਹੀਂ ਪੂਜਦੇ। "ਰਾਮ ਨਾਮ ਦੇਣਾ ਮਹਿਸੌਰ" ਨੂੰ ਛੱਡ ਕੇ ਹਰ ਦੇਵੀ ਦੇਵਤੇ ਨੂੰ ਪੂਜਣ ਵਾਸਤੇ ਤਿਆਰ ਹਾਂ। ਪਾਰਬ੍ਰਹਮ ਨੂੰ ਹਿਰਦੇ ਵਿੱਚ ਨਹੀਂ ਵਸਾਉਂਦੇ, ਜੋ ਸਾਰਿਆਂ ਦਾ ਕਰਤਾ ਹੈ। ਬੱਸ ਇਹੀ ਅੰਤਰ ਹੈ ਗੁਰਮੁਖ ਗੁਰਸਿੱਖ ਦਾ ਅਤੇ ਆਮ ਮਨੁੱਖ ਦਾ। ਉਹ ਸਭ ਛੱਡ ਕੇ ਹਿਰਦੇ ਦੇ ਅੰਦਰ ਪਾਰਬ੍ਰਹਮ ਨੂੰ ਵਸਾ ਲੈਂਦਾ ਹੈ ਅਤੇ ਉਸ ਦੀ ਗਿਣਤੀ ਭਗਤਾਂ ਵਿੱਚ ਹੋਣ ਲੱਗ ਪੈਂਦੀ ਹੈ। ਇਹ ਗੱਲ ਮੁੜ-ਮੁੜ ਦੁਹਰਾਉਣ ਦੀ ਨਹੀਂ ਕਿ ਭਗਤ ਬੁੱਤ ਪੂਜ ਨਹੀਂ ਹੁੰਦੇ, ਬਲਕਿ ਪਾਰਬ੍ਰਹਮ ਦੇ ਪੁਜਾਰੀ ਹਨ। ਗੁਣ ਗਿਆਨ ਵਿਚਾਰਦੇ ਹਨ। ਭਗਤ ਵਾਸਤੇ ਭਗਤ ਹੇਤ ਗਾਉਂਦੇ ਹਨ।

ਉੱਤੇ ਚਾਰ ਭਗਤਾਂ ਦੀ ਸੁਕ੍ਰਿਤ ਨੂੰ ਗੁਰੂ ਦੇਵ ਬਿਆਨ ਕਰਦੇ ਹਨ ਅਤੇ ਅੰਤਲੀ ਤੁਕ ਵਿੱਚੋਂ ਭਗਤ ਧੰਨਾ ਜੀ ਦੇ ਸਬੰਧ ਵਿੱਚ ਕਹਿੰਦੇ ਹਨ ਕਿ ਇਨ੍ਹਾਂ ਪ੍ਰਵਾਨ ਹੋਏ ਭਗਤਾਂ ਦੀ ਕਿਰਤ ਤੇ ਸੁੱਚੀ ਕਮਾਈ ਤੋਂ ਪ੍ਰਭਾਵਿਤ ਹੋ ਕੇ ਭਗਤ ਜੀ ਨੇ ਕਮਰ-ਕੱਸਾ ਕੱਸ ਲਿਆ ਅਤੇ ਭਗਤੀ ਵਿੱਚ ਲੱਗ ਗਏ। ਭਗਤੀ ਸਬੰਧੀ ਅਸੀਂ ਤੁੱਛ ਬੁੱਧੀ ਅਨੁਸਾਰ ਕੁਝ ਕੁ ਲਿਖਣ ਦਾ ਯਤਨ ਕੀਤਾ ਹੈ ਕਿ ਭਗਤੀ ਕੀ ਹੈ? ਇਸ ਭਗਤੀ ਤੋਂ ਪ੍ਰਸੰਨ ਹੋ ਕੇ ਗੁਸਾਈਂ ਜੀ ਖ਼ੁਸ਼ ਹੋਏ ਜਾਂ ਇੰਜ ਕਹੀਏ, ਹਰਿ ਜੀ ਮੁਸਕ੍ਰਾ ਪਏ, ਨਿਹਾਲ ਹੋਏ ਤੇ ਧੰਨਾ ਜੀ ਦੇ ਭਾਗ ਖੁਲ੍ਹ ਗਏ, ਉਹ ਵਡਭਾਗੇ ਹੋਏ :

*ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥*
*ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥੪॥ (ਪੰਨਾ ੪੮੮)*

ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਨਿਗਾਹ ਦੀ ਰੋਸ਼ਨੀ ਵਿੱਚ ਜੇ ਅਸੀਂ ਦੇਖਣ ਦਾ ਯਤਨ ਕਰੀਏ, ਤਾਂ ਸਾਨੂੰ ਸਾਰਿਆਂ ਭਗਤਾਂ ਵਿੱਚ ਗੁਰਮਤਿ ਦੇ ਉਹ ਪੰਜ ਤਰੀਕੇ ਤੇ ਵਿਧੀਆਂ ਸਪਸ਼ਟ ਹੋਣਗੀਆਂ, ਜਿਨ੍ਹਾਂ ਦੁਆਰਾ ਇਹਨਾਂ ਭਗਤਾਂ ਨੇ ਅਕਾਲ ਪੁਰਖ ਦੀ ਪ੍ਰਾਪਤੀ ਕੀਤੀ। ਉਹ ਸੁੰਦਰ ਵਿਧੀਆਂ ਉੱਤੇ ਸ਼ਬਦ ਦੀਆਂ ਪੰਜ ਤੁਕਾਂ ਵਿੱਚ ਰੇਖਾਂਕਿਤ ਹਨ। ਜਿਵੇਂ-ਮਨੁ ਲੀਣਾ, 2. ਚਰਨ, 3. ਸਾਧ-ਸੰਗਤਿ, 4. ਹਿਰਦੇ ਬਸੇ, 5. ਭਗਤੀ। ਇਹੀ ਪੰਜ ਵਿਧੀਆਂ ਹਨ, ਜੋ ਗੁਰੂ ਦੇਵ ਨੇ ਸਾਨੂੰ ਦੱਸੀਆਂ। ਇਹੀ ਗਾਡੀ ਰਾਹ ਸਾਡੇ ਵਾਸਤੇ ਤਿਆਰ ਕੀਤਾ। ਜਿਸ ਉਤੇ

ਸਰੀਰ ਰੂਪੀ ਰੱਥ ਨੂੰ ਪਾ ਕੇ ਕਾਮਯਾਬੀ ਦੇ ਪੱਥ 'ਤੇ ਚਲਦਿਆਂ ਨਾਮ ਦੀ ਪ੍ਰਾਪਤੀ ਹੋਵੇਗੀ। ਗੁਰਮਤਿ ਵਿੱਚ ਕਿਸੇ ਰਟਨ, ਪਟਨ, ਚੁੱਕ, ਧਰ, ਸਮਾਧੀਆਂ ਲਾਉਣੀਆਂ, ਧੂਣੀਆਂ ਲਾਉਣੀਆਂ, ਇਕ ਲੱਤ 'ਤੇ ਖਲੋ ਕੇ ਚਲ੍ਹੀਹਾ ਕੱਟਣਾ, ਪਾਣੀ ਵਿੱਚ ਖੜ੍ਹੋ ਕੇ ਜਾਪ ਜਪਣੇ, ਰੁੱਖਾਂ ਜਾਂ ਖੂਹਾਂ ਵਿੱਚ ਪੁੱਠੇ ਲਟਕਣਾ, ਭੁੱਖੇ ਰਹਿਣਾ, ਵਰਤ ਰੱਖਣੇ, ਧਾਗਾ-ਤਵੀਤ ਕਰਨਾ, ਗੋਰ-ਮੜ੍ਹੀ ਨੂੰ ਮੰਨਣਾ, ਮਸਾਣਾਂ ਦੀ ਬਿਭੂਤ ਲਾਉਣੀ ਆਦਿ ਹੋਰ ਪ੍ਰਚਲਤ ਭਰੀਆਂ ਕੁਰੀਤੀਆਂ ਦਾ ਕੋਈ ਅਸਥਾਨ ਨਹੀਂ, ਜ਼ਿਕਰ ਨਹੀਂ। ਪਾਤਸ਼ਾਹ ਗੁਰੂ ਨਾਨਕ ਦੇਵ ਜੀ ਨੇ ਨੌ ਖੰਡ ਪ੍ਰਿਥਵੀ ਆਪਣੇ ਪਵਿੱਤਰ ਚਰਨਾਂ ਨਾਲ ਗਾਹ ਕੇ ਅਗਾਹ ਕੀਤਾ।

*ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥*
*ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ॥*

*(ਪੰਨਾ ੧੦੯੬)*

ਗੁਰਮੁਖ ਜਨਮ ਸੰਵਾਰ ਕੇ ਦਰਗਾਹੇ ਜਾਏਗਾ ਤੇ ਮਨਮੁਖ ਦਰ-ਦਰ ਫਿਰੇਗਾ, ਤੇ ਹਾਟੋ-ਹਾਟ ਵਿਕਾਏਗਾ। ਅਸੀਂ ਸਮਝਣ ਤੋਂ ਅਸਮਰੱਥ ਹਾਂ ਕਿ ਬੁੱਤ ਪੂਜਾ ਵਰਜਿਤ ਹੋਣ ਦੇ ਬਾਵਜੂਦ ਅਸੀਂ ਕਿਸ ਤਰ੍ਹਾਂ ਹੀਆ ਕਰਦੇ ਹਾਂ ਕਿ ਇਤਿਹਾਸਕ ਗੁਰਦੁਆਰਿਆਂ ਵਿੱਚ ਜਿਥੇ ਗੁਰੂ ਪਾਤਸ਼ਾਹ ਦੇ ਪਵਿੱਤਰ ਚਰਨ ਪਏ ਹਨ, ਉਨ੍ਹਾਂ ਵਿੱਚ ਉਨ੍ਹਾਂ ਦੇ ਜਿਗਰ ਦੇ ਟੁਕੜੇ ਸਾਹਿਬਜ਼ਾਦਿਆਂ ਦੇ ਪਿਆਰਿਆਂ ਦੇ ਬੁੱਤ ਬਣਾਈ ਜਾ ਰਹੇ ਹਾਂ। ਸੱਚੇ ਪਾਤਸ਼ਾਹ! ਤੂੰ ਮਿਹਰ ਕਰ। ਮੇਰੇ ਸਾਈਂ! ਦਇਆ ਕਰੋ। ਰਹਿਮਤ ਕਰੋ। ਤਰਸ ਕਰੋ। ਕਿਰਪਾ ਕਰੋ ਤੇ ਸੁਮੱਤ ਦਿਓ! ਤੁਸੀਂ ਸਾਨੂੰ ਏਨੇ ਵੱਡੇ ਵਿਸ਼ਾਲ ਗੁਰਮਤਿ ਸਾਗਰ ਦੀ ਬਖਸ਼ਿਸ਼ ਕੀਤੀ ਹੈ ਤੇ ਅਸੀਂ ਖੂਹ ਦੇ ਡੱਡੂ ਬਣੇ ਹੋਏ ਹਾਂ। ਸਾਡੀ ਹਾਲਤ "ਕੂਪੁ ਭਰਿਓ ਜੈਸੇ ਦਾਦਿਰਾ" ਵਾਲੀ ਹੈ। ਤੁਸੀਂ ਸੁਮੱਤ ਬਖਸ਼ੋ:

*ਕਰਹੁ ਕ੍ਰਿਪਾ ਕਰੁਣਾਪਤੇ ਤੇਰੇ ਹਰਿ ਗੁਣ ਗਾਉ॥*

*(ਪੰਨਾ ੭੮੫)*

ਅਸੀਂ ਤੇਰੀ ਵਡਿਆਈ ਨੂੰ ਸਮਝ ਸਕੀਏ। ਤੁਸੀਂ ਦਇਆ ਤੇ ਕਰੁਣਾ ਦੇ ਖਜ਼ਾਨੇ ਹੋ। ਆਪੇ ਹੀ ਕਰੁਣਾ ਕਰੋ। ਮੇਹਤਿਆਣਾ ਸਾਹਿਬ ਵਿਖੇ ਜਦੋਂ ਇਨ੍ਹਾਂ ਬੁੱਤਾਂ ਦੀ ਗੱਲ ਦਾ ਪਤਾ ਲੱਗਾ ਮੈਂ ਕੁਰਲਾਇਆ। ਆਪਣੀ ਕਮਜ਼ੋਰ ਆਵਾਜ਼ ਨੂੰ ਜ਼ੋਰ ਨਾਲ ਉਠਾਇਆ, ਬੋਲਿਆ, ਦੀਵਾਨਾਂ ਵਿੱਚ ਬੇਨਤੀਆਂ ਕੀਤੀਆਂ ਪਰ ਬੁੱਤ ਉਸਰਦੇ ਰਹੇ। ਨ੍ਹੇਰੇ ਪਸਰਦੇ ਰਹੇ। ਮੈਂ ਆਪ ਜਾ ਕੇ ਉਥੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕੀਤੇ। ਮੈਂ ਆਪ ਜਾ ਕੇ ਦਰਸ਼ਨ ਕੀਤੇ। ਬੁੱਤਾਂ ਦੇ ਉਸਰਈਏ, ਮਾਇਕ ਸਹਾਇਤਾ ਦੇਣ ਵਾਲਿਆਂ ਨੂੰ ਮਿਲਣ ਦਾ ਉਪਰਾਲਾ ਵੀ ਕੀਤਾ। ਨਹੀਂ ਮਿਲ ਸਕੇ। ਫਿਰ ਚਿੱਠੀਆਂ ਵੀ ਲਿਖੀਆਂ। ਸਾਰੀਆਂ ਅਣ-ਜੁਆਬੀਆਂ ਹੀ ਰਹੀਆਂ। ਉਥੇ ਮੌਜੂਦ ਪ੍ਰਬੰਧਕ ਨੂੰ ਲਿਖ ਕੇ ਵੀ ਦਿੱਤਾ ਕਿ ਇਹ ਸੁਝਾਅ ਜ਼ਿੰਮੇਵਾਰ ਸੱਜਣਾਂ ਤੱਕ ਪਹੁੰਚਾ ਦਿੱਤਾ ਜਾਵੇ। ਫਿਰ ਸਾਵਿਸਥਾਰ ਚਿੱਠੀਆਂ ਲਿਖੀਆਂ। ਅੰਤ ਦਿਲ ਮਸੋਸ

ਕੇ ਬੈਠ ਗਿਆ। ਅਰਦਾਸ ਕੀਤੀ, ਉਥੇ ਦਿੱਤੇ ਸੁਝਾਅ ਵਿੱਚ ਮੈਂ ਇਹ ਬੇਨਤੀ ਦਰਜ਼ ਕੀਤੀ ਕਿ ਅੱਜ ਭਾਈ ਦਇਆ ਸਿੰਘ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਘੋੜੇ ਦਾ ਬੁੱਤ ਬਣਿਆ ਹੈ। ਕੱਲ੍ਹ ਗੁਰੂ ਪਾਤਸ਼ਾਹ ਦਾ ਬੁੱਤ ਵੀ ਨਾ ਬਣਾ ਦਿੱਤਾ ਜਾਏ! ਸਾਵਧਾਨ ਹੋਇਓ!

ਫਿਰ ਉਹੀਓ ਹੋਇਆ, ਜਿਸ ਦਾ ਡਰ ਸੀ। ਪਿਛਲੇ ਦਿਨੀਂ ਜਜ਼ਬੇ ਵਾਲੇ ਇਕ ਗੁਰਸਿੱਖ ਮੇਰੇ ਪਾਸ ਆਏ। ਉਨ੍ਹਾਂ ਨੇ ਇਸ ਸਬੰਧੀ ਖ਼ਬਰ ਦਿੱਤੀ। ਮੇਰਾ ਦਿਲ ਧੱਕ ਕਰ ਕੇ ਰਹਿ ਗਿਆ। ਕਲੇਜਿਓਂ ਰੁੱਗ ਭਰਿਆ ਗਿਆ। ਹੇ ਵਾਹਿਗੁਰੂ! ਇਹ ਗੁਰਾਂ ਵਾਲੀ ਧਰਤੀ 'ਤੇ ਫਿਰ ਕਹਿਰ ਦਾ ਜ਼ਹਿਰ ਫੈਲ ਰਿਹਾ ਹੈ। ਜ਼ਹਿਰ ਦੇ ਟੀਕੇ ਗੁਰੂ ਦੇ ਪਿਆਰ ਤੇ ਵਿਸ਼ਵਾਸ ਵਾਲੀਆਂ ਸੰਗਤਾਂ ਦੀਆਂ ਰਗਾਂ ਵਿੱਚ ਲਾਏ ਜਾ ਰਹੇ ਹਨ। ਆਪੋ-ਧਾਪੀ ਹੋ ਕੇ ਨਿਆਰੇ-ਨਿਆਰੇ ਪੰਥ ਚਲਾਏ ਜਾ ਰਹੇ ਹਨ। ਨਾਮ ਤਾਂ ਗੁਰੂ ਦਾ ਲੈਂਦੇ ਹਾਂ, ਪਰ ਨਾਮ ਪੁੜੀਆਂ ਵਿੱਚ ਬੰਨ੍ਹ-ਬੰਨ੍ਹ ਵੇਚੀ ਜਾ ਰਹੇ ਹਾਂ। ਫੜਨਾ ਤਾਂ ਗੁਰੂ ਦਾ ਲੜ ਸੀ, ਉਹ ਤਾਂ ਨਾ ਫੜਿਆ। ਸਗੋਂ ਖਿੱਚੋਤਾਣ ਤੇ ਧਿਙਾਣੇ ਦੇ ਅੰਦਰ ਲੜ ਛਿੱਜਦਾ ਜਾ ਰਿਹਾ ਹੈ, ਲੜ ਛੁੱਟਦਾ ਜਾ ਰਿਹਾ ਹੈ। ਕੋਈ ਅੱਖਰ ਵਿਸ਼ੇਸ਼ ਦਾ ਰਟਨ ਕਰਾ ਰਿਹਾ ਹੈ, ਕੋਈ ਮੰਤਰਾਂ ਦਾ ਅਖੰਡ ਜਾਪ ਕਰਾ ਰਿਹਾ ਹੈ। ਕੋਈ ਨਿੱਜ ਦਾ ਅੰਮ੍ਰਿਤ ਬਣਾ-ਬਣਾ ਕੇ ਪਿਆਈ ਜਾ ਰਿਹਾ ਹੈ। ਕੋਈ ਬਾਣੀ ਦੇ ਕਿਸੇ ਸ਼ਬਦ ਵਿਸ਼ੇਸ਼ ਨੂੰ ਤਵੀਤਾਂ ਤੇ ਚੌਖਟਿਆਂ ਵਿੱਚ ਮੜ੍ਹ-ਮੜ੍ਹ ਕੇ ਦੇਈ ਜਾ ਰਿਹਾ ਹੈ। ਗੁਰੂ ਪਾਤਸ਼ਾਹ ਤਾਂ ਕਹਿੰਦੇ ਹਨ ਕਿ ਇਸ ਨਾਮ ਨੂੰ ਮਨ ਵਿੱਚ ਸਿੰਝਣਾ ਹੈ। ਨਾਮ ਬੀਜਣਾ ਹੈ। ਸੰਤੋਖ ਦਾ ਸੁਹਾਗਾ ਫੇਰ ਕੇ ਨਿਮਰਤਾ ਤੇ ਗਰੀਬੀ ਦਾ ਵੇਸ ਰੱਖਣਾ। ਪਰ ਸਭ ਊਟ-ਪਟਾਂਗ ਹੋ ਰਿਹਾ ਹੈ। ਅਸੀਂ ਸਾਰੇ ਘੇਸ ਮਾਰੀ ਬੈਠੇ ਹਾਂ। ਜਿਵੇਂ ਨਾਮ ਦੀਆਂ ਹੱਟੀਆਂ ਚਲਾਉਣ ਵਾਲੇ ਯਮਲੇ ਜਿਹੇ ਹੋਣ ਤੇ ਉਸ ਨੂੰ ਖਰੀਦਣ ਵਾਲੇ ਕਮਲੇ ਜਿਹੇ ਹੋ ਗਏ ਹੋਣ। ਗੁਰੂ ਨਾਨਕ ਦੀ ਸੱਦ ਕਦੋਂ ਸੁਣਾਂਗੇ? ਉਹ ਤਾਂ ਪੁਕਾਰ-ਪੁਕਾਰ ਕੇ ਕਹਿੰਦਾ ਹੈ "ਰਾਹੁ ਪ੍ਰਭ ਸਰਨਾਈ" ਸਾਨੂੰ ਤਾਂ ਹੁਕਮ ਹੈ ਗੁਰਮਤੀ ਨਾਮ ਧਿਆਉਣ ਦਾ। ਦਾਤਾ ਹੀ ਮਿਹਰ ਕਰੇ, ਸਾਡਾ ਧਿਆਨ ਨਾਮ ਵੱਲ ਕਰੇ। ਧਿਆਨ ਬਿਭੂਤ ਪਿੰਡੇ ਮਲੀਏ। ਸੰਤੋਖ ਦੀਆਂ ਮੁੰਦਰਾਂ ਹੋਣ, ਉਦਮ, ਘਾਲਣਾ ਤੇ ਸ੍ਰਮ ਦੀ ਝੋਲੀ ਹੋਵੇ। ਮੂੰਹੋਂ ਗੁਰੂ ਨਾਨਕ ਦੀ ਬਾਣੀ ਹੋਵੇ ਤੇ ਗੁਰੂ ਗ੍ਰੰਥ ਸਾਹਿਬ ਦੀ ਬੋਲੀ ਹੋਵੇ। ਮਨ ਜਿੱਤਿਆ ਜਾਏ, ਅਸੀਂ ਜਗਜੀਤ ਹੋਈਏ।

ਅਸੀਂ ਸਭ ਕੁਝ ਹੁੰਦਿਆਂ, ਸਭ ਕਾਸੇ ਵਾਲੇ ਹੁੰਦਿਆਂ ਤਮਾਸ਼ੇ, ਕਰਦੇ-ਕਰਦੇ ਆਪ ਤਮਾਸ਼ਾ ਬਣ ਗਏ ਹਾਂ। ਸਾਰੀ ਦੁਨੀਆਂ ਅੱਖਾਂ ਟੱਡ, ਮੂੰਹ ਅੱਡ, ਗੁਰੂ ਨਾਨਕ ਦੀ ਬਾਤ ਉਡੀਕ ਰਹੀ ਹੈ। ਅਸੀਂ ਗਫਲਤ ਦੀ ਚਾਦਰ ਤਾਣ ਕੇ ਅਗਿਆਨਤਾ ਦੇ ਨ੍ਹੇਰੇ ਵਿੱਚ ਭਰਮ ਕਰਮ ਦੀ ਗੋਰ ਵਿੱਚ ਦੱਬੇ ਹੋਏ ਹੋਰ-ਹੋਰ ਉਪਰਾਲੇ ਪਏ ਕਰਦੇ ਹਾਂ। ਠਾਕੁਰ ਘਰ ਵਿੱਚ ਖੜ੍ਹੇ ਹਨ, ਸਾਨੂੰ ਨਜ਼ਰ ਨਹੀਂ ਆਏ। ਗੁਰੂ ਦੀ ਮਿਹਰ ਹੋਵੇ, ਅਕਾਲ ਪੁਰਖ ਦੀ ਨਦਰ ਹੋਵੇ। ਗੁਰਬਾਣੀ ਸਾਡੇ ਮਨ ਵਸੇ। ਲੋਕ-ਪਰਲੋਕ ਸਾਡੀ ਕਦਰ ਹੋਵੇ।

ਗੁਰੂ ਕਰੇ ਇਹ ਕੁਬੁੱਧ ਤੋਂ ਉਪਜੀਆਂ ਕੁਚਾਲਾਂ ਸਿੱਖੀ ਨੂੰ ਢਾਹ ਲਾਉਣ

ਜੋਗੀਆਂ ਨਾ ਰਹਿਣ। ਗੁਰਸਿੱਖ ਜੋਗੀ ਜਾਗਦੇ ਹਨ। ਜਾਗਦੇ ਦੇਵ ਸਤਿਗੁਰੂ ਦੇ ਸਿੱਖ ਹਨ ਅਤੇ ਜਾਗਤ ਜੋਤ ਨੂੰ ਨਿਸਬਾਸਰ ਜਪਦੇ ਹਨ। ਮੈਂ ਬੇਨਤੀ ਕਰਦਾ ਹਾ ਕਿ ਇਧਰ-ਉਧਰ ਧਿਆਨ ਨਾ ਦਿੱਤਾ ਜਾਏ ਤੇ ਇਸ ਨੂੰ ਹੁਣੇ ਹੀ ਠੱਲ੍ਹ ਪਾਈ ਜਾਏ, ਨਹੀਂ ਤਾਂ ਦੇਰ ਹੋ ਚੁੱਕੀ ਹੋਵੇਗੀ। ਅਸੀਂ ਤਾਂ ਅੱਗੇ ਹੀ ਖੁੰਝੇ ਹੋਏ ਹਾਂ। ਆਤਮਾ ਦਾ ਜਿਵੇਂ ਖਾਤਮਾ ਸਮਝੀ ਬੈਠੇ ਹਾਂ ਤੇ ਪਰਮਾਤਮਾ ਭੁੱਲ ਗਿਆ ਹੈ। ਰੂਹ ਨੂੰ ਜਿਵੇਂ ਕਿਸੇ ਖੂਹ ਵਿੱਚ ਧੱਕਾ ਦੇ ਚੁੱਕੇ ਹਾਂ। ਸਿਦਕ ਤੇ ਵਿਸ਼ਵਾਸ ਹੱਕਾ-ਬੱਕਾ ਹੋਇਆ ਖਲੋਤਾ ਹੈ। ਅੰਦਰ ਵੱਲ ਝਾਤੀ ਮਾਰਨ ਦੀ ਵਿਹਲ ਨਹੀਂ। ਉੱਚਾ ਬੋਲ ਸਕਦੇ ਹਾਂ, ਉੱਚੀ ਆਵਾਜ਼ ਵਿੱਚ। ਗੁਰੂ ਪਾਤਸ਼ਾਹ ਸੁੱਚਾ ਚਲਨ ਮੰਗਦੇ ਹਨ। ਅਸੀਂ ਉੱਚੇ ਕਿਰਦਾਰ ਵਾਲੇ ਸੁੱਚੇ ਸਰਦਾਰ ਹਾ ਤੇ ਮੋਢਿਆਂ 'ਤੇ ਬੜਾ ਭਾਰ ਹੈ। ਗੁਰੂ ਪਾਤਸ਼ਾਹ ਨੇ ਸਾਨੂੰ ਨਿਰਭਾਰ ਕਰ ਕੇ ਭਵ ਤੋਂ ਪਾਰ ਕੀਤਾ ਹੈ। ਹੁਣ ਵੀ ਉਸੇ ਦਾ ਹੀ ਆਸਰਾ ਹੈ। ਦਸਾਂ ਗੁਰੂਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਡੇ ਪੱਥ ਪ੍ਰਦਰਸ਼ਕ ਹਨ। ਉਸ ਦੀ ਭਾਵਨਾ ਹੀ ਸਾਡੇ ਵਿੱਚ ਭਗਤੀ ਪੈਦਾ ਕਰਦੀ ਹੈ।

# ਸਬਦ-ਸੁਰਤਿ ਕੀ ਨੀਵ ਰਖਾਈ

ਕਿਸੇ ਘਰ ਜਾਂ ਮਕਾਨ ਦੀ ਬਹੁ-ਮੰਜ਼ਲੀ ਇਮਾਰਤ ਦੀ ਮੁਨਿਆਦ ਉਸ ਦੀ ਬੁਨਿਆਦ 'ਤੇ ਨਿਰਭਰ ਕਰਦੀ ਹੈ। ਬੁਨਿਆਦ ਦੀ ਮਜ਼ਬੂਤੀ ਤੋਂ ਹੀ ਇਮਾਰਤ ਦੀ ਮਜ਼ਬੂਤੀ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ। ਬੁਨਿਆਦ ਭਾਵ ਨੀਂਵ ਅਗਰ ਮਜ਼ਬੂਤ ਨਾ ਹੋਵੇ ਤਾਂ ਕਈ ਵਾਰ ਵੇਖਣ ਵਿੱਚ ਆਇਆ ਹੈ ਕਿ ਇਮਾਰਤ ਆਪਣੇ ਭਾਰ ਹੇਠਾਂ ਹੀ ਬਹਿ ਜਾਂਦੀ ਹੈ ਜਾਂ ਫਿਰ ਛੱਤ ਨੂੰ ਸਹਾਰਾ ਦੇਣ ਵਾਲੀਆਂ ਕੰਧਾਂ ਨੂੰ ਤਰੇੜਾਂ ਆਉਣ 'ਤੇ ਕੰਧਾਂ ਛੱਤ ਦਾ ਸਾਥ ਛੱਡਣ ਲੱਗ ਪੈਂਦੀਆਂ ਹਨ।

ਸਿੱਖ ਧਰਮ ਦੇ ਸਿਰਜਣਹਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਨਵੀਨਤਮ ਤੇ ਨੌਜਵਾਨ ਧਰਮ ਦੀ ਨੀਂਹ ਰੱਖਣ ਲੱਗਿਆਂ ਇਸ ਦੀ ਸਦੀਵੀ ਮਜ਼ਬੂਤੀ ਵੱਲ ਵਿਸ਼ੇਸ਼ ਧਿਆਨ ਦਿੱਤਾ। ਨਿਰੰਕਾਰੀ ਬਾਬਾ ਜੀ ਨੇ ਨਿਰੰਕਾਰ ਅਕਾਲ-ਪੁਰਖ ਤੋਂ ਬਖ਼ਸ਼ਿਸ਼ ਪਾ ਕੇ ਉਸ ਦੇ ਨਿਰਜੰਨੀ ਨਾਮ ਨੂੰ ਜਾਣਿਆ ਤੇ ਪਛਾਣਿਆ। ਪੂਰਨ ਪ੍ਰੇਮ ਸੰਗ ਅਪਾਰ ਪਿਤਾ ਪ੍ਰਮਾਤਮਾ ਦੇ ਨਾਲ ਲਿਵ ਲਾਈ ਤੇ ਉਸ ਦੀ ਭਗਤੀ ਕੀਤੀ। ਵਾਹਿਗੁਰੂ ਦੀ ਸਿਫ਼ਤ-ਸਲਾਹ ਅਤੇ ਭਗਤੀ ਤੋਂ ਸ਼ਕਤੀ ਪ੍ਰਾਪਤ ਕਰ ਕੇ ਬਲਵਾਨ ਸੁਰਤਿ ਨੂੰ ਸ਼ਬਦ ਨਾਲ ਜੋੜਿਆ । ਭਾਈ ਲਹਿਣਾ ਜੀ ਨੂੰ ਅੱਗੇ ਖੁਦਾ ਤੋਂ ਸਾਜ ਸੰਵਾਰ ਕੇ ਆਪਣਾ ਹੀ ਰੂਪ (ਗੁਰੂ) ਅੰਗਦ ਬਣਾ ਦਿੱਤਾ। ਸਿੱਖੀ ਦੀ ਸ਼ਾਨਦਾਰ ਇਮਾਰਤ ਦੀ ਨੀਂਹ ਸ਼ਬਦ-ਸੁਰਤਿ 'ਤੇ ਰਖਵਾਈ। ਇਹੀ ਗੱਲ ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਦੇ ਮੁਤਲਿਕ ਕਰ ਦਿੱਤੀ। ਗੁਰੂ ਅਮਰਦਾਸ ਜੀ ਨੇ ਵਾਹੁ ਵਾਹੁ ਕਰਦਿਆਂ ਕਰਤਾਰ ਨੂੰ ਇਸ ਤਰ੍ਹਾਂ ਨਾਲ ਧਿਆਇਆ ਕਿ ਕਰਤਾਰ ਨੂੰ ਆਪਣੇ ਵੱਸ ਕਰ ਲਿਆ। ਹੁਣ ਉਸ ਨੀਂਹ ਉੱਤੇ ਉਸਰੀ ਇਮਾਰਤ ਦਾ ਇੰਤਜ਼ਾਮ ਸ਼ੁਰੂ ਹੋ ਗਿਆ। ਮਹੱਲ ਦੀ ਉਸਾਰੀ ਹੋਈ। ਗੁਰੂ ਅਮਰਦਾਸ ਜੀ ਨੇ ਅਕਥ ਕਥਾ ਨਿਰੰਕਾਰ ਦੀ, ਇਸ ਤਰ੍ਹਾਂ ਪਛਾਣੀ ਕਿ ਉਹ ਇਸ ਇਕ ਜੀਭ ਨਾਲ ਬਿਆਨੀ ਨਹੀਂ ਜਾ ਸਕਦੀ। ਗੁਰੂ ਰਾਮਦਾਸ ਜੀ ਨੇ ਇਸ ਸ਼ਬਦ-ਸੁਰਤਿ ਦੀ ਨੀਂਹ ਵਾਲੇ ਮਹੱਲ ਨੂੰ ਇਸ ਤਰ੍ਹਾਂ ਨਾਲ ਸੁਆਰਿਆ ਕਿ ਸਾਰੀ ਲੁਕਾਈ ਤੇ ਸ੍ਰਿਸ਼ਟੀ ਦੇ ਪਾਰ ਉਤਰਣ ਦਾ ਪੱਕਾ ਇੰਤਜ਼ਾਮ ਹੋ ਗਿਆ :

*ਨਾਨਕਿ ਨਾਮੁ ਨਿਰੰਜਨ ਜਾਨ੍ਉ*
*ਕੀਨੀ ਭਗਤਿ ਪ੍ਰੇਮ ਲਿਵ ਲਾਈ॥*
*ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ*
*ਤਿਨਿ ਸਬਦ ਸੁਰਤਿ ਕੀ ਨੀਵ ਰਖਾਈ॥*
*ਗੁਰ ਅਮਰਦਾਸ ਕੀ ਅਕਥ ਕਥਾ ਹੈ*

*ਇਕ ਜੀਹ ਕਛੁ ਕਹੀ ਨ ਜਾਈ॥*
*ਸੋਢੀ ਸ੍ਰਿਸ੍ਟਿ ਸਕਲ ਤਾਰਣ ਕਉ*
*ਅਬ ਗੁਰ ਰਾਮਦਾਸ ਕਉ ਮਿਲੀ ਬਡਾਈ॥੩॥* *(ਪੰਨਾ ੧੪੦੬)*

ਗੁਰੂ ਅਮਰਦਾਸ ਜੀ ਤੋਂ ਬਾਅਦ ਗੁਰੂ-ਸ਼ਬਦ ਦੀ ਮਹਿਮਾ ਭਾਵ ਨਾਮ ਦੀ ਵਡਿਆਈ, ਸ਼ਬਦ ਦੀ, ਨਿਰੰਕਾਰਤਾ ਦੀ ਮਹਾਨਤਾ ਤੇ ਸ਼ਬਦ ਸੁਰਤਿ ਦੇ ਸਬੰਧ ਨੂੰ ਆਪਣੇ ਪਵਿੱਤਰ ਜੀਵਨ ਵਿੱਚ ਇਸ ਤਰ੍ਹਾਂ ਨਾਲ ਪ੍ਰਗਟਾਇਆ ਕਿ ਸ਼ਬਦ ਨੂੰ ਹੀ ਗੁਰ-ਗੱਦੀ ਪ੍ਰਦਾਨ ਕਰ ਦਿੱਤੀ।

ਸ਼ਬਦ ਦਸਵੇਂ ਦੁਆਰ ਤੋਂ ਲੈ ਕੇ ਘਟ-ਘਟ ਅੰਦਰ ਸਰਬ-ਵਿਆਪੀ ਹੈ ਅਤੇ ਜਲ ਥਲ ਮਹੀਅਲ ਅੰਦਰ ਵਿਆਪ ਰਿਹਾ ਹੈ। ਆਪਣੇ ਅੰਦਰ ਅਤੇ ਸਰਬ ਵਿਆਪੀ ਸ਼ਬਦ ਨਾਲ ਇਕਸੁਰ ਹੋ ਜਾਣਾ, ਨਾਮ ਅਤੇ ਅਕਾਲ ਪੁਰਖ ਦੀ ਪ੍ਰਾਪਤੀ ਹੈ। ਦੁਨੀਆਂ ਦੀ ਹਰ ਕੋਈ ਵਸਤੂ ਚੱਲ, ਅਚੱਲ, ਜੜ੍ਹ, ਦੁਰਬਲ, ਚੇਤੰਨ, ਜੀਵ ਜੰਤੂ, ਸਭ ਦਾ ਇਕ ਅੰਤ ਹੈ। ਸ਼ਬਦ ਅਨੰਤ ਹੈ। ਇਸ ਦਾ ਕੋਈ ਅੰਤ ਨਹੀਂ। ਸ਼ਬਦ ਨਸ਼ਵਰਜ ਨਹੀਂ। ਇਸੇ ਹੀ ਕਾਰਨ ਸ਼ਬਦ ਗੁਰ-ਅਬਿਨਾਸੀ ਹੈ। ਜੁਗੋ ਜੁਗ ਅਟੱਲ ਹੈ। ਕਿਤਨਾ ਖ਼ੂਬਸੂਰਤ ਸਬੰਧ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਜੁਗੋ ਜੁਗ ਅਟੱਲ ਆਖਦੇ ਹਾਂ। ਇਹ ਸ਼ਬਦ ਜੁ ਹੋਇਆ, ਅਬਿਨਾਸੀ ਸ਼ਬਦ। ਇਸ ਪ੍ਰਕਾਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੱਚ ਦੀ ਨੀਂਵ ਉਸਾਰੀ ਹੈ, ਉਹ ਸ਼ਬਦ ਉੱਤੇ ਹੀ ਹੈ। ਇਸ ਲਈ ਇਹ ਗੱਲ ਬੇ-ਖ਼ੌਫ਼ ਨਿਸ਼ੰਗ ਹੋ ਕੇ ਡਾਹਢੇ ਠੁੱਕ ਨਾਲ ਕਹੀ ਜਾਣੀ ਚਾਹੀਦੀ ਹੈ ਕਿ ਸਿੱਖੀ ਅਬਿਨਾਸੀ ਹੈ। ਸਿੱਖੀ ਨੂੰ ਢਾਹ ਲਾਉਣ ਵਾਲੇ ਮਜ਼ਬੂਤ ਸਿਆਸੀ ਤਾਕਤਾਂ ਵਾਲੇ, ਸਰਕਾਰੀ ਅਤੰਕ ਵਾਲੇ ਜਾਂ ਕੋਈ ਹਉਮੈ ਮਾਣ ਮੱਤੇ ਹੋਣ। ਸ਼ਬਦ ਸੁਰਤਿ ਦੀ ਨੀਂਹ ਉੱਤੇ ਉਸਾਰੇ ਇਸ ਸਿੱਖੀ ਮਹਿਲ ਦਾ ਕੁਝ ਨਹੀਂ ਵਿਗਾੜ ਸਕਦੇ। ਹਾਂ ਜੇ ਕਿਸੇ ਕਾਰਨ ਉਹ ਇਸ ਨਾਲ ਟੱਕਰਾਂ ਮਾਰਨ ਦਾ ਦੁਸਾਹਸ ਕਰ ਵੀ ਲੈਣ, ਤਾਂ ਆਪਣਾ ਹੀ ਮੂੰਹ-ਮੱਥਾ ਵਿਗਾੜ ਕੇ ਬਿਗੜ ਰੂਪ ਹੋਣਗੇ। ਜਦ ਅਸੀਂ ਨੀਂਹ ਦਾ ਜ਼ਿਕਰ ਕਰਦੇ ਹਾਂ, ਤਾਂ ਸ਼ਬਦ ਦੇ ਨਾਲ ਸੁਰਤਿ ਦਾ ਜ਼ਿਕਰ ਵੀ ਆਇਆ ਹੈ। ਗੁਰਬਾਣੀ ਵਿੱਚ ਸੁਰਤਿ ਸਬੰਧੀ ਸਾਵਿਸਥਾਰ ਵਿਚਾਰ ਹਨ। ਸ਼ਬਦ ਦੀ ਮਹਿਮਾ ਦਾ ਜ਼ਿਕਰ ਵਿਸਥਾਰ ਨਾਲ ਕੀਤਿਆਂ ਇਹ ਲੇਖ ਬਹੁਤ ਲੰਮੇਰਾ ਹੋ ਜਾਏਗਾ। ਸ਼ਬਦ ਆਪਣੇ ਆਪ ਵਿੱਚ ਕੋਈ ਇਕ ਸੰਪੂਰਨ ਵਿਸ਼ਾ ਹੀ ਨਹੀਂ। ਸਗੋਂ ਆਪਣੇ ਆਪ ਵਿੱਚ ਇਕ ਪੂਰਨ ਵਸਤੂ ਹੈ। ਸਰਬ-ਬ੍ਰਹਿਮੰਡ ਵਿੱਚ ਵਿਆਪੀ ਵਸਤੂ। ਇਥੇ ਅਸੀਂ ਸੁਰਤਿ ਦੇ ਸਬੰਧ ਵਿੱਚ ਕੁਝ ਵਿਚਾਰ ਕਰਨਾ ਹੈ। ਸ਼ਬਦ ਕੋਈ ਗੁਆਚੀ ਹੋਈ ਵਸਤੂ ਨਹੀਂ। ਇਹ ਸਭਨੀਂ ਥਾਂਈ ਨਿਰੰਕਾਰੀ ਅਵਸਥਾ ਵਿੱਚ ਵਿਆਪਤ ਹੈ। ਅਕਾਰ ਵਾਲੀ ਆਕ੍ਰਿਤੀ ਨੂੰ ਅਸੀਂ ਇਸ਼ਾਰੇ ਨਾਲ ਦੱਸ ਸਕਦੇ ਹਾਂ। ਅੱਖਾਂ ਨਾਲ ਵੇਖ ਸਕਦੇ ਹਾਂ, ਹੱਥਾਂ ਨਾਲ ਫੜ ਸਕਦੇ ਹਾਂ, ਉਸ ਨੂੰ ਛੂਹ ਸਕਦੇ ਹਾਂ। ਉਸ ਅਦ੍ਰਿਸ਼ਟ ਅਗੋਚਰ ਅਗਾਧ ਸ਼ਬਦ ਨੇ ਸੁਰਤਿ ਨਾਲ ਨੀਂਹ ਬਣਨਾ ਹੈ ਅਤੇ ਸੁਰਤਿ ਨੇ ਇਸ ਨੂੰ ਪਹਿਚਾਨਣਾ ਹੈ। ਉਸ ਤੱਕ ਪਹੁੰਚ ਕੇ ਉਸ ਦਾ ਅਨੁਭਵ ਕਰਾਉਣਾ ਹੈ। ਉਸ ਉੱਤੇ

ਫਿਰ ਸਾਰੀ ਉਸਾਰੀ ਹੋਣੀ ਹੈ। ਸ਼ਬਦ ਪਤਿਤ ਪਾਵਨ ਹੈ। ਸ਼ਬਦ ਪਾਏਦਾਰ ਤੋਂ ਅਬਿਨਾਸੀ ਹੈ। ਸ਼ਬਦ ਹੀ ਪ੍ਰਧਾਨ ਹੈ। ਸ਼ਬਦ ਨਿਰੰਕਾਰ ਹੈ। ਸ਼ਬਦ ਪ੍ਰਤੱਖ ਹੈ ਤੇ ਇਸੇ ਸ਼ਬਦ ਦੀ ਹੀ ਸਤਿਗੁਰੂ ਨੇ ਨੀਂਹ ਬਣਾਈ ਹੈ। ਜਦੋਂ ਅਸੀਂ ਕੋਈ ਭਵਨ ਸਿਰਜਣ ਲੱਗਦੇ ਹਾਂ, ਤਾਂ ਉਸ ਦੀ ਨੀਂਹ ਵਿੱਚ ਹੇਠਲਾ ਤਲਾ ਪੱਕਾ ਕਰ ਕੇ ਉੱਤੇ ਰੋੜੀ ਪਾਉਂਦਿਆਂ ਚਾਰ ਦੀਵਾਰੀ ਕਰਦੇ ਹਾਂ। ਗੁਰਮਤਿ ਦੇ ਭਵਨ ਵਿਸ਼ੇਸ਼ ਵਿੱਚ ਮੂਲ ਤੱਤ ਸ਼ਬਦ ਹੈ ਤੇ ਸੁਰਤਿ ਉਹ ਸੱਚ ਹੈ, ਜਿਸ ਨੇ ਵਸਤੂ ਨੂੰ ਜੋੜਨਾ ਹੈ ਜਾਂ ਮਨ ਨੂੰ ਜੋੜਨਾ ਹੈ। ਇਕ ਹੋਰ ਗੱਲ ਬੜੀ ਸਿੱਧੀ-ਸਾਦੀ ਪਰ ਗੰਭੀਰ ਹੈ। ਉਸਰੀ ਹੋਈ ਇਮਾਰਤ ਜਾਂ ਭਵਨ ਦੇ ਉਪਰਲੇ ਸਭ ਹਿੱਸੇ- ਮੰਜ਼ਲਾਂ, ਬੂਹੇ, ਬਾਰੀਆਂ, ਟੰਮਣੇ, ਮੀਨਾਰ, ਮਮਟੀਆਂ, ਕਲਸ਼, ਗੁੰਬਦ- ਦਿਸਦੇ ਹਨ ਪਰ ਨੀਂਹ ਵਿੱਚ ਲੱਗੀ ਗਚ ਤੇ ਇੱਟਾਂ ਬਿਲਕੁਲ ਨਹੀਂ ਦਿਸਦੀਆਂ। ਬਿਲਕੁਲ ਇਸੇ ਤਰ੍ਹਾਂ ਗੁਰੂ ਨਾਨਕ ਪਿਤਾ ਜੀ ਦੇ ਗੁਰਮਤਿ ਮਹੱਲ ਵਿੱਚ ਸ਼ਬਦ ਸੁਰਤਿ ਦੀ ਨੀਂਹ ਹੈ। ਇਹ ਪ੍ਰਤੱਖ ਅੱਖ ਨੂੰ ਨਹੀਂ ਦਿਸਦੇ। ਨਿਰੰਕਾਰ ਜੁ ਹੋਈ। ਇਸ ਨੂੰ ਅਨੁਭਵ ਹੀ ਕੀਤਾ ਜਾ ਸਕਦਾ। ਸ਼ਬਦ-ਸੁਰਤਿ ਦੀ ਨੀਂਹ ਹੈ। ਸ਼ਬਦ-ਸੁਰਤਿ ਦੀ ਨੀਂਹ 'ਤੇ ਖੜ੍ਹੇ ਮਹੱਲ ਦੀ ਦਿੱਖ ਤੇ ਦੱਖ ਹੈ। ਮਾਣ, ਮਹੱਤਤਾ, ਤੇਜ਼, ਪ੍ਰਤਾਪ, ਰਿੱਧੀ, ਸਿੱਧੀ, ਨੌ-ਨਿਧਾਂ, ਧਨ, ਦੌਲਤ, ਪੁੱਤਰ, ਕਲੱਤਰ, ਇੱਜ਼ਤ, ਸ਼ੁਹਰਤ ਤੇ ਹੋਰ ਸਭ ਕੁਝ। ਇਹ ਸਭ ਆਕਾਰੀ ਹੈ। ਸ਼ਬਦ ਨਿਰੰਕਾਰੀ ਹੈ। ਨਿਰੰਕਾਰੀ ਵਸਤੂ ਨੂੰ ਪੱਕਿਆਂ ਕਰ ਲਈਏ, ਭਾਵ ਨੀਂਹ ਪੱਕਿਆਂ ਕਰ ਲਈਏ। ਆਕਾਰੀ ਵਸਤੂਆਂ ਆਪੇ ਆ ਜਾਣਗੀਆਂ। ਟਿਕਾਊ ਹੋਣਗੀਆਂ, ਸੁਖਦਾਈ ਵੀ ਹੋਣਗੀਆਂ। ਸਾਡਾ ਬਹੁਤਿਆਂ ਦਾ ਪੁਆੜਾ ਇਹ ਹੈ ਕਿ ਆਕਾਰੀ ਵਸਤਾਂ ਤੇ ਅਕ੍ਰਿਤੀਆਂ ਮਗਰ ਮਰਦੇ ਰਹਿੰਦੇ ਹਾਂ। ਨਿਰੰਕਾਰ ਪ੍ਰਾਪਤ ਨਹੀਂ ਹੁੰਦਾ, ਸੁਰਤਿ ਜੁ ਮੋੜੀ ਹੋਈ ਹੈ। ਬਸ ਸੁਰਤਿ ਨੂੰ ਸੋਧ ਕੇ ਸ਼ਬਦ ਨੂੰ ਪ੍ਰਾਪਤ ਕਰਨਾ ਹੈ। ਇਹੀ ਜੜ੍ਹ ਹੈ, ਇਹੀ ਮੂਲ ਹੈ, ਇਹੀ ਤੱਥ ਹੈ, ਇਹੀ ਸਤਿ ਹੈ। ਇਹੀ ਅਬਿਨਾਸੀ ਹੈ। ਇਹੀ ਨੀਂਹ ਹੈ ਤੇ ਇਸੇ ਦਾ ਗਿਆਨ ਗੁਰਮਤਿ ਨੇ ਦਿੱਤਾ ਹੈ ਤੇ ਸ਼ਬਦ ਸੁਰਤਿ ਦੀ ਨੀਂਹ ਰਖਾਈ ਹੈ।

ਗੁਰੂ ਨਾਨਕ ਪਾਤਸ਼ਾਹ ਇਕ ਸਿਖਰ ਹਨ। ਅਤਿ ਉੱਚਾ ਸਿਖਰ, ਸਭ ਤੋਂ ਉਚਿਆਈ ਵਾਲਾ ਸਿਖਰ। ਗੁਰੂ ਨਾਨਕ ਦੇਵ ਜੀ ਦਾ ਪਵਿੱਤਰ ਕਥਨ ਹੈ ਕਿ ਮਨੁੱਖੀ ਜਾਮੇ ਵਿੱਚ ਜੀਵ ਦਾ ਕੰਮ ਹੈ ਨਾਮ ਨੂੰ ਪ੍ਰਾਪਤ ਕਰੇ। ਪੱਕੀ ਤਰ੍ਹਾਂ ਉਸ ਦਾ ਲੜ ਫੜ ਲਵੇ। ਉਸ ਨੂੰ ਗ੍ਰਹਿਣ ਕਰੇ। ਲੁਕਾਈ ਤਾਂ ਹੋਰ ਹੀ ਕੰਮ ਲੱਗੀ ਹੋਈ ਹੈ ਤੇ ਉਹਨਾਂ ਨੇ ਅਵੱਲੇ ਤੇ ਬਿਖੜੇ ਪੰਧ ਪਕੜੇ ਹਨ। ਕੋਈ ਕਰਮ-ਕਾਂਡ ਕਰਦਾ ਹੈ। ਕੋਈ ਧੂਣੀਆਂ ਤਪਾਉਂਦਾ, ਕੋਈ ਵਰਤ ਨੇਮ ਕਰਦਾ, ਜੀਵਨ ਅੰਞਾਈਂ ਗਵਾ ਰਿਹਾ ਹੈ। ਸੰਜਮ ਵਿੱਚ ਪਿਆ ਵਿਚਾਰਾ ਜੋਗੀ ਤਾਂ ਨਸ਼ਿਆਂ ਵਿੱਚ ਹੀ ਗਲਤਾਨ ਹੋਇਆ ਹੋਇਆ ਹੈ। ਭੰਗ, ਚਰਸ, ਪੋਸਤ, ਧਤੂਰਾ, ਗਾਂਜਾ ਅਤੇ ਸ਼ਰਾਬ ਦਾ ਸੇਵਨ ਕਰ ਕੇ ਸੁਰਤਿ ਨੂੰ ਟਿਕਾਣੇ ਕਰਨ ਦਾ ਬਹਾਨਾ ਕਰਦਾ ਹੈ ਜਾਂ ਇੰਜ ਕਹੀਏ ਕਿ ਆਪਣੇ ਆਪ ਨੂੰ ਧੋਖਾ ਦੇਣ ਵਾਲਾ ਰਾਹ ਉਸ ਨੇ ਫੜਿਆ ਹੋਇਆ ਹੈ। ਇਹ ਗੱਲ ਭਾਵੇਂ ਜੋਗੀ ਨੂੰ ਪਤਾ ਲੱਗ ਗਈ ਹੈ ਕਿ ਸੁਰਤਿ ਨੇ ਸ਼ਬਦ ਨੂੰ

ਗ੍ਰਹਿਣ ਕਰਨਾ ਹੈ, ਪਰ ਉਹ ਗ੍ਰਹਿਣ ਕਰਨ ਵਾਲੀ ਵਸਤੂ ਨੂੰ ਪਹਿਲਾਂ ਹੀ ਗਰਦ-ਆਲੂਦ ਅਤੇ ਚਿੱਕੜ ਭਰਿਆ ਕਰ ਲੈਂਦਾ ਹੈ। ਨਾਮ ਜਾਂ ਸ਼ਬਦ ਨੂੰ ਕਿਸ ਤਰ੍ਹਾਂ ਫੜੇਗਾ? ਨਸ਼ਿਆਂ ਨੇ ਤਾਂ ਸਿਰਫ਼ ਸੁਰਤਿ ਨੂੰ ਬੌਰਾ ਕਰਨਾ ਹੈ, ਸਗੋਂ ਨਸ਼ੇ ਤਾਂ ਸੁਰਤਿ ਨੂੰ ਹੀ ਮਾਰ ਦੇਣਗੇ। ਗੁਰੂ ਨਾਨਕ ਪਿਤਾ ਆਪਣਾ ਉਤਮ ਵਿਚਾਰ ਪ੍ਰਗਟ ਕਰਦਿਆਂ, ਜੋਗੀ ਨੂੰ ਜੋਗੀ ਦੀ ਭਾਸ਼ਾ ਵਿੱਚ ਸਮਝਾਉਂਦੇ ਹਨ:

*ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ॥*
*ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ॥੧॥*

*(ਪੰਨਾ ੩੬੦)*

ਭਾਵ ਇਹ ਕਿ ਗੁਰ ਕੀ ਖਰੀ ਬਾਤ ਦਾ ਗੁੜ ਧਿਆਨ ਨਾਲ ਸੰਜੋ ਕੇ ਸ਼ੁਭ ਕਰਨੀ ਦਾ ਕਸ, ਜਿਸ ਨੇ ਅਮਿਓ ਰਸ ਤਿਆਰ ਕਰਨਾ ਹੈ, ਉਸ ਨੂੰ ਉਹਦੇ ਵਿੱਚ ਰਲਾ ਦਿੱਤਾ ਜਾਏ। ਨਸ਼ਾ ਤਿਆਰ ਕਰਨ ਲੱਗਿਆਂ ਕਿੱਕਰ ਦੇ ਸੱਕ ਨੂੰ ਗੁੜ ਵਿੱਚ ਪਾ ਕੇ ਭਾਵਨਾ ਦੀ ਭੱਠੀ ਉੱਤੇ ਪਏ ਭਾਂਡੇ ਵਿੱਚੋਂ ਉਪਜੀ ਭਾਫ ਨੂੰ ਠੰਡਿਆਂ ਕਰਨ ਲਈ ਸਹਿਜੇ-ਸਹਿਜੇ ਪੋਚਾ ਫੇਰੀ ਜਾਣਾ ਹੈ। ਇਸ ਪ੍ਰਕਾਰ ਅਮਿਓ ਰਸ ਤਿਆਰ ਹੋ ਜਾਵੇਗਾ। ਇਸ ਦਾ ਸੇਵਨ ਸੁਰਤਿ ਨੂੰ ਟਿਕਾਏਗਾ। ਟਿਕਾਣੇ ਲੱਗੀ ਸੁਰਤਿ, ਟਿਕੀ ਹੋਈ ਬਲਵਾਨ ਸੁਰਤਿ, ਭਟਕਦੇ ਚੰਚਲ ਮਨ ਨੂੰ ਸ਼ਾਂਤ ਕਰ ਕੇ ਟਿਕਾ ਦੇਵੇਗੀ। ਜਗਿਆਸੂ ਮਨ ਖੀਵਾ ਹੋ ਜਾਏਗਾ। ਸਹਿਜ ਰੰਗ ਵਿੱਚ ਰੰਗਿਆ ਜਾਵੇਗਾ। ਦਿਨੇ ਰਾਤ ਬਿਨਾਂ ਕਿਸੇ ਉਚੇਚ ਜਾਂ ਤਰੱਦਦ ਦੇ ਪ੍ਰੇਮ ਨਾਲ ਲੱਗੀ ਲਿਵ ਦੁਆਰਾ ਬਲਵਾਨ ਹੋਈ ਸੁਰਤਿ, ਸ਼ਬਦ ਅਨਾਹਤ ਨੂੰ ਪ੍ਰਾਪਤ ਕਰ ਲਏਗੀ। ਇਹ ਹੈ ਸੁਰਤਿ ਦਾ ਕੰਮ, ਸ਼ਬਦ ਨੂੰ ਗ੍ਰਹਿਣ ਕਰਨ ਲਈ। ਗੁਰੂ ਨਾਨਕ ਦੇਵ ਜੀ ਨੇ ਸਾਫ਼ ਲਿਖਿਆ ਤੇ ਸਪਸ਼ਟ ਕਿਹਾ ਹੈ, ਉਹ ਇਸ ਘਾੜਤਾ ਦਾ ਜ਼ਿਕਰ ਜਪੁ ਜੀ ਸਾਹਿਬ ਦੀ ਅਠੱਤਵੀਂ ਪਉੜੀ ਵਿੱਚ ਕਰ ਰਹੇ ਹਨ। ਭਾਵ ਸਿਖਰ 'ਤੇ ਪੁੱਜ ਕੇ ਗੱਲ ਕਰ ਰਹੇ ਹਨ। ਉਸ ਦਾ ਜ਼ਿਕਰ ਆਪ ਜੀ ਨੇ ਜਪੁ ਜੀ ਸਾਹਿਬ ਦੇ ਖੰਡਾਂ ਦੇ ਪ੍ਰਕਰਣ ਵਿੱਚ ਪਹਿਲਾਂ ਹੀ ਕਰ ਦਿੱਤਾ ਹੈ। ਜਿਵੇਂ ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ, ਸੱਚ ਖੰਡ। ਏਥੇ ਅਸੀਂ ਗੁਰੂ ਪਿਤਾ ਦੇ ਉਪਰਲੇ ਹੁਕਮ ਦੁਆਰਾ ਸਰਮ ਖੰਡ ਨੂੰ ਵਿਚਾਰਨਾ ਹੈ। ਪਹੁੰਚਣਾ ਸੱਚ ਖੰਡ ਅਨੰਦ ਰੂਪ ਸ਼ਬਦ ਨਿਰੰਕਾਰ ਪਾਸ ਹੈ। ਇਹ ਕੇਵਲ ਨਦਰ, ਕਰਮ ਅਤੇ ਮਿਹਰ ਨਾਲ ਹੀ ਸੰਭਵ ਹੋ ਸਕਦਾ ਹੈ :

*ਸਰਮ ਖੰਡ ਕੀ ਬਾਣੀ ਰੂਪੁ॥*
*ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥*
*ਤਾ ਕੀਆ ਗਲਾ ਕਥੀਆ ਨਾ ਜਾਹਿ॥*
*ਜੇ ਕੋ ਕਹੈ ਪਿਛੈ ਪਛੁਤਾਇ॥*
*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥*
*ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥੩੬॥* *(ਪੰਨਾ ੮)*

ਗੁਰਦੇਵ ਤੋਂ ਗਿਆਨ ਪ੍ਰਾਪਤੀ ਉਪਰੰਤ ਗੁਰਸਿੱਖ ਸਰਮ ਭਾਵ ਪੁਰਸ਼ਾਰਥ, ਮਿਹਨਤ ਜਾਂ ਘਾਲ ਕਮਾਈ ਦੀ ਅਵਸਥਾ ਵਿੱਚ ਪੁੱਜ ਜਾਂਦਾ ਹੈ। ਇਸ ਅਵਸਥਾ ਦੀ ਬਨਾਵਟ, ਵਾਤਾਵਰਣ ਜਾਂ ਬਾਣੀ ਭਾਵ ਵਜ੍ਹਾ ਕਤ੍ਹਾ ਤੇ ਢੰਗ ਵਿਲੱਖਣ ਹਨ। ਗਿਆਨਵਾਨ ਗੁਰਸਿੱਖ ਆਪਣੇ ਚੌਗਿਰਦੇ ਵਿੱਚ ਬਹੁਤ ਕੁਝ ਬਣਿਆ, ਉਸਰਿਆ ਤੇ ਪਸਰਿਆ ਵੇਖਦਾ ਹੈ। ਆਮ ਮਨੁੱਖ ਉਸ ਵਿੱਚ ਫਸ ਕੇ ਰਹਿ ਜਾਂਦਾ ਹੈ।

ਸੇਵਾ ਨੇ ਸੁਰਤਿ ਟਿਕਾਣੇ ਲਿਆਉਣੀ ਹੈ। ਟਿਕਾਣੇ ਆਈ ਹੋਈ ਸੁਰਤਿ ਆਰਾਧਨਾ ਵਿੱਚ ਸਹਾਈ ਹੋਵੇਗੀ ਤੇ ਉਹ ਸ਼ਬਦ ਨੂੰ ਗ੍ਰਹਿਣ ਕਰੇਗੀ ਜਾਂ ਇੰਜ ਕਹੀਏ ਕਿ ਐਸੀ ਮਹਾਨ ਮਜ਼ਬੂਤੀ ਪ੍ਰਦਾਨ ਕਰੇਗੀ ਕਿ ਉਸ ਨੀਂਹ ਦੇ ਉੱਤੇ ਉਸਰੇ ਮਹੱਲ ਵਿੱਚ ਪ੍ਰਭੂ ਦਾ ਵਾਸਾ ਪ੍ਰਤੱਖ ਮਹਿਸੂਸ ਹੋਵੇਗਾ। ਗੁਰੂ ਪਾਤਸ਼ਾਹ ਹੁਕਮ ਕਰਦੇ ਹਨ:

*ਸੇਵਾ ਸੁਰਤਿ ਨ ਜਾਣੀਆ ਨਾ ਜਾਪੈ ਆਰਾਧਿ॥*
*ਓਟ ਤੇਰੀ ਜਗਜੀਵਨਾ ਮੇਰੇ ਠਾਕੁਰ ਅਗਮ ਅਗਾਧਿ॥੨॥ (ਪੰਨਾ ੨੧੮)*

ਭਾਵ ਸਪਸ਼ਟ ਹੋਇਆ ਹੈ ਕਿ ਨਿਸ਼ਕਾਮ ਸੇਵਾ ਨੇ ਸੁਰਤਿ ਟਿਕਾਣੇ ਲੈ ਆਉਣੀ ਹੈ। ਟਿਕੀ ਹੋਈ ਸੁਰਤਿ ਸ਼ਬਦ ਨੂੰ ਪਹਿਚਾਨਣ ਦੇ ਯੋਗ ਹੋ ਜਾਏਗੀ। ਇਹ ਗੁਰਬਾਣੀ ਦਾ ਆਦੇਸ਼ ਤੇ ਹੁਕਮ ਹੈ ਕਿ ਪ੍ਰਭੂ ਪ੍ਰਾਪਤੀ ਲਈ ਸ਼ਬਦ ਤੇ ਸੁਰਤਿ ਸੰਗ-ਸੰਗ ਚਲਦੇ ਹਨ ਅਤੇ ਜਿਸ ਮਹੱਲ ਵਿੱਚ ਸਤਿਗੁਰੂ ਨੇ ਢਾਡੀ ਨੂੰ ਬੁਲਾਉਣਾ ਹੈ, ਉਸ ਦਾ ਸੰਗੇ-ਬੁਨਿਆਦ ਸ਼ਬਦ ਸੁਰਤਿ ਹੈ।

ਸ਼ਬਦ, ਨਾਮ, ਅਕਾਲ ਪੁਰਖ, ਵਾਹਿਗੁਰੂ ਆਦਿ ਸਭਨਾਂ ਦਾ ਭਾਵ ਇਕੋ ਹੀ ਹੈ। ਇਹ ਸਾਰੇ ਅੱਖਰ ਸ਼ਬਦ ਦੇ ਪ੍ਰਾਇਵਾਚੀ ਹੀ ਹਨ। ਸੁਰਤਿ ਤੋਂ ਬਿਨਾਂ ਸ਼ਬਦ ਦੀ ਪ੍ਰਾਪਤੀ ਨਿਰੀ ਔਖੀ ਹੀ ਨਹੀਂ, ਸਗੋਂ ਅਸੰਭਵ ਵੀ ਹੈ। ਗੁਰੂ ਅਮਰਦਾਸ ਜੀ ਦਾ ਹੁਕਮ ਹੈ ਕਿ ਸ਼ਬਦ ਤੋਂ ਹੀ ਨਾਮ ਉਪਜਦਾ ਹੈ। ਨਾਮ ਤੋਂ ਬਿਨਾਂ ਜੀਵਨ ਬਿਰਥਾ ਹੈ। ਮਹਾਰਾਜ ਤਾਂ ਇਹ ਫ਼ਰਮਾਉਂਦੇ ਹਨ ਕਿ ਜਿਸ ਨੂੰ ਨਾਮ ਦੀ ਸੁਰਤ ਨਹੀਂ, ਉਹ ਬੇਸੁਰਤ ਹੈ, ਬੇਹੋਸ਼ ਹੈ। ਪਾਗਲ ਹੈ, ਬੌਰਾ ਹੈ। ਇਹ ਸ਼ਬਦ ਅੰਮ੍ਰਿਤ ਹੈ ਅਤੇ ਇਸ ਸ਼ਬਦ ਅੰਮ੍ਰਿਤ ਦੀ ਪ੍ਰਾਪਤੀ ਸੁਰਤਿ ਨਾਲ ਹੀ ਹੁੰਦੀ ਹੈ।

ਸ਼ਬਦ ਪਤਿਆਇਆ ਜਾਂ ਸ਼ਬਦ ਪਛਾਣਿਆ ਮਨੁੱਖ ਨੂੰ ਹੋਸ਼ ਆ ਜਾਂਦੀ ਹੈ ਜਾਂ ਹੋਸ਼ ਵਾਲਾ ਜੀਵ ਅੰਮ੍ਰਿਤ ਧਾਰਨ ਕਰਦਾ ਹੈ। ਇਤਨਾ ਗਹਿਰਾ ਸਬੰਧ ਹੈ ਹੋਸ਼ ਤੇ ਅੰਮ੍ਰਿਤ ਦਾ ਜਾਂ ਸੁਰਤਿ ਤੇ ਸ਼ਬਦ ਦਾ।

ਇਸੇ ਭਾਵਨਾ ਨੂੰ ਸਪਸ਼ਟ ਕਰਨ ਵਾਸਤੇ ਗੁਰੂ ਨਾਨਕ ਦੇਵ ਜੀ ਦਾ ਹੁਕਮ ਸਾਡੀ ਅਗਵਾਈ ਕਰਦਾ ਹੈ। ਸ਼ਬਦ ਦੀ ਧੁਨ ਨੂੰ ਸੁਣ ਕੇ ਸੁਰਤਿ ਰੂਪੀ ਚੇਲਾ ਗੁਰੂ ਦੀ ਦਿਸ਼ਾ ਵੱਲ ਚੱਲ ਪੈਂਦਾ ਹੈ ਅਤੇ ਗੁਰੂ ਚੇਲੇ ਨੂੰ ਆਪਣੇ ਨਾਲ ਅਭੇਦ ਕਰ ਲੈਂਦਾ ਹੈ:

*ਸਬਦੁ ਗੁਰੂ ਸੁਰਤਿ ਧੁਨਿ ਚੇਲਾ॥* *(ਪੰਨਾ ੯੪੩)*

ਜਦ ਵਾਹਿਗੁਰੂ ਨੇ ਪ੍ਰਾਣੀ ਨੂੰ ਪ੍ਰਾਣ ਦਾਨ ਦਿੱਤਾ, ਤਾਂ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਹ ਵੇਲਾ ਗੁਰੂ ਦੀ ਮੱਤ ਲੈਣ ਦਾ ਹੈ। ਉਹ ਮੱਤ ਕੀ ਹੈ? ਤੇ ਸੁਰਤਿ ਨੂੰ ਚੇਲੇ ਵਾਂਗ ਸ਼ਬਦ ਗੁਰੂ ਦੇ ਇਸ ਹੁਕਮ ਅਨੁਸਾਰ ਉਸ ਦੇ ਪੈਰ-ਚਿੰਨ੍ਹਾਂ ਦੇ ਉਤੇ ਤੋਰਿਆ ਜਾਏ। ਇਸ ਪ੍ਰਕਾਰ ਸਾਧੀ ਹੋਈ ਸੁਰਤਿ, ਵਾਹਿਗੁਰੂ ਨੂੰ ਪ੍ਰਾਪਤ ਕਰ ਕੇ ਨਿਰਾਲੀ ਰਹਿੰਦੀ ਹੋਈ ਜੁੱਗੋ-ਜੁੱਗ ਅਟੱਲ ਗੋਪਾਲ ਗੁਰੂ ਅਕਾਲ ਪੁਰਖ ਨੂੰ ਪਾ ਲਏਗੀ।

ਕੋਈ ਜਗਿਆਸੂ ਜਦੋਂ ਵਾਹਿਗੁਰੂ ਦੀ ਅਰਾਧਨਾ ਕਰਦਾ ਹੈ, ਤਾਂ ਵਾਹਿਗੁਰੂ ਉਸ ਨੂੰ ਮਾਣ ਮਹੱਤਤਾ ਦੇ ਨਾਲ-ਨਾਲ ਉਸ ਨੂੰ ਤੇਜ਼ ਬਖਸ਼ ਕੇ ਪ੍ਰਤਾਪੀ ਵੀ ਬਣਾ ਦਿੰਦਾ ਹੈ। ਇਸ ਤੇਜ਼ ਨੂੰ ਜਰਨਾ, ਸਾਂਭ ਕੇ ਰੱਖਣਾ ਬੜਾ ਔਖਾ ਹੈ। ਤੇਜ਼ ਪ੍ਰਤਾਪ ਕਰਨ ਤੋਂ ਬਾਅਦ ਮਨੁੱਖ ਕਈ ਵਾਰੀ ਤਾਂ ਰੱਬ ਦਾ ਸ਼ਰੀਕ ਬਣ ਬੈਠਦਾ ਹੈ। ਲੋਕਾਂ ਨੂੰ ਵਰ ਦਿੰਦਾ ਹੈ। ਸਰਾਪ ਦਿੰਦਾ ਹੈ। ਕਰਾਮਾਤ ਵਿਖਾਉਂਦਾ ਹੈ। ਇਸ ਪ੍ਰਕਾਰ ਉਸ ਦੀ ਸੁਰਤਿ ਧੁਰੇ ਤੋਂ ਹਿੱਲ ਜਾਂਦੀ ਹੈ ਅਤੇ ਹਿੱਲੀ ਹੋਈ ਸੁਰਤਿ ਕਾਰਣ ਸ਼ਬਦ ਦੀ ਪਕੜ ਢਿੱਲੀ ਹੋ ਜਾਂਦੀ ਹੈ ਅਤੇ ਹਾਲਤ ਇਹ ਬਣਦੀ ਹੈ ਕਿ ਪ੍ਰਾਪਤ ਹੋਈ ਵਸਤੂ ਗੁਆਚ ਜਾਂਦੀ ਹੈ। ਬੱਸ ਹਉਮੈ ਆਈ ਨਹੀਂ ਕਿ ਗੱਲ ਵਿਗੜੀ ਨਹੀਂ। ਇਹ ਅਕਾਲ ਪੁਰਖ ਦਾ ਹੀ ਗੁਣ ਹੈ ਕਿ ਉਹ ਮਾਣ ਮਹੱਤਤਾ ਅਤੇ ਤੇਜ਼ ਨੂੰ ਜਰ ਸਕਦਾ ਹੈ:

*ਤੇਰੈ ਘਰਿ ਆਨੰਦੁ ਵਧਾਈ ਤੁਧੁ ਘਰਿ॥*
*ਮਾਣੁ ਮਹਤਾ ਤੇਜੁ ਆਪਣਾ ਆਪਿ ਜਰਿ॥* *(ਪੰਨਾ ੯੬੫)*

ਇਹੀ ਉਸ ਦੀ ਵਡਿਆਈ ਹੈ। ਉੱਚਾ ਰੁੱਤਬਾ ਹੈ ਅਤੇ ਉੱਤਮ ਮਰਤਬਾ ਹੈ। ਜਦ ਕੋਈ ਨਾਮ ਦਾ ਢੂੰਡਾਊ ਸੁਰਤਿ ਨੂੰ ਸ਼ਬਦ ਤੱਕ ਪਹੁੰਚਾ ਕੇ ਪ੍ਰਾਪਤ ਹੋਈ ਮਾਣ ਮਹੱਤਤਾ ਅਤੇ ਤੇਜ ਨੂੰ ਜਰ ਲੈਂਦਾ ਹੈ। ਆਪਣੇ ਵਿੱਚ ਸਮਾਅ ਲੈਂਦਾ ਹੈ, ਤਾਂ ਉਸ ਦੇ ਅੰਦਰ ਖੁਸ਼ੀਆਂ, ਅਨੰਦ ਅਤੇ ਲਗਾਤਾਰ ਅਤੁੱਟ ਵਧਾਈ ਪੈਦਾ ਹੋ ਜਾਂਦੀ ਹੈ। ਇਹ ਸਰੂਪ ਤੇ ਗੁਣ ਅਕਾਲ ਪੁਰਖ ਦਾ ਹੈ। ਜਿਸ ਕਰ ਕੇ ਉਹ ਨਾਮੀ ਪੁਰਸ਼ ਨੂੰ ਆਪਣੇ ਵਰਗਾ ਬਣਾ ਹੀ ਲੈਂਦਾ ਹੈ।

ਜੂਨ 1984 ਵਿੱਚ ਭਾਰਤ ਦੀ ਕਾਂਗਰਸੀ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ। ਅਕਾਲ ਤਖ਼ਤ ਸਾਹਿਬ ਨੂੰ ਫੌਜਾਂ ਨੇ ਤੋਪਾਂ ਨਾਲ ਉਡਾ ਦਿੱਤਾ। ਹਜ਼ਾਰਾਂ ਦੀ ਗਿਣਤੀ ਵਿੱਚ ਸਿੰਘ ਸ਼ਹੀਦ ਹੋ ਗਏ। ਸਾਰਾ ਪੰਜਾਬ ਇਕ ਜੇਲ੍ਹ ਬਣ ਗਿਆ। ਕਈ ਦਿਨ ਲਗਾਤਾਰ ਕਰਫਿਊ ਲੱਗਾ ਰਿਹਾ। ਦਰਬਾਰ ਸਾਹਿਬ ਦੇ ਅੰਮ੍ਰਿਤ ਸਰੋਵਰ ਦਾ ਜਲ ਸਿੰਘਾਂ ਦੇ ਖ਼ੂਨ ਨਾਲ ਲਾਲ ਹੋ ਗਿਆ। ਸਾਰੇ ਹਿੰਦੁਸਤਾਨ ਵਿੱਚ ਸਿੱਖਾਂ ਨੂੰ ਚੁਣ-ਚੁਣ ਕੇ ਸ਼ਹੀਦ ਕੀਤਾ ਗਿਆ। ਕਾਨਪੁਰ ਵਿੱਚ ਬੜਾ ਕਤਲੇਆਮ ਹੋਇਆ। ਜਿਥੇ ਦਿੱਲੀ ਵਾਂਗ ਹੀ ਬੜੀ ਤਬਾਹੀ ਮਚਾਈ ਗਈ ਸੀ। ਸ਼ਹਿਰ ਵਿੱਚ ਉਜਾੜੇ ਮਗਰੋਂ ਕਈ ਕੈਂਪ ਲੱਗੇ। ਇਕ ਕੈਂਪ ਜੋ ਸਿੱਖ ਅਬਾਦੀ ਗੁਮਟੀ ਨੰਬਰ ਪੰਜ ਵਿੱਚ ਲੱਗਾ ਹੋਇਆ ਸੀ, ਉਥੇ ਸ਼ਹਿਰ ਦੇ ਪਤਵੰਤੇ ਇਕੱਤਰ

ਹੋਏ। ਸੰਤ ਕਰਤਾਰ ਸਿੰਘ ਜੀ ਗੋਇੰਦਵਾਲ ਸਾਹਿਬ ਵਾਲੇ ਵੀ ਉਥੇ ਹਾਜ਼ਰ ਸਨ। ਉਨ੍ਹਾਂ ਵੀਰ ਸਤਿਬੀਰ ਸਿੰਘ ਨੂੰ ਪੁੱਛਿਆ "ਹੁਣ ਕੀ ਕਰੀਏ?" ਤਦ ਵੀਰ ਜੀ ਨੇ ਉੱਤਰ ਦਿੱਤਾ, "ਸੁਰਤਿ ਵਾਲੇ ਸਿੱਖ ਇਕੱਠੇ ਕਰੋ। ਜਦੋਂ ਵੀ ਅਫਰਾ-ਤਫਰੀ ਆਪਾ-ਧਾਪੀ ਜਾਂ ਜ਼ਬਰ ਜ਼ੁਲਮ ਦਾ ਦੌਰ-ਦੌਰਾ ਹੋਵੇ, ਉਦੋਂ ਸੁਰਤਿ ਵਾਲੇ ਗੁਰਸਿੱਖ ਹੀ ਅਗਵਾਈ ਕਰਦੇ ਹਨ ਕਿਉਂਕਿ ਉਹ ਸ਼ਬਦ ਨਾਲ ਜੁੜੇ ਹੁੰਦੇ ਹਨ।"

ਜੇ ਕੋਈ ਮਨੁੱਖ ਕਿਸੇ ਅਨਜਾਣ ਨਗਰੀ ਵਿੱਚ ਪੁੱਜ ਕੇ ਇਹ ਭੁੱਲ ਜਾਏ ਕਿ ਉਹ ਇੱਥੇ ਕੀ ਕਰਨ ਆਇਆ ਹੈ? ਤਾਂ ਲੋਕੀਂ ਉਸ ਨੂੰ ਪਾਗਲ ਕਹਿਣਗੇ। ਬੱਸ ਸਾਡਾ ਬਹੁਤਿਆਂ ਦਾ ਇਹੀ ਹਾਲ ਹੈ। ਸਾਨੂੰ ਇਹ ਪਤਾ ਹੀ ਨਹੀਂ ਲੱਗ ਰਿਹਾ ਕਿ ਅਸੀਂ ਇਸ ਸੰਸਾਰ ਵਿੱਚ ਕਰਨ ਕੀ ਆਏ ਹਾਂ? ਜਦੋਂ ਸੁਰਤਿ ਮਾਰਗ ਤੋਂ ਭਟਕ ਕੇ ਕੁਰਾਹੇ ਪੈ ਜਾਏ, ਤਾਂ ਸ਼ਬਦ ਨਾਲੋਂ ਸੁਰਤਿ ਦੂਰ ਹੋ ਜਾਂਦੀ ਹੈ। ਸ਼ਬਦ ਸੁਣਾਈ ਨਹੀਂ ਦਿੰਦਾ। ਸ਼ਬਦ ਨਾਲ ਪਹਿਚਾਣ ਹੀ ਨਹੀਂ ਹੁੰਦੀ, ਤਾਂ ਸ਼ਬਦ ਨਾਲ ਕੀ ਕਰਨੀਆਂ ਹਨ ਗੱਲਾਂ? ਐਸੇ ਸਮੇਂ ਜੇ ਚੰਗੇ ਭਾਗਾਂ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਵਰਗਾ ਗੁਰੂ ਪ੍ਰਾਪਤ ਹੋ ਜਾਏ, ਤਾਂ ਭਾਗ ਜਾਗ ਪੈਂਦੇ ਹਨ ਅਤੇ ਮਨੁੱਖ ਗੁਰੂ ਪਿਤਾ ਦੀ ਅਗਵਾਈ ਵਿੱਚ ਪੁੱਠਾ ਰਾਹ ਛੱਡ ਕੇ ਸਿੱਧੇ ਰਾਹ ਪੈ ਜਾਂਦਾ ਹੈ:

*ਸੁਰਤੀ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ॥*
*ਮਨਿ ਵੀਚਾਰਿ ਦੇਖੁ ਬ੍ਰਹਮ ਗਿਆਨੀ ਕਉਨੁ ਗਿਰਹੀ ਕਉਨੁ ਉਦਾਸੀ॥੩॥*

*(ਪੰਨਾ ੧੩੨੯)*

ਜਦ ਸੁਰਤਿ ਸਿੱਧੇ ਮਾਰਗ 'ਤੇ ਚੱਲ ਪਈ, ਤਾਂ ਉਹ ਸ਼ਬਦ ਨੂੰ ਗ੍ਰਹਿਣ ਕਰ ਲਏਗੀ। ਇਸ ਪ੍ਰਕਾਰ ਇਕ ਪੱਕੀ ਤੇ ਪੁਖਤਾ ਹੰਢਣਸਾਰ ਅਬਿਨਾਸੀ ਨੀਂਹ ਰੱਖੀ ਜਾਏਗੀ। ਉਦੋਂ ਇਹ ਭਰਮ ਵੀ ਮੁੱਕ ਜਾਏਗਾ ਕਿ ਕੋਈ ਵਿਸ਼ੇਸ਼ ਭੇਖ ਜਾਂ ਸਾਂਗ ਵਾਹਿਗੁਰੂ ਦੀ ਪ੍ਰਾਪਤੀ ਲਈ ਹੋਣਾ ਚਾਹੀਦਾ ਹੈ। ਗ੍ਰਹਿਸਥੀ ਵੀ ਪ੍ਰਾਪਤ ਕਰ ਲਏਗਾ ਤੇ ਉਦਾਸੀ ਵੀ। ਮਾਇਆ ਵਿੱਚ ਉਦਾਸੀ ਵਾਲੀ ਅਵਸਥਾ ਬਣ ਜਾਏਗੀ ਅਤੇ ਬ੍ਰਹਮ ਦਾ ਗਿਆਨ ਹੋ ਜਾਏਗਾ। ਅਕਾਲ ਪੁਰਖ ਪ੍ਰਤੱਖ ਦਿਸਣ ਲੱਗ ਪਏਗਾ। "ਸਭਨਾ ਜੀਆ ਕਾ ਇਕੁ ਦਾਤਾ" ਘਟਿ ਘਟਿ ਵਿੱਚ ਪ੍ਰਕਾਸ਼ਮਾਨ ਹੋਵੇਗਾ। ਗੁਰੂ ਨਾਨਕ ਸਾਹਿਬ ਨੇ ਇਹ ਮਹਾਨ ਕਿਰਪਾ ਕੀਤੀ ਹੈ, ਜੋ ਉਨ੍ਹਾਂ ਨੇ ਸ਼ਬਦ ਤੇ ਸੁਰਤਿ ਦੀ ਪੱਕੀ ਨੀਂਹ ਰਖਾਈ ਹੈ ਅਤੇ ਸਿੱਖ ਜਗਤ ਨੂੰ ਅਤਿ ਸ਼ਕਤੀਸ਼ਾਲੀ ਬਣਾ ਦਿੱਤਾ ਹੈ। ਸ਼ਬਦ ਮੂਲ ਹੈ, ਇਸ ਨਾਲ ਸੁਰਤਿ ਰਲ ਕੇ ਅਭੈ ਪਦ ਦੀ ਜੁਗਤ ਪ੍ਰਦਾਨ ਕਰਦੀ ਹੈ। ਇਹੀ ਸਿੱਖੀ ਦੀ ਜੁਗਤ ਹੈ। ਇਹੀ ਸਿੱਖੀ ਦੀ ਸ਼ਕਤੀ ਹੈ।

## ਗੁਰੂ ਗ੍ਰੰਥ ਸਾਹਿਬ ਵਿੱਚ ਕੇਸਾਂ ਦੀ ਮਹਾਨਤਾ

ਕੇਸ ਸੁਹਾਗਣ ਦਾ ਵੇਸ ਹੈ। ਸੁਹਾਗਣ ਗੁਣਾਂ ਵਿੱਚ ਗੁੱਝੀ, ਗੁਣਵੰਤੀ, ਗਹਿਰ ਗੰਭੀਰ, ਅਮੀਰ ਸਖਸ਼ੀਅਤ ਹੈ। ਇਹ ਖਸਮ ਦੇ ਭਾਣੇ ਵਿੱਚ ਰਹਿੰਦੀ ਹੈ। ਇਹ ਆਪਣੇ ਭਾਣੇ ਵਿੱਚ ਨਹੀਂ ਚਲਦੀ। ਇਹ ਆਪਣੇ ਗੁਰੂ ਖਾਲਕ ਵੱਲ ਤੱਕਦੀ ਹੈ। ਇਹ ਪ੍ਰੇਮ ਵਿੱਚ ਭਿੱਜੀ, ਖੰਡੇਧਾਰ ਬਰੀਕ ਤੰਦ ਕੱਤਦੀ ਹੈ। ਉਸ ਤੰਦ ਦਾ ਪ੍ਰੇਮ ਪਟੋਲਾ ਬਣਾ ਕੇ ਆਪਣੇ ਉੱਤੇ ਓੜ੍ਹਦੀ ਹੈ। ਇਸ ਲਈ ਇਸ ਦੀ ਕਦਰ ਹੈ। ਮਾਲਕ ਦੀ ਇਸ 'ਤੇ ਨਦਰ ਹੈ ਅਤੇ ਮਾਲਕ ਦੀ ਸ਼ਕਤੀ, ਇਸ ਦੀ ਭਗਤੀ ਕਾਰਨ ਹਰ ਬਿਖੜੇ ਸਮੇਂ ਇਸ 'ਤੇ ਬਹੁੜਦੀ ਹੈ।

ਸੁਹਾਗਣ ਦੇ ਕੇਸਾਂ ਵਿੱਚ ਇਕ ਮਾਂਗ ਹੈ। ਮਾਂਗ ਰੱਤੀ ਹੈ। ਕੇਸਾਂ ਵਾਲਿਆਂ ਦਾ ਕਰਤਵ ਸੁਹਾਗਣ ਦੀ ਰੱਤੀ ਮਾਂਗ ਵਾਂਗ ਹੈ। ਉਹ ਰੰਗ ਰੱਤੇ ਹੁੰਦੇ ਹਨ, ਗੁਰੂ ਦੇ ਰੰਗ ਰੱਤੇ। ਰੱਤੇ ਉਹੀ ਹੁੰਦੇ ਹਨ, ਜਿਹੜੇ ਮੂੰਹ ਨਹੀਂ ਮੋੜਦੇ :

*ਰਤੇ ਸੇਈ ਜਿ ਮੁਖੁ ਨ ਮੋੜੰਨਿ੍ ਜਿਨ੍ਹੀ ਸਿਞਾਤਾ ਸਾਈ॥*
*ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਹਾ ਕਾਰਿ ਨ ਆਈ॥੧॥*

*(ਪੰਨਾ ੧੪੨੫)*

ਉਹ ਮੁੱਖ ਇਸ ਲਈ ਨਹੀਂ ਮੋੜਦੇ ਕਿ ਉਨ੍ਹਾਂ ਨੇ ਆਪਣੇ ਮਾਲਕ ਸਾਈਂ ਦੀ ਵਡਿਆਈ ਨੂੰ ਜਾਣ ਤੇ ਪਛਾਣ ਲਿਆ ਹੈ ਅਤੇ ਪੱਕੀ ਤਰ੍ਹਾਂ ਉਹਦੇ ਨਾਲ ਜੁੜ ਜਾਂਦੇ ਹਨ। ਅਖੌਤੀ ਸਿੱਖਾਂ ਜੁੜਨਾ ਤਾਂ ਕੀ, ਸਗੋਂ ਟੁਟ-ਟੁਟ ਪੈਂਦੇ ਹਨ। ਉਨ੍ਹਾਂ ਦਾ ਪਿਆਰ ਕੱਚਾ ਹੁੰਦਾ ਹੈ ਤੇ ਵਕਤੀ ਹੁੰਦਾ ਹੈ। ਜੋ ਛੋਟੇ-ਛੋਟੇ ਫਾਇਦਿਆਂ ਕਾਰਨ ਗੁਰੂ ਨਾਲੋਂ ਤੋੜ ਕੇ ਦੂਜਿਆਂ ਨਾਲ ਜੋੜ ਲੈਂਦੇ ਹਨ। ਇੰਜ ਕਹਿਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਪਿਆਰ ਕਰਨ ਦੀ ਜਾਚ ਨਹੀਂ ਆਈ।

ਜਿਹੜੇ ਗੁਰੂ ਦੇ ਪਿਆਰ ਵਾਲੇ ਹਨ, ਉਹ ਗੁਰੂ ਦੇ ਪਿਆਰੇ ਹਨ। ਗੁਰੂ ਸਾਹਿਬ ਆਪਣੇ ਪਿਆਰਿਆਂ ਨੂੰ ਆਪਣੇ ਸਾਹਿਬਜ਼ਾਦਿਆਂ ਨਾਲੋਂ ਵੱਧ ਪਿਆਰ ਕਰਦੇ ਹਨ, ਗੁਰੂ ਸਾਹਿਬ ਦੇ ਪਿਆਰੇ ਤੇ ਸਾਹਿਬਜ਼ਾਦੇ; ਕਿਤਨੇ ਵਿਪਰੀਤ ਹਾਲਾਤ ਕਿਉਂ ਨਾ ਹੋਣ, ਉਹ ਡਰਦੇ ਨਹੀਂ, ਜ਼ੁਲਮ ਤੇ ਜਬਰ ਮੂਹਰੇ ਡੱਟ ਜਾਂਦੇ ਹਨ, ਅੱਗੋਂ ਭਾਵੇਂ ਦੁਸ਼ਮਣ ਦੀ ਗਿਣਤੀ ਲੱਖਾਂ ਦੀ ਕਿਉਂ ਨਾ ਹੋਵੇ, ਉਹ ਸਿਰ ਤਲੀ 'ਤੇ ਧਰ ਕੇ ਯਾਰ ਦੀ ਗਲੀ ਵਿੱਚੋਂ ਲੰਘਦੇ ਹੋਏ, ਮੰਜ਼ਿਲ 'ਤੇ ਪੁੱਜ ਜਾਂਦੇ ਹਨ। ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਉਂਦੇ ਹਨ। ਮੁੱਖ ਨਹੀਂ ਮੋੜਦੇ। ਭਾਵੇਂ ਬੰਦ-ਬੰਦ ਕਟਾਉਣੇ ਪੈਣ, ਚਰਖੜੀਆਂ 'ਤੇ ਚੜ੍ਹਨਾ ਪਏ, ਦੇਗ ਵਿੱਚ ਉਬਾਲੇ ਜਾਣ, ਖੋਪਰੀਆਂ

ਲੁਹਾਉਣੀਆਂ ਪੈਣ, ਸਿਰ ਆਰੇ ਨਾਲ ਚਿਰਾਉਣਾ ਪਵੇ, ਕੇਸਾਂ ਦੀ ਬੇਅਦਬੀ ਨਹੀਂ ਹੋਣ ਦਿੰਦੇ :

*ਕਰਵਤੁ ਭਲਾ ਨ ਕਰਵਟ ਤੇਰੀ॥*
*ਲਾਗੁ ਗਲੇ ਸੁਨੁ ਬਿਨਤੀ ਮੇਰੀ॥੧॥*
*ਹਉ ਵਾਰੀ ਮੁਖੁ ਫੇਰਿ ਪਿਆਰੇ॥*
*ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ॥੧॥ਰਹਾਉ॥*
*ਜਉ ਤਨੁ ਚੀਰਹਿ ਅੰਗੁ ਨ ਮੋਰਉ॥*
*ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ॥੨॥*

*(ਪੰਨਾ ੪੮੪)*

ਪਿਆਰ ਵਿੱਚ ਰਹਿਣ ਵਾਲੇ ਆਗਿਆਕਾਰ ਗੁਰਸਿੱਖ ਜੋ ਅਜਿਹਾ ਮਹਿਸੂਸ ਕਰਨ ਕਿ ਕਿਸੇ ਅਵੱਗਿਆ ਕਾਰਨ ਗੁਰੂ ਨੇ ਸਾਡੇ ਵੱਲ ਰਤਾ ਕੁ ਕਰਵਟ ਹੀ ਕੀਤੀ ਹੈ। ਪਾਸਾ ਹੀ ਮੋੜਿਆ ਹੈ। ਤਾਂ ਇਸ ਨੂੰ ਉਹ ਸਹਿਣ ਨਹੀਂ ਕਰ ਸਕਦੇ ਉਹ ਗੁਰੂ ਵੱਲੋਂ ਕੀਤੀ ਕਰਵਟ ਨਾਲੋਂ ਸਿਰ ਕਰਵਤ (ਆਰਾ) ਧਰਵਾਉਣਾ ਚੰਗਾ ਸਮਝਦੇ ਹਨ। ਐਸਾ ਸਮਝਣ ਵਾਲੇ ਖੁਦ ਗੁਰੂ ਨੂੰ ਕਰਵਟ ਦੇਣ ਜਾਂ ਗੁਰੂ ਵੱਲੋਂ ਮੁਖ ਮੋੜਨ ਸਬੰਧੀ ਸੋਚ ਵੀ ਨਹੀਂ ਸਕਦੇ। ਉਹ ਇਸ ਨਾਲੋਂ ਸਰੀਰ ਦੇ ਟੋਟੇ-ਟੋਟੇ ਕਰਾਉਣ ਨੂੰ ਤਰਜੀਹ ਦਿੰਦੇ ਹਨ:

*ਹਮ ਤੁਮ ਬੀਚੁ ਭਇਓ ਨਹੀ ਕੋਈ॥*
*ਤੁਮਹਿ ਸੁ ਕੰਤ ਨਾਰਿ ਹਮ ਸੋਈ॥੩॥*
*ਕਹਤੁ ਕਬੀਰੁ ਸੁਨਹੁ ਰੇ ਲੋਈ॥*
*ਅਬ ਤੁਮਰੀ ਪਰਤੀਤਿ ਨ ਹੋਈ॥੪॥* *(ਪੰਨਾ ੪੮੪)*

ਗੁਰੂ ਪਾਤਸ਼ਾਹ ਦੇ ਦੱਸੇ ਹੋਏ ਮਾਰਗ ਉੱਤੇ ਚੱਲਣ ਵਾਲੇ ਰੱਤੀਆਂ ਰੂਹਾਂ ਦੇ ਮਾਲਕ ਗੁਰਸਿੱਖ 'ਗੁਣਵੰਤੀ' ਵਰਗੇ ਭਾਈ ਹਨ, ਜਿਹੜੇ ਸਹਿਜ ਸੁਭਾਅ ਗੁਰੂ ਨੂੰ ਪ੍ਰਾਪਤ ਕਰ ਲੈਂਦੇ ਹਨ। ਉਨ੍ਹਾਂ ਦੀ ਪ੍ਰਾਪਤੀ ਦੀ ਅਵਸਥਾ ਇਹ ਹੁੰਦੀ ਹੈ ਕਿ ਉਨ੍ਹਾਂ ਤੇ ਗੁਰੂ ਦਰਮਿਆਨ ਕੋਈ ਭੇਦ-ਭਾਵ ਨਹੀਂ ਰਹਿੰਦਾ। ਉਹ ਹੁਕਮ ਮੰਨ ਪ੍ਰਵਾਨ ਹੁੰਦੇ ਹਨ। ਉਨ੍ਹਾਂ ਖਸਮ ਦਾ ਮਹਿਲ ਪ੍ਰਾਪਤ ਕਰ ਲਿਆ ਹੁੰਦਾ ਹੈ ਪਰ ਟੁੱਟ-ਟੁੱਟ ਪੈਣ ਵਾਲੀ ਪ੍ਰੀਤ ਵਾਲੇ ਮਨੁੱਖ ਜੋ ਸਿੱਖ ਅਖਵਾਉਂਦੇ ਹੋਏ ਵੀ ਕੇਸਾਂ ਦੀ ਬੇਅਦਬੀ ਕਰਦੇ ਰਹਿੰਦੇ ਹਨ। ਉਨ੍ਹਾਂ ਸਿਰ ਆਰਾ ਧਰਵਾ ਕੇ ਤਾਂ ਸਿਰ ਕੀ ਭੇਟ ਕਰਨਾ ਹੈ ਬਲਕਿ ਆਪਣੀ ਦਾੜ੍ਹੀ ਤੇ ਕੇਸਾਂ ਨੂੰ ਕੈਂਚੀ ਤੇ ਉਸਤਰੇ ਦੀ ਭੇਟ ਚੜ੍ਹਾਉਂਦੇ ਰਹਿੰਦੇ ਹਨ। ਉਨ੍ਹਾਂ ਪ੍ਰਤੀ ਹੁਕਮ ਹੈ ਕਿ ਦੁਨੀਆਂ ਵਾਲਿਓ! ਇਨ੍ਹਾਂ ਦਾ ਇਤਬਾਰ ਨਾ ਕਰਿਆ ਜੇ। ਇਹ ਬੇਇਤਬਾਰੇ ਹਨ। ਇਹ ਕਾਬਲੇ-ਇਤਬਾਰ ਨਹੀਂ। ਇਹ ਭਰੋਸੇਯੋਗ ਨਹੀਂ। ਜਿਹੜੇ ਅਤਿ ਸ਼ਕਤੀਸ਼ਾਲੀ, ਅਤਿ ਮਹਾਨ, ਕੁਰਬਾਨੀ ਦੇ ਪੁੰਜ, ਅੰਮ੍ਰਿਤ ਦੇ ਦਾਤੇ, ਸਰਬੰਸ ਦਾਨੀ, ਧਰਮ ਰੱਖਿਅਕ, ਬਾਜ਼ਾਂ ਵਾਲੇ, ਨੀਲੇ ਦੇ ਸ਼ਾਹ ਸੁਆਰ ਨੂੰ ਨਿੱਕੇ-ਨਿੱਕੇ ਨਿਗੁਣੇ ਜਿਹੇ ਫਾਇਦਿਆਂ ਵਾਸਤੇ ਪਿੱਠ ਦੇ ਦਿੰਦੇ ਹਨ। ਕਰਵਟ ਦੇ ਦਿੰਦੇ ਹਨ। ਮੂੰਹ ਮੋੜ ਲੈਂਦੇ ਹਨ। ਉਹਨਾਂ 'ਤੇ ਕੀ ਇਤਬਾਰ ਕਰੀਏ? ਤੇ ਉਨ੍ਹਾਂ ਦੀ ਕਿਵੇਂ ਪਰਤੀਤ ਕਰੀਏ?

ਸਾਡਾ ਸਾਰਿਆਂ ਦਾ ਬਾਪ ਸਾਂਝਾ ਸਾਹਿਬ ਵਾਹਿਗੁਰੂ ਹੈ। ਅਸੀਂ ਸਾਰੇ ਰਾਮ ਦੀ ਅੰਸ਼ ਹਾਂ। ਸਰਬ ਸ਼ਕਤੀਮਾਨ, ਸਰਬ ਵਿਆਪੀ ਕੇਸ਼ਵ ਸਾਡੇ ਪਿਤਾ ਹਨ। ਇਹ ਫਿਰ ਅਤਿ ਜ਼ਰੂਰੀ ਹੈ ਕਿ ਸਾਡੀ ਸ਼ਕਲ ਸਾਡੇ ਪਿਤਾ ਵਰਗੀ ਹੋਣੀ ਚਾਹੀਦੀ ਹੈ। ਵਾਹਿਗੁਰੂ ਦੇ ਕਰਮ ਨਾਂਵਾਂ ਵਿੱਚੋਂ ਇਕ ਨਾਮ ਕੇਸੋ ਜਾਂ ਕੇਸਵਾ ਹੈ। ਗੁਰਬਾਣੀ ਵਿੱਚ ਇਸ ਨਾਮ ਨਾਲ ਪਰਮ ਪਿਤਾ ਪਰਮਾਤਮਾ ਨੂੰ ਕਈ ਵਾਰ ਸੰਬੋਧਿਤ ਕੀਤਾ ਗਿਆ ਹੈ:

*ਲੋਭ ਲਹਰਿ ਅਤਿ ਨੀਝਰ ਬਾਜੈ ॥*
*ਕਾਇਆ ਡੂਬੈ ਕੇਸਵਾ ॥੧॥*
*ਸੰਸਾਰੁ ਸਮੁੰਦੇ ਤਾਰਿ ਗੋੁਬਿੰਦੇ ॥*
*ਤਾਰਿ ਲੈ ਬਾਪ ਬੀਠੁਲਾ ॥੧॥ਰਹਾਉ॥*

*(ਪੰਨਾ ੧੧੯੬)*

ਇਹ ਅਤਿ ਖੂਬਸੂਰਤ ਤੇ ਸੁੰਦਰ ਤੁਕ ਸਾਡੇ ਅੰਦਰਲੇ ਨੂੰ ਝੰਜੋੜਦੀ ਹੈ। ਲੋਭ ਦੀ ਲਹਿਰ ਅਤਿ ਸ਼ਕਤੀਸ਼ਾਲੀ ਤੇ ਕਹਿਰ ਭਰੀ ਹੈ। ਹੇ ਮੇਰੇ ਕੇਸਾਂ ਵਾਲੇ ਪਿਤਾ! ਮੈਂ ਇਸ ਵਿੱਚ ਡੁੱਬਦਾ ਜਾ ਰਿਹਾ ਹਾਂ, ਸੰਸਾਰ ਇਕ ਸਮੁੰਦਰ ਹੈ। ਗੋਬਿੰਦ ਹਰੀ ਜੀ! ਮੈਨੂੰ ਤਾਰ ਲਉ। ਮੈਂ ਡੋਲਿਆ ਹੋਇਆ ਹਾਂ, ਤੁਸੀਂ ਸਥਿਰ ਤੇ ਨਿਹਚਲ ਹੋ। ਮੇਰੀ ਡੁਬਦੀ ਕਾਇਆਂ ਨੂੰ ਬਚਾ ਲਓ। ਕੇਸਵਾ ਪਿਤਾ! ਇਥੇ ਇਹ ਭਾਵ ਸਪਸ਼ਟ ਹੈ ਕਿ ਕੇਸਾਂ ਦਾ ਸਿੱਧਾ ਸਬੰਧ ਕਾਇਆ ਨਾਲ ਅਤੇ ਭਾਵਨਾਤਮਕ ਤੇ ਅਧਿਆਤਮਕ ਸਬੰਧ ਆਤਮਾ ਨਾਲ ਹੈ। ਸਾਡੇ ਭੁੱਲੜ ਵੀਰ ਕੇਸਾਂ ਦੀ ਬੇਅਦਬੀ ਕਿਸੇ ਲੋਭ-ਲਾਲਚ ਦੇ ਅਧੀਨ ਹੀ ਕਰਦੇ ਹਨ। ਭਾਵੇਂ ਉਹ ਲੋਭ-ਲਾਲਚ ਸਰਕਾਰ ਦਰਬਾਰ ਵੱਲੋਂ ਹੋਵੇ। ਭਾਵੇਂ ਉਹ ਲਾਲਚ ਕਾਰ-ਵਿਹਾਰ ਵੱਲੋਂ ਹੋਵੇ। ਭਾਵੇਂ ਉਹ ਵਪਾਰ ਵੱਲੋਂ ਹੋਵੇ ਤੇ ਭਾਵੇਂ ਨਾਮ-ਨਿਹਾਦ ਸਰੀਰਕ ਸੁਹੱਪਣ ਕਾਰਨ ਹੋਵੇ। ਕੇਸਾਂ ਦੀ ਬੇਅਦਬੀ ਅੰਦਰਲੀ ਕਮਜ਼ੋਰੀ ਕਰ ਕੇ ਹੀ ਹੁੰਦੀ ਹੈ। ਵਾਹਿਗੁਰੂ ਨਾਲੋਂ ਟੁੱਟਣ ਅਤੇ ਪਦਾਰਥਕ ਮੋਹ ਕਾਰਨ ਕੇਸਾਂ ਦਾੜੀ ਨਾਲ ਛੇੜ-ਛਾੜ ਸ਼ੁਰੂ ਹੁੰਦੀ ਹੈ। ਜਿਉਂ-ਜਿਉਂ ਅਸੀਂ ਗੁਰੂ ਨਾਲ ਜੁੜਦੇ ਹਾਂ, ਤਿਉਂ-ਤਿਉਂ ਲੋਭ ਉੱਤੇ ਜਿੱਤ ਪ੍ਰਾਪਤ ਹੁੰਦੀ ਜਾਂਦੀ ਹੈ। ਸਿੱਖ ਦਾ ਆਪਾ ਤੇ ਅੰਦਰਲਾ ਮਜ਼ਬੂਤ ਹੁੰਦਾ ਜਾਂਦਾ ਹੈ ਤੇ ਉਹ ਗੁਰੂ ਦੇ ਹੁਕਮ ਵਿੱਚ ਬੱਝਾ ਗੁਰੂ ਨਾਲ ਇੰਜ ਜੁੜ ਜਾਂਦਾ ਹੈ ਕਿ ਮੁੜ ਮਰ ਮੁੱਕਣ ਅਤੇ ਆਖਰੀ ਸਾਹ ਤੱਕ ਪ੍ਰੀਤ ਨਹੀਂ ਟੁੱਟਦੀ। ਗੁਰੂ ਦੇ ਹੁਕਮ ਦੀ ਪਾਲਣਾ ਹੁੰਦੀ ਰਹਿੰਦੀ ਹੈ। ਸਿੱਖੀ ਕੇਸਾਂ ਸੁਆਸਾਂ ਨਾਲ ਨਿੱਭ ਜਾਂਦੀ ਹੈ।

ਇਹ ਗੱਲ ਸੰਸੇ ਰਹਿਤ, ਦ੍ਰਿੜ੍ਹ ਵਿਸ਼ਵਾਸ ਤੇ ਪੱਕੇ ਯਕੀਨ ਦੀ ਹੈ ਕਿ ਵਾਹਿਗੁਰੂ ਸਾਡਾ ਬਾਪ ਹੈ। ਬਾਪ ਸਾਡਾ ਕੇਸਾਧਾਰੀ ਹੈ। ਬਾਪ ਹੁੰਦਿਆਂ ਅਸੀਂ ਯਤੀਮ ਜਾਂ *ਵੇਜਾਤ ਨਹੀਂ ਬਣਨਾ। ਇਸ ਲਈ ਉਸ ਦੀ ਅੰਸ਼ ਹੋਣ ਦੇ ਨਾਤੇ, ਅਸੀਂ ਵੀ ਕੇਸਾਧਾਰੀ ਰਹਿਣਾ ਹੈ। ਇਹੀ ਮੇਰੇ ਬਾਪ ਦਾ ਹੁਕਮ ਹੈ ਤੇ ਇਸੇ ਦੀ ਪਾਲਣਾ ਕਰਨਾ ਸਾਡਾ ਧਰਮ ਹੈ।

**ਵੇਜਾਤ ਭਾਵ ਜਿਸ ਦੇ ਬਾਪ ਦਾ ਪਤਾ ਨਾ ਹੋਵੇ। ਬਾਸਟਰਡ ਭਾਵ ਹਰਾਮੀ।*

# ਗੁਰੂ ਗ੍ਰੰਥ ਸਾਹਿਬ ਵਿੱਚ ਕੇਸਾਂ ਦਾ ਹੁਕਮ

ਸੰਸਾਰ ਵਿੱਚ ਜਦੋਂ ਕੋਈ ਨਵਾਂ ਖਿਆਲ, ਨਵੀਂ ਕਾਢ ਜਾਂ ਨਵੀਂ ਲਹਿਰ ਚਲਦੀ ਹੈ, ਉਹ ਬੜੀ ਛੇਤੀ ਹਰਮਨ ਪਿਆਰੀ ਹੋ ਜਾਂਦੀ ਹੈ ਅਤੇ ਫਿਰ ਸਮਾਂ ਪਾ ਕੇ ਮਧਮ ਪੈ ਜਾਂਦੀ ਹੈ। ਜਿਨ੍ਹਾਂ ਵਿਚਾਰਾਂ ਤੇ ਲਹਿਰਾਂ ਵਿੱਚ ਦਮ ਹੁੰਦਾ ਹੈ, ਉਹ ਦੇਰ ਪਾ ਹੁੰਦੀਆਂ ਹਨ ਅਤੇ ਲੋਕਾਂ ਦੇ ਮਨਾਂ ਵਿੱਚ ਡੂੰਘਾ ਘਰ ਕਰ ਲੈਂਦੀਆਂ ਹਨ। ਅਜਿਹਾ ਹੀ ਗੁਰਮਤਿ ਬਾਰੇ ਹੈ। ਹੋਰ ਲਹਿਰਾਂ ਤੇ ਵਿਚਾਰ ਸਮਾਂ ਪਾ ਕੇ ਗੁਆਚ ਜਿਹੇ ਜਾਂਦੇ ਹਨ। ਗੁਰਮਤਿ ਦੀ ਲਹਿਰ ਇਸ ਤੋਂ ਕੁਝ ਨਿਵੇਕਲੀ ਹੈ। ਇਸ ਦੀਆਂ ਜੜ੍ਹਾਂ ਦੀ ਸਿੰਝਾਈ ਸਤਿਗੁਰਾਂ ਨੇ ਆਪਣੇ ਪਵਿੱਤਰ ਖ਼ੂਨ ਨਾਲ ਨਿਰਭੈਤਾ ਸੰਗ ਕੀਤੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰ-ਗੱਦੀ ਗੁਰੂ ਗ੍ਰੰਥ ਸਾਹਿਬ ਨੂੰ ਦਿੱਤੀ ਅਤੇ ਇਸ ਨੂੰ ਦਸਾਂ ਪਾਤਸ਼ਾਹੀਆਂ ਦੀ ਆਤਮਕ ਜੋਤਿ ਕਿਹਾ। ਆਪ ਜੀ ਨੇ ਹੁਕਮ ਕੀਤਾ ਕਿ ਖਾਲਸਾ ਪੰਥ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਰਹੇ। ਗੁਰੂ-ਪਿਤਾ ਨੇ ਅੰਮ੍ਰਿਤ ਛਕਾ ਕੇ ਪੰਜ ਰਹਿਤਾਂ ਦਾ ਧਾਰਨੀ ਹੋਣ ਲਈ ਖਾਲਸੇ ਨੂੰ ਹੁਕਮ ਕੀਤਾ। ਕੇਸਾਂ ਉੱਤੇ ਦੋਹਰਾ ਜ਼ੋਰ ਦਿੱਤਾ। ਪੰਜਾਂ ਰਹਿਤਾਂ ਵਿੱਚ ਕੇਸ ਧਾਰਨ ਕਰਨੇ ਹਨ ਅਤੇ ਚਾਰ ਕੁਰਹਿਤਾਂ ਵਿੱਚ ਕੇਸਾਂ ਦੀ ਬੇਅਦਬੀ ਨਾ ਕਰਨ ਦਾ ਆਦੇਸ਼ ਦਿੱਤਾ।

ਖਾਲਸਾ ਪੰਥ ਕਰੜੇ ਇਮਤਿਹਾਨਾਂ ਵਿੱਚੋਂ ਸਫਲ ਹੋ ਕੇ ਉਭਰਿਆ। ਜ਼ੁਲਮ ਨਾਲ ਟਾਕਰਾ ਕੀਤਾ। ਨਿਆਸਰਿਆਂ ਦਾ ਆਸਰਾ ਬਣਿਆ ਤੇ ਨਿਧਰਿਆਂ ਦੀ ਧਿਰ। ਜਿਹਦਾ ਕੋਈ ਨਹੀਂ ਸੀ ਹੁੰਦਾ, ਉਸ ਵੱਲ ਖਾਲਸਾ ਖਲੋਂਦਾ ਸੀ। ਹੁਣ ਦਸ਼ਾ ਕੁਝ ਅਜੀਬ ਜਿਹੀ ਹੋ ਗਈ ਹੈ। ਹੁਣ ਅਸੀਂ ਖ਼ੁਦ ਸਹਾਰੇ ਪਏ ਢੂੰਢਦੇ ਹਾਂ। ਆਪਣਾ ਸਭ ਤੋਂ ਮਜ਼ਬੂਤ ਸਥਿਰ ਤੇ ਸਦੀਵੀ ਸਹਾਰਾ ਗੁਰ-ਇਤਿਹਾਸ, ਗੁਰਮਤਿ ਤੇ ਗੁਰੂ ਗ੍ਰੰਥ ਸਾਹਿਬ ਤੋਂ ਦੂਰ ਹੁੰਦੇ ਜਾ ਰਹੇ ਹਾਂ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਬਾਅਦ ਸੰਨ ੧੭੦੮ ਤੋਂ ਲੈ ਕੇ ਸੰਨ ੧੭੬੨ ਤੱਕ ਦਾ ਸਮਾਂ ਐਸਾ ਸੀ, ਜਦੋਂ ਹਕੂਮਤ ਦੇ ਜ਼ਬਰ ਤੇ ਜ਼ੁਲਮ ਦੀ ਅੱਤ ਸੀ। ਇਕ ਵਾਰ ਤਾਂ ਐਲਾਨ ਵੀ ਕਰ ਦਿੱਤਾ ਗਿਆ ਕਿ ਸਿੱਖਾਂ ਨੂੰ ਮਾਰ ਮੁਕਾ ਕੇ ਖ਼ਤਮ ਕਰ ਦਿੱਤਾ ਗਿਆ ਹੈ ਪਰ ਇਕੋ ਸਿੱਖ ਭਾਈ ਬੋਤਾ ਸਿੰਘ ਜ਼ਬਰ ਵਿਰੁੱਧ ਡੱਟ ਗਿਆ। ਇਹੀ ਸਮਾਂ ਹੈ ਜਦੋਂ ਲੁਧਿਆਣੇ ਦੇ ਨੇੜੇ ਕੁੱਪ ਦੇ ਮੈਦਾਨ ਵਿੱਚ ਛੱਬੀ ਹਜ਼ਾਰ ਸਿੰਘਾਂ ਸਿੰਘਣੀਆਂ ਨੇ ਇਕੋ ਦਿਨ ਸ਼ਹੀਦੀ ਪ੍ਰਾਪਤ ਕੀਤੀ ਅਤੇ ਅਬਦਾਲੀ

ਕੇਸ ਧਾਰਨ ਕਰਨਾ ਗੁਰੂ ਦਾ ਹੁਕਮ ਹੈ। ਗੁਰੂ ਦਾ ਹੁਕਮ ਹੈ ਕਿ ਕੇਸ ਸਾਡੀ ਮੋਹਰ ਹਨ। ਹੁਕਮ ਮੰਨਦੇ ਹਾਂ ਤੇ ਮੂਹਰੇ-ਮੂਹਰੇ ਰਹਾਂਗੇ, ਨਹੀਂ ਮੰਨਾਂਗੇ ਤਾਂ ਮਹੁਰਾ ਖਾ ਰਹੇ ਹੋਵਾਂਗੇ। ਕੇਸਾਧਾਰੀ ਹੋਣਾ ਗੁਰੂ ਨਾਨਕ ਦਾ ਆਦੇਸ਼ ਹੈ। ਇਸ ਹੁਕਮ 'ਤੇ ਪਿਤਾ ਦਸ਼ਮੇਸ ਨੇ ਮੋਹਰ ਲਾਈ ਹੈ, ਕੇਸ ਸੰਜਮ ਦੀ ਜੁਗਤੀ ਹੈ। ਇਨ੍ਹਾਂ ਨੂੰ ਧਾਰ, ਕਕਾਰਾਂ ਦਾ ਸਤਿਕਾਰ ਗੁਰੂ ਭਗਤੀ ਹੈ।

ਦੁਬਿਧਾ ਦਾ ਮਾਰਿਆ ਹੋਇਆ ਕੋਈ ਅਸਿੱਖ ਕੇਸਾਂ ਨੂੰ ਕੁਝ ਕੱਟ ਲੈਂਦਾ ਹੈ ਤੇ ਕੁਝ ਰੱਖ ਲੈਂਦਾ ਹੈ। ਵਿੱਚੋਂ-ਵਿੱਚ ਦਾੜ੍ਹੀ ਥੋੜ੍ਹੀ-ਥੋੜ੍ਹੀ ਮੁੰਨ ਲੈਂਦਾ ਹੈ। ਅਜਿਹੀ ਹਾਲਤ ਵਿੱਚ ਇਹੀ ਸਮਝਣਾ ਚਾਹੀਦਾ ਹੈ ਕਿ ਐਸਾ ਮਨੁੱਖ ਦੁਬਿਧਾ ਵਿੱਚ ਹੈ ਜਾਂ ਕਿਸੇ ਆਤਰਿਤ-ਦਵੰਦ ਦਾ ਸ਼ਿਕਾਰ ਹੈ। ਹੈ ਪਗਲਾ ਜਿਹਾ ਜਾਂ ਫਿਰ ਬਗਲਾ ਜਿਹਾ, ਪਰ ਬਣਦਾ ਬੜਾ ਹੁਸ਼ਿਆਰ ਹੈ। ਮੈਂ ਤੇ ਇਹ ਕਹਿੰਦਾ ਹਾਂ ਕਿ ਇਹੋ ਜਿਹੇ ਮਨੁੱਖ ਮਾਨਸਿਕ ਤੌਰ 'ਤੇ ਬੀਮਾਰ ਹਨ। ਇਸ ਖੰਡਿਓਂ ਤਿੱਖੇ ਮਾਰਗ ਉੱਤੇ ਗੁਰੂ ਨਾਨਕ ਸਾਹਿਬ ਦੇ ਹੁਕਮ ਅਨੁਸਾਰ ਚੱਲ ਕੇ ਜੇ ਨਿਰੰਕਾਰ ਨੂੰ ਪਾਉਣਾ ਹੈ, ਤਾਂ ਦੁਬਿਧਾ ਨੂੰ ਛੱਡਣਾ ਹੋਏਗਾ। ਸੋਚ ਸਮਝ ਕੇ ਇਸ ਮਾਰਗ 'ਤੇ ਪੈਰ ਧਰਨਾ ਹੈ। ਸਿੱਖੀ ਜਿਊਣੀ ਹੈ, ਕੋਈ ਤਮਾਸ਼ਾ ਨਹੀਂ ਕਰਨਾ। ਇਸ ਪ੍ਰਕਾਰ ਜਿਹੜਾ ਸੋਚ ਵਿਚਾਰ ਦ੍ਰਿੜ੍ਹਤਾ ਨਾਲ ਦੁਬਿਧਾ ਛੋੜ ਇਸ ਮਾਰਗ 'ਤੇ ਅਗਰਸਰ ਹੋਵੇਗਾ, ਉਸ ਦੀ ਮੰਜ਼ਿਲ ਦਾ ਟੀਚਾ ਅੰਮ੍ਰਿਤਸਰ ਹੋਵੇਗਾ:

*ਰਖਿ ਰਖਿ ਚਰਨ ਧਰੇ ਵੀਚਾਰੀ॥*
*ਦੁਬਿਧਾ ਛੋਡਿ ਭਏ ਨਿਰੰਕਾਰੀ॥*

*(ਪੰਨਾ ੬੮੫)*

ਅੰਮ੍ਰਿਤਸਰ ਨਿਰੰਕਾਰ ਵੱਸਦਾ ਹੈ। ਜਿਥੇ ਨਿਰੰਕਾਰ ਵੱਸਦਾ ਹੈ, ਉਹੀ ਸਵਰਗ ਹੈ, ਇੱਥੇ ਹੀ ਸ਼ਬਦ ਦੀ ਅੰਤਲੀ ਤੁੱਕ ਵਿਚ ਸ਼ਾਹਿਨ-ਸ਼ਾਹ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਹੁਕਮ ਕਰਦੇ ਹਨ ਕਿ ਜੇ ਮਨੁੱਖ ਸੱਚ ਦਾ ਢੂੰਢਾਊ ਹੈ। ਸੱਚ ਨੂੰ ਲੋਚਦਾ ਹੈ ਤੇ ਉਹ ਸੱਚ ਪ੍ਰਾਪਤੀ ਵਾਸਤੇ ਸੋਚਦਾ ਹੈ ਅਤੇ ਉਸ ਦੀ ਮੂਰਤ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ, ਤਾਂ ਆਪਣੀ ਸੂਰਤ ਦੀ ਆਦਿ ਸੱਚ ਆਦਿ ਪੁਰਖ ਵਰਗੀ ਬਣਾਏ ਭਾਵ ਕੇਸਾਧਾਰੀ ਹੋਵੇ:

*ਸੂਰਤਿ ਮੂਰਤਿ ਆਦਿ ਅਨੂਪੁ॥*
*ਨਾਨਕੁ ਜਾਚੈ ਸਾਚੁ ਸਰੂਪੁ॥੮॥* *(ਪੰਨਾ ੬੮੬)*

ਕੇਸ ਗੁਰੂ ਦਾ ਆਦੇਸ਼ ਹੈ। ਇਹ ਸੰਜਮ ਦਾ ਭੇਸ ਹੈ। ਕੇਸਾਧਾਰੀ ਦਰਵੇਸ਼ ਹੈ। ਦਰਵੇਸ਼ ਉਸ ਨੂੰ ਆਖਦੇ ਹਨ। ਜੋ ਦਰ-ਆਵੇਸ਼ਾਂ ਹੈ। ਦਰ 'ਤੇ ਡਿੱਗਾ ਹੈ। ਦਰ ਪਿਆ ਹੈ ਦਰ 'ਤੇ ਪੁੱਜਾ ਹੈ। ਦਰ ਨਾਲ ਜੁੜਿਆ ਹੈ। ਦਰ ਮੰਗਦਾ ਹੈ। ਦਰ ਘਰ ਜਾਹੁੰਦਾ ਹੈ। ਦਰ-ਦਰ ਨਹੀਂ ਜਾਂਦਾ। ਕੇਸਾਧਾਰੀ ਹੁਕਮ ਮੰਨਣ ਵਾਲੀ ਸੁਹਾਗਣ ਰੂਹ ਹੈ। ਉਸ ਦੀ ਹਿੱਕ ਵਿੱਚ ਇਕ ਸਿੱਕ ਹੈ ਜੋ ਹੁਕਮ ਮੰਨ ਹੋ ਜਾਂਦੀ ਹੈ, ਇਕ-ਮਿੱਕ।

ਨਾਲ ਜੰਗ ਮਗਰੋਂ ਅਰਦਾਸ ਕੀਤੀ। ਸੱਚੇ ਪਾਤਸ਼ਾਹ! ਕੱਚੇ ਪਿੱਲੇ ਝੜ ਗਏ ਹਨ। ਤੱਤ ਖਾਲਸਾ ਬਾਕੀ ਰਹਿ ਗਿਆ ਹੈ। ਤੁਸੀਂ ਬਲ ਬਖਸ਼ੋ, ਤਾਂ ਜੋ ਯੁੱਧ ਜਾਰੀ ਰਹਿ ਸਕੇ।

ਇਸ ਤਰ੍ਹਾਂ ਦੇ ਕਈ ਪੜਾਅ ਇਤਿਹਾਸ ਵਿੱਚ ਆਏ। ਖਾਲਸੇ ਨੇ ਰਾਜ ਵੀ ਕੀਤਾ। ਰਾਜ ਕਈਆਂ ਕਾਰਨਾਂ ਕਰ ਕੇ ਗੁਆਚ ਗਿਆ। ਫਿਰ ਅਧੋਗਤੀ ਦਾ ਸਮਾਂ ਆਇਆ। ਉਸ ਤੋਂ ਬਾਅਦ ਪਤਿਤਪੁਣੇ ਦਾ ਰਿਵਾਜ਼ ਜਿਹਾ ਹੋ ਗਿਆ। ਮੁੜ ਸਿੰਘ ਸਭਾ ਲਹਿਰ ਚੱਲੀ। ਤਦ ਗੁਰਦੁਆਰਾ ਲਹਿਰ ਚੱਲੀ। ਗੁਰਦੁਆਰਿਆਂ ਦੀ ਪਵਿੱਤਰਤਾ ਲਈ ਬੇਅੰਤ ਸ਼ਹੀਦੀਆਂ ਹੋਈਆਂ। ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਹੋਂਦ ਵਿੱਚ ਆਈ। ਬੜੀ ਚੜ੍ਹਦੀ ਕਲਾ ਹੋਈ। ਸਾਥੀ ਸਹਿਯੋਗੀਆਂ ਨੇ ਮੁਕਤਕੰਠ ਸ਼ਲਾਘਾ ਕੀਤੀ ਤੇ ਕਿਹਾ, 'ਹਰ ਗੈਰ ਸਿੱਖ ਨੂੰ ਆਪਣਾ ਵੱਡਾ ਬੱਚਾ ਸਿੰਘ ਸਜਾਉਣਾ ਚਾਹੀਦਾ ਹੈ। ਹਿੰਦੁਸਤਾਨ ਤਾਂ ਹੀ ਆਜ਼ਾਦ ਹੋਏਗਾ।' ਗੁਰੂ ਕਾ ਬਾਗ਼ ਤੇ ਨਨਕਾਣਾ ਸਾਹਿਬ ਦੀਆਂ ਸ਼ਹੀਦੀਆਂ ਤਕ ਕੇ ਮਹਾਤਮਾ ਗਾਂਧੀ ਨੇ ਕਿਹਾ- **'ਅਜ਼ਾਦੀ ਦੀ ਅੱਧੀ ਜੰਗ ਜਿੱਤ ਲਈ ਗਈ ਹੈ।'** ਫਿਰ ਆਜ਼ਾਦੀ ਮਿਲੀ ਪਰ ਅਸੀਂ ਅਜ਼ਾਦ ਕੋਈ ਨਾ ਹੋਏ। ਬਰਬਾਦ ਵਧੇਰੇ ਹੋਏ। ਜਾਨ ਨਾਲੋਂ ਵਧਰੇ ਪਵਿੱਤਰ ਗੁਰਦੁਆਰੇ, ਸੋਨਾ ਉਗਲਦੀਆਂ ਜ਼ਮੀਨਾਂ, ਬਾਰਾਂ ਤੇ ਲੱਖਾਂ ਜਾਨਾਂ ਜਾਣ ਲੱਗਿਆਂ ਬਾਰ ਨਾ ਲੱਗੀ।

ਹਿੰਦੁਸਤਾਨ ਦੀ ਅਜ਼ਾਦੀ ਤੋਂ ਬਾਅਦ ਦਾ ਇਤਿਹਾਸ ਸਾਡੇ ਲਈ ਸੁਖਦਾਈ ਨਹੀਂ ਰਿਹਾ ਅਤੇ ਅੱਜ ਦੇ ਸਮੇਂ ਵਿੱਚ ਪੁੱਜ ਕੇ ਅਸੀਂ ਆਪਣੇ ਆਪ ਨੂੰ ਚੁਰੱਸਤੇ ਉੱਤੇ ਖੜ੍ਹਾ ਮਹਿਸੂਸ ਕਰ ਰਹੇ ਹਾਂ। ਧਰਤੀ ਕੋਈ ਨਹੀਂ। ਧਾਰਮਿਕ ਤੌਰ 'ਤੇ ਅਸਰੁੱਖਿਅਤ ਮਹਿਸੂਸ ਕਰਦੇ ਹਾਂ। ਧੀਆਂ ਪੁੱਤ ਕਾਬੂ ਵਿੱਚ ਨਹੀਂ। ਧਨ ਬਥੇਰਾ ਹੈ। ਇਸ ਗਮ-ਰੌਲੇ ਵਿੱਚ ਅਸੀਂ ਵੀ, 'ਲੱਖ ਚੌਰਾਸੀ' ਗੇੜ ਵਿੱਚ ਪਏ ਹੋਏ ਹਾਂ।

ਸਾਡਾ ਬੋਲਾ ਹੈ। ਗੁਰੂ ਗ੍ਰੰਥ ਸਾਹਿਬ ਜੁੱਗੋ-ਜੁੱਗ ਅਟੱਲ ਹੈ। "ਗੁਰਸਿੱਖੀ ਬਾਰੀਕ ਹੈ ਅਤੇ ਖੰਡੇਧਾਰ ਹੈ।" ਗੱਲ ਇਹ ਹੈ ਕਿ ਸਿੱਖੀ ਸਮਝਾਈ ਨਹੀਂ ਜਾ ਸਕੀ। ਇਹ ਕੰਮ ਅਨਪੜ੍ਹਾਂ ਦੇ ਹੱਥ ਹੁੰਦਾ, ਤਾਂ ਕੋਈ ਡਰ ਨਹੀਂ ਸੀ। ਇਹ ਅਧਪੜ੍ਹਾਂ ਦੇ ਹੱਥ ਆ ਗਿਆ ਜਾਂ ਫਿਰ ਛੁੱਚਰ ਡਾਹੁਣ ਵਾਲੇ ਚਤੁਰ, ਚਲਾਕ, ਭੇਖੀਆਂ ਦੇ ਹੱਥ ਆ ਗਿਆ। ਗੁਰਬਾਣੀ ਵਿੱਚ ਸਾਫ ਲਿਖਿਆ ਹੈ। ਚਾਤਰੀਆਂ, ਚੰਗਿਆਈਆਂ ਤੇ ਬਹੁਤੀਆਂ ਸਿਆਣਪਾਂ ਦਾ ਕੋਈ ਅਸਥਾਨ ਨਹੀਂ। ਭੇਖੀਆਂ ਦਾ ਇਥੇ ਕੋਈ ਕੰਮ ਨਹੀਂ। ਅਜੋਕੇ ਮਾਇਆਵਾਦ ਤੇ ਪਦਾਰਥਵਾਦ ਦੇ ਜੁੱਗ ਵਿੱਚ ਕੁਝ ਘੁਣਤਰੀਆਂ ਨੇ ਇਹ ਗੱਲ ਚਲਾ ਦਿੱਤੀ ਕਿ ਸਿੱਖੀ ਵਿੱਚ ਕੇਸਾਂ ਦੀ ਕੋਈ ਲੋੜ ਨਹੀਂ। ਦਰਦੀਲੇ ਸਿੱਖਾਂ ਨੇ ਕਿਹਾ ਕਿ ਇਹ ਤਾਂ ਗੁਰਸਿੱਖਾਂ ਲਈ ਹੁਕਮ ਹੈ। ਉਹ ਕਹਿੰਦੇ ਹਨ- ਕਿੱਥੇ ਲਿਖਿਆ ਹੈ? ਅਸੀਂ ਇਤਿਹਾਸ ਦੇ ਪੰਨੇ ਫੋਲ-ਫੋਲ ਕੇ, ਖੋਲ੍ਹ-ਖੋਲ੍ਹ ਉਨ੍ਹਾਂ ਨੂੰ ਦੱਸਦੇ ਹਾਂ ਕਿ ਕੇਸਾਂ ਦਾ ਹੁਕਮ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਖੁਦ ਕੀਤਾ ਹੈ। ਭਾਈ ਮਰਦਾਨਾ ਜੀ ਨੂੰ ਦੀਖਿਆ ਵਿੱਚ ਤਿੰਨ ਗੱਲਾਂ

ਕਹੀਆਂ—ਪਹਿਲਾ ਹੁਕਮ ਕੇਸਾਂ ਦਾ ਹੈ। ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਨੇ ਗੁਣਵੰਤੀ ਰੂਹ ਦੇ ਗੁਣ ਬਿਆਨਦਿਆਂ ਗੁਰਬਾਣੀ ਵਿੱਚ ਹੁਕਮ ਕੀਤਾ ਹੈ:

*ਹਉ ਆਪਹੁ ਬੋਲਿ ਨ ਜਾਣਦਾ*
*ਮੈ ਕਹਿਆ ਸਭੁ ਹੁਕਮਾਉ ਜੀਉ॥*
*ਹਰਿ ਭਗਤਿ ਖਜਾਨਾ ਬਖਸਿਆ*
*ਗੁਰਿ ਨਾਨਕਿ ਕੀਆ ਪਸਾਉ ਜੀਉ॥*

*(ਪੰਨਾ ੭੬੩)*

ਭਾਵ ਮੈਂ ਆਪਣੇ ਕੋਲੋਂ ਕੋਈ ਗੱਲ ਨਹੀਂ ਕਹਿ ਰਿਹਾ। ਮੈਂ ਆਪ ਬੋਲਣਾ ਹੀ ਨਹੀਂ ਜਾਣਦਾ। ਮੈਨੂੰ ਤਾਂ ਜੋ ਹੁਕਮ ਹੋਇਆ ਹੈ, ਉਹ ਕਹਿ ਰਿਹਾ ਹਾਂ। ਭਗਤੀ ਭਾਵ ਸਮਰਪਣ ਦੀ, ਜਿਹੜੀ ਗੱਲ ਗੁਰੂ ਨਾਨਕ ਦੇਵ ਜੀ ਨੇ ਸਮਝਾਈ ਹੈ, ਜਿਹੜਾ ਭਗਤੀ ਦਾ ਖ਼ਜ਼ਾਨਾ ਉਨ੍ਹਾਂ ਬਖਸ਼ਿਆ ਹੈ, ਮੈਂ ਉਸੇ ਦਾ ਪ੍ਰਚਾਰ ਕਰ ਰਿਹਾ ਹਾਂ। ਉਸੇ ਨੂੰ ਅੱਗੇ ਵੰਡ ਰਿਹਾ ਹਾਂ।

ਗੁਰੂ ਹਰਿ ਰਾਇ ਜੀ ਨੇ ਹਕੀਕਤ ਰਾਏ ਦੇ ਨਾਨਾ ਭਾਈ ਨੰਦ ਲਾਲ ਨੂੰ ਕੇਸਾਧਾਰੀ ਹੋਣ ਦਾ ਜੋ ਹੁਕਮ ਕੀਤਾ, ਇਹ ਹੁਕਮ ਸਾਰੇ ਗੁਰਸਿੱਖਾਂ ਵਾਸਤੇ ਹੈ। ਪਦਾਰਥਵਾਦ ਦੇ ਮਾਰੇ ਹੋਏ ਦੁਨਿਆਵੀ ਵੈਭਵ ਦੇ ਗੁਲਾਮ ਹੋ "ਬਹੁਤੇ ਸਿਆਣੇ" ਆਖਦੇ ਹਨ ਗੁਰੂ ਗ੍ਰੰਥ ਸਾਹਿਬ ਵਿੱਚੋਂ ਦੱਸੋ ਕਿ ਕੇਸਾਂ ਸਬੰਧੀ ਕਿੱਥੇ ਲਿਖਿਆ ਹੈ? ਗੁਰੂ ਤੇਗ ਬਹਾਦਰ ਜੀ ਗੁਰੂ ਅਰਜਨ ਦੇਵ ਵਾਲੀ ਗੱਲ ਨੂੰ ਫਿਰ ਦ੍ਰਿੜ੍ਹ ਕਰਾਉਂਦੇ ਹਨ ਕਿ ਅਸੀਂ ਮਨੁੱਖ ਐਵੇਂ ਭਟਕਣ ਲੱਗੇ ਹੋਏ ਹਾਂ। ਫੜਨਾ ਪੱਕੀ ਤੇ ਸਥਿਰ ਗੱਲ ਨੂੰ ਹੈ। ਵਾਲੇ-ਟੋਲੇ ਤੇ ਬਹਾਨਿਆਂ ਦੀ ਕੋਈ ਲੋੜ ਨਹੀਂ:

*ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ॥*
*ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ॥੩॥*

*(ਪੰਨਾ ੬੩੨)*

ਗੱਲ ਤਾਂ ਗੁਰੂ ਨਾਨਕ ਨੇ ਦੱਸ ਦਿੱਤੀ ਹੈ। ਸਿੱਖੀ ਗੁਰੂ ਨਾਨਕ ਦੀ ਹੈ। ਸਿੱਖ ਅਸੀਂ ਗੁਰੂ ਨਾਨਕ ਦੇ ਹਾਂ ਤੇ ਸਥਿਰਤਾ ਮਾਇਆਵਾਦ ਵਿੱਚੋਂ ਲਭਦੇ ਹਾਂ। ਇਹ ਸੰਭਵ ਨਹੀਂ ਹੋ ਸਕਦਾ। "ਅਸਥਿਰ ਰਹਹੁ ਡੋਲਹੁ ਮਤ ਕਬਹੂ...॥" ਫਿਰ ਡੀਗਨ-ਡੋਲਾ ਨਹੀਂ ਆਉਣਾ ਚਾਹੀਦਾ। ਮੁਢਲੇ ਅਸੂਲਾਂ ਦੇ ਨਾਲ ਸਮਝੌਤਾ ਨਹੀਂ ਹੋਣਾ ਚਾਹੀਦਾ। ਜੇ ਕੋਈ ਆਮ ਜਿਹੀ ਇਮਾਰਤ ਬਣਨੀ ਹੋਵੇ, ਤਾਂ ਉਸ ਵਿੱਚ ਲਾਏ ਜਾ ਰਹੇ ਮੈਟੀਰੀਅਲ ਦੇ ਨਾਲ ਸਮਝੌਤਾ ਕਰਾਂਗੇ। ਭਾਵ ਬੇਈਮਾਨੀ ਕਰਾਂਗੇ, ਤਾਂ ਇਮਾਰਤ ਡੋਲ ਕੇ ਡਿੱਗ ਜਾਏਗੀ। ਇਹ ਸਿੱਖੀ ਦਾ ਮਹਿਲ ਹੈ। ਇਸ ਵਿੱਚ ਗੁਰੂ ਨਾਨਕ ਦੀ ਸੁੱਚੀ ਕਿਰਤ, ਗੁਰੂ ਅਰਜਨ ਦਾ ਖ਼ੂਨ, ਗੁਰੂ ਤੇਗ ਬਹਾਦਰ ਦਾ ਸੀਸ ਲੱਗਾ ਹੈ ਅਤੇ ਸਾਹਿਬਜ਼ਾਦੇ ਖੁਦ ਉਨ੍ਹਾਂ ਨੀਹਾਂ ਵਿੱਚ ਖੜ੍ਹੇ ਹਨ। ਇਸ ਤੋਂ ਇਲਾਵਾ ਲੱਖਾਂ ਮਾਈਆਂ, ਭਾਈਆਂ ਦੇ ਸਰੀਰ ਅਤੇ ਮਾਸੂਮ ਬੱਚਿਆਂ ਦੀਆਂ ਕੀਮਤੀ ਜਾਨਾਂ

ਲੱਗੀਆਂ ਹਨ। ਫਿਰ ਇਸ ਨਾਲ ਮਖੌਲਬਾਜ਼ੀ ਸ਼ੋਭਦੀ ਨਹੀਂ। ਅਵੇਸਲਾਪਨ ਸਾਨੂੰ ਕਿਧਰੇ ਦਾ ਕਿਧਰੇ ਲੈ ਜਾਏਗਾ ਅਤੇ ਅਸੀਂ ਰਸਾਤਲ ਵਿੱਚ ਪੁੱਜ ਜਾਵਾਂਗੇ।

ਕੇਸਾਂ ਸਬੰਧੀ ਲਿਖਿਆ ਗੁਰੂ ਗ੍ਰੰਥ ਸਾਹਿਬ ਵਿੱਚ ਮਿਲ ਜਾਏਗਾ ਕਿ ਇਹ ਸਭ ਕੁਝ ਸੁਣਨ, ਪੜ੍ਹਨ ਤੋਂ ਬਾਅਦ, ਮਾਇਆਵਾਦੀ ਚਮਕ-ਦਮਕ ਤੋਂ ਮੁਤਾਸਿਰ ਹੋ ਕੇ ਆਕੀ ਹੋਇਆ-ਹੋਇਆ ਘੁਣਤਰਾਂ ਕੱਢਣ ਵਾਲਾ ਮਨੁੱਖ ਕੀ ਕੇਸ ਰੱਖ ਲਏਗਾ? ਜ਼ਰੂਰਤ ਹੈ ਕਿ ਵਿਸ਼ਵਾਸ ਨੂੰ ਦ੍ਰਿੜ੍ਹ ਕੀਤਾ ਜਾਏ ਅਤੇ ਇਸ ਝੁੱਲੀ ਹੋਈ ਹਨੇਰੀ ਵਿੱਚ ਅਜੋਕੀ ਪੀੜ੍ਹੀ ਦੇ ਸਿਰ ਤੋਂ ਪਹਿਲਾਂ ਉੱਡ ਚੁੱਕੀ ਪੱਗ ਅਤੇ ਹੁਣ ਉੱਡ ਰਹੇ ਕੇਸਾਂ ਨੂੰ ਸੰਭਾਲਿਆ ਜਾਏ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਕ ਹੋਰ ਬੜਾ ਸਪਸ਼ਟ ਹੁਕਮ ਹੈ, ਜਿਸ ਨੂੰ ਇਥੇ ਵਿਚਾਰਨਾ ਅਤੀ ਜ਼ਰੂਰੀ ਹੈ। ਇਹ ਗੱਲ ਤਾਂ ਸਾਰੇ ਸਿੱਖ ਅਸਿੱਖ ਮੰਨਦੇ ਹਨ ਕਿ ਸਾਰੀਆਂ ਗੁਰੂ ਵਿਅਕਤੀ ਕੇਸਾਧਾਰੀ ਸਨ। ਇਸ ਸਬੰਧੀ ਗੁਰੂ ਅਰਜਨ ਦੇਵ ਜੀ ਦਾ ਹੁਕਮ ਹੈ ਕਿ ਮੈਨੂੰ ਕੇਸ ਧਾਰਨ ਦਾ ਚਾਅ ਹੈ ਕਿਉਂਕਿ ਮੈਂ ਆਪਣਾ ਆਪ ਆਪਣੇ ਗੁਰੂ ਮੁਤਾਬਿਕ ਢਾਲਣਾ ਹੈ। ਗੁਰੂ ਨਾਨਕ ਦੇਵ ਜੀ ਦੇ ਸਿਰ 'ਤੇ ਕੇਸ ਸਨ। ਮੈਂ ਵੀ ਰੱਖਣੇ ਹਨ।

ਗੁਰੂ ਰਾਮਦਾਸ ਜੀ ਹੁਕਮ ਕਰਦੇ ਹਨ, 'ਕੋਈ ਬੁਰਾ ਕਹੇ, ਭਲਾ ਕਹੇ, ਮੈਂ ਤਾਂ ਆਪਣੇ ਤਨ ਨੂੰ ਗੁਰੂ ਮੁਤਾਬਿਕ ਢਾਲਾਂਗਾ। ਮੈਂ ਸਾਰੇ ਪਾਸੇ ਵੇਖੇ ਹਨ। ਉਨ੍ਹਾਂ ਨੂੰ ਛੱਡ ਕੇ ਗੁਰੂ ਦੀ ਚਰਨੀ ਆ ਪਿਆ ਹਾਂ।

*ਅਬ ਹਮ ਚਲੀ ਠਾਕੁਰ ਪਹਿ ਹਾਰਿ॥*
*ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ॥੧॥ਰਹਾਉ॥*
*ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ॥*
*ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ॥੧॥*

*(ਪੰਨਾ ੫੨੭)*

ਗੁਰਮਤਿ ਮਾਰਗ ਦਾ ਚਲਨ ਸੱਜਾ ਖੱਬਾ ਤਿਆਗ ਕੇ ਅੱਗੇ ਵੱਧਣ ਦਾ ਹੈ। ਇਥੇ ਪੂਰਨ ਸਮਰਪਣ ਦੀ ਗੱਲ ਹੈ। ਜਦ ਗੁਰਸਿੱਖ ਗੁਰੂ ਦੀ ਸ਼ਰਨ ਵਿੱਚ ਆ ਗਿਆ। ਫਿਰ ਜ਼ਿੰਦਗੀ ਕਿ ਮੌਤ, ਮੁਕਤ ਕੇ ਭੁਗਤ, ਸਵਰਗ ਕਿ ਨਰਕ ਵਰਗੇ ਕਿਸੇ ਦੁਚਿੱਤੇਪਨ ਦਾ ਕੋਈ ਅਸਥਾਨ ਨਹੀਂ ਹੈ। ਇਹ ਠੀਕ ਹੈ ਕਿ ਪਹਿਲਾਂ ਵਸਤ ਸਿੰਞਾਣ ਲਈ ਜਾਏ, ਫਿਰ ਵਪਾਰ ਕੀਤਾ ਜਾਏ। ਐਸੇ ਵਪਾਰ ਵਿੱਚ ਘਾਟਾ ਕਦੀ ਨਹੀਂ ਹੁੰਦਾ। ਪਤਿ ਪੈਂਦੀ ਹੈ। ਇੱਥੇ ਵੀ ਤੇ ਉੱਥੇ ਵੀ। ਲੋਕ ਕੀ ਕਹਿਣਗੇ, ਇਸ ਦੀ ਕੋਈ ਪ੍ਰਵਾਹ ਨਹੀਂ। ਜ਼ਰਾ ਜਿੰਨੀ ਪ੍ਰਵਾਹ ਨਹੀਂ। ਇਹੋ ਜਿਹੀਆਂ ਗੱਲਾਂ ਨੂੰ ਪੱਛੀ ਲਾਓ। ਅੱਗ ਨਾਲ ਸਾੜ ਦਿਓ। ਕੋਈ ਬੁਰਾ ਕਹੇ, ਭਾਵੇਂ ਭਲਾ ਕਹੇ, ਗੁਰੂ ਅਰਜਨ ਦੇਵ ਜੀ ਆਖਦੇ ਹਨ ਕਿ ਮੈਂ ਆਪਣੇ ਤਨ ਤੇ ਮਨ ਨੂੰ ਗੁਰੂ ਮੁਤਾਬਿਕ ਢਾਲਣਾ ਹੈ। ਦੇਖਣਾ ਇਹ ਹੈ ਕਿ ਜੇ ਗੁਰੂ ਨਾਨਕ ਦੇਵ ਜੀ ਦੇ ਸਿਰ 'ਤੇ ਕੇਸ

ਹਨ, ਉਸ ਤੋਂ ਬਾਅਦ ਸਾਰੇ ਗੁਰੂ ਕੇਸਾਧਾਰੀ ਹਨ, ਤਾਂ ਫਿਰ ਕੇਸ ਧਾਰਨ ਵਿੱਚ ਕਾਹਦੀ ਝਿਜਕ ਹੈ। ਰੁਕਾਵਟ ਪਾਉਣ ਵਾਲੀ ਤਾਂ ਮਾਇਆ ਹੈ। ਮਾਇਆ ਹੀ ਤਾਂ ਗੁਰੂ ਨਾਲ ਜੁੜਨ ਨਹੀਂ ਦਿੰਦੀ। ਗੁਰਸਿੱਖ ਨੇ ਇਸ ਦਾ ਤਿਆਗ ਕਰ ਦਿੱਤਾ ਹੈ ਤੇ ਆਪਣੇ ਤਨ ਨੂੰ ਮਨ ਦੇ ਨਾਲ-ਨਾਲ ਗੁਰੂ ਨਾਲ ਢਾਲ ਲਿਆ ਹੈ।

**ਢਾਰਿ** ਸ਼ਬਦ ਦਾ ਭਾਵ ਸਾਨੂੰ ਰਤਾ ਕੁ ਵਿਚਾਰ ਲੈਣਾ ਚਾਹੀਦਾ ਹੈ। ਬ੍ਰਿਜ ਭਾਸ਼ਾ ਤੇ ਸੰਤ ਭਾਸ਼ਾ ਵਿੱਚ ਬਹੁਤ ਵਾਰੀ ਅੱਖਰ 'ਲ' ਦੀ ਥਾਂ ਤੇ 'ਰ' ਵਰਤਿਆ ਗਿਆ ਹੈ। ਜਿਵੇਂ ਅਬਦੁਲ ਰਹੀਮ ਖਾਨ ਖਾਨਾ ਨੇ ਆਪਣੇ ਇਕ ਦੋਹੇ ਵਿੱਚ, "ਜਹਾਂ ਕਾਮ ਆਵੈ ਸੂਈ ਕਾ ਕਰੈ ਤਰੀਵਾਰ" ਲਿਖਿਆ ਹੈ। ਗੁਰੂ ਨਾਨਕ ਦੇਵ ਜੀ ਨੇ ਲਿਖਿਆ ਹੈ:

*ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ॥*
*ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ॥੨॥* *(ਪੰਨਾ ੨੩)*

ਇਥੇ ਲਾਲ ਤੋਂ ਭਾਵ ਸੂਹਾ ਲਾਲ ਨਹੀਂ ਜਾਂ ਇਹ ਗੱਲ ਹੈ ਤੇ ਜਾਂ ਲਾਰਿ ਹੈ। ਲਾਰਿ ਜਾਂ ਰਾਲ ਤੋਂ ਮਤਲਬ ਹੈ ਕਿਸੇ ਖਾਣ ਵਾਲੀ ਵਸਤੂ ਨੂੰ ਦੇਖ ਕੇ ਮੂੰਹ ਵਿੱਚ ਆਇਆ ਪਾਣੀ। ਸੋ ਇਹ ਗੱਲ ਸਪਸ਼ਟ ਹੋਈ ਕਿ ਢਾਰਿ ਸ਼ਬਦ ਦਾ ਭਾਵ ਢਾਲਿ ਹੈ ਅਤੇ ਗੁਰਸਿੱਖਾਂ ਨੇ ਆਪਣੇ ਤਨ ਨੂੰ ਗੁਰੂ ਦੇ ਤਨ ਵਾਂਗ ਢਾਲਣਾ ਹੈ। ਭਾਵ ਕੇਸਾਧਾਰੀ ਹੋਣਾ ਹੈ।

ਗੁਰੂ ਗ੍ਰੰਥ ਸਾਹਿਬ ਵਿੱਚ ਬਹੁਤ ਸਾਰੇ ਹੁਕਮ ਕੇਸਾਂ ਦੀ ਆਵਸ਼ਕਤਾ ਨੂੰ ਦਰਸਾਉਂਦੇ ਹਨ। ਇੱਥੇ ਅਸੀਂ ਲੇਖ ਨੂੰ ਬਹੁਤਾ ਲੰਮਾ ਨਾ ਹੋਣ ਦੇਣ ਲਈ ਇਕ ਦੋ ਟੂਕਾਂ ਉਦਾਹਰਣ ਵਜੋਂ ਲਵਾਂਗੇ। ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ ਕਿ ਜੋਗੀ ਆਪਣੇ ਸਿਰ 'ਤੇ ਜਟਾਵਾਂ ਰੱਖਦੇ ਹਨ ਅਤੇ ਹਿੰਦੂ ਵਿਸ਼ੇਸ਼ ਕਰ ਕੇ ਬ੍ਰਾਹਮਣ ਕਾਖਾਈ ਧੋਤੀ ਪਹਿਨਦੇ ਹਨ ਅਤੇ ਸਿਰ ਉਤੇ ਸ਼ਿਖਾ (ਬੋਦੀ) ਰੱਖਦੇ ਹਨ। ਪਾਤਸ਼ਾਹ ਦਸਦੇ ਹਨ ਕਿ ਗੁਰਸਿੱਖ ਨੇ ਅਜਿਹਾ ਕੋਈ ਸਾਂਗ ਨਹੀਂ ਬਣਾਉਣਾ, ਜੈਸਾ ਰੂਪ, ਸਰੂਪ ਅਕਾਲ ਪੁਰਖ ਨੇ ਬਖਸ਼ਿਆ ਹੈ, ਓਹੀ ਧਾਰਨ ਕਰਨਾ ਹੈ:

*ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ੀ॥*
*ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ॥੪॥*

*(ਪੰਨਾ ੩੫੮)*

ਜੋਗੀ ਆਪਣੇ ਲੱਕ ਦੁਆਲੇ ਕਿਸੇ ਜਾਨਵਰ ਦੀ ਖੱਲ (ਖੱਲੜੀ) ਓੜਦਾ ਹੈ। ਇਕ ਹੱਥ ਵਿੱਚ ਖੱਪਰ ਜਾਂ ਚ਼ਿੱਪੀ (ਖੱਪਰੀ) ਰੱਖਦਾ ਹੈ ਤੇ ਦੂਜੇ ਹੱਥ ਵਿੱਚ ਇਕ ਡੰਡਾ ਜਾਂ ਕੁਤਕ (ਲੱਕੜੀ) ਫੜਦਾ ਹੈ ਅਤੇ ਕਿਸੇ ਜਾਨਵਰ ਵਿਸ਼ੇਸ਼ ਕਰ ਕੇ ਹਿਰਨ ਦੀ ਖੱਲ ਮ੍ਰਿਗ-ਸ਼ਾਲਾ (ਚਮੜੀ) ਉੱਤੇ ਆਸਣ ਲਾਉਂਦਾ ਹੈ ਪਰ ਆਪਣੇ ਕੇਸਾਂ ਨੂੰ ਉਲਝਾਅ ਕੇ ਉਸ ਦੀਆਂ ਜਟਾਵਾਂ ਕਰ ਸਿਰ ਉੱਤੇ ਵੱਡਾ ਸਾਰਾ ਜੂੜਾ ਕਰ ਲੈਂਦਾ ਹੈ। ਗੁਰਸਿੱਖਾਂ ਨੇ ਐਸਾ ਨਹੀਂ ਕਰਨਾ। ਇਹੀ ਹੁਕਮ ਗੁਰੂ ਗੋਬਿੰਦ ਸਿੰਘ

ਜੀ ਨੇ ਕੀਤਾ :

*ਕਹਿਯੋ ਪ੍ਰਭੂ ਸੁ ਭਾਖ ਹੌ॥ ਕਿਸੂ ਨ ਕਾਨ ਰਾਖਿ ਹੌ॥...*
*ਜਟਾ ਨ ਸੀਸ ਧਾਰਿਹੌ॥ ਨ ਮੁੰਦ੍ਰਕਾ ਸੁ ਧਾਰਿਹੌ॥*

*(ਬਚਿਤ੍ਰ ਨਾਟਕ, ਪੰਨਾ ੫੭)*

ਗੁਰੂ ਨਾਨਕ ਦੇਵ ਜੀ ਤੇ ਗੁਰੂ ਅਰਜਨ ਦੇਵ ਜੀ ਦੇ ਹੁਕਮ ਵਿੱਚ ਕੋਈ ਅੰਤਰ ਨਹੀਂ। ਬ੍ਰਾਹਮਣ ਤੇ ਦੂਜੇ ਹੋਰ ਹਿੰਦੂ ਆਪਣੇ ਸਿਰ ਦੇ ਕੇਸਾਂ ਨੂੰ ਆਸੇ ਪਾਸਿਓਂ ਮੁੰਨ ਦਿੰਦੇ ਹਨ ਅਤੇ ਵਿਚਾਲੇ ਚੌੜੀ ਜਿਹੀ ਸ਼ਿਖਾ (ਬੋਦੀ) ਰੱਖ ਕੇ ਉਸ ਨੂੰ ਗੰਢ ਮਾਰ ਦਿੰਦੇ ਹਨ। ਗੁਰਸਿੱਖ ਨੇ ਐਸਾ ਵੀ ਨਹੀਂ ਕਰਨਾ। ਗੁਰੂ ਨਾਨਕ ਦੇਵ ਜੀ ਬੇਨਤੀ ਕਰਦੇ ਹਨ ਕਿ ਵਾਹਿਗੁਰੂ ਪਿਤਾ ਸਾਡਾ ਸਾਹਿਬ ਹੈ, ਸਾਡਾ ਮਾਲਿਕ ਹੈ। ਅਸੀਂ ਉਸ ਦੇ ਹੁਕਮ ਵਿੱਚ ਰਹਿਣਾ ਹੈ। ਉਸ ਨੇ ਜੋ ਰੂਪ ਜਨਮ ਤੋਂ ਹੀ ਸਾਨੂੰ ਦਿੱਤਾ ਹੈ, ਭਾਵ ਪਿੰਡੇ ਉੱਤੇ ਰੋਮ ਤੇ ਸਿਰ 'ਤੇ ਕੇਸ ਬਖਸ਼ੇ ਹਨ, ਓਹੀ ਧਾਰਨ ਕਰਨੇ ਹਨ। ਬਿਨਾਂ ਕੱਟੇ, ਵੱਢੇ, ਮੁੰਨੇ ਜਾਂ ਤਰਾਸ਼ੇ। ਨਾਲ ਹੀ ਇਸ ਗੱਲ ਦਾ ਖਿਆਲ ਰੱਖਣਾ ਹੈ ਕਿ ਜਾਤ-ਪਾਤ ਦੇ ਵਰਣ-ਭੇਦ ਦੇ ਚੱਕਰ ਵਿੱਚ ਨਹੀਂ ਪੈਣਾ। ਬਿਲਕੁਲ ਇਹੀ ਹੁਕਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਸਿੱਖਾਂ ਨੂੰ ਅੰਮ੍ਰਿਤ ਛਕਾਉਣ ਲੱਗਿਆਂ ਕੀਤਾ। ਕਿੱਥੇ ਅੰਤਰ ਹੈ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਵਿੱਚ। ਜੇਕਰ ਕੋਈ ਅੰਤਰ ਹੈ, ਤਾਂ ਉਹ ਚਲਾਕ, ਸ਼ਾਤਰ, ਢੁੱਚਰੀ, ਘੁਣਤਰੀ, ਅਣਮੱਤੀਆਂ ਤੇ ਅਧਪੜ੍ਹਾਂ ਵਿੱਚ ਹੈ, ਜੋ ਗੁਰੂ-ਪਿਤਾ ਦੇ ਹੁਕਮਾਂ ਨੂੰ ਤਰੋੜ-ਮਰੋੜ ਕੇ ਆਪਣੇ ਲਾਭ ਢੂੰਢਦੇ ਹਨ ਅਤੇ ਸਾਨੂੰ ਭਰਮ ਪਾਉਣ ਦੇ ਯਤਨ ਕਰਦੇ ਥੱਕਦੇ ਨਹੀਂ।

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਗੁਰੂ ਗ੍ਰੰਥ ਸਾਹਿਬ ਅਤੇ ਹੋਰ ਗੁਰੂ ਸਾਹਿਬਾਨ ਦੇ ਮੁਖਾਰਬਿੰਦ ਤੋਂ ਕੇਸਾਂ ਦੇ ਹੁਕਮ ਅਸਾਂ ਸੁਣੇ ਪੜ੍ਹੇ ਤੇ ਵਿਚਾਰੇ ਹਨ। ਗੁਰਬਾਣੀ ਅੰਦਰ ਇਹ ਗੱਲ ਪਹਿਲੇ ਪਵਿੱਤਰ ਪੰਨੇ ਤੋਂ ਲੈ ਕੇ ਅਖੀਰ ਤੱਕ ਕਈ ਵਾਰ ਦ੍ਰਿੜ੍ਹਾਈ ਗਈ ਹੈ ਕਿ ਵਾਹਿਗੁਰੂ ਅਕਾਲ ਪੁਰਖ ਨਿਰੰਕਾਰ ਹੈ। ਉਸ ਦਾ ਕੋਈ ਅਕਾਰ ਨਹੀਂ। ਉਸ ਨੂੰ ਕਈ ਨਾਵਾਂ ਨਾਲ ਪੁਕਾਰਿਆ ਗਿਆ ਹੈ। ਉਸ ਦਾ ਇਕ ਨਾਮ ਕੇਸ਼ੋ ਜਾਂ ਕੇਸ਼ਵਾ ਹੈ। ਜਦੋਂ ਭਗਤ ਨਾਮਦੇਵ ਜੀ ਵਾਹਿਗੁਰੂ ਨੂੰ ਪੁਕਾਰਦੇ ਹਨ ਕਿ ਹੇ ਬਾਪ ਬੀਠਲਾ! ਹੇ ਮੇਰੇ ਪਿਤਾ! ਮੈਂ ਇਕ ਸ਼ਕਤੀਸ਼ਾਲੀ ਲੋਭ ਦੇ ਕਾਰਨ ਡੁੱਬਦਾ ਜਾ ਰਿਹਾ ਹਾਂ। ਤੂੰ ਮੈਨੂੰ ਬਚਾ ਲੈ। ਉਦੋਂ ਆਪ ਜੀ ਪੁਕਾਰ ਕਰਦੇ ਹਨ :

*ਲੋਭ ਲਹਰਿ ਅਤਿ ਨੀਝਰ ਬਾਜੈ॥ ਕਾਇਆ ਡੂਬੈ ਕੇਸਵਾ॥੧॥*

*(ਪੰਨਾ ੧੧੯੬)*

ਇਹ ਠੀਕ ਹੈ ਕਿ ਵਾਹਿਗੁਰੂ ਦਾ ਕੋਈ ਅਕਾਰ ਜਾਂ ਕੋਈ ਅਕ੍ਰਿਤ ਨਹੀਂ। ਜੇ ਹੈ ਤਾਂ ਉਹ ਕੇਸਾਂ ਵਾਲੀ ਹੈ, ਕੇਸਾਧਾਰੀ ਹੈ। ਅਸੀਂ ਡੁੱਬ ਕਿਉਂ ਰਹੇ ਹਾਂ? ਲਾਲਚ ਕਾਰਨ। ਅੱਜ ਵੀ ਜੇ ਅਜੋਕੀ ਪੀੜ੍ਹੀ ਕੇਸਾਂ ਦਾ ਨਿਰਾਦਰ ਤੇ ਤ੍ਰਿਸਕਾਰ

ਕਰ ਰਹੀ ਹੈ, ਤਾਂ ਉਹ ਲੋਭ ਦੀ ਲਹਿਰ ਨਾਲ ਰੁੜ੍ਹ ਰਹੇ ਹਨ। ਇਹ ਲੋਭ ਅਖੌਤੀ ਸੁਹੱਪਣ ਵਾਸਤੇ, ਨੌਕਰੀਆਂ ਵਾਸਤੇ ਜਾਂ ਅੰਦਰਲੇ ਨਿਕੰਮੇ ਡਰ ਕਾਰਨ ਹੈ ਕਿ ਕੇਸ ਰੱਖਣ ਨਾਲ ਮੈਂ ਕਿਤੇ ਹੋਰਨਾਂ ਨਾਲੋਂ ਵੱਖ ਜਾਂ ਘਟੀਆ ਨਾ ਲੱਗਾਂ। ਲੋੜ ਤਾਂ ਇਹ ਹੈ ਕਿ ਇਸ ਵੱਖਰੇਪਨ ਨੂੰ ਨਿਆਰਾਪਨ ਸਮਝਿਆ ਜਾਏ ਅਤੇ ਨੌਜਵਾਨ ਨੂੰ ਇਹ ਸਮਝ ਆ ਜਾਏ ਕਿ ਜੇ ਉਹ ਨਿਆਰਾ ਰਹੇਗਾ, ਤਾਂ ਗੁਰੂ ਤੇ ਅਕਾਲ ਪੁਰਖ ਦਾ ਸਾਰਾ ਤੇਜ਼ ਉਸ ਨੂੰ ਪ੍ਰਾਪਤ ਹੋ ਜਾਏਗਾ :

*ਜਬ ਲਗੁ ਖਾਲਸਾ ਰਹੇ ਨਿਆਰਾ। ਤਬ ਲਗੁ ਤੇਜ ਦੀਉ ਮੈ ਸਾਰਾ।*
*ਜਬ ਇਹ ਗਹੇ ਬਿਪਰਨ ਕੀ ਰੀਤ। ਮੈਂ ਨ ਕਰੌਂ ਇਨਕੀ ਪ੍ਰਤੀਤ।*

ਕੇਸਾਧਾਰੀ ਖਾਲਸਾ ਨਿਆਰਾ ਰਹੇਗਾ। ਗੁਰੂ ਨੂੰ ਪਿਆਰਾ ਲੱਗੇਗਾ। ਅਕਾਲ ਪੁਰਖ ਦਾ ਆਗਿਆਕਾਰ ਬੇਟਾ ਬਣੇਗਾ। ਗੁਰੂ ਨਾਨਕ ਦੇਵ ਜੀ ਦਾ ਇਕ ਹੋਰ ਬੜਾ ਪ੍ਰਭਾਵਸ਼ਾਲੀ ਹੁਕਮ ਹੈ ਕਿ ਗੁਰੂ ਸਾਗਰ ਰਤਨਾਂ ਦੀ ਖਾਣ ਹੈ। ਜਿਨ੍ਹਾਂ ਗੁਰਮੁਖਾਂ ਉੱਤੇ ਵਾਹਿਗੁਰੂ ਦੀ ਮਿਹਰ ਹੋ ਜਾਂਦੀ ਹੈ, ਉਹ ਇਨ੍ਹਾਂ ਬੇਸ਼ਕੀਮਤ ਮੋਤੀਆਂ ਦੀ ਚੋਗ ਚੁਗਦੇ ਹਨ। ਗੁਰਸਿੱਖ ਦੁਬਿਧਾ ਵਿੱਚ ਨਹੀਂ ਪੈਂਦੇ, ਦੁਬਿਧਾ ਤਿਆਗ ਕੇ ਇਕ ਪਥ ਨਿਰੰਕਾਰ ਦੇ ਰਾਹ 'ਤੇ ਤੁਰਦੇ ਹਨ, ਨਿਰੰਕਾਰ ਵਰਗਾ ਬਣਨ ਲਈ ਉਹ ਕਦਮ ਫੂਕ-ਫੂਕ ਰੱਖਦੇ ਹਨ। ਉਹ ਦੇਵੀ-ਦੇਵਤਿਆਂ ਦੇ ਚੱਕਰ ਵਿੱਚ ਨਹੀਂ ਪੈਂਦੇ। ਉਨ੍ਹਾਂ ਦੀ ਰਸਾਈ ਸਿੱਧੀ ਅਕਾਲ ਪੁਰਖ ਨਾਲ ਹੁੰਦੀ ਹੈ। ਉਨ੍ਹਾਂ ਦੇ ਅੰਦਰ ਅਕਾਲ ਪੁਰਖ ਦੇ ਗੁਣ ਸਹਿਜੇ ਹੀ ਸਮਾਵੇਸ਼ ਕਰ ਜਾਂਦੇ ਹਨ:

*ਰਖਿ ਰਖਿ ਚਰਨ ਧਰੇ ਵੀਚਾਰੀ॥*
*ਦੁਬਿਧਾ ਛੋਡਿ ਭਏ ਨਿਰੰਕਾਰੀ॥...*
*ਸੂਰਤਿ ਮੂਰਤਿ ਆਦਿ ਅਨੂਪੁ॥*
*ਨਾਨਕੁ ਜਾਚੈ ਸਾਚੁ ਸਰੂਪੁ॥੮॥੧॥* (ਪੰਨਾ ੬੮੫)

ਇਥੋਂ ਤਕ ਕਿ ਉਨ੍ਹਾਂ ਦੇ ਗੁਣ ਹੀ ਨਿਰੇ ਅਕਾਲ ਪੁਰਖ ਵਰਗੇ ਨਹੀਂ ਹੁੰਦੇ, ਸਗੋਂ ਉਨ੍ਹਾਂ ਦੀ ਸੂਰਤ ਵੀ ਅਕਾਲ ਪੁਰਖ ਵਰਗੀ, ਦਾਤਾਰ ਕੇਸਵਾ ਵਰਗੀ, ਭਾਵ ਕੇਸਾਧਾਰੀ ਹੁੰਦੀ ਹੈ। ਹੁਣ ਇਥੇ ਭਰਮ ਦੀ ਗੁੰਜਾਇਸ਼ ਨਹੀਂ।

ਜ਼ਰੂਰਤ ਸਿਰਫ ਇਸ ਗੱਲ ਦੀ ਹੈ ਕਿ ਗੁਰੂ ਹੁਕਮਾਂ ਨੂੰ ਭਲੀ ਪ੍ਰਕਾਰ ਸਮਝਿਆ ਜਾਏ। ਗੁਰਸਿੱਖਾਂ ਦੀ ਸੂਰਤ ਆਦਿ ਸੱਚ, ਆਦਿ ਮੂਰਤ, ਆਦਿ ਅਨੂਪ ਵਾਹਿਗੁਰੂ ਵਰਗੀ ਹੁੰਦੀ ਹੈ ਅਤੇ ਸਤਿਗੁਰੂ ਦਾ ਸਰੂਪ ਵੀ ਨਿਰੰਕਾਰ ਵਰਗਾ ਜਾਂ ਇੰਜ ਕਹੀਏ ਕਿ ਸਿੱਖਾਂ ਦਾ ਸਰੂਪ ਗੁਰੂ ਵਰਗਾ। ਗੁਰੂ ਦਾ ਸਰੂਪ ਕੇਸਾਧਾਰੀ, ਸਿੱਖਾਂ ਦਾ ਸਰੂਪ ਵੀ ਕੇਸਾਧਾਰੀ। ਇਕ ਹੋਰ ਬੜੀ ਸਟਿਕ ਗੱਲ ਹੈ ਕਿ ਗੁਰੂ ਤੇ ਅਕਾਲ ਪੁਰਖ ਸਾਡੇ ਪਿਤਾ ਹਨ। ਤਦ ਬੇਟੇ ਦੀ ਸ਼ਕਲ ਤਾਂ ਪਿਤਾ ਵਰਗੀ ਚਾਹੀਦੀ ਹੈ। ਜੇ ਬੇਟੇ ਦੀ ਸ਼ਕਲ ਪਿਤਾ ਵਰਗੀ ਨਹੀਂ, ਤਾਂ ਉਸ ਨੂੰ ਕੀ ਕਹਾਂਗੇ? ਮੇਰੀ ਕਲਮ ਰਤਾ ਝਿਜਕਦੀ ਹੈ। ਮੈਂ ਕਹਿ ਨਹੀਂ ਸਕਦਾ, ਪਰ ਕਹਿਣ ਤੋਂ ਉੱਕ ਵੀ ਨਹੀਂ

ਸਕਦਾ। ਹਾਂ, ਇਤਨਾ ਜ਼ਰੂਰ ਹੈ ਕਿ ਮੈਂ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਵਿੱਚ ਕਹਾਂ, ਤਾਂ ਆਪਣੇ ਆਪ ਨੂੰ ਇਸ ਦੇ ਸਮਰਥ ਸਮਝਦਾ ਹਾਂ। ਹੁਕਮ ਹੈ:

*ਚਖਿ ਛੋਡੀ ਸਹਸਾ ਨਹੀ ਕੋਇ॥*
*ਬਾਪੁ ਦਿਸੈ ਵੇਜਾਤਿ ਨ ਹੋਇ॥* *(ਪੰਨਾ ੭੯੬)*

ਪਾਤਸ਼ਾਹ ਫ਼ੁਰਮਾਉਂਦੇ ਹਨ ਕਿ ਮੈਂ ਨਕਟੀ ਤੇ ਧਰਕੱਟ ਮਾਇਆ ਨੂੰ ਚੱਖ ਕੇ ਸੁੱਟ ਦਿੱਤਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ। ਨਿਰਣਾਤਮਕ ਗੱਲ ਇਹ ਹੈ ਕਿ ਮਾਇਆ ਹੀ ਸਾਨੂੰ ਵਾਹਿਗੁਰੂ ਤੋਂ ਵਿਛੋੜਦੀ ਹੈ। ਅਸੀਂ ਇਸ ਕਾਰਨ ਆਪਣੇ ਬਾਪ ਤੋਂ ਵਿਛੁੜ ਜਾਂਦੇ ਹਾਂ। ਮੈਂ ਜੇ ਆਪਣਾ ਬਾਪ ਦੇਖ ਸਕਦਾ ਹਾਂ ਜਾਂ ਮੇਰਾ ਬਾਪ ਅਗਰ ਜੀਉਂਦਾ ਹੈ ਤਾਂ ਉਸ ਦੇ ਹੁੰਦਿਆਂ ਹੋਇਆਂ ਵੇਜਾਤ (ਨਜ਼ਾਇਜ਼ ਬੱਚਾ, ਇਲਜ਼ਟੀਮੇਟ ਚਾਈਲਡ) ਕਿਉਂ ਅਖਵਾਉਂਦਾ? ਸੋ ਸ਼ੋਭਦਾ ਇਹੀ ਹੈ ਕਿ ਅਸੀਂ ਖੁਦ ਧਿਆਨ ਕਰੀਏ, ਆਪਣੇ ਬੱਚਿਆਂ ਨੂੰ ਸਾਵਧਾਨ ਕਰੀਏ, ਸਮੇਂ ਨੂੰ ਸੰਭਾਲੀਏ ਅਤੇ ਸਿੱਖੀ ਤੇ ਕੇਸਾਂ ਦੀ ਦਾਤ ਨੂੰ ਅਜਾਈਂ ਨਾ ਗੁਆਈਏ। ਇਸ ਦੀ ਕਦਰ ਕਰੀਏ, ਜ਼ਮਾਨਾ ਸਾਨੂੰ ਆਪਣੀਆਂ ਪਲਕਾਂ 'ਤੇ ਬਿਠਾਉਣ ਲਈ ਤਿਆਰ ਹੈ। ਭੌਂ ਚੁੱਕੀ, ਹੋ ਚੁੱਕੀ ਮਾਨਵਤਾ ਰਾਹ ਪਈ ਢੂੰਢਦੀ ਹੈ ਅਤੇ ਗੁਰਸਿੱਖਾਂ ਦੇ ਚਰਨਾਂ ਥੱਲੇ ਤਲੀਆਂ ਵਿਛਾਉਣ ਨੂੰ ਤਿਆਰ ਹੈ।

# ਖੂਬੁ ਤੇਰੀ ਪਗਰੀ

ਦੁੱਧ ਨੂੰ ਜਾਗ ਲੱਗੇ, ਦੁੱਧ ਜੰਮ ਕੇ ਦਹੀਂ ਬਣ ਜਾਂਦਾ ਹੈ। ਉਸ ਨੂੰ ਫਿਰ ਸਹਿਜ ਨਾਲ ਰਿੜਕਿਆ ਜਾਏ, ਤਾਂ ਉੱਤੇ ਮੱਖਣ ਇਕੱਠਾ ਹੋ ਜਾਂਦਾ ਹੈ। ਉਸ ਨੂੰ ਨਰਮ-ਨਰਮ ਤੇ ਪੋਲੇ ਹੱਥੀਂ ਇਕੱਠਿਆਂ ਕਰ ਲਈਦਾ ਹੈ। ਦੁੱਧ ਵਿੱਚ ਜੋ ਥਿੰਦਾ ਹੈ, ਉਹੀ ਰਿੜਕਣ ਮਗਰੋਂ ਉਸ ਮੱਖਣ ਦੇ ਰੂਪ ਵਿੱਚ ਉਪਰ ਆਉਂਦਾ ਹੈ। ਪਾਣੀ ਰਿੜਕੀਏ, ਮੱਖਣ ਨਿਕਲ ਜਾਣ ਪਿੱਛੋਂ ਛਾਛ ਰਿੜਕੀਏ ਜਾਂ ਕਰੀਮ ਕੱਢੇ ਹੋਏ ਸਪਰੇਟੇ ਦੁੱਧ ਨੂੰ ਰਿੜਕੀਏ, ਤਾਂ ਉੱਤੇ ਮੱਖਣ ਨਹੀਂ ਆਏਗਾ। ਬੱਸ ਐਵੇਂ ਬੁਲਬੁਲੇ ਜਿਹੇ ਬਣਨਗੇ ਤੇ ਟੁੱਟ-ਫੁੱਟ ਜਾਣਗੇ। ਜੇ ਦੁੱਧ ਵਿੱਚ ਥਿੰਦਾ ਨਹੀਂ ਤਾਂ ਰਿੜਕਣ ਨਾਲ ਉੱਤੇ ਝੱਗ ਨਹੀਂ, ਇਸੇ ਤਰ੍ਹਾਂ ਜੇ ਹਿਰਦੇ ਵਿੱਚ ਸਿੱਖੀ ਦਾ ਪਿਆਰ ਨਹੀਂ ਤਾਂ ਸਿਰ 'ਤੇ ਪੱਗ ਨਹੀਂ।

ਰਿੜਕੇ ਜਾਣ ਵਾਲੇ ਦੁੱਧ ਜਾਂ ਦਹੀਂ ਵਿੱਚ ਥਿੰਦਾ ਹੈ। ਥਿੰਦੇ ਨੂੰ ਸੰਸਕ੍ਰਿਤ ਭਾਸ਼ਾ ਵਿੱਚ ਸਨੇਹ ਕਹਿੰਦੇ ਹਨ। ਸਨੇਹ ਦਾ ਭਾਵ ਹੈ ਪਿਆਰ। ਇਹ ਬਿਲਕੁਲ ਇਕੋ ਜਿਹਾ ਹੀ ਕ੍ਰਮ ਤੇ ਹਿਸਾਬ ਕਿਤਾਬ ਹੈ। ਦੁੱਧ ਵਿੱਚ ਸਨੇਹ ਹੋਵੇਗਾ ਤਾਂ ਉਤੇ ਝੱਗ ਹੋਵੇਗੀ। ਹਿਰਦੇ ਵਿੱਚ ਗੁਰੂ ਲਈ ਸਨੇਹ ਹੋਵੇਗਾ ਤਾਂ ਸਿਰ 'ਤੇ ਪੱਗ ਹੋਵੇਗੀ।

ਪੱਗ ਪੱਗਰੀ (ਦਸਤਾਰ) ਕੇਸਾਂ ਨੂੰ ਸੰਵਾਰ ਕੇ ਸਤਿਕਾਰ ਨਾਲ ਰੱਖਣ ਲਈ ਸਿਰ ਉੱਤੇ ਸਜਾਈ ਜਾਂਦੀ ਹੈ। ਇਹ ਵੀ ਬੜਾ ਸੁਆਦਲਾ ਸੰਜੋਗ ਹੈ ਕਿ ਸਿਰ ਪਿੰਡੇ ਦਾ ਸਭ ਤੋਂ ਉਤਲਾ ਤੇ ਸਿਖਰਲਾ ਅੰਗ ਹੈ ਅਤੇ ਉਸ ਦੇ ਉੱਤੇ ਹੀ ਕੇਸ ਹਨ, ਭਾਵ ਕੇਸ ਸਭ ਤੋਂ ਉੱਤੇ ਹਨ। ਅਸੀਂ ਮੁਹਾਵਰੇ ਦੇ ਤੌਰ 'ਤੇ ਵੀ ਆਖਦੇ ਹਾਂ ਕਿ ਫਲਾਣਾ ਬੰਦਾ ਸਾਡੇ ਘਰ ਦਾ ਸਿਰਮੌਰ ਹੈ। ਅੰਗਰੇਜ਼ੀ ਭਾਸ਼ਾ ਵਿੱਚ ਸਿਰ ਨੂੰ ਹੈੱਡ ਆਖਦੇ ਹਨ। ਕਿਸੇ ਵੀ ਦਫ਼ਤਰ, ਮਹਿਕਮੇ ਜਾਂ ਅਦਾਰੇ ਦੇ ਮੁੱਖੀ ਨੂੰ ਦਫ਼ਤਰ ਦਾ ਹੈੱਡ ਜਾਂ ਕਾਲਜ ਦੇ ਮੁੱਖ ਪ੍ਰੋਫੈਸਰ ਨੂੰ ਹੈੱਡ ਆਫ਼ ਦੀ ਡਿਪਾਰਟਮੈਂਟ ਆਖਦੇ ਹਨ। ਹੈੱਡ ਜਾਂ ਸਿਰ ਸਭ ਤੋਂ ਉਪਰ ਹੈ ਅਤੇ ਸਿਰ ਉੱਤੇ ਪੱਗ ਹੈ। ਗੱਲ ਸਾਫ਼ ਸਪਸ਼ਟ ਹੋਈ ਕਿ ਪੱਗ ਸਭ ਤੋਂ ਉੱਤੇ ਹੈ ਤੇ ਸਤਿਕਾਰ ਯੋਗ ਹੈ। ਇਸ ਤਰ੍ਹਾਂ ਦਸਤਾਰ ਕਰਤਾਰ ਦਾ ਕੌਤਕ ਹੈ। ਜਿਸ ਨੂੰ ਦਸਤਾਰ ਦਾ ਸਤਿਕਾਰ ਨਹੀਂ, ਪੱਗ ਨਾਲ ਲਗਾਵ ਨਹੀਂ, ਤਾਂ ਸਮਝ ਲੈਣਾ ਚਾਹੀਦਾ ਹੈ ਕਿ ਅਜਿਹੇ ਮਨੁੱਖ ਦੇ ਅੰਦਰ ਖਾਸ ਕਰ ਕੇ ਸਿੱਖ ਅੰਦਰ ਸਿੱਖੀ ਪਿਆਰ ਦੀ ਕੋਈ ਥਾਂ ਨਹੀਂ। ਜਿਸ ਦੇ ਅੰਦਰ ਸਤਿਕਾਰ ਲਈ ਕੋਈ ਜਗ੍ਹਾ ਨਹੀਂ, ਉਹ ਆਪ ਕਿਵੇਂ ਦੂਜਿਆਂ ਦੇ ਸਤਿਕਾਰ ਦਾ

ਪਾਤਰ ਬਣ ਸਕਦਾ ਹੈ!

ਸਤਿਕਾਰ ਦੇ ਨਾਲ-ਨਾਲ ਦਸਤਾਰ ਸਵੈਭਿਮਾਨ ਦੀ ਨਿਸ਼ਾਨੀ ਵੀ ਹੈ। ਭਗਤ ਨਾਮਦੇਵ ਜੀ ਗੁਰਬਾਣੀ ਅੰਦਰ ਫ਼ੁਰਮਾਉਂਦੇ ਹਨ ਕਿ ਹੇ ਵਾਹਿਗੁਰੂ! ਤੇਰੀ ਪਗਰੀ ਖ਼ੂਬ ਹੈ ਤੇ ਤੇਰੀ ਬੋਲੀ ਮਿੱਠੀ, ਪਗਰੀ ਦੇ ਨਾਲ ਇਕਦਮ ਮਿੱਠੇ ਬੋਲਾਂ ਦਾ ਜ਼ਿਕਰ ਹੈ। ਜਿਸ ਤੋਂ ਪਤਾ ਲੱਗਦਾ ਹੈ ਕਿ ਪਗਰੀ ਵਾਲਾ ਸਵੈਭਿਮਾਨੀ ਤੇ ਇੱਜ਼ਤਦਾਰ ਹੈ :

*ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ॥*
*ਦ੍ਵਾਰਿਕਾ ਨਗਰੀ ਕਾਹੇ ਕੇ ਮਗੋਲ॥੨॥* *(ਪੰਨਾ ੭੨੭)*

ਪਗਰੀ ਨਾਲ ਸਵੈਭਿਮਾਨ ਦੀ ਗੱਲ ਕਿਤਨੀ ਚੰਗੀ ਤਰ੍ਹਾਂ ਜੁੜੀ ਹੈ! ਇਹ ਗੱਲ ਸਰਬ ਵਿਦਿਤ ਅਤੇ ਸਿਧਾਂਤ ਦੀ ਹੈ। ਵਾਹਿਗੁਰੂ ਆਪ ਨਿਰੰਕਾਰ ਹੈ। ਪਰ ਸਾਰੇ ਅਕਾਰ ਓਸੇ ਦੇ ਕੀਤੇ ਹੋਏ ਹਨ। ਉਹ ਖੁਦ ਅਕਾਰ ਰਹਿਤ ਹੈ ਅਤੇ ਸਭ ਤੋਂ ਸ਼ਕਤੀਸ਼ਾਲੀ ਤੇ ਸਭ ਉਸ ਦੇ ਅਧੀਨ ਹਨ:

*ਕਿ ਚਿੱਤ੍ਰ ਬਿਹੀਨੈ॥ ਕਿ ਏਕੈ ਅਧੀਨੈ॥੧੦੭॥*
*ਕਿ ਰੋਜ਼ੀ ਰਜ਼ਾਕੈ॥ ਰਹੀਮੈ ਰਿਹਾਕੈ॥* *(ਜਾਪ ਸਾਹਿਬ)*

ਵਾਹਿਗੁਰੂ ਸਭਨਾਂ ਦਾ ਦਾਤਾ ਤੇ ਮਾਲਕ ਹੈ। ਸਭ ਤੋਂ ਵੱਡੀ ਤੇ ਸੱਚੀ ਸਰਕਾਰ ਹੈ ਤੇ ਖੁਦ ਨਿਰੰਕਾਰ। ਜੇ ਕਿਤੇ ਉਸ ਦਾ ਕੋਈ ਪ੍ਰਕਾਰ ਅਕਾਰ ਦੱਸਣਾ ਹੋਵੇ, ਤਾਂ ਉਹ ਕੇਸਾਧਾਰੀ ਜਾਂ ਕੇਸਾਂ ਵਾਲਾ ਹੋਵੇਗਾ। ਗੁਰਬਾਣੀ ਵਿੱਚ ਭਗਤ ਨਾਮਦੇਵ ਜੀ ਜਦ ਵਾਹਿਗੁਰੂ ਨੂੰ ਪੁਕਾਰ ਕਰਦੇ ਹਨ ਕਿ ਹੇ ਦਾਤਾ! ਮੈਨੂੰ ਤਰਨਾ ਨਹੀਂ ਆਉਂਦਾ, ਮੈਂ ਡੁੱਬਦਾ ਜਾ ਰਿਹਾ ਹਾਂ, ਮੈਨੂੰ ਪਾਰ ਲਗਾ ਦਿਓ। ਅਜਿਹੀ ਪੁਕਾਰ ਕਰਨ ਲੱਗਿਆਂ ਉਹ ਵਾਹਿਗੁਰੂ ਨੂੰ ਕੇਸਵਾ ਕਹਿ ਕੇ ਪੁਕਾਰਦੇ ਹਨ :

*ਲੋਭ ਲਹਰਿ ਅਤਿ ਨੀਝਰ ਬਾਜੈ॥*
*ਕਾਇਆ ਡੂਬੈ ਕੇਸਵਾ॥੧॥*
*ਸੰਸਾਰੁ ਸਮੁੰਦੇ ਤਾਰਿ ਗੋੁਬਿੰਦੇ॥*
*ਤਾਰਿ ਲੈ ਬਾਪ ਬੀਠੁਲਾ॥੧॥* *(ਪੰਨਾ ੧੧੯੬)*

ਇੱਥੇ ਇਕ ਗੱਲ ਵਿਚਾਰ ਕੇ ਚੱਲਣਾ ਚਾਹੀਦਾ ਹੈ ਕਿ ਭਗਤ ਜੀ ਵਾਹਿਗੁਰੂ ਪਾਸ ਬੇਨਤੀ ਕਰਦਿਆਂ ਇਸ ਗੱਲ ਦਾ ਜ਼ਿਕਰ ਕਰ ਰਹੇ ਹਨ ਕਿ ਮਨੁੱਖ ਲੋਭ ਦੀ ਸ਼ਕਤੀਸ਼ਾਲੀ ਲਹਿਰ ਵਿੱਚ ਆਪਣੇ ਆਪ ਨੂੰ ਡੁਬੋ ਰਿਹਾ ਹੈ। ਹੇ ਬਾਪ ਕੇਸਵਾ! ਮੈਨੂੰ ਬਚਾਅ ਲੈ। ਇਸ ਤੋਂ ਇਹ ਭਾਵ ਸਪਸ਼ਟ ਹੁੰਦਾ ਹੈ ਕਿ ਕੇਸਾਂ ਦੀ ਬੇਅਦਬੀ ਕਰਨ ਵਾਲਾ ਕਿਸੇ ਲੋਭ ਕਾਰਨ ਅਜਿਹਾ ਕਰ ਰਿਹਾ ਹੈ। ਇਹ ਲੋਭ ਅਤੇ ਲਾਲਚ ਤੇ ਭੈਅ ਸਰਕਾਰ ਦਾ ਵੀ ਹੋ ਸਕਦਾ ਹੈ। ਰੋਜ਼ਗਾਰ ਦਾ ਵੀ ਹੋ ਸਕਦਾ ਹੈ ਜਾਂ ਅੰਦਰਲੀ ਕਿਸੇ ਕਮਜ਼ੋਰੀ ਦੀ ਮਾਰ ਦਾ ਵੀ ਹੋ ਸਕਦਾ ਹੈ। ਇਸੇ ਲਈ ਭਗਤ ਜੀ ਬਚਾਉਣ ਵਾਲੇ ਬਾਪ ਨੂੰ ਬੀਠੁਲਾ ਭਾਵ ਟਿਕ ਕੇ ਬੈਠਾ ਹੋਇਆ ਅਡੋਲ, ਅਹਿੱਲ, ਦ੍ਰਿੜ੍ਹ, ਪੱਕਾ ਅਤੇ

ਕੇਸਵਾ ਜਾਂ ਕੇਸਾਧਾਰੀ ਆਖਦੇ ਹਨ। ਜਦ ਵਾਹਿਗੁਰੂ ਦੀ ਕਲਪਿਤ ਅਕ੍ਰਿਤੀ ਕੇਸਾਧਾਰੀ ਹੈ, ਤਾਂ ਉਸ਼ ਦੇ ਸਿਰ ਪਗੜੀ ਜਾਂ ਦਸਤਾਰ ਜ਼ਰੂਰ ਹੋਵੇਗੀ, ਤਾਂ ਹੀ ਉਹ ਅਕ੍ਰਿਤੀ ਸੰਪੂਰਨ ਹੋਵੇਗੀ। ਇਸ ਦਾ ਅਗਲਾ ਸੰਦਰਭ ਬੜਾ ਭਾਵ ਪੂਰਨ ਤੇ ਚਾਨਣਦਾਇਕ ਹੈ। ਭਗਤ ਜੀ ਫ਼ਰਮਾਉਂਦੇ ਹਨ ਕਿ ਦਵਾਰਕਾ ਨਗਰੀ ਦੇ ਅੰਦਰ ਮੁਗਲਾਂ ਦਾ ਕੀ ਕੰਮ? ਭਾਵ ਵਾਹਿਗੁਰੂ ਦੇ ਘਰ ਇਹ ਸਰਕਾਰ ਕਿੱਥੋਂ ਆ ਗਈ? ਇਹ ਜਾਬਰ, ਹਮਲਾਵਰ, ਧਾੜਵੀ ਕਿੱਥੋਂ ਧਾਹ ਪਏ? ਅੱਜ ਦੇ ਸਿੱਖ ਮਾਪਿਆਂ ਨੌਜਵਾਨਾਂ ਨੂੰ ਇਸ ਗੱਲ ਉੱਤੇ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ ਕਿ ਸਾਡੇ ਹਰਿਮੰਦਰ ਸਾਹਿਬ ਅਤੇ ਹਿਰਦੇ ਰੂਪੀ 'ਹਰਿ ਜੀਉ ਹਰਿਮੰਦਰੁ ਸਾਜਿਆ' ਦੇ ਅੰਦਰ ਇਹ ਸਰਕਾਰੀ ਹਮਲਾ ਕਿਉਂ ਹੋ ਰਿਹਾ ਹੈ? ਇਸ ਨੂੰ ਬੜੀ ਸਤਰਕਤਾ, ਦ੍ਰਿੜ੍ਹਤਾ ਤੇ ਪਕਿਆਈ ਨਾਲ ਰੋਕਣ ਦੀ ਜ਼ਰੂਰਤ ਹੈ। ਇਸ ਵਿੱਚ ਆਪਣੇ ਸਵੈਭਿਮਾਨ ਅਤੇ ਆਪਣੀ ਹੋਂਦ ਨੂੰ ਬਚਾਉਣ ਤੇ ਸੰਭਾਲਣ ਦੀ ਲੋੜ ਹੈ। ਹਮਲਾ ਬਾਹਰੋਂ ਵੀ ਹੋ ਰਿਹਾ ਹੈ ਅਤੇ ਅੰਦਰੋਂ ਵੀ। ਬਾਹਰ ਦਾ ਜ਼ਬਰ ਅਤੇ ਅੰਦਰ ਦਾ ਲਾਲਚ ਕੇਸਗੜ੍ਹ ਨੂੰ ਦੂਹਰੀਆਂ ਸੰਨ੍ਹਾਂ ਲਾ ਰਹੇ ਹਨ। ਕੇਸਾਂ ਦੀ ਰਛਿਆ, ਰਹਿਤ ਲਈ ਪਗੜੀ (ਪੱਗ) ਬਚਾਉਣ ਲਈ ਖ਼ੂਬਸੂਰਤ ਤੇ ਖ਼ੂਬ ਪਗੜੀ ਵਾਲੇ ਕੇਸਵਾ ਪਾਸ ਬੇਨਤੀ ਕਰਨੀ ਹੈ ਕਿ ਇਹ ਹਮਲੇ ਰੁਕ ਜਾਣ ਅਤੇ ਸਾਡੇ ਤੌਖਲੇ ਮੁੱਕ ਜਾਣ।

ਹਮਲੇ ਸਭਿਆਚਾਰਕ ਵੀ ਹਨ ਤੇ ਸਦਾਚਾਰਕ ਵੀ। ਟੀ. ਵੀ. ਦੁਆਰਾ ਵੀ ਹਮਲੇ ਹੋ ਰਹੇ ਹਨ। ਦੇਖਣਾ ਇਹ ਹੈ ਕਿ ਬੀਵੀ ਦੁਆਰਾ ਤਾਂ ਨਹੀਂ ਹੋ ਰਹੇ। ਇਸ ਕਾਰਜ ਨੂੰ ਸੰਭਾਲਣ ਲਈ ਬੀਬੀਆਂ ਤੇ ਮਾਵਾਂ ਪੱਕੀ ਪਹਿਰੇਦਾਰੀ ਕਰਨ। ਜਿਥੇ ਮੇਰਾ ਰਾਮ ਵੱਸਦਾ ਹੈ, ਜਿਥੇ ਮੇਰਾ ਸ਼ਾਮ ਵੱਸਦਾ ਹੈ, ਜਿਥੇ ਮੇਰਾ ਮੁਰਾਰ ਵੱਸਦਾ ਹੈ, ਜਿਥੇ ਮੇਰਾ ਨਿਰੰਕਾਰ ਵੱਸਦਾ ਹੈ। ਉਥੇ ਜ਼ਾਲਮ ਹਮਲਾਵਰ ਦਾ ਕੀ ਕੰਮ? "ਕਾਹੇ ਕੇ ਮਗੋਲ" ਦਸਤਾਰ ਨਿਸ਼ਾਨੀ ਹੈ ਸਵੈਭਿਮਾਨ ਦੀ। ਸੱਚ ਲਈ ਜ਼ੁਲਮ ਵਿਰੁੱਧ ਕੀਤੀ ਗਈ ਕੁਰਬਾਨੀ ਦੀ ਤੇ ਕਾਇਆ ਗੜ੍ਹ ਤੇ ਕੇਸਗੜ੍ਹ ਨੂੰ ਸਾਫ ਰੱਖਣ ਦੀ ਸਾਵਧਾਨੀ ਦੀ। ਜ਼ੁਲਮ ਨਾਲ ਕੌਣ ਲੜੇਗਾ? ਜੋ ਨਿਆਂ ਚਾਹੁੰਦਾ ਹੈ! ਨਿਆਂ ਦਾ ਸਿੱਧਾ ਸਬੰਧ ਧਰਮ ਨਾਲ ਹੈ ਤੇ ਧਰਮ ਦਾ ਸਿੱਧਾ ਸਬੰਧ ਪਗੜੀ ਨਾਲ।

ਛੋਟੇ ਹੁੰਦਿਆਂ ਮੈਂ ਆਪਣੀ ਮਾਤਾ ਜੀ ਤੇ ਭੂਆ ਜੀ ਦੇ ਮੂੰਹੋਂ ਬਹੁਤ ਸਾਰੀਆਂ ਲੋਰੀਆਂ ਸੁਣੀਆਂ ਤੇ ਮਾਣੀਆਂ ਹਨ। ਉਨ੍ਹਾਂ ਵਿੱਚੋਂ ਇਕ ਲੋਰੀ ਮੈਂ ਇਥੇ ਦਰਜ ਕਰ ਕੇ ਆਪਣੇ ਧਰਮ ਤੇ ਸਭਿਆਚਾਰ ਦੀ ਵਡਿਆਈ ਜੋ ਸਾਡੀਆਂ ਮਾਵਾਂ ਤੇ ਦਾਦੀਆਂ ਦੇ ਹਿਰਦੇ ਵਿੱਚ ਸੀ, ਵਿਅਕਤ ਕਰਨਾ ਚਾਹਾਂਗਾ। ਉਹ ਲੋਰੀ ਸੀ:

*ਅਲ ਬਲ ਤੂੰ, ਸੋਹਣੀ ਪੱਗ ਬੰਨ੍ਹ ਤੂੰ।*
*ਲੋਕੀਂ ਕਰਨ ਕਚਹਿਰੀਆਂ, ਨਿਆਂ ਕਰ ਤੂੰ।*

ਇਹ ਗੱਲ ਰੋਜ਼ ਹੀ ਸੁਣਨ ਵਿਚ ਆਉਂਦੀ ਹੈ ਕਿ ਸਿਆਣੇ ਤੇ ਗੰਭੀਰ ਪੁਰਸ਼ ਮੁਕੱਦਮੇਬਾਜ਼ੀ ਤੇ ਕੋਰਟ (ਕਚਹਿਰੀ) ਤੋਂ ਦੂਰ ਹੀ ਰਹਿੰਦੇ ਹਨ। ਖਾਸ ਕਰ ਕੇ ਧਰਮੀ ਪੁਰਸ਼। ਉਹ ਆਪਣੇ ਤੌਰ 'ਤੇ ਹੀ ਬੈਠ ਕੇ ਨਿਆਂ ਪੂਰਨ ਨਿਰਣਾ ਕਰ

ਲੈਂਦੇ ਹਨ। ਕੋਰਟ (ਕਚਹਿਰੀ) ਨਹੀਂ ਕਰਦੇ। ਇਸ ਲੋਰੀ ਵਿੱਚ ਦਰਸਾਇਆ ਭਾਵ ਇਹ ਹੈ : *ਬੱਚਿਆ! ਲੋਕ ਪਏ ਮੁਕੱਦਮੇ ਤੇ ਕੋਰਟ (ਕਚਹਿਰੀਆਂ) ਕਰਨ, ਤੂੰ ਅਜਿਹਾ ਨਹੀਂ ਕਰਨਾ ਤੇ ਤੇਰੇ ਤਾਂ ਸਿਰ ਉੱਤੇ ਨਿਆਂ ਅਤੇ ਧਰਮ ਦੀ ਨਿਸ਼ਾਨੀ ਪੱਗ ਮੌਜੂਦ ਹੈ। ਮਾਂ ਉਸ ਪੱਗ ਤੋਂ ਵਾਰਨੇ ਜਾਂਦੀ ਹੋਈ, ਉਸ ਬੱਚੇ ਦਾ ਮੱਥਾ ਤੇ ਪੱਗ ਚੁੰਮ ਕੇ ਉਸ ਤੋਂ ਬਲ-ਬਲ ਜਾਂਦੀ ਹੈ।*

ਇਸੇ ਹੀ ਭਾਵਨਾ ਦੀ ਪਵਿੱਤਰਤਾ ਸ੍ਰੀ ਗੁਰੂ ਅਰਜਨ ਦੇਵ ਜੀ ਬਿਹਾਗੜਾ ਰਾਗ ਵਿੱਚ ਬਿਆਨਦੇ ਹਨ:

*ਹਰਿ ਕਾ ਏਕੁ ਅਚੰਭਉ ਦੇਖਿਆ ਮੇਰੇ ਲਾਲ ਜੀਉ*
*ਜੋ ਕਰੇ ਸੁ ਧਰਮ ਨਿਆਏ ਰਾਮ॥...*
*ਅੰਤੁ ਤੇਰਾ ਤੂੰਹੈ ਜਾਣਹਿ*
*ਤੂੰ ਸਭ ਮਹਿ ਰਹਿਆ ਸਮਾਏ॥*
*ਸਚੁ ਕਹੈ ਨਾਨਕੁ ਸੁਣਹੁ ਸੰਤਹੁ*
*ਹਰਿ ਵਰਤੈ ਧਰਮ ਨਿਆਏ॥੧॥*

*(ਪੰਨਾ ੫੪੧)*

ਵਾਹਿਗੁਰੂ ਧਰਮ ਹੈ। ਨਾਮ ਧਰਮ ਹੈ। ਨਿਆਂ ਧਰਮ ਹੈ। ਇਹ ਅਚੰਭੇ ਵਾਲੀ ਗੱਲ ਹੈ ਕਿ ਵਾਹਿਗੁਰੂ ਨਿਆਂ ਕਰਦਾ ਹੈ। ਦਸਤਾਰ ਨਿਆਂ ਦਾ ਚਿੰਨ੍ਹ ਹੈ ਅਤੇ ਉਸ ਦੇ ਸਿਰ 'ਤੇ ਪਗੜੀ ਹੈ, ਜੋ ਖ਼ੂਬ ਹੈ, ਜੋ ਖ਼ੂਬਸੂਰਤ ਹੈ। ਦੁਨੀਆਂ ਦੇ ਤਕਰੀਬਨ ਸਭ ਮੁਲਕਾਂ ਦੇ ਜੱਜ ਆਪਣੇ ਸਿਰ ਉੱਤੇ ਪਗੜੀ ਨੁਮਾ ਵਿੱਗ ਪਾਇਆ ਕਰਦੇ ਹਨ। ਵਾਹਿਗੁਰੂ ਸਭ ਵਿੱਚ ਸਮਾਇਆ ਹੋਇਆ ਹੈ। ਕਰਨਾ ਇਹ ਹੈ ਉਸ ਦੀ ਹੋਂਦ ਦਾ ਅਹਿਸਾਸ ਖਾਸ ਕਰ ਕੇ ਮੱਸ ਫੁੱਟਣ ਵਾਲੇ ਜਵਾਨ ਹੋ ਰਹੇ ਬੱਚਿਆਂ ਦੇ ਅੰਦਰ ਜਗਾਇਆ ਜਾਏ। ਪਾਤਸ਼ਾਹ ਸੱਚ ਕੀ ਬਾਣੀ ਦੁਆਰਾ ਸੱਚ ਕੀ ਬਾਤ ਕਹਿੰਦੇ ਹਨ ਤੇ ਇਸ ਸਰਬ-ਵਿਆਪੀ ਨਿਆਂ ਨੂੰ ਪਛਾਣ ਕੇ ਉੱਠ ਰਹੀ ਪੀੜ੍ਹੀ ਦੇ ਮਨ ਅੰਦਰ ਇਸ ਸੱਚ ਤੇ ਨਿਆਂ ਦਾ ਪ੍ਰਵੇਸ਼ ਕਰਾਉਣਾ ਹੈ। ਇਸ ਨਾਲ ਇਹ ਪਗੜੀ ਜਾਂ ਦਸਤਾਰ ਦੀ ਜ਼ਰੂਰਤ ਧਰਮ ਅਤੇ ਨਿਆਂ ਨੂੰ ਸਭ ਤੋਂ ਉੱਚਾ, ਆਪਣੇ ਸਿਰ ਤੋਂ ਉੱਚਾ ਰੱਖੇਗੀ ਅਤੇ ਸਾਡਾ ਸਿਰ ਉੱਚਾ ਹੋਵੇਗਾ। ਆਪਣੇ ਬੱਚਿਆਂ ਦੇ ਸਿਰਾਂ ਤੋਂ ਲਹਿ ਰਹੀਆਂ ਪੱਗਾਂ ਵੇਖ ਕੇ ਸਾਨੂੰ ਸ਼ਰਮ ਨਾਲ ਸਿਰ ਨਹੀਂ ਝੁਕਾਉਣਾ ਪਏਗਾ!

ਕੇਸਾਂ ਦੇ ਉੱਤੇ ਪਗੜੀ ਹੈ, ਜਦੋਂ ਸਿਰ ਤੋਂ ਪਗੜੀ ਹਟ ਜਾਏ ਤਾਂ ਮਾਪਿਆਂ ਨੂੰ ਚੇਤੰਨ ਹੋ ਜਾਣਾ ਚਾਹੀਦਾ ਹੈ ਕਿ ਹੁਣ ਸਿਰ ਤੋਂ ਕੇਸ ਹਟਣ ਵਾਲੇ ਹਨ ਤੇ ਸਿਰ ਉੱਤੇ ਕਿਸੇ ਖਾਸ ਕਿਸਮ ਦੀ ਕਾਉਂਟੀ ਜਾਂ ਟੋਪੀ ਪੈਣ ਵਾਲੀ ਹੈ। ਟੋਪੀ ਕੂੜ ਕੁਸੱਤ ਤੇ ਭਰਮ ਦੀ ਭੜੋਪੀ ਹੈ। ਇਹ ਜੋ ਸਿਰਾਂ 'ਤੇ ਪਟਕਾ ਹੈ ਤੇ ਇਹ ਵਿਸ਼ਵਾਸ ਨੂੰ ਇਕ ਜ਼ਬਰਦਸਤ ਝਟਕਾ ਹੈ। ਜਦ ਇਹ ਲੱਗਾ ਤਾਂ ਸਾਨੂੰ ਪਟਕਾਂ ਕੇ ਮਾਰੇਗਾ

ਤੇ ਨੰਗਾ ਸਿਰ ਇਹ ਇਕ ਸਖ਼ਤ ਬੇਇਜ਼ਤੀ ਹੈ। ਨੰਗੇ ਸਿਰ ਦਾ ਇਕ ਹੋਰ ਭਾਵ ਵੀ ਸਾਡੇ ਇਤਿਹਾਸ ਤੇ ਸਮਾਜ ਵਿੱਚ ਲਿਆ ਜਾਂਦਾ ਹੈ। ਰੱਬ ਨਾ ਕਰੇ, ਜੇ ਕਿਸੇ ਸੁਆਣੀ ਦਾ ਸਾਈਂ ਮਰ ਜਾਏ, ਤਾਂ ਆਖਿਆ ਜਾਂਦਾ ਹੈ ਕਿ ਫਲਾਣੀ ਬੀਬੀ ਤਾਂ ਵਿਚਾਰੀ ਸਿਰੋਂ ਨੰਗੀ ਹੋ ਗਈ ਤੇ ਜਿਸ ਵੇਲੇ ਸਾਡਾ ਕੋਈ ਬੱਚਾ ਸਿਰੋਂ ਨੰਗਾ ਹੋਣ ਲਗਦਾ ਹੈ ਜਾਂ ਹੋ ਜਾਂਦਾ ਹੈ, ਤਾਂ ਸਮਝ ਲੈਣਾ ਚਾਹੀਦਾ ਹੈ ਅੱਜ ਉਹ ਸਿਰੋਂ ਨੰਗਾ ਹੋਇਆ ਹੈ, ਕਲ੍ਹ ਉਹ ਇਤਨਾ ਬੇਲਿਹਾਜ਼ ਤੇ ਬੇਸ਼ਰਮ ਹੋ ਜਾਏਗਾ ਕਿ ਉਹ ਸਾਡੇ ਸਾਹਮਣੇ ਨੰਗਾ ਹੋ ਖੜੋਏਗਾ। ਨੰਗੇ ਸਿਰ ਵਾਲੇ ’ਤੇ ਕੁੰਡਾ ਨਹੀਂ। ਅਜਿਹਾ ਸਾਨੂੰ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ। ਜਦੋਂ ਜਵਾਨ ਮੁੰਡੇ ਦੇ ਸਿਰ ’ਤੇ ਕੁੰਡਾ ਨਹੀਂ ਹੋਏਗਾ, ਤਾਂ ਉਹ ਲੰਡਾ ਫਿਰੇਗਾ। ਸਿਰ ’ਤੇ ਕੁੰਡਾ ਹਾਥੀ ਵਰਗੀ ਭਾਰੀ ਸ਼ਕਤੀ ਨੂੰ ਸੰਭਾਲ ਕੇ ਲੈ ਜਾਂਦਾ ਹੈ ਤੇ ਉਸ ਤੋਂ ਸਰਕਸ ਦੇ ਤਰ੍ਹਾਂ-ਤਰ੍ਹਾਂ ਦੇ ਕਰਤਵਾਂ ਤੋਂ ਲੈ ਕੇ ਬੇਅੰਤ ਪ੍ਰਕਾਰ ਦੇ ਭਾਰੇ-ਭਾਰੇ ਕੰਮ ਕਰਵਾ ਲੈਂਦਾ ਹੈ। ਸਿਰ ’ਤੇ ਸਜੀ ਦਸਤਾਰ ਸਰਦਾਰਾਂ ਦੇ ਸਿਰ ’ਤੇ ਇਕ ਕੁੰਡਾ ਹੈ। ਇੱਕ ਜ਼ਿੰਮੇਵਾਰੀ ਦਾ ਅਹਿਸਾਸ ਹੈ, ਇਕ ਅਨੁਸ਼ਾਸਨ ਹੈ।

ਅਸੀਂ ਪ੍ਰਚਾਰਕਾਂ ਤੇ ਕਵੀਆਂ ਜਾਂ ਵਕਤਾਵਾਂ ਪਾਸੋਂ ਇਹ ਗੱਲ ਆਮ ਕਰ ਕੇ ਸੁਣਦੇ ਹਾਂ ਕਿ ਸਾਨੂੰ ਇਹ ਸਰਦਾਰੀ ਐਵੇਂ ਨਹੀਂ ਮਿਲੀ! ਬੜੀਆਂ ਕੁਰਬਾਨੀਆਂ ਕਰ ਕੇ ਮਿਲੀ ਹੈ। ਅਸੀਂ ਆਪਣਾ ਸਿਰ ਦਾਰਾਂ ’ਤੇ ਰੱਖਿਆ ਹੈ। ਭਾਵ ਹੱਸਦੇ-ਹੱਸਦੇ ਫਾਂਸੀਆਂ ਦੇ ਰੱਸੇ ਆਪਣੇ ਗਲਾਂ ਵਿੱਚ ਖੁਦ ਪਾਏ ਹਨ। ਇਸ ਲਈ ਅਸੀਂ ਸਰਦਾਰ ਬਣੇ ਹਾਂ। ਜਜ਼ਬਾਤੀ ਅਤੇ ਕਾਵਿਕ ਬਿਆਨ ਅਨੁਸਾਰ ਇਹ ਠੀਕ ਲਗਦਾ ਹੈ ਤੇ ਕੰਨਾਂ ਨੂੰ ਵੀ ਭਲਾ ਲਗਦਾ ਹੈ ਪਰ ਧਿਆਨ ਨਾਲ ਦੇਖੀਏ, ਤਾਂ ਕੀ ਇਹ ਇੰਜ ਨਹੀਂ ਲਗਦਾ ਕਿ ਇਹ ਇਕ ਤਰ੍ਹਾਂ ਨਾਲ ਹਉਮੈ ਦਾ ਪ੍ਰਗਟਾਵਾ ਹੈ। ਸਰਦਾਰੀ ਅਸੀਂ ਆਪਣੀਆਂ ਘਾਲਨਾਵਾਂ ਨਾਲ ਨਹੀਂ ਲਈ, ਬਲਕਿ ਸਾਨੂੰ ਸਤਿਗੁਰਾਂ ਨੇ ਬਖਸ਼ਿਸ਼ ਤੇ ਦਾਨ ਵਜੋਂ ਦਿੱਤੀ ਹੈ। ਅਸੀਂ ਇਸ ਭਾਵਨਾ ਨੂੰ ਰੋਜ਼ ਸਵੇਰੇ ਸ਼ਾਮ ਅਰਦਾਸ ਦੇ ਅੰਦਰ ਪ੍ਰਗਟ ਕਰਦੇ ਹਾਂ, ਤਾਂ ਜੋ ਸਾਨੂੰ ਚੰਗੀ ਤਰ੍ਹਾਂ ਨਾਲ ਦ੍ਰਿੜ੍ਹ ਹੋ ਜਾਏ ਕਿ ਸਰਦਾਰੀ ਤੇ ਸਿੱਖੀ ਸਾਨੂੰ ਦਾਨ ਵਜੋਂ ਮਿਲੀ ਹੈ। ਅਰਦਾਸ ਦਾ ਬੋਲਾ ਹੈ : *“ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾ ਸਿਰ ਦਾਨ, ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ।”* ਇਸ ਦਾਨ ਦੀ ਪ੍ਰਾਪਤੀ ਮਹਾਨ ਹੈ ਅਤੇ ਇਸ ਦੀ ਆਪਣੀ ਇਕ ਸ਼ਾਨ ਹੈ। ਦਾਨ ਵਿੱਚ ਮਿਲੇ ਕੇਸਾਂ ਦੀ ਸੁਚੱਜੀ ਪੱਗੜੀ ਹੈ ਦਸਤਾਰ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਕ ਬੜਾ ਹੀ ਦਿਲਖੁਭਵਾਂ ਫ਼ੁਰਮਾਨ ਇਸ ਸਬੰਧ ਵਿੱਚ ਸਾਰੀ ਗੱਲ ਨੂੰ ਬੜਾ ਹੀ ਸਪਸ਼ਟ ਕਰ ਦਿੰਦਾ ਹੈ। ਪਿਤਾ ਫ਼ੁਰਮਾਉਂਦੇ ਹਨ ਕਿ ਗੁਰਸਿੱਖਾਂ ਨੇ ਇਨ੍ਹਾਂ ਦੁਨਿਆਵੀਂ ਸਰਕਾਰਾਂ ਦੇ ਅਸਰ ਹੇਠ ਨਹੀਂ ਆਉਣਾ? ਉਨ੍ਹਾਂ ਦਾ ਦਬਾਅ, ਦਬਦਬਾ, ਦਾਬਾ ਤੇ ਆਤੰਕ ਪ੍ਰਵਾਨ ਨਹੀਂ ਕਰਨਾ? ਉਸ ਅੱਗੇ ਸਿਰ ਵੀ ਨਹੀਂ ਝੁਕਾਉਣਾ? ਇਹ ਸਰਕਾਰਾਂ ਤੇ ਬੇਕਾਰ ਹਨ। ਅੱਜ ਆਈਆਂ ਕਲ੍ਹ ਚਲੀਆਂ ਗਈਆਂ : “ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ

ਕਰਤ ਦਿਵਾਜਾ॥" ਹੀ ਹਨ ਅਤੇ ਆਪਣੇ ਆਪ ਨੂੰ ਕਾਇਮ ਰੱਖਣ ਲਈ ਬਥੇਰੇ ਪਾਖੰਡ ਕਰ ਲੈਂਦੇ ਹਨ। ਅਸੀਂ ਇਨ੍ਹਾਂ ਸਰਕਾਰਾਂ ਨੂੰ ਨਹੀਂ ਮੰਨਦੇ। ਇਹ ਰਾਜ਼-ਕਾਜ਼ ਦਾ ਆਪਣਾ ਕੰਮ ਚਲਾਉਂਦੇ ਰਹਿਣ। ਅਸੀਂ ਤਾਂ ਸੱਚੇ ਪਾਤਸ਼ਾਹ ਦੀ ਸੱਚੀ ਸਰਕਾਰ ਨੂੰ ਮੰਨਦੇ ਹਾਂ :

*ਸਚੇ ਕੀ ਸਿਰਕਾਰ ਜੁਗੁ ਜੁਗੁ ਜਾਣੀਐ॥*
*ਹੁਕਮੁ ਮੰਨੇ ਸਿਰਦਾਰੁ ਦਰਿ ਦੀਬਾਣੀਐ॥*
*ਫੁਰਮਾਨੀ ਹੈ ਕਾਰ ਖਸਮਿ ਪਠਾਇਆ॥*
*ਤਬਲਬਾਜ ਬੀਚਾਰ ਸਬਦਿ ਸੁਣਾਇਆ॥* *(ਪੰਨਾ ੧੪੨)*

ਗੁਰੂ ਨਾਨਕ ਦੇਵ ਜੀ ਉਸ ਵਾਹਿਗੁਰੂ ਦਾ ਸ਼ਬਦ ਰੂਪ ਹੁਕਮ, ਭਲੀ ਪ੍ਰਕਾਰ ਵਿਚਾਰ ਕੇ ਸਾਰੇ ਜਗਤ ਅਤੇ ਗੁਰਸਿੱਖਾਂ ਨੂੰ ਸੁਣਾ ਰਹੇ ਹਨ। ਆਪ ਜੀ ਆਖਦੇ ਹਨ, ਮੈਂ ਤਾਂ ਤਬਲਬਾਜ਼ ਹਾਂ, ਭਾਵ ਉਸ ਦੇ ਹੁਕਮ ਤੇ ਤਬਲਾ, ਜਾਂ ਨਗਾਰਾ ਵਜਾ ਰਿਹਾ ਹਾਂ। ਇਹ ਹੁਕਮ ਅਕਾਲ ਪੁਰਖ ਜੀ ਦਾ ਹੈ। ਇਹ ਫ਼ੁਰਮਾਨ ਵਾਹਿਗੁਰੂ ਦਾ ਹੈ ਕਿ ਸਾਰੇ ਮਨੁੱਖ ਤੇ ਖਾਸ ਕਰ ਕੇ ਗੁਰਸਿੱਖ ਕੇਸਾਧਾਰੀ ਹੋਣ। ਅਜਿਹਾ ਹੀ ਹੁਕਮ ਵਾਹਿਗੁਰੂ ਨੇ ਮੈਨੂੰ ਦੇ ਕੇ ਇਸ ਦੁਨੀਆਂ 'ਤੇ ਭੇਜਿਆ ਹੈ। ਮੈਂ ਚਾਰ ਦਿਨਾਂ ਦੇ ਭੂਪਤੀਆਂ ਤੇ ਰਾਜਿਆਂ ਦੀ ਗੱਲ ਨਹੀਂ ਕਰਦਾ। ਮੈਂ ਤਾਂ ਜੁੱਗ-ਜੁੱਗ ਜਾਣੇ ਜਾਣ ਵਾਲੇ ਸਦੀਵੀ ਅਕਾਲ ਪੁਰਖ ਦੀ ਗੱਲ ਕਰ ਰਿਹਾ ਹਾਂ ਅਤੇ ਉਸੇ ਦਾ ਹੀ ਹੁਕਮ ਸੁਣਾ ਰਿਹਾ ਹਾਂ। ਜਿਹੜੇ ਇਸ ਹੁਕਮ ਨੂੰ ਮੰਨ ਲੈਣਗੇ, ਉਹ ਸਰਦਾਰ ਹੋਣਗੇ। ਇਸ ਤਰ੍ਹਾਂ ਸਭ ਤੋਂ ਵੱਡੇ ਪਾਤਸ਼ਾਹ ਸਤਿਗੁਰ ਗੁਰੂ ਨਾਨਕ ਦੇਵ ਜੀ ਨੇ ਜੋ ਖੁਦ ਸਰਦਾਰੇ-ਆਜ਼ਮ ਹਨ ਸਾਨੂੰ ਹੁਕਮ ਮੰਨਣ ਦੇ ਇਨਾਮ ਵਿੱਚ ਸਰਦਾਰੀ ਦਾਨ ਦਿੱਤੀ ਹੈ। ਸਾਡੀ ਘਾਲ ਕਮਾਈ ਤੇ ਘਾਲ ਸਰਦਾਰ ਬਣ ਜਾਣ ਮਗਰੋਂ ਸ਼ੁਰੂ ਹੁੰਦੀ ਹੈ ਅਤੇ ਇਸੇ ਸਰਦਾਰੀ ਦੀ ਲਾਜ ਰੱਖਣ ਲਈ ਅਸਾਂ ਮਜ਼ਲੂਮਾਂ ਦੀ ਰੱਖਿਆ ਲਈ ਜਾਨਾਂ ਵਾਰੀਆਂ। ਧਰਮ ਲਈ ਜਾਨਾਂ ਕੁਰਬਾਨ ਕੀਤੀਆਂ ਅਤੇ ਇਸ ਦੇਸ਼ ਲਈ ਫਾਂਸੀਆਂ ਦੇ ਰੱਸੇ ਚੁੰਮੇ। ਸਰਦਾਰੀ ਸਾਨੂੰ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਤੋਂ ਬਖਸ਼ਿਸ਼ ਰੂਪ ਵਿੱਚ ਲੈ ਕੇ ਦਾਨ ਵਜੋਂ ਦਿੱਤੀ। ਇਸ ਲਈ ਸਾਡੇ 'ਤੇ ਉਤਰਦਾਇਤ ਹੈ। ਜ਼ਿੰਮੇਵਾਰੀ ਹੈ ਕਿ ਅਸੀਂ ਕੇਸਾਧਾਰੀ ਬਣੀਏ ਤੇ ਸਿਰ ਉੱਤੇ ਦਸਤਾਰਾਂ ਸਜਾ ਕੇ ਗੁਰੂ ਦੇ ਚੰਗੇ ਬੇਟੇ ਬਣ ਸਿੱਧੇ ਅਕਾਲ ਪੁਰਖ ਨਾਲ ਜੁੜ ਜਾਈਏ। ਇਸੇ ਹੀ ਮਹਾਨ ਆਦਰਸ਼ ਦੀ ਪਹਿਰੇਦਾਰੀ ਤੇ ਪਾਲਣਾ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ। ਇਸੇ ਹੀ ਭਾਵਨਾ ਦਾ ਇਕ ਖ਼ੂਬਸੂਰਤ ਕਥਨ ਹੈ :

*ਆਦਿ ਅਨੀਲ ਅਨਾਦ ਅਨਾਹਦ ਆਪਿ ਅਦ੍ਵੈਖ ਅਭੇਖ ਅਭੈ ਹੈ॥...*
*ਅੱਛਰ ਆਦਿ ਅਨੀਲ ਅਨਾਹਦ ਸੱਤ ਸਦੈਵ ਤੁਹੀ ਕਰਤਾਰਾ॥*
*ਔਰ ਜହਾਨ ਨਿਦਾਨ ਕਛੂ ਨਹਿ ਏ ਸੁਬਹਾਨ ਤੁਹੀ ਸਿਰਦਾਰਾ॥੬॥*
*(ਤੇਤੀ ਸ੍ਵੈਯੇ, ਪੰਨਾ ੭੧੨)*

ਸਪਸ਼ਟ ਸ਼ਬਦਾਂ ਵਿੱਚ ਆਦੇਸ਼ ਹੈ ਅਕਾਲ ਪੁਰਖ ਪਿਤਾ ਆਦਿ ਜੁਗਾਦਿ ਤੋਂ ਲੈ ਕੇ ਅੰਤ ਤੱਕ ਸਥਿਰ ਹਨ। ਉਹੀ ਸੰਸਾਰ ਦੇ ਰਚਣਹਾਰ, ਨਿਰੰਕਾਰ ਅਤੇ ਸ਼ਬਦ ਅਨਾਹਦ ਰੂਪ ਹਨ। ਉਹ ਸਦੀਵੀ ਤੌਰ 'ਤੇ ਕਾਇਮ-ਦਾਇਮ ਹਨ। ਉਹੀ ਕਰਣਹਾਰ, ਕਾਦਰ, ਕਰੀਮ, ਰਹੀਮ ਤੇ ਕਰਤਾਰ ਹਨ। ਉਸ ਤੋਂ ਬਿਨਾਂ ਇਸ ਜਹਾਨ ਦਾ ਛੁਟਕਾਰਾ ਨਹੀਂ। ਉਸ ਨੂੰ ਭੁੱਲਣ ਨਾਲ ਸਾਰੇ ਰੋਗ ਉਪਜਦੇ ਹਨ। ਉਸ ਨੂੰ ਚੇਤੇ ਰੱਖਣ ਅਤੇ ਉਸ ਦਾ ਹੁਕਮ ਮੰਨਣ ਨਾਲ ਨੌਂ ਨਿੱਧੀਆਂ, ਅਠਾਰਾਂ ਸਿੱਧੀਆਂ ਅਤੇ ਸਭ ਪ੍ਰਕਾਰ ਦੀਆਂ ਸ਼ਮਰਿਧੀਆਂ ਦੀ ਪ੍ਰਾਪਤੀ ਹੁੰਦੀ ਹੈ। ਉਹ ਅਕਾਲ ਪੁਰਖ ਵਾਹਿਗੁਰੂ ਸੁਭਾਨ ਹੈ ਭਾਵ ਅਤੀ ਖ਼ੂਬਸੂਰਤ ਹੈ "ਅਤਿ ਸੁੰਦਰ ਮਨ ਮੋਹਿਨਾ" ਅਤੇ ਪ੍ਰਾਣਿ ਆਧਾਰੇ ਸਾਰੇ ਸੰਸਾਰ ਦਾ ਪਾਲਣਹਾਰ ਹੈ ਅਤੇ ਉਹੀ ਸਭ ਤੋਂ ਵੱਡਾ ਸਰਦਾਰ ਹੈ। ਜਿਹੜੇ ਗੁਰਸਿੱਖ ਸੱਜਣ ਉਸ ਦੇ ਦਰਬਾਰ ਵਿੱਚ ਉਸ ਦੀ ਅਰਦਲ ਤੇ ਸਰਕਾਰ ਵਿੱਚ ਉਸ ਦਾ ਹੁਕਮ ਮੰਨਦੇ ਹਨ, ਕੇਸ ਉਸ ਵਾਹਿਗੁਰੂ ਦਾ ਦਿੱਤਾ ਦਾਨ ਹਨ। ਉਨ੍ਹਾਂ ਕੇਸਾਂ ਉਤੇ ਹੀ ਸਰਦਾਰੀ ਦਾ ਚਿੰਨ੍ਹ ਦਸਤਾਰ ਹੈ। ਇਹੀ ਉਹ ਪਗੜੀ ਹੈ, ਜੋ ਉਸ ਨੇ ਖ਼ੁਦ ਧਾਰਨ ਕੀਤੀ ਹੋਈ ਹੈ। ਇਸ ਨੂੰ ਆਪਣੇ ਸਿਰ 'ਤੇ ਬੰਨ ਕੇ ਸਾਡੇ ਦਿਲਾਂ ਅੰਦਰ ਨਿਮਰਤਾ ਅਤੇ ਮਿਠਤੁ ਆ ਜਾਂਦੀ ਹੈ। ਇਸੇ ਦਾ ਹੀ ਜ਼ਿਕਰ ਗੁਰੂ ਨਾਨਕ ਦੇਵ ਜੀ ਕਰਦੇ ਹਨ:

*ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥* (ਪੰਨਾ ੪੭੦)

ਅਸੀਂ ਅਕਾਲ ਪੁਰਖ ਦਾ ਹੁਕਮ ਮੰਨਣ ਵਾਲੇ, ਗੁਰੂ ਦੇ ਬੇਟੇ ਆਗਿਆਕਾਰ ਹਾਂ। ਇਸੇ ਹੀ ਕਾਰਨ ਅਸੀਂ ਕਹਿਲਾਉਂਦੇ ਸਰਦਾਰ ਹਾਂ ਅਤੇ ਆਪਣੇ ਸਿਰਾਂ 'ਤੇ ਸਜਾਉਂਦੇ ਦਸਤਾਰ ਹਾਂ।

ਦਸਤਾਰ ਜਾਂ ਪੱਗ ਦਾ ਸਾਹਿਤ ਤੇ ਇਤਿਹਾਸ ਵਿੱਚ ਬੇਅੰਤ ਵਿਸਤਰਿਤ ਚਰਚਾ ਤੇ ਜ਼ਿਕਰ ਹੈ। ਜਿਥੇ ਵੀ ਪੱਗ ਦਾ ਜ਼ਿਕਰ ਆਏਗਾ, ਉਥੇ ਇਸ ਦਾ ਸਿੱਧਾ ਭਾਵ ਇੱਜ਼ਤ ਨਾਲ ਜੁੜਿਆ ਹੋਵੇਗਾ। ਜਿਵੇਂ ਫਲਾਣਾ ਮੇਰਾ ਹੈ ਤਾਂ ਮੇਰਾ ਮਿੱਤਰ ਸੀ, ਪਰ ਉਹ ਮੇਰੀ ਪੱਗ ਨੂੰ ਆਇਆ। ਜੇ ਕਦੇ ਆਪਣੇ ਬੇਟੇ, ਬੇਟੀ ਨੂੰ ਆਪਣੀ ਇੱਜ਼ਤ ਦਾ ਵਾਸਤਾ ਦੇਣਾ ਹੋਵੇ, ਤਾਂ ਏਹੀ ਕਹੀਦਾ ਹੈ ਕਿ ਦੇਖ ਬੇਟਾ! ਮੇਰੀ ਪੱਗ ਦੀ ਲਾਜ ਰੱਖੀ। ਜੇ ਕਦੀ ਕਿਸੇ ਸਾਊ ਤੇ ਸ਼ਰੀਫ ਆਦਮੀ ਨਾਲ ਕੋਈ ਜਣਾ ਵਧੀਕੀ ਕਰਨ ਦਾ ਹੀਆ ਕਰੇ, ਤਾਂ ਏਹੀ ਆਖੀਦਾ ਹੈ ਕਿ ਉਸ ਨੇ ਤਾਂ ਪਰੇ ਅੰਦਰ ਮੇਰੀ ਪੱਗ ਲਾਹੁਣ ਦੀ ਕੋਸ਼ਿਸ਼ ਕੀਤੀ। ਜਦੋਂ ਕਿਸੇ ਨਾਰਾਜ਼ ਹੋ ਚੁੱਕੇ ਜਾਂ ਵਿਛੜਨ ਤੇ ਟੁੱਟਣ ਨੂੰ ਤਿਆਰ ਮਿੱਤਰ, ਦੋਸਤ ਜਾਂ ਰਿਸ਼ਤੇਦਾਰ ਨੂੰ ਮਨਾਉਣਾ ਪੈ ਜਾਏ, ਤਾਂ ਵਾਸਤਾ ਦੇਂਦਿਆਂ ਏਹੀ ਆਖੀਦਾ ਹੈ, ਛੱਡੋ ਭਾਅ ਜੀ! ਗੁੱਸਾ ਤਿਆਗੋ। ਮੈਂ ਤੁਹਾਡੇ ਪੈਰਾਂ 'ਤੇ ਪੱਗ ਰੱਖਦਾ ਹਾਂ। ਇਸ ਪ੍ਰਕਾਰ ਦੇ ਕਈ ਹੋਰ ਮੁਹਾਵਰੇ ਹਨ। ਪਗੜੀ ਉਛਾਲਣੀ, ਪੱਗ ਲਾਹੁਣੀ, ਸ਼ਰੇ ਬਜ਼ਾਰ ਪੱਗ ਰੋਲਣੀ ਆਦਿ। ਭਾਵ ਜਿਥੇ ਇਹ ਪੱਗ ਸਰਦਾਰੀ ਦਾ ਚਿੰਨ੍ਹ ਹੈ, ਉਥੇ ਇੱਜ਼ਤ ਦਾ ਵੀ ਲਖਾਇਕ ਹੈ। ਕੋਈ ਕਿਸੇ ਦੀ ਪੱਗ ਲਾਹੇ, ਤਾਂ ਇਹ ਬੜੇ ਫ਼ਿਕਰ ਤੇ ਇਤਰਾਜ਼ ਦੀ ਗੱਲ ਹੈ। ਬੜੇ ਅਫ਼ਸੋਸ ਦੀ ਗੱਲ ਹੈ ਕਿ ਜੇ ਅਸੀਂ ਆਪ ਹੀ ਆਪਣੀ ਪੱਗ ਲਾਹ ਕੇ ਨਿਸੰਗ ਹੋ ਕੇਸਾਂ ਦੀ ਬੇਅਦਬੀ

ਕਰੀਏ, ਤਾਂ ਸਾਨੂੰ ਕੌਣ ਸਿਆਣਾ ਕਹੇਗਾ? ਸਿਆਣਪ ਇਸੇ ਵਿੱਚ ਹੈ ਕਿ ਆਪਣੀ ਪਗੜੀ ਨੂੰ ਖੁਦ ਸੰਭਾਲ ਕੇ ਰੱਖੀਏ।

ਪੱਗੜੀ ਸੰਭਾਲ ਓ, ਪੱਗੜੀ ਸੰਭਾਲ ਓ...।

ਬੀਰਬਲ ਦੇ ਲਤੀਫੇ ਤੇ ਉਸ ਦੀ ਹਾਜ਼ਰ ਜੁਆਬੀ ਬੜੀ ਮਸ਼ਹੂਰ ਹੈ। ਇਕ ਵਾਰ ਉਸ ਤੋਂ ਖੁਸ਼ ਹੋ ਕੇ ਬਾਦਸ਼ਾਹ ਅਕਬਰ ਨੇ ਆਪਣੀ ਇਕ ਪਗੜੀ ਬੀਰਬਲ ਨੂੰ ਇਨਾਮ ਵਜੋਂ ਦੇ ਦਿੱਤੀ। ਕੁਝ ਸਮੇਂ ਬਾਅਦ ਬੀਰਬਲ ਉਹ ਪਗੜੀ ਸਿਰ 'ਤੇ ਬੰਨ੍ਹ ਦਰਬਾਰ ਵਿੱਚ ਆਇਆ। ਸਾਰਿਆਂ ਅਮੀਰਾਂ, ਵਜ਼ੀਰਾਂ, ਮੁਸਾਹਿਬਾਂ ਅਤੇ ਦਰਬਾਰੀ ਰਤਨਾਂ ਨੇ ਅਕਬਰ ਬਾਦਸ਼ਾਹ ਨੂੰ ਝੁਕ-ਝੁਕ ਫਰਸ਼ੀ ਸਲਾਮਾਂ ਕੀਤੀਆਂ ਪਰ ਬੀਰਬਲ ਨੇ ਸਲਾਮ ਨਾ ਕੀਤੀ ਅਤੇ ਜਿਉਂ ਦਾ ਤਿਉਂ ਆਕੜ ਕੇ ਖੜ੍ਹਾ ਰਿਹਾ। ਬਾਦਸ਼ਾਹ ਅਕਬਰ ਨੇ ਕਾਰਨ ਪੁੱਛਿਆ, ਤਾਂ ਬੀਰਬਲ ਨੇ ਉੱਤਰ ਦਿੱਤਾ, ਬਾਦਸ਼ਾਹ ਸਲਾਮਤ! ਮੇਰੇ ਸਿਰ 'ਤੇ ਤੁਹਾਡੀ ਪੱਗ ਹੈ। ਇਸ ਦੇ ਸਿਰ 'ਤੇ ਹੁੰਦਿਆਂ ਮੈਂ ਆਪਣਾ ਸਿਰ ਕਿਧਰੇ ਨਹੀਂ ਝੁਕਾਅ ਸਕਦਾ। ਵੇਖਣ ਵਾਲੇ ਨੂੰ ਇਹ ਗੱਲ ਬੜੀ ਹਾਸੇ ਵਾਲੀ ਲੱਗਦੀ ਹੈ ਪਰ ਇਸ ਵਿੱਚ ਬੜੀ ਗੰਭੀਰਤਾ ਹੈ। ਜੇ ਇਸ ਸੰਸਾਰੀ ਬਾਦਸ਼ਾਹ ਦਾ ਇਹ ਦਰਬਾਰੀ ਉਸੇ ਦੀ ਦਿੱਤੀ ਪੱਗ ਨੂੰ ਸਿਰ 'ਤੇ ਬੰਨ੍ਹ ਕੇ ਉਸੇ ਬਾਦਸ਼ਾਹ ਦੇ ਹੀ ਨਹੀਂ ਝੁਕਦਾ, ਤਾਂ ਸਾਡੇ ਅੰਦਰ ਇਹ ਫ਼ਖਰ ਪੱਕੀ ਤਰ੍ਹਾਂ ਨਾਲ ਬੈਠਾ ਹੈ ਕਿ ਸਾਡੇ ਸਿਰ 'ਤੇ ਅਕਾਲ ਪੁਰਖ ਗੁਰੂ ਨਾਨਕ ਸਾਹਿਬ ਅਤੇ ਕਲਗੀਧਰ ਦੀ ਦਿੱਤੀ ਦਾਤ ਕੇਸ ਤੇ ਦਸਤਾਰ ਹਨ। ਹੁਣ ਇਹ ਸਿਰ ਅਕਾਲ ਪੁਰਖ ਗੁਰੂ ਨਾਨਕ ਸਾਹਿਬ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਕਿਸੇ ਹੋਰ ਅੱਗੇ ਨਹੀਂ ਝੁਕੇਗਾ। ਪਤਾ ਨਹੀਂ, ਫਿਰ ਕਿਹੜੇ ਜਿਗਰੇ ਨਾਲ ਸਾਡੇ ਬੱਚੇ ਕੇਸਾਂ ਦੀ ਬੇਅਦਬੀ ਕਰਨ ਲੱਗਿਆਂ ਤੇ ਕਰਾਉਣ ਲੱਗਿਆਂ, ਕਿਸੇ ਨਾਈ ਦੀ ਸੈਲੂਨ ਵਿੱਚ ਨਾਈ ਅੱਗੇ ਸਿਰ ਝੁਕਾਅ ਕੇ ਬਹਿ ਜਾਂਦੇ ਹਨ।

ਸ੍ਰੀ ਗੁਰੂ ਹਰਿਗੋਬਿੰਦ ਜੀ ਮਹਾਰਾਜ ਮੀਰੀ ਪੀਰੀ ਦੀਆਂ ਤਲਵਾਰਾਂ ਧਾਰਨ ਕਰ ਕੇ ਸੋਹਣੀ ਪੱਗ ਸੀਸ 'ਤੇ ਸਜਾ ਕੇ ਅਕਾਲ ਤਖ਼ਤ 'ਤੇ ਬਿਰਾਜੇ ਤਾਂ ਢਾਡੀ ਅਬਦੁੱਲਾ ਤੇ ਨੱਥ ਮੱਲ ਜੀ ਨੇ ਬੁਲੰਦ ਆਵਾਜ਼ ਵਿੱਚ ਇਹ ਵਾਰ ਗਾਈ :

*ਦੋ ਤਲਵਾਰੀ ਬੱਧੀਆਂ, ਇਕ ਮੀਰੀ ਦੀ ਇਕ ਪੀਰੀ ਦੀ।*
*ਇਕ ਅਜ਼ਮਤ ਦੀ, ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰ ਦੀ।*
*ਹਿਮਤ ਬਾਹਾਂ ਕੋਟ ਗੜ੍ਹ, ਦਰਵਾਜ਼ਾ ਬਲਖ ਬਖੀਰ ਦੀ।*
*ਨਾਲ ਸਿਪਾਹੀ ਨੀਲ ਨਲ, ਮਾਰ ਦੁਸ਼ਟਾਂ ਕਰੇ ਤਗੀਰ ਦੀ।*
*ਪੱਗ ਤੇਰੀ ਕੀ ਜਹਾਂਗੀਰ ਦੀ।*

ਇਹ ਨਿਰਡਰਤਾ, ਨਿਰਭੈਤਾ, ਸਵੈਭਿਮਾਨ, ਸੱਚ, ਪ੍ਰੇਮ, ਅਣਖ ਤੇ ਆਜ਼ਾਦੀ ਦਾ ਸਰੂਪ ਹੈ। ਇਹੀ ਖ਼ੂਬਸੂਰਤ ਦਸਤਾਰ! ਇਹ ਖ਼ੂਬ ਤੇਰੀ ਪਗਰੀ!

# ਨਿਆਰਾ ਖਾਲਸਾ

ਘਾਲਣਾ ਘਾਲ ਕੇ ਕੀਤੀ ਹੋਈ ਕਮਾਈ ਸਦਾ ਹੀ ਆਤਮਾ ਨੂੰ ਸਵੱਛ, ਸੁਚੇਤ ਤੇ ਬਲਵਾਨ ਰੱਖਦੀ ਹੈ। ਇਹੀ ਸੁਭਾਅ ਹੈ ਗੁਰੂ ਪਾਤਸ਼ਾਹ ਤੇ ਗੁਰਮਤਿ ਵਾਲਿਆਂ ਦਾ। ਬਿਲਕੁਲ ਇਸੇ ਥਾਂ ਤੋਂ ਹੀ ਜਗਤ ਗੁਰੂ ਅਕਾਲ ਰੂਪ ਬਾਬਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨ ਯਾਤਰਾ ਸ਼ੁਰੂ ਹੁੰਦੀ ਹੈ। ਭਾਈ ਗੁਰਦਾਸ ਜੀ ਨੇ ਗੁਰੂ-ਪਿਤਾ ਬਾਰੇ ਬਹੁਤ ਸੁੰਦਰ ਲਿਖਿਆ ਹੈ :

*ਪਹਿਲਾ ਬਾਬੇ ਪਾਯਾ ਬਖਸੁ ਦਰਿ ਪਿਛੋਂਦੇ ਫਿਰਿ ਘਾਲਿ ਕਮਾਈ।*
*ਰੇਤੁ ਅੱਕੁ ਆਹਾਰੁ ਕਰਿ ਰੋੜਾ ਕੀ ਗੁਰ ਕੀਅ ਵਿਛਾਈ।*

*(ਵਾਰ ੧/੨੪)*

ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਤੋਂ ਬਖਸ਼ਿਸ਼ ਪ੍ਰਾਪਤ ਕੀਤੀ, ਸਿੱਧੀ ਅਕਾਲ ਪੁਰਖ ਤੋਂ। ਵਿੱਚ ਹੋਰ ਕੋਈ ਦੇਵੀ ਦੇਵਤਾ, ਦਲਾਲ, ਦੂਜਾ, ਦੁਚਿੱਤਾਪਨ, ਦੂਈ ਦੀ ਭਾਵਨਾ ਜਾਂ ਦੁਬਿਧਾ ਨਹੀਂ ਸੀ। ਸਿੱਧੀ ਅਕਾਲ ਪੁਰਖ ਪਾਸੋਂ ਬਖਸ਼ਿਸ਼ ਪ੍ਰਾਪਤ ਕੀਤੀ। ਉਹ ਬਖਸ਼ਿਸ਼ ਰਾਸ ਬਣ ਗਈ। ਉਹ ਰਾਸ ਜ਼ਮਾਨੇ ਨੂੰ ਬੜੀ ਰਾਸ ਆਉਂਦੀ ਹੈ ਤੇ ਜੇ ਇਸ ਰਾਸ ਦੀ ਰਾਸ ਮਨ ਦੇ ਪਾਗਲ ਤੇ ਅਥਰੇ ਘੋੜੇ ਨੂੰ ਪਾ ਦਿੱਤੀ ਜਾਏ, ਤਾਂ ਉਸ ਉਤੇ ਆਤਮਕਤਾ ਸਵਾਰ ਹੋ ਜਾਂਦੀ ਹੈ। ਇਸ ਦੇ ਬਾਅਦ ਕੀਤੀ ਹੋਈ ਘਾਲ ਕਮਾਈ ਨਾਮ-ਨਿਧਿ ਦਾ ਖਜ਼ਾਨਾ ਬਣ ਜਾਂਦੀ ਹੈ। ਜਿਸ ਨੂੰ ਕਦੀ ਤੋਟ ਨਹੀਂ ਆ ਸਕਦੀ। ਲਾਭ ਹੀ ਲਾਭ ਹੈ। ਤੋਟਾ ਘਾਟਾ ਕਿਤੇ ਨਹੀਂ। ਇਸ ਕਮਾਈ ਦੇ ਕਰਦਿਆਂ ਐਸ਼ੋ-ਇਸ਼ਰਤ, ਅਯਾਸ਼ੀ ਜਾਂ ਦਿਮਾਗੀ ਅਯਾਸ਼ੀ ਕਦੀਂ ਆੜੇ ਨਹੀਂ ਆਉਂਦੀ। ਉਸ ਦਾ ਕੋਈ ਮੁੱਲ ਹੀ ਨਹੀਂ। ਗੁਰੂ ਪਾਤਸ਼ਾਹ ਦੀਆਂ ਨਿਗਾਹਾਂ ਦੀ ਕੋਈ ਕੀਮਤ ਨਹੀਂ। ਗੁਰਮਤਿ ਵਿੱਚ ਉਸ ਦਾ ਕੋਈ ਅਸਥਾਨ ਨਹੀਂ। ਇਸ ਘਾਲਣਾ ਨੂੰ ਘਾਲਦਿਆਂ ਗੁਣ ਚੰਗਿਆਈਆਂ ਦਾ ਤੱਤ ਮਿਠਤੁ ਤੇ ਨੀਉ ਕੇ ਚੱਲਣਾ ਪ੍ਰਾਪਤ ਹੁੰਦਾ ਹੈ। ਉਸ ਮਿਠਤੁ ਨੂੰ ਮਾਣਦਿਆਂ ਰੇਤ ਦਾ ਕਿਰਕਿਰਾਪਨ ਮਨੁੱਖੀ-ਹਿਰਦੇ ਵਿੱਚ ਚਿੜਚਿੜਾਪਨ ਨਹੀਂ ਆਉਣ ਦਿੰਦਾ। ਅੱਕਾਂ ਵਰਗੀ ਕੁੜਿਤਣ ਉਨ੍ਹਾਂ ਪਵਿੱਤਰ ਆਤਮਾਵਾਂ ਨੂੰ ਵਿਸ਼ਾਲਤਾ ਤੇ ਚੁੜਿਤਣ ਬਖਸ਼ਦੀ ਹੈ। ਉਨ੍ਹਾਂ ਦੀਆਂ ਬਾਹਾਂ ਦਾ ਘੇਰਾ ਇਤਨਾ ਵਿਸ਼ਾਲ ਹੋ ਜਾਂਦਾ ਹੈ ਕਿ ਆਮ ਮਨੁੱਖਾਂ ਨੂੰ ਉਸ ਸਬੰਧੀ ਅੰਦਾਜ਼ਾ ਕਰਨਾ ਵੀ ਮੁਹਾਲ ਹੋ ਜਾਂਦਾ ਹੈ। ਜਦ

ਉਹ ਆਪਣੀ ਮੰਜ਼ਲ ਦੀ ਪ੍ਰਾਪਤੀ ਵੱਲ ਵਧ ਰਹੇ ਹੁੰਦੇ ਹਨ, ਤਾਂ ਉਨ੍ਹਾਂ ਨੂੰ ਨਾ ਦਿਨੇ ਚੈਨ, ਨਾ ਰੈਣ ਆਰਾਮ ਹੁੰਦਾ ਹੈ। ਉਹ ਰੋੜਾਂ ਦੀ ਵਿਛਾਈ ਦੇ ਉੱਤੇ ਲੋੜਾਂ ਨੂੰ ਤਿਆਗ ਲੋੜੀਂਦੇ ਸਾਜਨ ਨੂੰ ਲੋੜ ਲੈਂਦੇ ਹਨ। ਐਸੀ ਹੈ ਗੁਰੂ ਨਾਨਕ ਦੀ ਘਾਲ ਘਮਾਈ। ਕਮ-ਅਕਲ, ਚਤੁਰ, ਚਾਲਾਕ ਤੇ ਸ਼ਰਾਰਤੀ ਮਨੁੱਖਾਂ ਨੂੰ ਇਸ ਬਾਰੇ ਪਤਾ ਨਹੀਂ ਹੁੰਦਾ ਕਿ ਇਹ ਕਮਾਈ ਕਿਵੇਂ ਹੋਈ। ਗੁਰੂ ਨਾਨਕ ਪਿਤਾ ਜੀ ਤੋਂ ਬਾਅਦ ਹੋਰ ਸਾਰੇ ਗੁਰੂ ਸਾਹਿਬਾਨਾਂ ਨੇ ਇਹੀ ਵਿਧੀ ਅਪਣਾਈ। ਗੁਰੂ ਅੰਗਦ ਦੇਵ ਜੀ ਤੋਂ ਅੱਗੇ ਹੋਏ ਗੁਰੂਆਂ ਦਾ ਤਿਆਗ, ਗੁਰਸਿੱਖਾਂ ਦੀ ਸਬੁੱਧ ਲਈ ਜਾਗ ਬਣਦਾ ਗਿਆ। ਗੁਰੂ ਨਾਨਕ ਪਿਤਾ ਦੀ ਵਡਿਆਈ ਚਹੁੰ-ਚੱਕੀਂ ਫੈਲੀ। ਜਿਥੇ-ਜਿਥੇ ਬਾਬਾ ਪੈਰ ਧਰ ਗਿਆ ਸੀ, ਉਹ ਅਸਥਾਨ ਪੂਜਣ ਯੋਗ ਹੁੰਦੇ ਗਏ। ਗੁਰੂ ਅਰਜਨ ਦੇਵ ਜੀ ਨੇ ਤਸੀਹੇ ਝੱਲੇ ਤੇ ਜਾਨ ਕੁਰਬਾਨ ਕੀਤੀ :

*ਘੋਲਿ ਘੁਮਾਈ ਲਾਲਨਾ ਗੁਰਿ ਮਨੁ ਦੀਨਾ॥ (ਪੰਨਾ ੧੧੧੭)*

ਏਹੀ ਅਵਸਥਾ ਹੈ ਕਿ ਮਨ ਨੂੰ ਗੁਰੂ ਕੋਲ ਵੇਚ ਦਿੱਤਾ ਜਾਂ ਇੰਜ ਕਹੀਏ ਮਨ ਦੇ ਘੋੜੇ ਦਾ ਅਥਰਾਪਨ ਗੁਆ ਕੇ ਸਹਿਜ ਖਰੀਦ ਲਿਆ। ਗੁਰੂ ਹਰਿਗੋਬਿੰਦ ਜੀ ਮਹਾਰਾਜ ਨੇ, 'ਦੋ ਤਲਵਾਰੀ ਬੱਧੀਆਂ' ਤੇ ਧਰਮ ਯੁੱਧ ਜੋ ਗੁਰੂਆਂ ਦੁਆਰਾ ਲੜਿਆ ਜਾ ਰਿਹਾ ਸੀ, ਉਸ ਦੀ ਮਰਯਾਦਾ ਬੰਨ੍ਹ ਦਿੱਤੀ। ਸੱਤਵੇਂ ਪਾਤਸ਼ਾਹ ਨੇ ਤਲਵਾਰ ਪਹਿਨੀ ਤੇ ਜਨਤਾ ਜਨਾਰਧਨ ਦੀ ਭਲਾਈ ਲਈ ਜਾਨ ਨਿਛਾਵਰ ਕਰ ਦਿੱਤੀ। ਗੁਰੂ-ਘਰ ਦਾ ਸਬੰਧ ਵਕਤ ਦੀ ਸਰਕਾਰ ਨਾਲ ਕਿਸੇ ਨਾ ਕਿਸੇ ਤਰ੍ਹਾਂ ਰਿਹਾ ਪਰ ਇਹ ਸਰੋਕਾਰ ਸਰਕਾਰ ਦੀ ਚਾ-ਪਲੂਸੀ ਨਹੀਂ ਸੀ। ਵਕਤ ਆਉਣ 'ਤੇ ਜਾਨ ਵੀ ਕੁਰਬਾਨ ਕਰ ਦਿੱਤੀ। ਨਾ ਬਹੁਤੀਆਂ ਸੋਚਾਂ ਸੋਚੀਆਂ, ਨਾ ਵਿਲੰਭ ਕੀਤਾ ਤੇ ਧਰਮ ਰੱਖਿਅਕ ਪਿਤਾ ਸੱਤਾ ਦੇ ਅਵਲੰਬ ਬਣ ਗਏ। ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਨੇ ਉਸ ਵਿਸ਼ਵਾਸ ਲਈ ਸ਼ਰੇਆਮ, ਸ਼ਰੇ ਬਾਜ਼ਾਰ, ਸ਼ਾਹ ਰਾਹ ਦੇ ਉੱਤੇ ਚੋਰਾਹੇ ਅੰਦਰ ਬੈਠ ਕੇ ਆਪਣਾ ਸੀਸ ਧੜ ਤੋਂ ਜੁਦਾ ਕਰਾ ਲਿਆ।

ਇਥੇ ਗੱਲ ਬੜੇ ਵਿਚਾਰ ਦੀ ਹੈ। ਇਸ ਬਾਰੇ ਸੰਸਾਰ ਪ੍ਰਸਿੱਧ ਵਿਦਵਾਨ ਪ੍ਰਿੰ. ਸਤਿਬੀਰ ਸਿੰਘ ਜੀ ਨੇ ਗੁਰਾਂ ਦੀ ਮਹਿਮਾ ਨੂੰ ਸਮਝਦਿਆਂ ਹੋਇਆਂ ਇਕ ਬੜੇ ਤੱਤ ਦੀ ਬਾਤ ਕਹੀ ਹੈ। ਕਮਾਲ ਦੀ ਗੱਲ ਹੈ ਕਿ ਨੌਂ ਸਾਲ ਦੀ ਉਮਰ ਵਿੱਚ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਪਣੇ ਪਿਤਾ ਦੀ ਇੱਛਾ ਅਨੁਸਾਰ ਯਗਿਓ ਪਵੀਤ ਸਮੇਂ ਜਨੇਊ ਪਹਿਨਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਉਸ ਦਾ ਕਾਰਨ ਸੀ ਕਿ ਜਨੇਊ ਦਾ ਪਹਿਨਣਾ ਆਪਣੇ ਆਪ ਵਿੱਚ ਇਕ ਗੁਲਾਮੀ ਨੂੰ ਛੁਪਾਈ ਬੈਠਾ ਹੈ। ਬ੍ਰਾਹਮਣ ਦਾ ਜਨੇਊ ਤਿੰਨਾਂ ਧਾਗਿਆਂ ਦਾ ਤੀਹਰਾ ਤੇ ਸੂਤ ਤੋਂ ਬਣਿਆ ਹੋਇਆ। ਖੱਤਰੀ ਦਾ ਦੋ ਧਾਗਿਆਂ ਦਾ ਦੂਹਰਾ ਤੇ ਰੇਸ਼ਮ ਤੋਂ ਬਣਿਆ। ਵੈਸ਼ ਦਾ ਇਕੋ ਧਾਗਾ ਇਕਹਰਾ, ਪਰ ਉਨ ਤੋਂ ਬਣਿਆ ਤੇ ਸ਼ੂਦਰ ਨੂੰ ਜਨੇਊ ਪਾਉਣ ਦੀ ਆਗਿਆ ਹੀ ਨਹੀਂ। ਇਨ੍ਹਾਂ ਸਾਰਿਆਂ ਦੇ ਜਨੇਊ ਪਾਉਣ ਦੀ ਰੁੱਤ ਤੇ ਸਮੇਂ ਵੀ ਅਲੱਗ-ਅਲੱਗ ਸੀ। ਵਰਣਾਂ ਦੀ ਵੰਡ, ਜਨੇਊ ਤੇ ਜਨੇਊ ਦੇ ਧਾਗਿਆਂ ਦੀ ਵੰਡ,

ਰੁੱਤਾਂ ਦੀ ਵੰਡ ਤੇ ਖਬਰੇ ਕਿਹੜੀ-ਕਿਹੜੀ ਵੰਡ ਗੁਰੂ ਨਾਨਕ ਦੇਵ ਜੀ ਦਾ ਹੁਕਮ ਹੈ ਦਾਲ ਤਾਂ ਉੱਗ ਸਕਦੀ ਹੈ ਪਰ ਵੰਡ ਨਹੀਂ ਉੱਗ ਸਕਦਾ। ਇਕ ਦੇ ਪੁਜਾਰੀ, ਏਕੰਕਾਰ ਦੇ ਆਸ਼ਕ ਗੁਰੂ ਨਾਨਕ ਦੇਵ ਜੀ ਨੇ ਇਸ ਵਿਤਕਰੇ ਦੇ ਖਿਲਾਫ ਆਵਾਜ਼ ਉਠਾਈ ਤੇ ਜਨੇਊ ਪਾਉਣ ਤੋਂ ਇਨਕਾਰ ਕਰ ਦਿੱਤਾ।

ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿ ਕ੍ਰਿਸ਼ਨ ਮਹਾਰਾਜ ਜੀ ਨੇ ਛੱਜੂ ਝਿਉਰ ਕੋਲੋਂ ਗੀਤਾ ਦੇ ਅਰਥ ਕਰਾ ਕੇ ਹੰਕਾਰੀ ਪੰਡਤ ਦਾ ਹੰਕਾਰ ਤੋੜਿਆ, ਤਾਂ ਉਸ ਨੇ ਆਪਣਾ ਜਨੇਊ ਲਾਹ ਕੇ ਗੁਰੂ ਹਰਿ ਕ੍ਰਿਸ਼ਨ ਜੀ ਮਹਾਰਾਜ ਦੇ ਚਰਨਾਂ ਵਿੱਚ ਰੱਖ ਦਿੱਤਾ। ਗੁਰੂ ਪਾਤਸ਼ਾਹ ਨੇ ਉਸ ਨੂੰ ਜਨੇਊ ਮੋੜ ਦਿੱਤਾ ਪਰ ਉਸ ਨੇ ਮੁੜ ਕੇ ਜਨੇਊ ਨਹੀਂ ਪਾਇਆ।

ਗੁਰੂ ਨਾਨਕ ਦੇਵ ਜੀ ਦੇ ਨੌਂਵੇਂ ਸਰੂਪ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦਾ ਜੀਵਨ ਅਪੂਰਬ ਤੇ ਪੂਜਯ ਹੈ। ਸੇਵਾ, ਤਿਆਗ ਤੇ ਮਾਇਆ ਵਿੱਚ ਉਦਾਸੀ ਦੀ ਉਹ ਮੂਰੱਤ ਹਨ। ਗੁਰੂ ਨਾਨਕ ਪਿਤਾ ਜੀ ਵਾਂਗ ਉਨ੍ਹਾਂ ਨੇ ਸਾਰੇ ਭਾਰਤ ਦੀ ਧਰਤੀ ਨੂੰ ਆਪਣੇ ਪਵਿੱਤਰ ਚਰਨਾਂ ਦੀ ਛੋਹ ਬਖਸ਼ੀ। ਅਜੋਕੇ ਹਰਿਆਣਾ, ਉੱਤਰ ਪ੍ਰਦੇਸ਼, ਬਿਹਾਰ, ਆਸਾਮ, ਬੰਗਾਲ, ਬੰਗਲਾ ਦੇਸ਼ ਤੇ ਹੋਰ ਹਿੰਦੂ ਤੀਰਥਾਂ ਆਦਿ ਤੋਂ ਜੰਗ, ਲੜਾਈ, ਝਗੜਾ, ਰਗੜਾ, ਭਰਮ, ਭੇਦ ਤੇ ਵਹਿਮਾਂ ਦਾ ਕੂੜ ਕਬਾੜਾ ਕੱਢਿਆ। ਹਿੰਦੂ ਤੀਰਥਾਂ ’ਤੇ ਜਾ ਕੇ “ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ॥* ਦਾ ਉਪਦੇਸ਼ ਦਿੱਤਾ। ਸੰਗਤਾਂ ਕਾਇਮ ਕੀਤੀਆਂ। ਕੱਚੀ ਸੰਗਤ, ਪੱਕੀ ਸੰਗਤ, ਹਾਂਡੀ ਵਾਲੀ ਸੰਗਤ, ਮਰਦੰਗ ਵਾਲੀ ਸੰਗਤ, ਖਿੱਚੜੀ ਵਾਲੀ ਸੰਗਤ ਆਦਿ ਪਿਆਰੇ-ਪਿਆਰੇ ਨਾਮਕਰਨ ਦੇ ਕੇ ਗੁਰਸਿੱਖਾਂ ਨੂੰ ਜੋੜਿਆ ਤੇ ਨਿਵਾਜ਼ਿਆ। ਜਿਸ ਢਾਕੇ ਸੰਬੰਧੀ ਇਕ ਮੁਹਾਵਰਾ ਹੈ ਕਿ ਅਮਕਾ ਬੰਦਾ ਯਬਲੀਆਂ ਮਾਰਦਾ ਹੈ। ਇਕ ਢਾਕੇ ਦੀ ਤੇ ਦੂਜੀ ਬੰਗਾਲੇ ਦੀ ਕਰਦਾ ਹੈ। ਭਾਵ ਬੰਗਾਲ ਤੇ ਢਾਕਾ ਦੂਰ-ਦੂਰ ਹਨ। ਉਸ ਢਾਕੇ ਨੂੰ “ਢਾਕਾ ਮੱਮ ਸਿੱਖੀ ਕਾ ਕੋਠਾ” ਆਖਿਆ ਹੈ। ਉਨ੍ਹਾਂ ਸਾਰੀਆਂ ਯਾਤਰਾਵਾਂ ਦੀ ਮਹਿਮਾ ਕਰਨ ਲਈ ਘੱਟੋ ਘੱਟ ਇਕ ਪੁਸਤਕ ਲੋੜੀਂਦੀ ਹੈ।

ਇਸ ਸਾਰੇ ਪ੍ਰਚਾਰ ਦੌਰਿਆਂ ਵਿੱਚ ਵਕਤ ਦੀ ਹਕੂਮਤ ਦੇ ਜ਼ਬਰ ਨੂੰ ਭਲੀ ਪ੍ਰਕਾਰ ਦੇਖਿਆ ਅਤੇ ਮਨ ਹੀ ਮਨ ਵਿੱਚ ਨਿਰਣਾ ਲਿਆ ਕਿ ਮੈਨੂੰ ਆਪਣਾ ਸੀਸ ਕੁਰਬਾਨ ਕਰਨਾ ਪਏਗਾ ਅਤੇ ਪਾਤਸ਼ਾਹ ਨੇ ਤਿਲਕ ਜੰਞੂ ਲਈ ਆਪਣਾ ਆਪ ਕੁਰਬਾਨ ਕਰ ਦਿੱਤਾ। “ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ” ਉੱਤੇ ਮੈਂ ਬੇਨਤੀ ਕਰ ਆਇਆ ਹਾਂ ਕਿ ਗੁਰੂ ਨਾਨਕ ਪਿਤਾ ਜੀ ਨੇ ਜਨੇਊ ਪਾਇਆ ਨਹੀਂ ਤੇ ਗੁਰੂ ਹਰਿ ਕ੍ਰਿਸ਼ਨ ਜੀ ਮਹਾਰਾਜ ਜੀ ਨੇ ਜੰਞੂ ਲੁਹਾ ਕੇ ਖੁਸ਼ੀ ਪ੍ਰਾਪਤ ਨਹੀਂ ਕੀਤੀ। ਸਾਡੇ ਲਈ ਖੁਸ਼ੀ ਦੀ ਗੱਲ ਇਹ ਹੈ ਕਿ ਉਨ੍ਹਾਂ ਬ੍ਰਾਹਮਣਾਂ ਦਾ ਹੰਕਾਰ ਲਾਹਿਆ। ਇਸ ਸਭ ਕਾਸੇ ਦੇ ਹੁੰਦਿਆਂ ਗੁਰੂ ਤੇਗ ਬਹਾਦਰ

*ਧਨਾਸਰੀ ਮਹਲਾ ੧ ਛੰਤ, ਪੰਨਾ ੬੮੭

ਮਹਾਰਾਜ ਜੀ ਨੇ 'ਹਕੂਮਤ' ਹਿੰਦੂ ਦਾ ਜੰਞੂ ਨਾ ਲਾਹੇ। ਇਸ ਲਈ ਸੀਸ ਕੁਰਬਾਨ ਕਰ ਦਿੱਤਾ। ਓਪਰਾ-ਓਪਰਾ ਵੇਖਣ ਨਾਲ ਇੰਜ ਲੱਗੇਗਾ ਕਿ ਇਹ ਮਹਾਨ ਇਤਿਹਾਸਕ ਘਟਨਾਵਾਂ ਆਪਸ ਵਿੱਚ ਸਵੈ-ਵਿਰੋਧੀ ਹਨ। ਗੁਰਮਤਿ ਸਿੱਧਾ ਰਾਹ ਹੈ "ਗੁਰਮਤਿ ਏਕ ਟੇਕ ਹੈ"। ਗੁਰਮਤਿ ਦੀ ਮਹਿਮਾ ਆਪਾਰ ਹੈ। ਗੁਰਮਤਿ ਇਕ ਮੂਲ ਹੈ। ਇਹ ਅਤੀ ਸੂਖਮ ਤੇ ਬਾਰੀਕ ਹੈ। ਨਾ ਕਿ ਅਸਥੂਲ ਹੈ। ਗੱਲ ਇੰਜ ਹੈ ਕਿ ਗੁਰੂ ਨਾਨਕ ਪਾਤਸ਼ਾਹ ਨੇ ਜੰਞੂ ਇਸ ਲਈ ਨਹੀਂ ਪਾਇਆ ਕਿ ਇਹ ਨਿਰਾ ਵਿਤਕਰਾ ਹੈ। ਇਸ ਵਿੱਚ ਇਕਸਾਰਤਾ ਨਹੀਂ। ਸਪਸ਼ਟ ਭੇਦਭਾਵ ਹੈ। ਗੁਰਮਤਿ ਭੇਦ ਭਾਵ ਬਰਦਾਸ਼ਤ ਨਹੀਂ ਕਰਦੀ। ਬ੍ਰਾਹਮਣਵਾਦ ਦਾ ਜ਼ਬਰ ਕਬੂਲ ਨਹੀਂ ਕਰਦੀ। ਇਹ ਧਾਰਮਿਕ ਜ਼ਬਰ ਹੈ। ਗੁਰੂ ਤੇਗ ਬਹਾਦਰ ਜੀ ਦਾ, ਹਿੰਦੂ ਦਾ ਜੰਞੂ ਨਾ ਲਾਹੇ ਜਾਣ, ਲਈ ਸੀਸ ਕੁਰਬਾਨ ਕਰਨਾ, ਜਾਬਰ ਹਕੂਮਤ ਦੇ ਹਿੰਦੂ ਉੱਤੇ ਕੀਤੇ ਜਾ ਰਹੇ ਜ਼ਬਰ ਵਿਰੁਧ ਲੜਾਈ ਹੈ। ਧੱਕੇ ਵਿਰੁੱਧ ਡਟਣਾ ਹੈ।

ਇਹ ਸਾਰਾ ਮੁਢਲਾ ਖਿਆਲ ਆਤਮਕ ਸੁਤੰਤਰਤਾ, ਪ੍ਰਭੂ ਪ੍ਰੇਮਾ-ਭਗਤੀ, ਸਵੱਛ ਤੇ ਸੁਛੰਦ ਜੀਵਨ ਲਈ ਸੰਘਰਸ਼ ਗੁਰੂ ਨਾਨਕ ਪਿਤਾ ਜੀ ਦੀ ਦੇਣ ਹੈ। ਜਿਸ ਦੇ ਚਾਨਣ ਨਾਲ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਿਆ। ਰਸਤ ਤਾਂ ਪਹਿਲਾਂ ਹੀ ਤਿਆਰ ਕੀਤੀ ਜਾ ਚੁੱਕੀ ਸੀ, ਲੀਹਾਂ ਪੈ ਚੁੱਕੀਆਂ ਸਨ। ਨੀਹਾਂ ਉਸਰ ਚੁੱਕੀਆਂ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਮਹਾਨ ਕਾਰਜ ਨੂੰ ਸੰਪੂਰਨਤਾ ਤਕ ਪਹੁੰਚਾਇਆ। ਇਹ ਇਕ ਨਿਰਾਲੀ ਕ੍ਰਾਂਤੀਕਾਰੀ ਤੇ ਵਿਲੱਖਣ ਜੀਵਨ-ਜਾਚ ਸਾਰੀ ਦੁਨੀਆਂ ਤੇ ਵਿਸ਼ੇਸ਼ ਕਰ ਕੇ ਹਿੰਦੁਸਤਾਨ ਨੂੰ ਦਿੱਤੀ। ਉਸ ਤੋਂ ਪਹਿਲਾਂ ਰਾਜ ਕਾਜ ਸਮਾਜ, ਭਾਈਚਾਰੇ ਤੇ ਧਾਰਮਿਕ ਖੇਤਰਾਂ ਦੇ ਵਿੱਚ ਵਾਪਰ ਰਿਹਾ ਬੋਸੀਦਾਪਨ ਅਤੇ ਜਰਜਰੀ ਚਮਚਮਾਉਂਦੀ ਤੇ ਚਰਮਰਾਂ ਦੀ ਵਿਵਸਥਾ ਨੂੰ ਨਵੀਨਤਮ ਆਸਥਾ ਬਖਸ਼ੀ। ਇਸ ਨੂੰ ਆਪ ਜੀ ਨੇ ਖਾਲਸੇ ਦਾ ਨਾਮ ਦਿੱਤਾ ਅਤੇ ਫ਼ੁਰਮਾਇਆ :

*ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮਹਿ ਹੌਂ ਕਰੌਂ ਨਿਵਾਸ।*

*(ਸਰਬ ਲੋਹ ਗ੍ਰੰਥ)*

ਭਾਵ ਇਹ ਕਿ ਖਾਲਸਾ ਮੇਰਾ ਰੂਪ ਹੈ। ਖਾਸ ਰੂਪ ਅਤੇ ਮੈਂ ਖਾਲਸੇ ਦੇ ਅੰਦਰ ਹੀ ਨਿਵਾਸ ਕਰਦਾ ਹਾਂ। ਅਸੀਂ ਜਿਸ ਤਰ੍ਹਾਂ ਆਖਦੇ ਹਾਂ ਕਿ ਫਲਾਣਾ ਬੱਚਾ ਬਿਲਕੁਲ ਬਾਪ 'ਤੇ ਗਿਆ ਹੈ। ਫਲਾਣੇ ਦਾ ਨੱਕ ਨਾਨਕਿਆਂ 'ਤੇ ਹੈ। ਇਸੇ ਤਰ੍ਹਾਂ ਹੀ ਇਸ ਭਾਵਨਾ ਨੂੰ ਪਵਿੱਤਰਤਾ ਦੇਂਦਿਆਂ ਹੋਇਆਂ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ : ਖਾਲਸਾ ਮੇਰਾ ਰੂਪ ਹੈ ਤੇ ਮੇਰੇ 'ਤੇ ਗਿਆ ਹੈ। ਬਿਲਕੁਲ ਇਸੇ ਤਰ੍ਹਾਂ ਦੀ ਗੱਲ ਦੀ ਪ੍ਰੇਰਨਾ ਗੁਰੂ ਰਾਮਦਾਸ ਜੀ ਦਿੰਦੇ ਹਨ :

*ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ॥ (ਪੰਨਾ ੩੦੪)*

ਭਾਵ ਸਤਿਗੁਰੂ ਦੇ ਹੁਕਮ ਤੇ ਉਨ੍ਹਾਂ ਦੀ ਬਾਣੀ ਸੱਚ ਹੈ ਤੇ ਅਸਾਂ ਗੁਰਬਾਣੀ ਵਰਗਾ ਬਣਨਾ ਹੈ। ਇਸ ਦੇ ਨਾਲ ਹੀ ਇਸ ਦੇ ਵਿੱਚ ਕੋਈ ਦੋ ਰਾਏ ਨਹੀਂ ਕਿ ਇਸ ਪ੍ਰਕਾਰ ਇਹ ਗੱਲ ਸਪਸ਼ਟ ਹੋਈ ਕਿ ਖਾਲਸਾ ਗੁਰਬਾਣੀ ਦੇ ਗੁਣਾਂ ਦਾ

ਧਾਰਨੀ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਆਪਣਾ ਹੈ ਤੇ ਉਨ੍ਹਾਂ ਦਾ ਖਾਸ ਰੂਪ ਹੈ, ਇਸ ਤੋਂ ਇਲਾਵਾ ਗੁਰੂ ਇਹ ਵੀ ਫ਼ੁਰਮਾ ਰਹੇ ਹਨ:

*ਜਬ ਲਗ ਖਾਲਸਾ ਰਹੇ ਨਿਆਰਾ। ਤਬ ਲਗ ਤੇਜ ਦੀਉ ਮੈ ਸਾਰਾ।*
*ਜਬ ਇਹ ਗਹੇ ਬਿਪਰਨ ਕੀ ਰੀਤ। ਮੈ ਨ ਕਰੋ ਇਨ ਕੀ ਪ੍ਰਤੀਤ।*

ਭਾਵ ਇਹ ਕਿ ਖਾਲਸਾ ਕਿਸੇ ਘਿਸੇ-ਪਿਟੇ ਹੋਏ ਜ਼ਰਜ਼ਰੇ ਪੁਰਾਣੇ ਡਿੱਗੇ-ਢੱਠੇ ਭਰਮ ਆਦਿ 'ਤੇ ਨਹੀਂ ਖੜਾ। ਇਹ ਨਿਆਰਾ ਹੈ। ਨਵਾਂ ਹੈ। ਨਵੀਨ ਹੈ। ਆਧੁਨਿਕ ਹੈ। ਆਪਣੇ ਆਪ ਵਿੱਚ ਨਿਰਾਲਾ ਹੈ ਤੇ ਇਹਦੇ ਜਿਹਾ ਹੋਰ ਕੋਈ ਨਹੀਂ। ਨਾ ਹੀ ਇਹ ਕਿਸੇ ਦਾ ਕੋਈ ਉਧਾਰ ਲਿਆ ਜਾਂ ਚੋਰੀ ਕੀਤਾ ਹੋਇਆ ਖਿਆਲ ਹੈ। ਇਹ ਅਨੰਦ ਦੇ ਮੂਲ, ਸੰਸਾਰ ਦੇ ਮੁੱਢ ਮੂਲ ਅਕਾਲ ਪੁਰਖ ਦੀ ਕ੍ਰਿਪਾ ਦੁਆਰਾ ਮੂਲ ਵਿੱਚਾਰਦਾਤਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੌਲਿਕ ਵਿੱਚਾਰ ਹੈ। ਇਕ ਸੰਪੂਰਨ ਤੇ ਉਤਕ੍ਰਿਸ਼ਟ ਜੀਵਨ-ਜਾਚ ਹੈ। ਇਹ ਨਿਰਾਲਾ ਹੈ ਤੇ ਨਿਆਰਾ ਹੈ। ਇਸ ਸਬੰਧੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤੇ ਸ੍ਰੀ ਗੁਰੂ ਰਾਮਦਾਸ ਜੀ ਭਲੀ ਪ੍ਰਕਾਰ ਨਿਖੇੜ ਕੇ ਪਹਿਲਾਂ ਹੀ ਕਹਿ ਚੁੱਕੇ ਹਨ, ਜਿਸ ਸਬੰਧ ਵਿੱਚ ਭਾਈ ਗੁਰਦਾਸ ਜੀ ਦਾ ਕਥਨ ਹੈ:

*ਸਿਧੀ ਮਨੇ ਬੀਚਾਰਿਆ ਕਿਵੈ ਦਰਸਨੁ ਏ ਲੇਵੈ ਬਾਲਾ।*
*ਐਸਾ ਜੋਗੀ ਕਲੀ ਮਹਿ ਹਮਰੇ ਪੰਥੁ ਕਰੇ ਉਜਿਆਲਾ। (ਵਾਰ੧/੩੧)*

ਗੁਰੂ ਨਾਨਕ ਦੇਵ ਜੀ ਦਾ ਸੁਭਾਅ ਸੀ ਕਿ ਉਹ ਸਦਾ ਮੁੱਢ ਨੂੰ ਫੜਦੇ ਸਨ। ਭਾਵੇਂ ਇਹ ਅਕਾਲ ਪੁਰਖ ਦੇ ਸਬੰਧ ਵਿੱਚ ਹੋਵੇ ਭਾਵੇਂ ਧਰਮ ਦੇ ਸਬੰਧ ਵਿੱਚ ਹੋਵੇ, ਭਾਵੇਂ ਸਮਾਜ ਜਾਂ ਕਿਸੇ ਹੋਰ ਸਬੰਧ ਵਿੱਚ ਹੋਵੇ, ਆਪਣੇ ਪ੍ਰਚਾਰ ਦੌਰਿਆਂ ਸਬੰਧੀ ਵੀ ਉਨ੍ਹਾਂ ਇਸ ਤਰ੍ਹਾਂ ਕੀਤਾ। ਉਸ ਵੇਲੇ ਦੇ ਤਿੰਨ ਸਿਰਕੱਢ ਮੁੱਖੀ ਸਨ- ਪਹਿਲਾਂ ਕਾਜ਼ੀ ਇਨਸਾਫ ਕਰਨ ਵਾਲੇ, ਦੂਜੇ ਬ੍ਰਾਹਮਣ ਵਿੱਦਿਆ ਦੇਣ ਵਾਲੇ, ਤੀਜੇ ਜੋਗੀ ਜੀਵਨ-ਜੁਗਤ ਦੱਸਣ ਵਾਲੇ। ਇੱਥੇ ਅਸੀਂ ਵਿਸਥਾਰ ਵਿੱਚ ਨਾ ਜਾ ਕੇ ਕੇਵਲ ਜੋਗੀਆਂ ਬਾਰੇ ਜ਼ਿਕਰ ਕਰਾਂਗੇ। ਜਦੋਂ ਗੁਰੂ ਨਾਨਕ ਦੇਵ ਜੀ ਜੋਗੀਆਂ ਪਾਸ ਸੁਮੇਰ ਪਰਬਤ ਉੱਤੇ ਪੁੱਜੇ, ਤਦ ਜੋਗੀਆਂ ਨੇ ਗੁਰੂ ਨਾਨਕ ਦੇਵ ਜੀ ਦਾ ਤੇਜ਼ਮਈ ਨੂਰਾਨੀ ਰੂਪ ਦੇਖ ਕੇ ਮਨ ਵਿੱਚ ਸੋਚਿਆ ਕਿ ਇਸ ਨਵੀਂ ਉਮਰ ਦੇ ਬਾਲਾ ਸਾਧੂ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਪੰਥ ਵਿੱਚ ਕਿਉਂ ਨਾ ਸ਼ਾਮਲ ਕਰ ਲਿਆ ਜਾਏ। ਜੇ ਇਹ ਸਾਡੇ ਦਰਸ਼ਨ ਭਾਵ ਫਲਸਫੇ ਨੂੰ ਪ੍ਰਵਾਨ ਕਰ ਲਏ, ਤਾਂ ਇਸ ਕਲਯੁੱਗ ਵਿੱਚ ਸਾਡੇ ਜੋਗ ਮੱਤ ਦਾ ਬੜਾ ਪ੍ਰਚਾਰ ਹੋ ਜਾਏਗਾ ਅਤੇ ਕਲਯੁੱਗ ਵਿੱਚ ਗੁਰੂ ਨਾਨਕ ਦੁਆਰਾ ਸਾਡੇ ਪੰਥ ਦਾ ਨਾਮ ਰੋਸ਼ਨ ਹੋ ਸਕੇ :

*ਖਪਰੁ ਦਿਤਾ ਨਾਥ ਜੀ, ਪਾਣੀ ਭਰਿ ਲੈਵਣਿ ਉਠਿ ਚਾਲਾ।*
*ਬਾਬਾ ਆਇਆ ਪਾਣੀਐ ਡਿਠੇ ਰਤਨ ਜਵਾਹਰ ਲਾਲਾ।*
*ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ ਝਲੇ ਗੁਰੂ ਦੀ ਝਾਲਾ।*
*ਫਿਰਿ ਆਇਆ ਗੁਰ, ਨਾਥ ਜੀ! ਪਾਣੀ ਠਉੜ ਨਾਹੀ ਉਸਿ ਤਾਲਾ।*
*(ਵਾਰ ੧/੩੧)*

ਜਿਹੜੇ ਜੋਗੀ ਮਨਾਂ ਨੂੰ ਸਾਧ ਕੇ ਪਹਾੜਾਂ ਦੀਆਂ ਕੰਦਰਾਂ ਵਿੱਚ ਛੁਪ ਅਲੱਖ ਪ੍ਰਮਾਤਮਾ ਨੂੰ ਲੱਭ ਰਹੇ ਸਨ, ਗੁਰੂ ਨਾਨਕ ਦੇਵ ਜੀ ਦੇ ਨੂਰੀ ਦਰਸ਼ਨ ਕਰ ਕੇ, ਸਾਰੇ ਦੇ ਸਾਰੇ ਸਗਵੇਂ ਗੁਰੂ ਨਾਨਕ ਦੇਵ ਜੀ ਨੂੰ ਚੋਰੀ ਕਰਨ ਦਾ ਉਪਰਾਲਾ ਕੀਤਾ। ਅੱਜ ਕੁਝ ਖੋਟੇ ਮਨਾਂ ਵਾਲੇ ਨਾਸਤਕ, ਨਾਮ-ਨਿਹਾਦ ਬੁਧੀਜੀਵੀ ਅਤੇ ਹੋਰ ਮਤਾਂ-ਮਤਾਤਰਾਂ ਵਾਲੇ ਜੇ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਤੇ ਜੀਵਨ-ਜਾਚ ਨੂੰ ਆਪਣੇ ਮਿਥਿਹਾਸ ਆਦਿ ਤੋਂ ਪ੍ਰਭਾਵਤ ਕਰਨ ਦਾ ਜਤਨ ਸਿੱਧ ਕਰਦੇ ਹਨ, ਤਾਂ ਕਿਹੜੀ ਹੈਰਾਨੀ ਦੀ ਗੱਲ ਹੈ।

ਇਹ ਬਿਰਤੀ ਚੋਰੀ, ਡਾਕੇ ਅਤੇ ਲੁੱਟ-ਖਸੁੱਟ ਦੀ ਹੈ। ਉਹ ਚਾਲਾਕੀ ਨਾਲ ਗੁਰੂ ਨਾਨਕ ਨੂੰ ਆਪਣਾ ਸਿੱਧ ਕਰ ਕੇ ਆਪਣੇ-ਆਪ ਨੂੰ ਵਡਿਆਉਣਾ ਚਾਹੁੰਦੇ ਹਨ। ਜੇ ਉਨ੍ਹਾਂ ਨੂੰ ਗੁਰੂ ਨਾਨਕ ਪਾਤਸ਼ਾਹ ਇੰਨੇ ਹੀ ਚੰਗੇ ਲੱਗਦੇ ਹਨ, ਤਾਂ ਗੁਰੂ ਨਾਨਕ ਦੇ ਸਿਧਾਂਤ ਨੂੰ ਚੋਰੀ ਕਰਨ ਦੀ ਬਜਾਇ ਉਸ ਦੇ ਚਰਨ ਕਿਉਂ ਨਹੀਂ ਪਕੜ ਲੈਂਦੇ? ਉਸ ਦੀ ਮੱਤ ਕਿਉਂ ਨਹੀਂ ਲੈਂਦੇ? ਗੁਰਮਤਿ ਦੇ ਧਾਰਨੀ ਕਿਉਂ ਨਹੀਂ ਬਣਦੇ? ਗੁਰੂ ਨਾਨਕ ਦੇ ਸਿੱਖ ਕਿਉਂ ਨਹੀਂ ਬਣ ਜਾਂਦੇ? ਗੁਰੂ ਨਾਨਕ ਨੂੰ ਆਪਣਾ ਪਿਤਾ ਕਿਉਂ ਨਹੀਂ ਮੰਨਦੇ? ਜਦੋਂ ਉਹ ਗੁਰੂ ਨਾਨਕ ਨੂੰ ਆਪਣਾ ਬਾਪੂ ਮੰਨ ਲੈਣਗੇ, ਤਾਂ ਗੁਰੂ ਨਾਨਕ ਦੀ ਸਾਰੀ ਘਾਲ ਕਮਾਈ, ਦੌਲਤ, ਨਾਮ ਨਿਧਿ, ਨਾਮ ਦਾ ਖ਼ਜਾਨਾ, ਭਗਤੀ ਦਾ ਖ਼ਜ਼ਾਨਾ ਉਨ੍ਹਾਂ ਦੀ ਵਿਰਾਸਤ ਬਣ ਜਾਏਗਾ। ਮੇਰੀ ਉਨ੍ਹਾਂ ਨੂੰ ਬੇਨਤੀ ਹੈ ਕਿ ਇਸ ਚੋਰੀ ਚਾਕਾਰੀ ਤੇ ਡਾਕੇਬਾਜ਼ੀ ਤੋਂ ਬਾਜ ਆਉਣ। ਉਹ ਬਾਜ਼ਾਂ ਵਾਲੇ ਕਲਗੀਧਰ ਗੁਰੂ ਗੋਬਿੰਦ ਸਿੰਘ ਜੀ ਦੇ ਬਣ ਜਾਣ। ਇਸ ਬਾਝੋਂ ਉਨ੍ਹਾਂ ਦਾ ਗੁਜ਼ਾਰਾ ਨਹੀਂ ਹੈ। ਅੱਜ ਨਹੀਂ ਤੇ ਕੱਲ੍ਹ ਸਾਰੀ ਦੁਨੀਆਂ ਨੂੰ ਗੁਰੂ ਨਾਨਕ ਦੇ ਸਿਧਾਂਤਾਂ ਦਾ ਅਨੁਯਾਈ ਬਣਨਾ ਪਵੇਗਾ।

ਜੋਗੀਆਂ ਨੇ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਪਾਸੋਂ ਖੱਪਰ ਦਿੱਤਾ ਕਿ ਜਾਓ! ਪਾਣੀ ਭਰ ਲਿਆਓ। ਜਿਥੇ ਘੱਲਿਆ, ਉਥੇ ਪਾਣੀ ਨਹੀਂ ਸੀ, ਉਥੇ ਪੱਥਰ ਆਦਿ ਹੀਰੇ, ਮੋਤੀ ਬਣੇ ਪਏ ਸਨ। ਗੁਰੂ ਨਾਨਕ ਪਿਤਾ ਆਪਣੇ ਪਵਿੱਤਰ ਚਰਨਾਂ ਨਾਲ ਉਨ੍ਹਾਂ ਨੂੰ ਰੌਂਦ ਕੇ ਜੋਗੀਆਂ ਪਾਸ ਵਾਪਸ ਆ ਗਏ ਤੇ ਭੋਲੇ ਭਾਅ ਕਿਹਾ: 'ਨਾਥ ਜੀ! ਉਥੇ ਪਾਣੀ ਨਹੀਂ ਹੈ।' ਸਤਿਗੁਰੂ ਨਾਨਕ ਪਾਤਸ਼ਾਹ ਅਗਾਧ ਬੋਧ ਸ਼ਕਤੀ ਵਾਲੇ ਪਰਮ ਪੁਰਖ ਹਨ। ਉਨ੍ਹਾਂ ਦੇ ਤੇਜ਼ ਦੀ ਝਾਲ ਝੱਲਣ ਦੀ ਸ਼ਕਤੀ ਕੀਹਦੇ ਵਿੱਚ ਹੈ। ਕੋਈ ਨਹੀਂ ਝੱਲ ਸਕਦਾ। ਇਸ ਗੱਲ ਤੋਂ ਸਪਸ਼ਟ ਹੁੰਦਾ ਹੈ ਕਿ ਨਾ ਤਾਂ ਗੁਰੂ ਨਾਨਕ ਦੇਵ ਜੀ ਮਹਾਰਾਜ 'ਤੇ ਕਿਸੇ ਕਰਾਮਾਤ ਦਾ ਅਸਰ ਹੋਇਆ ਹੈ ਤੇ ਨਾ ਹੀ ਮਾਇਆਵੀ ਢੰਗ ਨਾਲ ਬਣਾਏ ਰਤਨ ਜਵਾਹਰ ਉਨ੍ਹਾਂ ਨੂੰ ਆਕਰਸ਼ਿਤ ਕਰ ਸਕੇ। ਇਸ ਦਾ ਮਤਲਬ ਇਹ ਹੋਇਆ ਕਿ ਗੁਰੂ ਨਾਨਕ ਪਾਤਸ਼ਾਹ ਪਾਣੀ ਲੈਣ ਗਏ ਸਨ। ਪਾਣੀ ਨਹੀਂ ਮਿਲਿਆ ਤੇ ਵਾਪਸ ਆ ਗਏ। ਅਸੀਂ ਇਸ ਦੁਨੀਆਂ 'ਤੇ ਨਾਮ ਧਨ ਪ੍ਰਾਪਤ ਕਰਨ ਆਏ ਹਾਂ। ਅਸੀਂ ਉਹੀ ਕਰਾਂਗੇ ਹੋਰ ਕਿਸੇ ਪਾਸੇ ਨਹੀਂ ਜਾਵਾਂਗੇ। ਦੇਵੀ, ਦੇਵਤੇ ਨਹੀਂ ਪੂਜਾਂਗੇ। ਕਰਮ-ਕਾਂਡ ਨਹੀਂ ਕਰਾਂਗੇ। ਅਸੀਂ ਗੁਰੂ ਨਾਨਕ ਦੇ ਸਿੱਖ ਹੋਏ। ਬਾਕੀ ਗੱਲਾਂ ਤਾਂ ਦੂਜੀ ਥਾਵੇਂ ਹਨ।

ਨਾਮ ਦੇ ਮਗਰ ਉਹ ਆਪਣੇ ਆਪ ਮਗਰ ਤੁਰੀਆਂ ਆਉਣਗੀਆਂ। ਗੁਰਮਤਿ ਦਾ ਤਾਣ ਮਾਣ ਤੇ ਆਸਰਾ ਸ਼ਬਦ ਹੈ:

*ਸਬਦਿ ਜਿਤੀ ਸਿਧਿ ਮੰਡਲੀ, ਕੀਤੋਸੁ ਅਪਣਾ ਪੰਥੁ ਨਿਰਾਲਾ।*
*ਕਲਿਜੁਗਿ ਨਾਨਕ ਨਾਮੁ ਸੁਖਾਲਾ।* *(ਵਾਰ ੧/੩੧)*

ਸ਼ਬਦ ਦੀ ਤਾਕਤ ਨਾਲ ਹੀ ਗੁਰੂ ਨਾਨਕ ਦੇਵ ਜੀ ਨੇ ਇਕ ਦੋ ਸਿੱਧਾਂ ਨੂੰ ਹੀ ਨਹੀਂ, ਬਲਕਿ ਸਿੱਧਾਂ ਦੀ ਮੰਡਲੀ ਨੂੰ ਹੀ ਜਿੱਤ ਲਿਆ ਅਤੇ ਆਪਣੇ ਪੰਥ ਦਾ ਨਿਰਾਲਾਪਨ ਸਾਫ਼ ਤੇ ਸਪਸ਼ਟ ਸਿੱਧ ਕੀਤਾ। ਪੰਥ ਨਿਰਾਲਾ ਹੈ। ਇਸ ਸਿਧਾਂਤ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰੱਖੀ। ਨਾਮ ਕੋਈ ਢੁੱਚਰ, ਬੁਝਾਰਤ, ਪਖੰਡ ਜਾਂ ਅੜਾਉਣੀ ਨਹੀਂ। ਨਾ ਹੀ ਕੋਈ ਗੁੰਝਲ ਹੈ। ਨਾਮ ਸਹਿਜ ਤੇ ਸੁਖਾਲਾ ਹੈ। ਇਸ ਸਹਿਜ ਦਾ ਹੀ ਸਬਕ ਗੁਰਸਿੱਖਾਂ ਨੂੰ ਦਿੱਤਾ। ਬਿਲਕੁਲ ਇਸੇ ਹੀ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਲਸੇ ਨੂੰ ਨਿਆਰਾ ਕਿਹਾ। ਨਿਆਰਾ ਸਾਜਿਆ ਤੇ ਨਿਆਰਾ ਰਹਿਣ ਦਾ ਹੁਕਮ ਦਿੱਤਾ ਤੇ ਨਾਮ ਸਬੰਧੀ ਹੀ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਨੇ ਕੋਈ ਵੱਖ ਸਬਕ ਜਾਂ ਸਿਧਾਂਤ ਨਹੀਂ ਦਿੱਤਾ। ਸਗੋਂ ਖਾਲਸੇ ਨੂੰ ਅਜਪਾ ਜਪ। ਨਾਮ ਜਪਣ ਵਾਲਾ ਸੂਝਵਾਨ ਤੇ ਸ਼ੁੱਧ ਪ੍ਰਾਣੀ ਦੱਸਿਆ। ਜੋ ਸ਼ੁੱਧਤਾ ਦੀ ਸ਼ਾਨ ਉੱਤੇ ਚਮਕੀਲਾ ਤੇ ਤੇਜ਼ਮਈ ਬਣਾਇਆ ਗਿਆ ਸੀ। ਚੋਰੀ ਵਾਲੇ ਚੋਰੀ ਕਰਦੇ ਰਹਿਣਗੇ। ਡਾਕਾ ਮਾਰਨ ਵਾਲੇ ਜ਼ਬਰ ਨਾਲ ਡਾਕਾ ਮਾਰਨਗੇ। ਹਲਕੀ ਕਿਸਮ ਦੇ ਮਨੁੱਖ ਸੰਨ੍ਹਾਂ ਲਾ ਕੇ ਅਨੰਦਗੜ੍ਹ ਵਿੱਚ ਪਾੜ ਪਾਉਣ ਦਾ ਯਤਨ ਕਰਨਗੇ ਪਰ ਖਾਲਸਾ ਸਾਵਧਾਨ ਰਹੇ, ਇਸ ਦੀ ਤਨਬੀਹ ਵੀ ਸਤਿਗੁਰਾਂ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਵਾਰ-ਵਾਰ ਕੀਤੀ। ਚਾਲਾਕ ਮਨੁੱਖ ਕੋਝੇ ਉਪਰਾਲੇ ਕਰ ਕੇ ਗੁਰਮਤਿ ਤੇ ਗੁਰੂ ਨੂੰ ਆਪਣੇ ਮੁਤਾਬਿਕ ਢਾਲਣ ਦਾ ਯਤਨ ਕਰਦੇ ਹਨ। ਦਰਅਸਲ ਕਰਨ ਵਾਲੀ ਗੱਲ ਇਹ ਹੈ ਕਿ ਅਸੀਂ ਆਪਣੇ-ਆਪ ਨੂੰ ਗੁਰੂ ਪਾਤਸ਼ਾਹ ਤੇ ਗੁਰਮਤਿ ਮੁਤਾਬਿਕ ਢਾਲਣ ਦਾ ਯਤਨ ਕਰੀਏ।

ਭਾਈ ਗੁਰਦਾਸ ਜੀ ਦੇ ਉਤਲੇ ਕਥਨ ਤੋਂ ਸਪਸ਼ਟ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮੂਲ ਵਿਚਾਰਦਾਤਾ ਹਨ। ਉਸ ਵੇਲੇ ਦੇ ਸਭ ਤੋਂ ਵੱਧ ਪੜ੍ਹੇ ਲਿਖੇ ਵਿਦਵਾਨ ਜੋਗੀਆਂ ਆਦਿ ਦਾ ਉਨ੍ਹਾਂ ਉੱਤੇ ਕੋਈ ਅਸਰ ਨਹੀਂ। ਜਾਦੂ-ਟੂਣੇ, ਸਿੱਧ, ਜੋਗ, ਕਰਾਮਾਤਾਂ, ਗੁਰੂ ਨਾਨਕ ਨੂੰ ਬਿਲਕੁਲ ਨਹੀਂ ਭਾਉਂਦੀਆਂ। ਸਭ ਸ਼ਕਤੀਆਂ ਦੇ ਮਾਲਕ ਹੋਣ ਦੇ ਬਾਵਜੂਦ ਉਨ੍ਹਾਂ ਨੇ ਕਿਸੇ ਸ਼ਕਤੀ ਦਾ ਇਸਤੇਮਾਲ ਨਹੀਂ ਕੀਤਾ ਤੇ ਨਾ ਹੀ ਉਹ ਕਿਸੇ ਸ਼ਕਤੀ ਦੇ ਮੁਤਾਸਿਰ ਹੋਏ। ਜਿਸ ਨਾਲੇ, ਸਰੋਵਰ ਜਾਂ ਤਾਲ ਤੋਂ ਪਾਣੀ ਲੈਣ ਗਏ, ਉਥੇ ਪਾਣੀ ਨਹੀਂ ਸੀ। ਪੱਥਰ, ਗੀਟੇ ਤੇ ਵੱਟੇ; ਹੀਰੇ, ਰਤਨ, ਜਵਾਹਰ ਬਣੇ ਹੋਏ ਸਨ। ਚਤੁਰ ਸਿੱਧਾਂ ਨੇ (ਬਾਲਾ) ਗੁਰੂ ਨਾਨਕ ਨੂੰ ਪਾਣੀ ਲੈਣ ਘੱਲਿਆ ਸੀ। ਪਾਣੀ ਨਹੀਂ ਮਿਲਿਆ, ਪਰਤ ਆਇਆ। ਇਸ ਤੋਂ ਗੁਰੂ ਨਾਨਕ ਦਾ ਸਿਧਾਂਤ ਅਤੇ ਸੁਭਾਅ ਪ੍ਰਗਟ ਹੁੰਦਾ ਹੈ। ਇਸ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਅਸੀਂ ਇਸ ਦੁਨੀਆਂ ਤੋਂ ਧਨ-ਦੌਲਤ ਇਕੱਠਾ ਕਰਨ ਨਹੀਂ

ਆਏ। ਅਸੀਂ ਸ਼ਬਦ ਅਨਾਹਦ ਅਕਾਲ ਪੁਰਖ ਨਾਲੋਂ ਵਿਛੜ ਕੇ ਆਏ ਹਾਂ ਤੇ ਉਸ ਨਾਲ ਇਕਮਿਕ ਹੋਣਾ ਹੈ। ਏਹੀ ਗੁਰੂ ਨਾਨਕ ਦੇ ਪੰਥ ਦਾ ਨਿਰਾਲਾ ਸੁਭਾਅ ਹੈ। ਇਹੀ ਗੁਰੂ ਨਾਨਕ ਦੇਵ ਜੀ ਨੇ ਕੀਤਾ। ਇਸੇ ਦੀ ਸਾਖੀ ਗੁਰੂ ਅਮਰਦਾਸ ਜੀ ਨੇ ਭਰੀ।

*ਭਗਤਾ ਕੀ ਚਾਲ ਨਿਰਾਲੀ॥*
*ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥*

*(ਪੰਨਾ ੯੧੮)*

ਭਗਤ, ਸਿੱਖ, ਸਿੱਖ ਸੰਗਤ, ਸਾਧ ਸੰਗਤ ਅਤੇ ਗੁਰੂ ਸੰਗਤ ਦਾ ਇਹੀ ਕਰਮ ਹੈ। ਇਸੇ ਸੰਗਤ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਬਣਾ ਦਿੱਤਾ :

*ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।* *(ਵਾਰ ੪੧/੧)*

ਬਹੁਤੇ ਵਿਸਥਾਰ ਵਿੱਚ ਨਾ ਜਾਈਏ। ਇਹ ਗੱਲ ਸਪਸ਼ਟ ਹੋਈ ਕਿ ਖਾਲਸਾ ਨਿਆਰਾ ਹੈ। ਖਾਲਸਾ ਵਿਲੱਖਣ ਹੈ। ਖਾਲਸਾ ਦੂਜਿਆਂ ਨਾਲੋਂ ਅਲੱਗ ਹੈ ਅਤੇ ਇਸ ਕੋਲ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦਾ ਤੇਜ਼ ਹੈ। ਜੇ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ ਪਧਤੀ ਦਾ ਤਿਆਗ ਕਰੇਗਾ, ਤਾਂ ਇਹ ਉਸ ਤੇਜ਼ ਨੂੰ ਗੁਆ ਬੈਠੇਗਾ ਪਰ ਜੇ ਇਹ ਨਿਆਰਾ ਰਹੇ, ਤਾਂ ਗੁਰੂ ਦੇ ਤੇਜ਼ ਦਾ ਮਾਲਕ ਹੈ। ਉਤਰਾਧਿਕਾਰੀ ਹੈ ਅਤੇ ਖਾਲਸਾ ਤਦੋਂ ਗੁਰੂ ਖਾਲਸਾ ਹੈ, ਗੁਰੂ ਗੋਬਿੰਦ ਸਿੰਘ ਜੀ ਦਾ ਰੂਪ ਹੈ ਪਰ ਜਦੋਂ ਇਹ ਬ੍ਰਾਹਮਣ ਦੀ ਰੀਤ ਦਾ ਧਾਰਨੀ ਬਣ ਜਾਏਗਾ, ਉਦੋਂ ਇਹ ਗੁਰੂ ਗੋਬਿੰਦ ਸਿੰਘ ਜੀ ਦਾ ਇਤਬਾਰ ਗੁਆ ਬਹੇਗਾ। ਇਹ ਦੁਬਿਧਾ ਵਿੱਚ ਪੈ ਜਾਏਗਾ। ਇਹ ਟੁੱਟ ਜਾਏਗਾ, ਅਸਲੋਂ ਨਿਖੁੱਟ ਜਾਏਗਾ। ਇਹਦੇ ਪੱਲੇ ਕੁਝ ਨਹੀਂ ਰਹੇਗਾ ਅਤੇ ਗੁਰੂ ਅਰਜਨ ਦੇਵ ਜੀ ਮੁਤਾਬਕ ਇਸ ਦਾ ਸਭ ਕੁਝ ਗੁਆਚ ਚੁੱਕਾ ਹੋਏਗਾ।

ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ, ਖਾਲਸਾ ਬਿਪਰ ਜਾਂ ਬ੍ਰਾਹਮਣ ਦੇ ਵਿਰੁੱਧ ਨਹੀਂ। ਬਿਪਰਨ ਕੀ ਰੀਤ ਦੇ ਵਿਰੁੱਧ ਹੈ। ਵਰਣ-ਵੰਡ, ਜਾਤ ਵੰਡ, ਜਾਤ-ਪਾਤ, ਕਰਮ-ਕਾਂਡ, ਟੂਣੇ-ਟਪਲੇ, ਧਾਗੇ-ਤਵੀਤ, ਦੁਰਗਾ, ਕਾਲੀ, ਅਹੋਈ ਦੇਵੀ ਅਤੇ ਦੇਵੀ-ਦੇਵਤੇ ਤੇ ਪੱਥਰਾਂ ਆਦਿ ਦਾ ਪੁਜਾਰੀ ਨਹੀਂ। ਅਕਾਲ ਪੁਰਖ ਦਾ ਪੁਜਾਰੀ ਹੈ ਤੇ ਬਿਪਰਨ ਕੀ ਰੀਤ ਦਾ ਧਾਰਨੀ ਨਹੀਂ। ਇਹ ਸਪਸ਼ਟ ਪ੍ਰਮਾਣ ਹੈ ਕਿ ਜੇ ਗੁਰੂ ਜਾਂ ਗੁਰੂ ਖਾਲਸਾ ਬਿਪਰਾਂ ਦੇ ਖਿਲਾਫ ਹੁੰਦਾ, ਤਾਂ ਗੁਰੂ ਗ੍ਰੰਥ ਸਾਹਿਬ ਅੰਦਰ ਭਗਤ ਕਬੀਰ ਜੀ ਦੀ ਹੇਠ ਲਿਖੀ ਤੁਕ ਦਰਜ਼ ਨਾ ਹੋ ਸਕਦੀ :

*ਮਾਗਉ ਕਾਹਿ ਰੰਕ ਸਭ ਦੇਖਉ ਤੁਮ੍ ਹੀ ਤੇ ਮੇਰੋ ਨਿਸਤਾਰੁ॥੧॥*
*ਜੈਦੇਉ ਨਾਮਾ ਬਿਪ ਸੁਦਾਮਾ ਤਿਨ ਕਉ ਕ੍ਰਿਪਾ ਭਈ ਹੈ ਅਪਾਰ॥*

*(ਪੰਨਾ ੮੫੬)*

ਗੱਲ ਸਪਸ਼ਟ ਹੋਈ ਕਿ ਗੁਰਮਤਿ ਤੇ ਗੁਰੂ ਖਾਲਸੇ ਦਾ ਸਿੱਧਾ ਸਬੰਧ ਅਕਾਲ

ਪੁਰਖ ਨਾਲ ਹੈ। ਇਹ ਦੇਵੀ-ਦੇਵਤੇ ਵਿਚਾਰੇ ਖ਼ੁਦ ਗਰੀਬੜੇ ਤੇ ਭਿਖਾਰੀ ਹਨ। ਖਾਲਸੇ ਨੇ ਇਨ੍ਹਾਂ ਕੋਲੋਂ ਕੀ ਲੈਣਾ ਹੈ। ਇਨ੍ਹਾਂ ਮੰਗਤਿਆਂ ਤੋਂ ਕੀ ਮੰਗਾਂਗੇ? ਖਾਲਸਾ ਤਾਂ ਅਕਾਲ ਪੁਰਖ ਤੋਂ ਮੰਗਦਾ ਹੈ। ਇਸ ਸਿਧਾਂਤ ਦਾ ਨਿਰਣਾ ਤਾਂ ਗੁਰੂ ਨੇ ਕਰ ਦਿੱਤਾ ਹੈ। ਇਸ ਗੱਲ ਦਾ ਨਿਸਤਾਰਾ ਹੋ ਚੁੱਕਾ ਹੈ ਕਿ ਸਾਡਾ ਨਿਸਤਾਰਾ ਸਰਬ-ਸ਼ਕਤੀਮਾਨ ਵਾਹਿਗੁਰੂ ਕੋਲੋਂ ਹੋਣਾ ਹੈ। ਫਿਰ ਇਨ੍ਹਾਂ ਦੇਵੀ-ਦੇਵਤਿਆਂ ਤੋਂ ਕੀ ਮੰਗਾਂਗੇ? ਇਹਨਾਂ ਸਪਸ਼ਟ ਹੁਕਮਾਂ ਦੇ ਬਾਵਜੂਦ ਅਗਰ ਕੋਈ ਲੇਖਕ ਨਾਮ ਨਿਹਾਦ ਵਿਦਵਾਨ ਜਾਂ ਕੋਈ ਹੋਰ ਮਨੁੱਖ, ਇਹ ਕੋਸ਼ਿਸ਼ ਕਰਦਾ ਹੈ ਕਿ ਗੁਰਮਤਿ ਵਰਗੀ ਨਿਰੋਲ ਤੇ ਨਵੀਨ ਵਸਤੂ ਨੂੰ ਕਿਸੇ ਸਦੀਆਂ ਤੋਂ ਟੁੱਟੇ-ਭੱਜੇ ਗੈਰ ਵਿਗਿਆਨਕ ਸਿਧਾਂਤ ਜਾਂ ਮਿਥਿਹਾਸ ਨਾਲ ਜੋੜਨ ਦਾ ਯਤਨ ਕਰਦਾ ਹੈ, ਤਾਂ ਇਹ ਇਕ ਬੜੀ ਵੱਡੀ ਕੋਝੀ ਸਾਜ਼ਿਸ਼ ਹੈ। ਇਹ ਅਗਿਆਨਤਾ ਭਰਿਆ ਉਪਰਾਲਾ ਹੈ। ਅਜਿਹੀ ਗੱਲ ਕਹਿਣ ਤੋਂ ਪਹਿਲਾਂ ਕਿ "ਕਾਲੀ ਕਾ ਬਾਨਾ ਖਾਲਸੇ ਨੇ ਥਾ ਪਹਿਨਾ" ਕਿਸੇ ਸ਼ਰਾਰਤੀ ਬੰਦੇ ਨੂੰ ਸੌ ਵਾਰੀ ਸੋਚਣਾ ਚਾਹੀਦਾ ਹੈ।

ਸਾਡੇ ਕੋਲ ਇਹ ਸਿਧਾਂਤ ਲਿਖਤ ਰੂਪ ਵਿੱਚ ਮੌਜੂਦ ਹੈ ਕਿ ਖਾਲਸਾ ਗੁਰੂ ਅਕਾਲ ਪੁਰਖ ਦੇ ਹੁਕਮ ਨਾਲ ਰਚਿਆ ਗਿਆ ਹੈ। ਇਹ ਇਕ ਵਿਗਿਆਨਕ ਪਹੁੰਚ ਹੈ ਅਤੇ ਪੁਸ਼ਟ ਤੇ ਪੱਕੀ ਦ੍ਰਿੜ੍ਹ ਸੋਚ ਹੈ:

*ਗੁਰੁ ਬਰ ਅਕਾਲ ਕੇ ਹੁਕਮ ਸਿਉਂ ਉਪਜਿਓ ਬਿਗਿਆਨਾ।*
*ਤਬ ਸਹਿਜੇ ਰਚਿਓ ਖਾਲਸਾ ਸਾਬਤ ਮਰਦਾਨਾ।*

*(ਵਾਰ ੪੧/੧੬)*

ਭਾਵ ਇਹ ਹੋਇਆ ਕਿ ਗੁਰਬਰ ਅਕਾਲ 'ਵਾਹਿਗੁਰੂ' ਅਕਾਲ ਪੁਰਖ ਦੀ ਇੱਛਾ ਅਤੇ ਉਸ ਦੀ ਨੁਹਾਰ ਦੇ ਅਨੁਸਾਰ ਉਸ ਦੇ ਰੂਪ ਵਜੋਂ ਸਾਜਿਆ ਗਿਆ ਹੈ। ਇਹ ਕੋਈ ਐਵੇਂ ਹਵਾਈ ਜਾਂ ਐਵੇਂ ਬੇਸਿਰ ਪੈਰ ਦੀ ਗੱਲ ਨਹੀਂ। ਇਹ ਸਤਿਗੁਰਾਂ ਦੀ ਵਿਗਿਆਨਕ ਸੋਚ ਦਾ ਨਤੀਜਾ ਹੈ ਅਤੇ ਨਾ ਹੀ ਇਹ ਕੋਈ ਅਬੜਵਾਹੇ ਆਇਆ ਹੋਇਆ ਕੋਈ ਖਿਆਲ ਹੈ। ਇਹ ਸੋਚ-ਸਮਝ ਕੇ ਵਿਉਂਤ ਨਾਲ ਸਾਜਿਆ ਗਿਆ ਸ਼ਕਤੀ ਤੇ ਸੱਚ ਦਾ ਪ੍ਰਤੀਕ ਹੈ। ਅਕਾਲ ਪੁਰਖ ਦੇ ਪੌਰਸ਼ ਦਾ ਸਾਕਾਰ ਰੂਪ ਹੈ। ਮਰਦਾਨਾ ਰੂਪ ਹੈ। ਜੀਵੰਤ ਰੂਪ ਹੈ। ਬੜੀ ਹੈਰਾਨੀ ਦੀ ਗੱਲ ਹੈ ਕਿ ਇਤਨੀ ਸਾਫ ਤੇ ਸਪਸ਼ਟ ਲਿਖਤ ਹੋਣ ਦੇ ਬਾਵਜੂਦ **ਕੋਈ ਲੇਖਕ ਇਹ ਹੀਆ ਜਾਂ ਦੁਸਾਹਸ ਨਹੀਂ ਕਰ ਸਕਦਾ ਹੈ ਕਿ ਇਸ ਖਾਲਸੇ ਦਾ ਬਾਣਾ ਕਿਸ ਦੇਵੀ ਵਰਗਾ ਹੈ? ਇਹ ਮਰਦਾਨਾ ਹੈ। ਮਰਦਾਨਾ, ਦੇਵੀ ਦਾ ਰੂਪ ਨਹੀਂ।** ਇਸ ਸਬੰਧ ਵਿੱਚ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦਾ ਆਪਣਾ ਕਥਨ ਜਿਸ ਦਾ ਜ਼ਿਕਰ ਅਸੀਂ ਉਤੇ ਕਰ ਆਏ ਹਾਂ ਕਿ ਖਾਲਸਾ ਅਕਾਲ ਪੁਰਖ ਦੀ ਫ਼ੌਜ ਹੈ ਤੇ ਪ੍ਰਮਾਤਮਾ ਦੀ ਮੌਜ ਹੈ। ਫਿਰ ਇਹ ਹਾਸੋ-ਹੀਣੀ ਜਿਹੀ ਦੇਵੀ ਕਿਧਰੋਂ ਆ ਗਈ? ਵਾਸਤਾ ਜੇ ਰੱਬ ਦਾ, ਇਹ ਕਹਿਰ ਤੇ ਜ਼ੁਲਮ ਨਾ ਕਮਾਓ! ਗੁਰੂ ਨਾਨਕ ਪਿਤਾ ਦੀ ਘਾਲ ਕਮਾਈ ਤੋਂ ਲੈ ਕੇ ਗੁਰੂ ਸਾਹਿਬਾਨ ਦੀਆਂ ਕੁਰਬਾਨੀਆਂ ਦੀ ਪਾਨ ਨਾਲ ਪ੍ਰਵਾਨ

ਚੜ੍ਹਿਆ ਖਾਲਸਾ ਕਮਜ਼ੋਰ ਤੇ ਤਮਾਸ਼ੇ ਵਰਗੀਆਂ ਦੇਵੀਆਂ ਦੇ ਅਰਪਨ ਨਾ ਕਰੋ। ਖਾਲਸੇ ਦਾ ਬਾਣਾ ਕਿਸੇ ਦੇਵੀ ਦਾ ਨਹੀਂ। ਇਸ ਦਾ ਬਾਣਾ ਤਿਆਗ, ਸ਼ਹੀਦੀ ਤੇ ਕੁਰਬਾਨੀ ਦਾ ਬਾਣਾ ਹੈ। ਨੀਲਾ ਰੰਗ, ਬੇਛੋਰ ਅਨੰਤ ਅਕਾਸ਼ ਦਾ ਹੈ। ਇਹੀ ਮਹਾਨ ਗੁਣ ਅਕਾਲ ਪੁਰਖ ਦੇ ਹਨ। ਇਸ ਦਾ ਕਮਰਕੱਸਾ ਕੇਸਰੀ ਹੈ। ਜੋ ਤਿਆਗ ਦਾ ਪ੍ਰਤੀਕ ਹੈ ਅਤੇ ਇਹ ਕੇਸਰੀ ਰੰਗ ਖਾਲਸੇ ਦੇ ਨਿਸ਼ਾਨ ਸਾਹਿਬ ਦਾ ਵੀ ਹੈ। ਨਿਸ਼ਾਨ ਸਾਹਿਬ ਨਿਡਰਤਾ, ਨਿਰਭੈਤਾ, ਨਿਰਭੀਰਤਾ ਅਤੇ ਨਿਰਵੈਰਤਾ ਦਾ ਨਿਸ਼ਾਨ ਹੈ। ਜਿਥੇ ਇਹ ਨਿਸ਼ਾਨ ਲੱਗਾ ਹੋਵੇਗਾ, ਸਮਝੋ ਉਥੇ ਗਗਨ (ਅਕਾਸ਼) ਭੇਦੀ ਆਵਾਜ਼ ਨਾਲ ਦੇ ਨਾਲ ਇਹ ਕਿਹਾ ਜਾ ਰਿਹਾ ਹੈ ਕਿ ਖਾਲਸਾ ਨਿਰਭਉ, ਨਿਰਵੈਰ। ਅਕਾਲ ਪੁਰਖ ਦਾ ਖਾਲਸਾ ਹੈ ਅਤੇ ਖ਼ੁਦ ਵੀ ਨਿਰਭਉ ਤੇ ਨਿਰਵੈਰ ਹੈ।

ਸਾਡੇ ਪਾਸ ਦਸਮੇਸ਼ ਪਿਤਾ ਦਾ ਹੁਕਮ ਮੌਜੂਦ ਹੈ ਕਿ ਮੈਂ ਕਿਸੇ ਕੰਮ ਦੀ ਅਰੰਭਤਾ ਤੋਂ ਪਹਿਲਾਂ ਕਿਸੇ ਗਣੇਸ਼ ਨੂੰ ਨਹੀਂ ਮਨਾਉਂਦਾ, ਭਾਵ ਕਿਸੇ ਮਹਾਨ ਕਾਰਜ ਦੀ ਸ਼ੁਰੂਆਤ ਤੋਂ ਪਹਿਲਾਂ "ਸ੍ਰੀ ਗਨੇਸ਼ਾਏ ਨਮਹ" ਨਹੀਂ ਕਹਿੰਦਾ। ਨਾ ਮੈਂ ਕਿਸੇ ਕ੍ਰਿਸ਼ਨ ਮਹਾਰਾਜ ਨੂੰ ਪੂਜਦਾ ਹਾਂ ਤੇ ਨਾ ਹੀ ਕਿਸੇ ਵਿਸ਼ਨੂੰ ਮਹਾਰਾਜ ਨੂੰ। ਇਹ ਮਿਥਿਹਾਸਕ ਕਹਾਣੀਆਂ ਨੇ। ਇਨ੍ਹਾਂ ਦਾ ਕੋਈ ਅਸਤਿੱਤ੍ਵ ਨਹੀਂ। ਗੁਰੂ ਗੋਬਿੰਦ ਸਿੰਘ ਮਹਾਰਾਜ ਕਹਿੰਦੇ, ਮੈਂ ਇਨ੍ਹਾਂ ਸਬੰਧੀ ਸੁਣਿਆ ਜ਼ਰੂਰ ਹੈ ਪਰ ਮੇਰੀ ਇਨ੍ਹਾਂ ਨਾਲ ਜਾਣ ਪਹਿਚਾਣ ਨਹੀਂ ਹੈ :

*ਮੈ ਨ ਗਨੇਸਹਿ ਪ੍ਰਿਥਮ ਮਨਾਊਂ॥*
*ਕਿਸਨ ਬਿਸਨ ਕਬਹੂੰ ਨਹ ਧਿਆਊਂ॥*
*ਕਾਨ ਸੁਨੇ ਪਹਿਚਾਨ ਨ ਤਿਨ ਸੋ॥*
*ਲਿਵ ਲਾਗੀ ਮੋਰੀ ਪਗ ਇਨ ਸੋ॥੪੩੪॥*

*(ਦਸਮ ਗ੍ਰੰਥ, ਪੰਨਾ ੩੧੦)*

ਮੇਰੀ ਲਿਵ ਤਾਂ ਅਕਾਲ ਪੁਰਖ ਦੇ ਚਰਨਾਂ ਨੂੰ ਲੱਗੀ ਹੋਈ ਹੈ। ਇਸੇ ਗੱਲ ਦਾ ਜ਼ਿਕਰ ਉਨ੍ਹਾਂ ਨੇ ਬਚਿੱਤਰ ਨਾਟਕ ਵਿੱਚ ਵੀ ਕੀਤਾ ਹੈ ਕਿ ਮੇਰੀ ਸੁਰਤ ਪ੍ਰਭੂ ਦੇ ਚਰਨਾਂ ਵਿੱਚ ਖੁਭੀ ਪਈ ਸੀ। ਮੈਂ ਉਸ ਅਵਸਥਾ ਵਿੱਚ ਅਨੰਦਿਤ ਸਾਂ। ਮੈਨੂੰ ਇਸ ਸੰਸਾਰ 'ਤੇ ਆਉਣ ਦੀ ਕੋਈ ਇੱਛਾ ਨਹੀਂ ਸੀ। ਜਦੋਂ ਅਕਾਲ ਪੁਰਖ ਨੇ ਹੁਕਮ ਕੀਤਾ ਕਿ 'ਹੇ ਪਵਿੱਤਰ ਆਤਮਾ! ਤੈਨੂੰ ਆਪਣਾ ਬੱਚਾ ਜਾਣ ਕੇ ਇਸ ਮਾਤਲੋਕ ਵਿੱਚ ਘੱਲ ਰਿਹਾ ਹਾਂ, ਤੂੰ ਉਥੇ ਜਾਹ ਅਤੇ ਖਾਲਸੇ ਦੀ ਸਿਰਜਣਾ ਕਰ ਕੇ ਜਗਤ ਕਲਿਆਣ ਕਰ।'

*ਚਿਤ ਨ ਭਯੋ ਹਮਰੋ ਆਵਨ ਕਹ॥*
*ਚੁਭੀ ਰਹੀ ਸ੍ਰੁਤ ਪ੍ਰਭੁ ਚਰਨਨ ਮਹਿ॥* *(ਦਸਮ ਗ੍ਰੰਥ, ਪੰਨਾ ੫੫)*

ਉਸ ਅਵਸਥਾ ਵਿੱਚੋਂ ਮੈਂ ਇਸ ਅਕਾਲ ਪੁਰਖ ਦੇ ਹੁਕਮ ਨਾਲ ਇਸ ਦੁਨੀਆਂ ਵਿੱਚ ਆਉਣ ਲਈ ਤਿਆਰ ਹੋਇਆ। ਜਦੋਂ ਪਿਤਾ ਅਕਾਲ ਪੁਰਖ ਨੇ ਮੈਨੂੰ ਸਮਝਾ ਬੁਝਾ ਕੇ ਪਿਆਰ ਦੇ ਕੇ, ਤਿਆਰ ਕਰ ਕੇ ਘੱਲਿਆ ਅਤੇ ਆਖਿਆ ਤੂੰ ਮੇਰਾ ਬੇਟਾ

ਹੈਂ। ਤੈਨੂੰ ਪੰਥ ਪ੍ਰਚਲਤ ਕਰਨ ਲਈ ਇਸ ਦੁਨੀਆਂ 'ਤੇ ਜਾਣ ਦਾ ਆਦੇਸ਼ ਹੈ:

*ਮੈ ਅਪਨਾ ਸੁਤ ਤੋਹਿ ਨਿਵਾਜਾ॥*
*ਪੰਥੁ ਪ੍ਰਚੁਰ ਕਰਬੇ ਕਹੁ ਸਾਜਾ॥*
*ਜਾਹਿ ਤਹਾਂ ਤੈ ਧਰਮੁ ਚਲਾਇ॥*
*ਕਬੁਧਿ ਕਰਨ ਤੇ ਲੋਕ ਹਟਾਇ॥੨੯॥*

*(ਬਚਿਤ੍ਰ ਨਾਟਕ ਅਧਿ ੬, ਦਸਮ ਗ੍ਰੰਥ, ਪੰਨਾ ਪ੭)*

ਮੈਂ ਇਸ ਹੁਕਮ ਨੂੰ ਮੰਨ ਕੇ ਖਾਲਸੇ ਦੀ ਸਾਜਣਾ ਕਰਨ ਲਈ ਆਇਆ ਹਾਂ। ਮੈਨੂੰ ਇਹ ਕੰਮ ਸੌਂਪਿਆ ਗਿਆ ਹੈ ਕਿ ਧਰਮ ਦਾ ਪਾਸਾਰਾ ਕੀਤਾ ਜਾਏ। ਦੋਖੀਆਂ ਤੇ ਦੁਸ਼ਟਾਂ ਦਾ ਨਾਸ਼ ਕੀਤਾ ਜਾਏ ਤੇ ਨਾਲ ਹੀ ਇਸ ਗੱਲ ਦਾ ਧਿਆਨ ਰੱਖਿਆ ਜਾਏ ਕਿ ਕੁਬੁੱਧ ਕਰਮ ਤੋਂ ਲੋਕਾਂ ਨੂੰ ਹਟਾਉਣਾ ਹੈ। ਅਕਾਲ ਪੁਰਖ ਦਾ ਅਜਿਹਾ ਹੁਕਮ ਹੋਣ ਤੋਂ ਬਾਅਦ ਕੀ ਗੁਰੂ ਪਾਤਸ਼ਾਹ ਦੇਵੀ ਦਾ ਬਾਣਾ ਪਹਿਨਣਗੇ? ਜਾਂ ਨਿਰੰਕਾਰ ਦਾ ਤਿਆਗ ਕਰ ਕੇ ਦੇਵੀ ਪੂਜਾ ਦੀ ਗੱਲ ਚਲਾਉਣਗੇ? ਅਜਿਹਾ ਹੋ ਹੀ ਨਹੀਂ ਸਕਦਾ। ਇਹ ਅਸੰਭਵ ਹੈ। ਉਥੋਂ ਚੱਲਣ ਤੋਂ ਪਹਿਲਾਂ ਮੈਂ ਆਪਣੇ ਪਿਤਾ ਅਕਾਲ ਪੁਰਖ ਤੋਂ ਇਕਰਾਰ ਲਿਆ ਕਿ ਤੁਸੀਂ ਮੇਰੀ ਸਹਾਇਤਾ ਕਰੋ, ਤਾਂ ਪੰਥ ਚਲੇਗਾ। ਅਕਾਲ ਪੁਰਖ ਨੇ ਮੇਰੀ ਬੇਨਤੀ ਸਵੀਕਾਰ ਕੀਤੀ ਤੇ ਮੈਂ ਮਾਤ ਲੋਕ ਵਿੱਚ ਆ ਗਿਆ :

*ਠਾਢ ਭਯੋ ਮੈ ਜੋਰਿ ਕਰਿ ਬਚਨ ਕਹਾ ਸਿਰ ਨਯਾਇ॥*
*ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ॥੩੦॥*

*(ਦਸਮ ਗ੍ਰੰਥ, ਪੰਨਾ ਪ੭)*

ਸਿੱਧੀ ਸਹਾਇਤਾ ਤਾਂ ਅਕਾਲ ਪੁਰਖ ਦੀ ਹੈ। ਇਹ ਫਿਰ ਵਿੱਚ ਕਾਲੀ ਕਿਥੋਂ ਆ ਗਈ? ਮੈਂ ਸਮਝਦਾ ਹਾਂ ਕਿ ਇਹ ਕਾਲੀ ਦੇਵੀ ਆਦਿ ਦਾ ਜ਼ਿਕਰ ਕਰਨਾ ਲੇਖਕ ਦੀ ਨੀਯਤ ਦਾ ਕਾਲਾਪਨ ਅਤੇ ਚੜ੍ਹੀ ਕਾਲਿਮਾ ਦਾ ਕਾਰਨ ਹੈ। ਇਕ ਸਿੱਧੀ ਜਿਹੀ ਗੱਲ ਹੈ ਕਿ ਜੇ ਕਿਸੇ ਵੀ ਆਮ ਜਿਹੇ ਦਫ਼ਤਰ ਵਿੱਚ ਕਿਸੇ ਅਫਸਰ ਨਾਲ ਨਿੱਜੀ ਵਾਕਫ਼ੀਅਤ ਹੋਵੇ, ਤਾਂ ਨੌਕਰ-ਚਾਕਰ ਤੇ ਚਪੜਾਸੀ ਉਸ ਕੰਮ ਨੂੰ ਰੋਕ ਨਹੀਂ ਸਕਦੇ। ਇਸੇ ਹੀ ਤਰ੍ਹਾਂ ਖਾਲਸਾ ਸਾਜਣਾ ਦੇ ਸਬੰਧ ਵਿੱਚ ਜਦ ਅਕਾਲ ਪੁਰਖ ਦੀ ਆਪਣੀ ਸਹਾਇਤਾ ਦਾ ਇਕਰਾਰ ਹੋਵੇ, ਉਦੋਂ ਇਹ ਕਾਲੀ ਦੇਵੀ, ਦੁਰਗਾ ਦੇਵੀ ਅਤੇ ਹੋਰ ਅਖੌਤੀ ਦੇਵੀ-ਦੇਵਤੇ ਵਿੱਚ ਕੀ ਕਰਨ ਆਉਣਗੇ? ਇਨ੍ਹਾਂ ਦੀ ਕੀ ਲੋੜ ਹੈ? ਦਰਅਸਲ ਇਹ ਉਨ੍ਹਾਂ ਕਮਅਕਲ ਮੁਤੱਸਬੀ ਮਨੁੱਖਾਂ ਦੀ ਸਾਜ਼ਿਸ਼ ਹੈ। ਜੋ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਘਾਲ ਕਮਾਈ ਤੇ ਡਾਕਾ ਮਾਰਨਾ ਚਾਹੁੰਦੇ ਹਨ। ਉਨ੍ਹਾਂ ਨੇ ਤਾਂ ਮੁੜਨਾ ਨਹੀਂ, ਸਾਨੂੰ ਹੀ ਜ਼ਰੂਰ ਖ਼ਬਰਦਾਰ ਰਹਿਣਾ ਚਾਹੀਦਾ ਹੈ। ਜਾਗਰਣ ਵਿੱਚ ਛਪੇ ਹੋਏ ਲੇਖ ਦੇ ਲੇਖਕ ਨੇ (ਨਾਂ ਨਹੀਂ ਛਪਿਆ ਹੋਇਆ) ਕੇਸਾਂ ਸਬੰਧੀ ਇਕ ਹੋਰ ਬੜਾ ਲੰਗੜਾ ਜਿਹਾ ਤਰਕ ਦਿੱਤਾ ਹੈ। ਖਾਲਸੇ ਦਾ ਜਨਮ 1699 ਵਿੱਚ ਹੋਇਆ। ਪਰ ਮੁਗ਼ਲਾਂ ਨਾਲ ਸਾਡੇ ਯੁੱਧ ਸ੍ਰੀ ਗੁਰੂ

ਹਰਿਗੋਬਿੰਦ ਸਾਹਿਬ ਜੀ ਵੇਲੇ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ 1631 ਤੋਂ ਹੀ ਸ਼ੁਰੂ ਹੋਏ। ਇਹ ਕਹਿਣਾ ਕਿਤਨਾ ਹਾਸੋ-ਹੀਣਾ ਹੈ ਕਿ ਯੁੱਧ ਵਿੱਚ ਸਿੱਖਾਂ ਨੂੰ ਸਮਾਂ ਨਹੀਂ ਸੀ ਮਿਲਦਾ ਤੇ ਉਨ੍ਹਾਂ ਨੇ ਕੇਸ ਦਾੜ੍ਹੀ ਨਹੀਂ ਕਟਵਾਏ ਤੇ ਉਹ ਕੇਸਾਧਾਰੀ ਹੋ ਗਏ। ਮੈਨੂੰ ਲੇਖਕ ਦੀ ਅਕਲ 'ਤੇ ਤਰਸ ਆਉਂਦਾ ਹੈ। ਜੇ ਇਹ ਦਲੀਲ ਨੂੰ ਠੀਕ ਮੰਨ ਲਿਆ ਜਾਏ, ਤਾਂ ਜਿਨ੍ਹਾਂ ਮੁਗ਼ਲਾਂ ਨਾਲ ਲੜਾਈ ਸੀ, ਉਹ ਕੇਸਾਧਾਰੀ ਕਿਉਂ ਨਹੀਂ ਹੋ ਗਏ? ਉਨ੍ਹਾਂ ਕੋਲ ਕੇਸ ਦਾੜ੍ਹੀ ਮੁੰਨਣ ਦਾ ਸਮਾਂ ਹੈ ਸੀ? ਤੇ ਸਿੱਖਾਂ ਕੋਲ ਨਹੀਂ ਸੀ? ਇਹ ਅਕਲ ਦਾ ਕਿਤਨਾ ਵੱਡਾ ਦੀਵਾਲੀਆਪਨ ਹੈ? ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਗੁਰੂ ਨਾਨਕ ਦੇਵ ਜੀ ਦੇ ਹੁਕਮ ਅਤੇ ਉਨ੍ਹਾਂ ਦੇ ਇਤਿਹਾਸ ਨੂੰ ਧਿਆਨ ਨਾਲ ਪੜ੍ਹਿਆ ਜਾਏ, ਤਾਂ ਇਹ ਗੱਲ ਸਾਫ਼ ਪਤਾ ਲੱਗ ਜਾਏਗੀ, ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸਿੱਖ ਕੇਸਾਧਾਰੀ ਸਨ। ਇਸ ਸਾਰੇ ਸਬੰਧੀ ਸਾਵਿਸਥਾਰ ਹੁਕਮ ਸ੍ਰੀ ਗੁਰੂ ਗ੍ਰੰਥ ਸਾਹਿਬ* ਵਿੱਚ ਗੁਰੂ ਨਾਨਕ ਬਾਣੀ ਅੰਦਰ ਮੌਜੂਦ ਹਨ।

ਸ਼ਾਸਤਰਾਂ ਬਾਰੇ ਵੀ ਇਹ ਗੱਲ ਬੜੀ ਭਲੀ ਪ੍ਰਕਾਰ ਗੁਰੂ ਨਾਨਕ ਦੇਵ ਜੀ ਦੀ ਰਚਿਤ ਬਾਣੀ ਵਿੱਚ ਮੌਜੂਦ ਹੈ। ਮਹਾਰਾਜ ਗੁਰੂ ਨਾਨਕ ਦੇਵ ਜੀ ਨੇ ਲਿਖਿਆ ਹੈ ਸਿੱਖ ਨੇ ਕਿਸ ਤਰ੍ਹਾਂ ਦੀ ਕ੍ਰਿਪਾਨ ਧਾਰਨ ਕਰਨੀ ਹੈ। ਇਸ ਨੂੰ ਕਿਸ ਸਾਣ ਦੇ ਉੱਤੇ ਤਿੱਖਾ ਕਰਨਾ ਹੈ ਅਤੇ ਕਿਹੜੀ ਮਿਆਨ ਵਿੱਚ ਸੰਭਾਲ ਕੇ ਰੱਖਣੀ ਹੈ :

*ਸਚ ਕੀ ਕਾਤੀ ਸਚੁ ਸਭੁ ਸਾਰੁ॥*
*ਘਾੜਤ ਤਿਸ ਕੀ ਅਪਰ ਅਪਾਰ॥*
*ਸਬਦੇ ਸਾਣ ਰਖਾਈ ਲਾਇ॥*
*ਗੁਣ ਕੀ ਥੇਕੈ ਵਿਚਿ ਸਮਾਇ॥* *(ਪੰਨਾ ੯੫੬)*

ਇਸ ਦਾ ਭਾਵ ਇਹ ਹੈ ਕਿ ਸਿੱਖ ਦੀ ਕਿਰਪਾਨ ਦਾ ਲੋਹਾ ਸੱਚ ਦਾ ਬਣਿਆ ਹੋਇਆ ਹੈ, ਉਸ ਸੱਚ ਵਿੱਚੋਂ ਹੀ ਕਿਰਪਾਨ ਸਿਰਜਣਾ ਹੋਈ ਹੈ। ਉਸ ਕਿਰਪਾਨ ਦੀ ਘਾੜਤ ਅਪਰ ਅਪਾਰ ਹੈ। ਇਹ ਕਿਰਪਾਨ ਖੁੰਡੀ ਨਾ ਹੋ ਜਾਏ। ਇਸ ਨੂੰ ਸ਼ਬਦ ਦੀ ਸਾਣ (ਗਰਾਂਈਡਰ) ਉਤੇ ਨਿਤ ਤੇਜ਼ ਕਰਨਾ ਹੈ। ਭਾਵ ਵਾਹਿਗੁਰੂ ਅਕਾਲ ਪੁਰਖ ਨੂੰ ਨਹੀਂ ਵਿਸਾਰਨਾ ਅਤੇ ਇਸ ਤੋਂ ਹਾਸਲ ਹੋਈ ਸ਼ਕਤੀ ਨੂੰ ਜ਼ਰਵਾਣੇ ਦੀ ਭੱਖਿਆ ਅਤੇ ਮਜ਼ਲੂਮ ਦੀ ਰੱਖਿਆ ਵਾਸਤੇ ਰੱਖਿਆ ਹੈ। ਐਵੇਂ ਜਣੇ-ਖਣੇ ਉਤੇ ਹਮਲਾਵਰ ਨਹੀਂ ਹੋਈ ਜਾਣਾ। ਇਸ ਪਵਿੱਤਰ ਕਿਰਪਾਨ ਨੂੰ ਗੁਣਾਂ ਦੀ ਮਿਆਨ ਵਿੱਚ ਰੱਖਣਾ ਹੈ। ਏਹੀ ਕੀਤਾ ਗੁਰੂ ਅਰਜਨ ਦੇਵ ਜੀ, ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਗੁਰੂ ਹਰਿ ਰਾਏ ਜੀ ਨੇ। ਫਿਰ ਸਾਨੂੰ ਸਮਝ ਨਹੀਂ ਆਉਂਦੀ ਕਿ ਲੇਖਕ ਕਿਸ ਤਰ੍ਹਾਂ ਇਹ ਹੀਆ ਕਰਦੇ ਹਨ ਕਿ ਇਹ ਸ਼ਸਤਰ ਗੁਰੂ ਗੋਬਿੰਦ ਸਿੰਘ ਜੀ ਨੂੰ ਬ੍ਰਹਮਾ ਨੇ ਆ ਕੇ ਦਿੱਤੇ? ਗੁਰੂ ਨਾਨਕ ਦੇਵ ਜੀ ਸ਼ਸਤਰਾਂ ਦਾ ਜ਼ਿਕਰ ਕਰ ਰਹੇ ਹਨ। ਉਹ ਕਿਸੇ ਬ੍ਰਹਮਾ ਨੂੰ ਨਹੀਂ ਜਾਣਦੇ। ਉਹ ਤਾਂ ਇਕ

**ਦੇਖੋ ਮੇਰੀ ਪੁਸਤਕ ਕਾਕਾਰ ਦਾਤਾਰ ਗੁਰੂ ਨਾਨਕ।*

ਬ੍ਰਹਮ ਨੂੰ ਮੰਨਦੇ ਹਨ। ਉਹੀ ਬ੍ਰਹਮ ਜਿਸ ਸਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬੇਅੰਤਵਾਰ ਜ਼ਿਕਰ ਆਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਰੰਭ ਇਕ (੧) ਤੋਂ ਹੋਇਆ ਤੇ ਸਮਾਪਨ "ਸਭ ਨਾਨਕ ਬ੍ਰਹਮ ਪਾਸਾਰੋ" ਉਤੇ ਹੋਇਆ। ਇਸੇ ਸਬੰਧੀ ਗੁਰਬਾਣੀ ਵਿੱਚ ਹੁਕਮ ਹੈ:

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥*

*(ਪੰਨਾ ੮੪੬)*

ਅਕਾਲ ਪੁਰਖ ਤੇ ਗੁਰਮਤਿ ਮੰਨਣ ਵਾਲਿਆਂ ਨੂੰ ਸਭ ਪਾਸੇ ਬ੍ਰਹਮ ਦਿਸਦਾ ਹੈ ਅਤੇ ਬ੍ਰਹਮ ਹੀ ਸੁਣਾਈ ਦਿੰਦਾ ਹੈ। ਗੁਰਸਿੱਖ ਸੰਗਤ ਤੇ ਖਾਲਸਾ ਬਿਆਨ ਤੇ ਵਖਿਆਨ ਵੀ ਇਕੋ ਵਾਹਿਗੁਰੂ ਸਬੰਧੀ ਕਰਦਾ ਹੈ। ਪ੍ਰਮਾਤਮਾ ਨੇ ਸਾਨੂੰ ਆਤਮਾ ਦੀ ਬਖਸ਼ਿਸ਼ ਕੀਤੀ। ਆਤਮਾ ਨੇ ਪ੍ਰਮਾਤਮਾ ਵਿੱਚ ਲੀਨ ਹੋਣਾ ਹੈ। ਓਹੀ ਪ੍ਰਮਾਤਮਾ ਸਭ ਪਾਸੇ ਪਸਰਿਆ ਹੋਇਆ ਹੈ ਤੇ ਸਾਰਾ ਪਾਸਾਰਾ ਓਸੇ ਦਾ ਹੈ। ਉਸ ਬਿਨਾਂ ਅਸੀਂ ਕਿਸੇ ਨੂੰ ਵੀ ਨਹੀਂ ਜਾਣਦੇ? ਫਿਰ ਇਹ ਮਨਘੜਤ ਤੇ ਦੇਵੀ ਦੇਵਤੇ ਕੀ ਹੋਏ?

ਇਸ ਤੋਂ ਇਲਾਵਾ ਜੇ ਹੋਰ ਵਿਸਥਾਰ ਵਿੱਚ ਨਾ ਜਾਈਏ, ਤਾਂ ਗੁਰਮਤਿ ਸਿਧਾਂਤ ਨੂੰ ਸਮਝਣ ਲਈ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਇਕੋ ਹੀ ਸ਼ਬਦ, ਪੱਥ ਪ੍ਰਦਰਸ਼ਕ ਵਾਂਗੂ ਆਪਣੇ ਸਾਹਮਣੇ ਰੱਖ ਲਈਏ, ਤਾਂ ਗੱਲ ਭਲੀ ਪ੍ਰਕਾਰ ਸਮਝ ਆ ਜਾਏਗੀ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਮੈਂ ਇਕ ਭਿਖਾਰੀ ਦੀ ਨਿਆਈਂ ਹਾਂ ਤੇ ਬ੍ਰਹਮ-ਵਾਹਿਗੁਰੂ-ਪ੍ਰਭੂ ਇਸ ਦਾਤ ਦਾ ਦਾਨ ਕਰਤਾ ਹੈ। ਉਸ ਪਾਸੋਂ ਮੈਂ ਉਸ ਦੇ ਨਾਮ ਤੋਂ ਬਿਨਾਂ ਹੋਰ ਕੀ ਮੰਗਾਂ। ਸਭ ਕੁਝ ਤੇ ਨਸ਼ਵਰ ਹੈ। ਥਿਰੁ ਕੁਝ ਵੀ ਨਹੀਂ :

*ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ*
*ਹਮ ਥਾਰੇ ਭੇਖਾਰੀ ਜੀਉ॥*
*ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ*
*ਹਰਿ ਦੀਜੈ ਨਾਮੁ ਪਿਆਰੀ ਜੀਉ॥੧॥* *(ਪੰਨਾ ੫੯੭)*

ਭਾਵ ਇਹ ਹੋਇਆ ਕਿ ਵਾਹਿਗੁਰੂ ਤੋਂ ਇਲਾਵਾ, ਬ੍ਰਹਮ ਤੋਂ ਬਿਨਾਂ ਹੋਰ ਕੁਝ ਹੈ ਹੀ ਨਹੀਂ। ਇਸੇ ਹੀ ਸ਼ਬਦ ਵਿੱਚ ਗੁਰੂ ਨਾਨਕ ਦੇਵ ਜੀ ਵਾਹਿਗੁਰੂ ਨੂੰ ਮੁਰਾਰੀ ਅਤੇ ਬ੍ਰਹਮ ਆਖਦੇ ਹਨ। ਹੁਣ ਕੋਈ ਕਮ-ਅਕਲ ਇਹ ਕਿੱਸਾ ਲੈ ਕੇ ਬੈਠ ਜਾਏ ਕਿ ਗੁਰੂ ਨਾਨਕ ਨੇ (ਕ੍ਰਿਸ਼ਨ) ਮੁਰਾਰੀ ਨੂੰ ਪੂਜਿਆ ਹੈ, ਤਾਂ ਉਸ ਨੂੰ ਭਲੀ ਪ੍ਰਕਾਰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਗੁਰੂ ਨਾਨਕ ਸਾਹਿਬ ਉਸ ਬ੍ਰਹਮਾ ਦਾ ਜ਼ਿਕਰ ਕਰ ਰਹੇ ਹਨ, ਜਿਹੜਾ ਬ੍ਰਹਮ ਪਹਿਲਾਂ ਵੀ ਸੀ, ਹੁਣ ਵੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਰਹੇਗਾ ਅਤੇ ਆਦਿ ਜੁਗਾਦਿ, ਆਦਿ ਤੋਂ ਅੰਤ ਤਕ ਸਥਿਰ ਤੇ ਕਾਇਮ ਹੈ :

*ਘਟਿ ਘਟਿ ਰਵਿ ਰਹਿਆ ਬਨਵਾਰੀ॥*
*ਜਲਿ ਥਲਿ ਮਹੀਅਲਿ ਗੁਪਤੋ ਵਰਤੈ*
*ਗੁਰ ਸਬਦੀ ਦੇਖਿ ਨਿਹਾਰੀ ਜੀਉ॥ ਰਹਾਉ॥*
*ਮਰਤ ਪਇਆਲ ਅਕਾਸੁ ਦਿਖਾਇਓ*
*ਗੁਰਿ ਸਤਿਗੁਰਿ ਕਿਰਪਾ ਧਾਰੀ ਜੀਉ॥*
*ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ*
*ਘਟ ਭੀਤਰਿ ਦੇਖੁ ਮੁਰਾਰੀ ਜੀਉ॥੨॥*

*(ਪੰਨਾ ੫੯੭)*

ਮਹਾਰਾਜ ਹੁਕਮ ਕਰਦੇ ਹਨ ਕਿ ਬਨਵਾਰੀ ਘਟਿ ਘਟਿ ਵਿੱਚ ਵਿਆਪ ਰਿਹਾ ਹੈ। ਰਵਿਆ ਹੋਇਆ ਹੈ। ਇਸ ਦੇ ਬਾਵਜੂਦ ਵੀ ਉਹ ਨਜ਼ਰ ਨਹੀਂ ਆਉਂਦਾ। ਉਸ ਦਾ ਕੋਈ ਅਕਾਰ ਨਹੀਂ ਹੈ। ਉਹ ਨਿਰੰਕਾਰ ਹੈ। ਜਲ ਭਾਵ ਪਾਣੀ ਵਿੱਚ, ਥਲ ਭਾਵ ਧਰਤੀ ਉੱਤੇ, ਮਹੀਅਲ ਭਾਵ ਖਲਾਅ, ਪੁਲਾੜਾਂ ਤੇ ਅਕਾਸ਼ ਵਿੱਚ, ਉਹੀ ਬ੍ਰਹਮ ਰੂਪ ਵਰਤ ਰਿਹਾ ਹੈ ਅਤੇ ਇਸ ਨਿਰੰਕਾਰ ਦੀ ਪਹਿਚਾਣ ਗੁਰੂ ਸ਼ਬਦ ਦੁਆਰਾ ਹੋਏਗੀ। ਹੋਰ ਕਿਸੇ ਬਹਾਨੇਬਾਜ਼ੀ, ਕਿੱਸੇ ਕਹਾਣੀਆਂ, ਮਨਘੜਤ ਗੱਲਾਂ ਜਾਂ ਮਿਥਿਹਾਸਕ ਕਲਾਵਿਆਂ ਨਾਲ ਹੋ ਹੀ ਨਹੀਂ ਸਕਦੀ। ਏਹੀ ਬ੍ਰਹਮ ਹੈ ਜੋ ਸ਼ਸਤਰ ਰੂਪ ਹੋ ਕੇ ਵੀ ਸ੍ਰੀ ਸਾਹਿਬ, ਕਿਰਪਾਨ ਬਣ ਕੇ ਦੁਸ਼ਟਾਂ ਦਾ ਨਾਸ ਕਰਨ ਲਈ ਦੁਸ਼ਟ ਦਮਨ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਤੇ ਮਜ਼ਬੂਤ ਹੱਥਾਂ ਵਿੱਚ ਆਇਆ। ਇਹ ਦਾਤ ਗੁਰੂ ਨਾਨਕ ਦੇਵ ਜੀ ਨੇ ਬਖ਼ਸ਼ੀ। ਇਸ ਦਾ ਪਸਾਉ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਅਤੇ ਖਾਲਸੇ ਦੇ ਹੱਥ ਇਸ ਨੂੰ ਦ੍ਰਿੜ੍ਹਤਾ ਨਾਲ ਪਕੜਾ ਦਿੱਤਾ। ਇਸ ਪਵਿੱਤਰ ਸ਼ਕਤੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਸਪਾਨਿ, ਸਰਬ ਲੋਹ ਜਾਂ ਖੜਗਕੇਤ ਅਤੇ ਸ੍ਰੀ ਅਸਧੁਜ ਦੇ ਨਾਂ ਨਾਲ ਯਾਦ ਕੀਤਾ। ਇਸੇ ਖੰਡੇ ਤੋਂ ਅੰਮ੍ਰਿਤ ਤਿਆਰ ਹੋਇਆ। ਇਤਨਾ ਸਭ ਕੁਝ ਸਪਸ਼ਟ ਤੇ ਵਿਸਥਾਰ ਨਾਲ ਹੋਣ ਦੇ ਬਾਵਜੂਦ ਫਿਰ ਗੱਪ-ਗਿਆਨ ਦੀ ਗੁੰਜਾਇਸ਼ ਕਿੱਥੇ ਰਹਿ ਜਾਂਦੀ ਹੈ। ਇਹ ਤਾਂ ਐਵੇਂ ਕਿਸੇ ਸ਼ਰਾਰਤੀ ਮਨੁੱਖ ਦੀ ਚੋਰ-ਬਿਰਤੀ ਦਾ ਪ੍ਰਗਟਾਵਾ ਹੈ ਕਿ ਉਹ ਗੁਰੂ ਨਾਨਕ ਦੀ ਘਾਲ ਕਮਾਈ ਉਤੇ ਅਸੱਤ (ਕੂੜ) ਅਤੇ ਮਿਥਿਹਾਸ ਦੀ ਚੇਪੀ ਲਾ ਕੇ ਉਸ ਨੂੰ ਆਪਣੀ ਬਪੌਤੀ ਸਿਧ ਕਰਨ ਦਾ ਕੋਝਾ ਤੇ ਭੱਦਾ ਯਤਨ ਕਰੇ। ਇਸ ਤੋਂ ਖਾਲਸੇ ਨੂੰ ਸਦਾ ਸੁਚੇਤ ਰਹਿਣਾ ਚਾਹੀਦਾ ਹੈ। ਖਾਲਸਾ ਨਿਆਰਾ ਜੁ ਹੋਇਆ।

ਇਸੇ ਹੀ ਸ਼ਬਦ ਵਿੱਚ ਗੁਰੂ ਨਾਨਕ ਪਾਤਸ਼ਾਹ ਮੁੜ ਨਿਰੰਕਾਰ ਦੀ ਗੱਲ ਕਰਦੇ ਹਨ ਤੇ ਉਸੇ ਨੂੰ ਹੀ ਸਦਾ ਮੰਨ ਵਿੱਚ ਵਸਾਉਣ ਦਾ ਆਦੇਸ਼ ਦਿੰਦੇ ਹਨ:

*ਜਨਮ ਮਰਨ ਕਉ ਇਹੁ ਜਗੁ ਬਪੁੜੋ ਇਨਿ ਦੂਜੈ ਭਗਤਿ ਵਿਸਾਰੀ ਜੀਉ॥*
*ਸਤਿਗੁਰੁ ਮਿਲੈ ਤ ਗੁਰਮਤਿ ਪਾਈਐ ਸਾਕਤ ਬਾਜੀ ਹਾਰੀ ਜੀਉ॥੩॥*

*ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ॥*
*ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ॥੪॥*
*(ਪੰਨਾ ੫੯੮)*

ਇਸ ਸ਼ਬਦ ਨੂੰ ਧਿਆਨ ਨਾਲ ਪੜ੍ਹਿਆਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸਤਿਗੁਰਾਂ ਨੇ ਤਾਂ ਬੰਧਨ ਤੋੜੇ ਹਨ ਅਤੇ ਗੁਰਸਿੱਖ ਤੇ ਸਾਧ-ਸੰਗਤ ਨੂੰ ਨਿਆਰਾ ਕੀਤਾ ਹੈ। ਇਸੇ ਸੰਗਤ ਨੇ ਖਾਲਸੇ ਦਾ ਰੂਪ ਧਾਰਨ ਕਰ ਕੇ ਨਿਆਰੇ ਰਹਿਣ ਦਾ ਪ੍ਰਣ ਕਰ ਲਿਆ ਹੈ। ਗੁਰਸਿੱਖ ਨੇ ਆਮ ਦੁਨੀਆਂ ਵਾਂਗ ਅਕਾਲ ਪੁਰਖ ਦੀ ਭਗਤੀ ਨੂੰ ਮਨੋ ਨਹੀਂ ਵਿਸਾਰਨਾ ਤੇ ਅਜਿਹਾ ਕਰ ਕੇ ਹੀ ਉਹ ਜਨਮ ਮਰਨ ਦੇ ਗੇੜ ਤੋਂ ਮੁਕਤ ਹੋ ਜਾਂਦਾ ਹੈ। ਇਹ ਸੁਦ੍ਰਿੜ੍ਹ ਤੇ ਸੁੰਦਰ ਸਿਧਾਂਤ ਖਾਲਸੇ ਨੂੰ ਸਤਿਗੁਰ ਪਾਸੋਂ ਮਿਲਿਆ ਹੈ। ਉਹ ਕਿਸੇ ਇਕ ਦੇਵੀ ਦੇਵਤੇ ਜਾਂ ਸ਼ਕਤੀ ਨੂੰ ਪੂਜ ਕੇ ਸਾਕਤ ਨਹੀਂ ਬਣੇਗਾ ਤੇ ਇਸ ਜਨਮ ਨੂੰ ਗੁਆ ਕੇ ਬਾਜ਼ੀ ਨੂੰ ਹਾਰੇਗਾ ਨਹੀਂ। ਉਹ ਨਿਸਚੇ ਕਰ ਕੇ ਆਪਣੀ ਜਿੱਤ ਕਰਨ ਵਾਲਾ ਹੈ। ਇਸ ਜਿੱਤ ਦੀ ਪ੍ਰਾਪਤੀ ਵਿੱਚ ਉਸ ਨੂੰ ਕੋਈ ਹਉਮੈ, ਅਹੰ ਜਾਂ ਹੰਕਾਰ ਨਹੀਂ। ਸਗੋਂ ਉਹ ਨਿਰਭਉ ਦੇ "ਧਰਮ ਜੁੱਧ ਕੇ ਚਾਇ" ਲੜਦਾ ਹੈ। ਉਸ ਨੂੰ ਮੌਤ ਦਾ ਕੋਈ ਡਰ ਨਹੀਂ। ਇਸ ਅਵਸਥਾ ਵਿੱਚ ਜਦੋਂ ਕੋਈ ਨਿਰਭੈ ਯੋਧਾ ਧਰਮ ਤੋਂ ਕੁਰਬਾਨ ਹੁੰਦਾ ਹੈ, ਤਾਂ ਉਹ ਫੇਰ ਜਨਮ ਮਰਨ ਦੇ ਚੱਕਰ ਵਿੱਚ ਨਹੀਂ ਪੈਂਦਾ। ਇਹ ਗਿਆਨ ਰੂਪੀ ਰਤਨ ਸਤਿਗੁਰ ਗੁਰੂ ਨਾਨਕ ਦੇਵ ਜੀ ਨੇ ਬਖਸ਼ਿਆ ਹੈ ਅਤੇ ਸਾਡੇ ਮਨ ਵਿੱਚ ਨਿਰੰਕਾਰ ਵਸਾ ਦਿੱਤਾ ਹੈ। ਅਕਾਲ ਪੁਰਖ ਨਿਰੰਕਾਰ ਦੀ ਸਰਵ ਵਿਆਪਕਤਾ ਦੇ ਹੁੰਦਿਆਂ ਹੋਇਆਂ ਫਿਰ ਇਸ ਵਿੱਚ ਬ੍ਰਹਮਾ, ਵਿਸ਼ਨ, ਮਹੇਸ਼, ਦੇਵੀ-ਦੇਵਤੇ, ਕਾਲੀ, ਦੁਰਗਾ ਆਦਿ ਹੋਰ ਕਿਧਰੋਂ ਆਣ ਵੜੇ? ਗੁਰਮਤਿ ਵਿੱਚ ਤਾਂ ਇਸ ਦੀ ਥਾਂ ਨਹੀਂ। ਸਾਨੂੰ ਇਸ ਗੱਲ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ। ਇਸ 'ਤੇ ਮਜ਼ਬੂਤੀ ਨਾਲ ਪਹਿਰਾ ਦੇਣਾ ਚਾਹੀਦਾ ਹੈ ਅਤੇ ਸ਼ਰਾਰਤੀਆਂ ਦੁਆਰਾ ਗੁਰਮਤਿ ਦੇ ਅਨੰਦਗੜ੍ਹ ਨੂੰ ਲਾਈਆਂ ਜਾ ਰਹੀਆਂ ਸੰਨ੍ਹਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਅਤੇ ਇਹੋ ਜਿਹੇ ਚੋਰਾਂ ਨੂੰ ਸੰਨ੍ਹ ਲਾਉਂਦਿਆਂ ਹੀ ਰੰਗੇ-ਹੱਥੀਂ ਫੜ ਕੇ ਨੰਗਿਆਂ ਕਰਨਾ ਚਾਹੀਦਾ ਹੈ। ਤਾਂ ਜੋ ਉਹ ਮੂੰਹ ਵਿੱਚ ਰਾਮ-ਰਾਮ ਰੱਖ ਕੇ ਬਗਲ ਵਿੱਚ ਛੁਰੀ ਨਾ ਰੱਖਣ ਤੇ ਨਾ ਹੀ ਉਹ ਉਸ ਛੁਰੀ ਨੂੰ ਚਲਾ ਹੀ ਸਕਣ।

# ਅੰਮ੍ਰਿਤ ਮਈ ਜੀਵਨ-ਜਾਚ

ਇਹ ਮਨੁੱਖਾ ਜੀਵਨ ਬੜੀ ਦੁਰਲੱਭ ਵਸਤੂ ਹੈ। ਇਹ ਬੜੀ ਮਹਾਨ ਹੈ। ਇਹ ਵਾਹਿਗੁਰੂ ਦੀਆਂ ਅਨੋਖੀਆਂ ਰਚਨਾਵਾਂ ਵਿੱਚੋਂ ਇਕ ਬੜੀ ਹੀ ਖ਼ੂਬਸੂਰਤ ਕਿਰਤ ਹੈ। ਇਹ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ। ਇਸ ਦੀ ਪ੍ਰਾਪਤੀ ਹੀ ਆਪਣੇ-ਆਪ ਵਿੱਚ ਇਕ ਭਾਗਸ਼ਾਲੀ ਹੈ। ਇਹ ਬੜੀ ਅਜੀਬ ਗੱਲ ਹੈ ਕਿ ਬਹੁਤੇ ਮਨੁੱਖ ਇਸ ਜੀਵਨ ਨੂੰ ਜੀਵੀ ਭਰ ਜਾ ਰਹੇ ਹਨ। ਜੇ ਅਸੀਂ ਕਦੀ ਕੇਵਲ ਇਕ ਸਰਵੇਖਣ ਵਜੋਂ ਕੁਝ ਕੁ ਬੰਦਿਆਂ ਪਾਸੋਂ ਇਹ ਪੁੱਛੀਏ, ਕਿ ਉਨ੍ਹਾਂ ਦੇ ਜੀਵਨ ਦਾ ਮਕਸਦ ਕੀ ਹੈ? ਤਾਂ ਬਹੁਤੇ ਬੰਦੇ ਤਾਂ ਠਠੰਬਰ ਕੇ ਹੀ ਰਹਿ ਜਾਣਗੇ। ਜਿਵੇਂ ਉਹ ਕਹਿਣਾ ਚਾਹੁੰਦੇ ਹੋਣ ਕਿ ਇਹ ਵੀ ਕੋਈ ਸਵਾਲ ਹੋਇਆ? ਜੀਅ ਰਹੇ ਹਾਂ, ਜਦੋਂ ਬੱਸ ਜੀਅ ਰਹੇ ਹਾਂ। ਕੁਝ ਕੁ ਉੱਤਰ ਦੇਣਗੇ ਕਿ ਸਾਨੂੰ ਕੀ ਪਤਾ ਹੈ, ਉਸ ਦੇ ਹੁਕਮ ਨਾਲ ਆਏ ਹਾਂ। ਜਦੋਂ ਜ਼ਿੰਦਗੀ ਭੋਗੀ ਗਈ ਚਲੇ ਜਾਵਾਂਗੇ। ਇਸ ਉੱਤਰ ਵਿੱਚ ਅਕਾਲ ਪੁਰਖ ਦੇ ਹੁਕਮ ਜਾਂ ਆਗਿਆ ਵਿੱਚ ਰਹਿਣ ਵਾਲੀ ਗੱਲ ਵੀ ਸ਼ਾਇਦ ਸਾਰਿਆਂ ਨੂੰ ਪਤਾ ਨਾ ਹੋਵੇ। ਬੱਸ ਸਹਿਜ ਸੁਭਾਏ ਹੀ ਕਹਿ ਦਿੱਤਾ ਕਿ ਵਾਹਿਗੁਰੂ ਨੇ ਭੇਜਿਆ, ਅਸੀਂ ਆ ਗਏ। ਉਹ ਬੁਲਾਏਗਾ, ਤਾਂ ਅਸੀਂ ਚਲੇ ਜਾਵਾਂਗੇ। ਕੁਝ ਕੁ ਹੋਰਨਾਂ ਨੂੰ ਪੁੱਛਣ 'ਤੇ ਉੱਤਰ ਮਿਲੇਗਾ। ਠੀਕ ਹੈ ਜੀ, ਜਿਹੜੀ ਘੜੀ ਲੰਘ ਗਈ, ਵਾਹ ਭਲੀ। ਭਾਵ ਇਹ ਕਿ ਉਨ੍ਹਾਂ ਨੂੰ ਵੀ ਨਹੀਂ ਪਤਾ ਕਿ ਜੀਵਨ ਦਾ ਕੀ ਭਾਵ ਹੈ? ਮੈਂ ਬੜੀ ਝਿਜਕ ਭਰੀ ਪਰ ਦ੍ਰਿੜ੍ਹਤਾ ਸਹਿਤ ਕਹਿ ਸਕਦਾ ਹਾਂ ਕਿ ਸੱਚਮੁਚ ਸਾਡੇ ਵਿੱਚੋਂ ਬਹੁਤਿਆਂ ਨੂੰ ਇਸ ਜੀਵਨ ਦੇ ਵੱਡਮੁੱਲੇਪਨ ਦਾ ਪਤਾ ਹੀ ਨਹੀਂ, ਜਾਂ ਇੰਜ ਕਹੀਏ ਕਿ ਸਾਨੂੰ ਜੀਵਨ ਜੀਉਣ ਦੀ ਜਾਚ ਹੀ ਨਹੀਂ।

ਅਸੀਂ ਜੇ ਰਤਾ ਕੁ ਘੋਖ ਕੇ ਵੇਖੀਏ, ਤਾਂ ਇਹ ਗੱਲ ਸਪਸ਼ਟ ਹੋਵੇਗੀ ਕਿ ਜ਼ਿੰਦਗੀ ਕੁਝ-ਕੁ ਦਿਨਾਂ, ਮਹੀਨਿਆਂ ਜਾਂ ਵਰ੍ਹਿਆਂ ਲਈ ਵਾਹਿਗੁਰੂ ਦੀ ਦਿੱਤੀ ਹੋਈ ਇਕ ਅਮੋਲਕ ਦਾਤ ਹੈ। ਇਹ ਇੱਕ ਵਿਸ਼ੇਸ਼ ਸਮਾਂ ਹੈ। ਸਮਾਂ ਬੀਤ ਰਿਹਾ ਹੈ। ਜਿਹੜੀ ਘੜੀ ਜਾਂ ਪਲ ਅੱਜ ਲੰਘ ਗਿਆ ਹੈ, ਉਸ ਨੇ ਮੁੜ ਨਹੀਂ ਮਿਲਣਾ। ਗਿਆ ਵਕਤ ਹੱਥ ਨਹੀਂ ਆਉਣਾ। ਜੇ ਇਹ ਸਰੀਰ ਇਕ ਘਟ (ਘੜਾ) ਹੈ ਅਤੇ ਸਮਾਂ ਇਸ ਘੜੇ ਵਿੱਚ ਪਿਆ ਹੋਇਆ ਪਾਣੀ। ਤਾਂ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਇਸ ਘੜੇ ਵਿੱਚ ਅਦ੍ਰਿਸ਼ ਛੇਦ ਹੈ ਜਿਸ ਵਿੱਚੋਂ ਸਮਾਂ ਬੂੰਦ-ਬੂੰਦ ਕਰਕੇ ਵਗਦਾ ਜਾ ਰਿਹਾ ਹੈ। ਪੁਰਾਣੇ ਸਮੇਂ ਵਿੱਚ ਜਦੋਂ ਅੱਜ-ਕਲ੍ਹ ਵਰਗੀਆਂ

ਘੜੀਆਂ ਨਹੀਂ ਸਨ, ਤਾਂ ਸਮੇਂ ਨੂੰ ਨਾਪਣ ਦੀ ਵਿਧੀ ਇਸ ਤਰ੍ਹਾਂ ਨਾਲ ਹੀ ਬਣਾਈ ਗਈ ਸੀ। ਕਿਸੇ ਵਿਸ਼ੇਸ਼ ਨਾਪ ਦੀ ਘੜੀ ਵਿੱਚੋਂ ਜਿਤਨੇ ਸਮੇਂ ਵਿੱਚ ਟਿਪ-ਟਿਪ ਕਰਕੇ ਪਾਣੀ ਦੀ ਮਾਤਰਾ ਰਹਿ ਜਾਂਦੀ ਹੈ, ਉਹ ਇਕ ਘੰਟਾ ਜਾਂ ਸਮੇਂ ਦੀ ਇਕ ਇਕਾਈ ਬਣਾਇਆ ਗਿਆ। ਸਮਾਂ ਨਾਪਣ ਵਾਲੀ ਉਸ ਘੜੀ ਤੋਂ ਹੀ ਅਜੋਕੀ ਘੜੀ ਨੇ ਆਪਣਾ ਨਾਂ ਧਾਰਨ ਕੀਤਾ।

ਗੱਲ ਹੋ ਰਹੀ ਸੀ ਜੀਵਨ ਦੇ ਵਿੱਚ ਪ੍ਰਾਪਤ ਮਿੱਥੇ ਹੋਏ ਸਮੇਂ ਦੀ। ਇਹ ਸਭ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜੀਵਨ ਵਾਹਿਗੁਰੂ ਵੱਲੋਂ ਦਿੱਤੇ ਗਏ ਕੁਝ-ਕੁ ਗਿਣੇ-ਮਿਥੇ ਸਮੇਂ ਦਾ ਹੀ ਸਮੂਹ ਹੈ ਅਤੇ ਇਹ ਸਮਾਂ ਜਾ ਰਿਹਾ ਹੈ। ਦਿਨ ਚੜ੍ਹਿਆ, ਦੁਪਹਿਰ ਹੋਈ, ਸ਼ਾਮ ਢਲੀ, ਰਾਤ ਪਈ ਤੇ ਦਿਨ ਬੀਤ ਗਿਆ ਅਤੇ ਇਹ ਕਰਮ ਕੁਝ-ਕੁ ਵਰ੍ਹੇ ਜਾਂ ਇਕ ਖਾਸ ਸਮੇਂ ਲਈ ਚਲਦਾ-ਚਲਦਾ ਜਦੋਂ ਠਹਿਰ ਜਾਂਦਾ ਹੈ, ਤਾਂ ਉਦੋਂ ਇਕ ਜੀਵਨ ਦਾ ਅੰਤ ਹੋ ਚੁੱਕਾ ਹੁੰਦਾ ਹੈ।

ਅਸੀਂ ਦੇਖਿਆ ਹੈ ਕਿ ਬਹੁਤੇ ਮਨੁੱਖ ਬੇਧਿਆਨੇ ਜਿਹੇ ਜੀਵੀ ਜਾ ਰਹੇ ਹਨ। ਉਹ ਸਮੇਂ ਦੇ ਬੀਤਦੇ ਜਾਣ ਸਬੰਧੀ ਸੁਚੇਤ ਨਹੀਂ, ਬਿਲਕੁਲ ਅਚੇਤ ਹਨ। ਲਾਪਰਵਾਹ ਹਨ। ਉਨ੍ਹਾਂ ਨੂੰ ਚੇਤਨਾ ਤਾਂ ਭਾਵੇਂ ਹੋਵੇਗੀ ਪਰ ਸਮੇਂ ਦੇ ਇਸ ਤਰ੍ਹਾਂ ਅਛੋਪਲੇ ਜਿਹੇ ਬੀਤਣ ਦੀ ਚੇਤਨਾ ਸ਼ਾਇਦ ਸਾਨੂੰ ਹੁੰਦੀ ਹੀ ਨਹੀਂ। ਜੇ ਹੁੰਦੀ ਵੀ ਹੈ, ਤਾਂ ਉਦੋਂ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਜ਼ਿੰਦਗੀ ਦੀ ਉਸ ਅਵਸਥਾ ਵਿੱਚ ਹੀ ਮਨੁੱਖ ਦਾ ਅੰਦਰ ਖੁੱਸਦਾ ਹੈ, ਕਾਹਲਾ ਪੈਂਦਾ ਹੈ ਤੇ ਚਿੜਚਿੜਾ ਜਿਹਾ ਹੋ ਜਾਂਦਾ ਹੈ। ਜ਼ਿੰਦਗੀ ਅਚੇਤ ਹੀ ਚਲੀ ਗਈ। ਨਾ ਸੁਚੇਤ ਹੋਇਆ ਤੇ ਨਾ ਚੇਤਿਆ। ਜ਼ਿੰਦਗੀ ਦਾ ਮਕਸਦ ਕੀ ਹੈ? ਇਹ ਕਿਸੇ ਨੇ ਚੇਤਾਇਆ ਹੀ ਨਾ। ਕਦੀ ਕਦਾਈਂ ਕਿਧਰੇ ਇਹ ਗੱਲ ਚਿੱਤ ਵਿੱਚ ਆ ਵੀ ਜਾਏ, ਤਾਂ ਸ਼ਾਇਦ ਹੀ ਕਿਸੇ ਨੇ ਇਹ ਚੇਤਿਆ ਹੋਵੇ ਕਿ ਜ਼ਿੰਦਗੀ ਦਾ ਮਕਸਦ ਕੀ ਹੈ? ਜੀਵਨ ਜੀਊਣਾ ਕਿਵੇਂ ਹੈ? ਜੀਵਨ ਜਾਚ ਕੀ ਹੈ?

*ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥*
*ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥*

*(ਪੰਨਾ ੭੨੬)*

ਅਸੀਂ ਦੇਖਿਆ ਕਿ ਸਾਨੂੰ ਜੀਵਨ ਦੇ ਮਕਸਦ ਦਾ ਪਤਾ ਹੀ ਨਹੀਂ ਲੱਗਦਾ। ਅਸੀਂ ਇਥੇ ਆਏ ਕਿਉਂ ਸਾਂ? ਸਾਡਾ ਮੂਲ ਕੀ ਹੈ? ਤੇ ਵਿਆਹਜਣਾ ਕੀ ਹੈ? ਸਾਡਾ ਕੰਮ ਕੀ ਹੈ? ਕੋਈ ਪ੍ਰਮਾਤਮਾ ਦੇ ਦਰੋਂ ਵਰੋਸਾਈ ਜਾਂ ਬਖਸ਼ੀ ਹੋਈ ਰੂਹ ਹੀ ਇਹ ਜਾਣਦੀ ਹੋਏਗੀ ਕਿ ਅਸੀਂ ਕਾਹਦੇ ਲਈ ਇਥੇ ਆਏ ਹੋਏ ਹਾਂ।

ਜੇ ਕੋਈ ਬੰਦਾ ਘਰੋਂ ਕਿਸੇ ਕੰਮ ਲਈ ਦੂਜੇ ਸ਼ਹਿਰ ਜਾਏ ਤੇ ਉਥੇ ਜਾ ਕੇ ਭੁੱਲ ਜਾਏ ਕਿ ਮੈਂ ਇਥੇ ਕੀ ਕਰਨ ਆਇਆ ਹਾਂ। ਤਾਂ ਉਸ ਦੀ ਮਾਨਸਿਕ ਹਾਲਤ ਅਜੀਬ ਤਰ੍ਹਾਂ ਦੀ ਹੋਵੇਗੀ। ਉਹ ਕਿਸੇ ਰਾਹ ਜਾਂਦੇ ਬੰਦੇ ਨੂੰ ਰੋਕ ਕੇ ਇਹ ਪੁੱਛੇ ਕਿ ਦੱਸ ਭਾਈ! ਮੈਂ ਇਥੇ ਕਿਉਂ ਆਇਆ ਹਾਂ? ਤਦ ਉਹ ਬੰਦਾ ਜਾਂ ਤਾਂ ਉਸ ਨੂੰ ਝਿੜਕ ਦਏਗਾ ਜਾਂ ਫਿਰ ਨਿੰਮਾ ਜਿਹਾ ਮੁਸਕ੍ਰਾ ਕੇ ਉਸ ਦੇ ਕੋਲੋਂ ਪੱਲਾ ਛੁਡਾ

ਕੇ ਲੰਘ ਜਾਏਗਾ। ਜਿਸ ਤਰ੍ਹਾਂ ਉਸ ਨੇ ਇਹ ਸਮਝ ਲਿਆ ਹੋਵੇ ਕਿ ਪੁੱਛਣ ਵਾਲ਼ਾ ਕੋਈ ਮੂਰਖ ਹੀ ਹੈ ਜਾਂ ਉਸ ਦਾ ਦਿਮਾਗ਼ ਹੀ ਕੰਮ ਨਹੀਂ ਕਰ ਰਿਹਾ। ਦਰਅਸਲ ਸਾਨੂੰ ਆਪਣੇ ਜੀਵਨ ਦਾ ਮਕਸਦ ਪਤਾ ਹੀ ਨਹੀਂ ਤੇ ਜਿਹੜੇ ਇਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਨੂੰ ਪਤਾ ਹੈ, ਉਹ ਗਲਤ ਰਾਹ 'ਤੇ ਚਲ ਰਹੇ ਹਨ। ਉਸ ਰਾਹ 'ਤੇ ਜਿਹੜਾ ਮੰਜ਼ਿਲ ਤੱਕ ਲੈ ਕੇ ਹੀ ਨਹੀਂ ਜਾਂਦਾ। ਕੋਈ ਗੁਰੂ ਵਰਗਾ ਵੱਡਾ ਪੁਰਖ ਇਸ ਰਮਜ਼ ਨੂੰ ਜਾਣਦਾ ਹੋਵੇਗਾ ਕਿ ਅਸੀਂ ਇਥੇ ਕੀ ਕਰਨ ਆਏ ਹਾਂ ਅਤੇ ਵੱਡੇ ਭਾਗਾਂ ਨੂੰ ਉਸ ਦੀ ਦਇਆ-ਦ੍ਰਿਸ਼ਟੀ ਸਾਡੇ 'ਤੇ ਹੋ ਜਾਏ, ਤਾਂ ਫਿਰ, "ਭੂਲੇ ਕਉ ਗੁਰਿ ਮਾਰਗਿ ਪਾਇਆ॥" ਵਾਲੀ ਦਸ਼ਾ ਬਣ ਜਾਏਗੀ ਅਤੇ ਰਾਹ ਮਿਲ ਜਾਏਗਾ। ਜੀਵਨ ਸਕਾਰਥਾ ਹੋ ਜਾਏਗਾ। ਜੀਉਣ ਦੀ ਜਾਚ ਆ ਜਾਏਗੀ :

*ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ॥*
*ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ॥੨॥*

*(ਉਹੀ ਪੰਨਾ ੨੨੬)*

ਉਹ ਘੜੀ ਸੁਲੱਖਣੀ ਹੈ, ਜਦੋਂ ਗੁਰੂ ਦਾਤਾ ਪਥ-ਪਰਦਰਸ਼ਨ ਕਰੇ, ਬਾਂਹ ਫੜੇ ਤੇ ਰਾਹੇ ਪਾ ਦੇਵੇ। ਨਹੀਂ ਤਾਂ ਬਿਗਾਨੇ ਦੇਸ਼ ਗੁਆਚੇ ਹੋਏ ਬੇਮਕਸਦ ਮਨੁੱਖ ਵਰਗੀ ਹਾਲਤ ਸਾਰੀ ਜ਼ਿੰਦਗੀ ਭਰ ਬਣੀ ਰਹੇਗੀ ਅਤੇ ਅਚੇਤ ਪ੍ਰਾਣੀ ਦਾ ਅਚਨਚੇਤ ਅੰਤ ਹੋ ਜਾਏਗਾ।

ਬਹੁਤੇ ਮਨੁੱਖ ਇਸੇ ਢੱਰੇ ਉਤੇ ਪਾਗਲਾਂ ਵਾਂਗ, ਦੀਵਾਨਿਆਂ ਵਾਂਗ ਵਾਹੋ-ਦਾਹੀ ਭੱਜੇ ਚਲੇ ਜਾ ਰਹੇ ਹਨ। ਪ੍ਰਮਾਤਮਾ ਨੇ ਇਸ ਸੰਸਾਰ 'ਤੇ ਲਿਆਂਦਾ, ਜੀਵਨ ਬਖਸ਼ਿਆ ਤੇ ਇਸ ਜੀਵਨ ਦੀ ਵੱਡਮੁੱਲੀ ਦਾਤ ਦਿੱਤੀ। ਪਹਿਲੇ ਪੰਜ-ਸੱਤ ਵਰ੍ਹੇ ਪਾਲਣ-ਪੋਸਣ ਵਿੱਚ ਲੰਘ ਗਏ, ਉਦੋਂ ਤਾਂ ਅਜੇ ਹੋਸ਼ ਹੀ ਨਹੀਂ ਹੁੰਦੀ। ਹੋਸ਼ ਸੰਭਾਲੀ ਤਾਂ ਉੱਤਮ ਵਸਤੂ ਨੂੰ ਨਾ ਸੰਭਾਲ ਕੇ ਹੋਰ ਹੀ ਪਾਸੇ ਪੈ ਗਿਆ। ਫੇਰ ਅਠਾਰਾਂ ਵੀਹਾਂ ਵਰ੍ਹਿਆਂ ਦਾ ਜਵਾਨ ਹੋਇਆ। ਅੰਗ ਖੁੱਲ੍ਹੇ, ਰੰਗ ਨਿਖਰਿਆ, ਖ਼ੂਬਸੂਰਤ ਤੇ ਜਵਾਨ ਨਿਕਲਿਆ। ਰੋਜ਼ੀ ਲੱਗਾ, ਪੈਸੇ ਪੈਦਾ ਕੀਤੇ। ਫਿਰ ਪੈਸੇ ਇਕੱਠੇ ਕਰਨ ਲੱਗ ਪਿਆ। ਹੋਰ ਹੋਵੇ, ਹੋਰ ਹੋਵੇ। ਕੋਈ ਥੋੜ੍ਹ ਨਾ ਹੋਵੇ। ਤਾਂ ਜੋ ਖੁੱਲ੍ਹਾ ਖਰਚ ਕਰ ਸਕੇ। ਅੱਗੋਂ ਵਿਆਹ ਦਾ ਵੀ ਫਿਕਰ ਹੁੰਦਾ ਹੈ। ਫਿਰ ਇਕ ਸੁੰਦਰ ਜਾਂ ਸੁੰਦਰੀ ਦਾ ਸਾਥ ਬਣ ਗਿਆ। ਮੀਏਂ ਦਾ ਬੀਬੀ ਨਾਲ ਤੇ ਬੀਬੀ ਦੀ ਮੀਏਂ ਨਾਲ ਨੇਂਹ ਬਣ ਗਈ। ਇਸ ਨੇਂਹ ਤੋਂ ਬੱਚੇ ਪੈਦਾ ਹੋਏ ਫਿਰ ਆਪਣੇ ਨਾਲ-ਨਾਲ ਉਨ੍ਹਾਂ ਦੇ ਵੀ ਪਾਲਣ-ਪੋਸਣ ਵਿੱਚ ਰੁੱਝ ਗਿਆ। ਜ਼ਿੰਦਗੀ ਇਕ ਪਿੱਟੇ ਹੋਏ ਰਾਹ 'ਤੇ ਪੈ ਗਈ:

*ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ॥*
*ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ ਸਠੀ ਕੇ ਬੋਢੇਪਾ ਆਵੈ॥*

*(ਪੰਨਾ ੧੩੮)*

ਜਿਸ ਨੇਂਹ ਤੋਂ ਸ਼ਕਤੀ ਲੈਂਦਾ ਸੀ, ਉਸ ਦੀ ਹਾਲਤ "ਖਪਿ ਹੋਏ ਖਾਰੁ" ਵਰਗੀ ਹੋ ਗਈ। ਹੁਣ ਆਪਣੇ ਜੰਮੇ ਆਪਣੇ ਜਿੱਡੇ ਹੀ ਜਾਪਣ ਲੱਗ ਪਏ। ਸਾਰੀ ਸੋਚ ਤੇ ਕਿਰਤ ਉਨ੍ਹਾਂ ਦੇ ਦੁਆਲੇ ਹੀ ਕੇਂਦਰਿਤ ਹੋ ਗਈ। ਇਹ ਖਿਆਲ ਹੀ

ਕਦੀ ਨਾ ਉਪਜਿਆ ਕਿ ਇੱਥੇ ਆਇਆ ਕਿਹੜੇ ਕੰਮ ਸੀ? ਇਹ ਅਵਸਥਾ ਬੁਢਾਪੇ ਦੀ ਹੈ, ਬਹੁਤਿਆਂ ਨੂੰ ਤਾਂ ਰੋਗਾਂ ਨੇ ਆ ਗ੍ਰੱਸਿਆ। ਜੇ ਕੋਈ ਰੋਗ ਮੁਕਤ ਹੋਇਆ ਵੀ, ਤਾਂ ਉਸ ਨੂੰ ਭੋਗਾਂ ਨੇ ਭੋਗ ਲਿਆ। ਤਦ ਤੱਕ ਉਸ ਦੇ ਸਹੇੜੇ ਹੋਏ ਕੰਮ ਨਾ ਮੁੱਕੇ ਤੇ ਜ਼ਿੰਦਗੀ ਦਾ ਭੋਗ ਪੈ ਗਿਆ। ਜੇ ਇਸ ਪੜਾਅ ਨੂੰ ਪਾਰ ਕਰ ਕੇ ਸਮੇਂ ਦਾ ਝਟਕਾ ਸਹਿ ਗਏ, ਉਹ ਹੁਣ ਆਪਣੇ ਦੁਆਰਾ ਹੀ ਵੱਡੇ ਕੀਤੇ ਹੋਇਆਂ ਮੁਤਾਬਿਕ ਸੱਤਰੇ ਬਹੱਤਰੇ ਗਏ ਹਨ। ਆਪਣੇ ਜੰਮਿਆਂ ਤੇ ਸਹੇੜਿਆਂ ਨੇ ਉਸੇ ਤਰ੍ਹਾਂ ਦਾ ਗੇੜ ਆਪਣੇ ਦੁਆਲੇ ਸਹੇੜ ਲਿਆ। ਜਿਹੜੇ ਕੁਝ ਸੁਭਾਅ ਦੇ ਚੰਗੇ ਸਨ, ਉਹ ਕਹਿੰਦੇ, "ਬਾਬਾ ਜੀ ਹੁਣ ਆਰਾਮ ਕਰੋ। ਤੁਸੀਂ ਬੜੀ ਮਿਹਨਤ ਕੀਤੀ ਹੈ। ਬੜਾ ਘੱਟਾ ਫੱਕਿਆ ਹੈ। ਕੰਮਾਂ ਦਾ ਕੀ ਹੈ। ਇਹ ਆਪੇ ਹੁੰਦੇ ਰਹਿਣਗੇ। ਤੁਸੀਂ ਕੋਈ ਫਿਕਰ ਨਾ ਕਰੋ। ਤੁਸੀਂ ਆਰਾਮ ਕਰੋ" ਤੇ ਜਿਹੜੇ ਬੱਚੇ ਹੁਣ ਖੁਦ ਜਵਾਨ ਹੋ ਗਏ ਹੁੰਦੇ ਹਨ ਤੇ ਨਾਲੇ ਆਪ-ਹੁਦਰੇ ਹੁੰਦੇ ਹਨ, ਉਹ ਨਿਰਾ ਹੱਥੀਂ ਹੀ ਨਹੀਂ ਪੈਂਦੇ, ਸਗੋਂ ਜੋ ਕੁਝ ਹੱਥ ਵਿਚ ਹੋਵੇ, ਉਸ ਨੂੰ ਵੀ ਹੱਥੋ-ਹੱਥੀ ਖੋਹਣ ਨੂੰ ਪੈਂਦੇ ਹਨ ਅਤੇ ਬਾਬਾ ਜੀ ਅਜੋਕੇ ਯੁੱਗ ਦੀ ਨਵੀਂ ਕਾਢ 'ਬਿਰਧ ਆਸ਼ਰਮ' ਦਾ ਆਸਰਾ ਲੈਂਦੇ ਹਨ ਅਤੇ ਓਹੀ ਉਨ੍ਹਾਂ ਦਾ ਆਸ਼ਰਮ ਬਣ ਜਾਂਦਾ ਹੈ। ਸੌ ਸਾਲ ਦਾ ਪਟਾ ਤਾਂ ਕੋਈ ਲਿਖਵਾ ਕੇ ਨਹੀਂ ਆਇਆ ਹੁੰਦਾ, ਜਿੱਥੇ ਕੁ ਵੀ ਉਸ ਰੱਬ ਦੇ ਅਚਿੰਤੇ ਬਾਜ਼ ਪਏ ਉਥੇ ਹੀ ਖੇਡ ਖਤਮ ਹੋ ਜਾਂਦੀ ਹੈ :

*ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ॥*
*ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ॥*
*ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ॥੩॥*

*(ਪੰਨਾ ੧੩੮)*

ਜੇ ਕਿਸੇ ਨੇ ਸੱਤਰਾਂ ਅੱਸੀਆਂ ਦੀ ਉਮਰ ਵਿੱਚ ਵੀ ਆਪਣਾ ਦਬਦਬਾ ਕਿਸੇ ਕਾਰਨ ਬਣਾਇਆ ਹੋਇਆ ਹੈ। ਭਾਵ ਉਸ ਦੇ ਕਾਰਜ ਕਲਾਪ ਘਰ ਦੇ ਅੰਦਰ ਹੀ ਸੀਮਤ ਜਿਹੇ ਹੋ ਕੇ ਰਹਿ ਜਾਂਦੇ ਹਨ। ਜਿਨ੍ਹਾਂ ਨਿੱਕੀਆਂ-ਨਿੱਕੀਆਂ ਜੰਘਾਂ (ਲੱਤਾਂ) ਦੇ ਨਾਲ ਪੱਧਰੀ ਧਰਤੀ ਤੇ ਪਹਾੜੀ ਇਲਾਕੇ ਭਉਂਦਾ ਰਿਹਾ ਸੀ, ਅੱਜ ਉਸ ਦੇ ਹੱਥ ਦੀ ਦੂਰੀ 'ਤੇ ਪਿਆ ਹੋਇਆ ਕੁੱਜਾ ਵੀ ਉਹਨੂੰ ਸੌ ਕੋਹਾਂ ਦੀ ਵਿੱਥ 'ਤੇ ਪਿਆ ਜਾਪਦਾ ਹੈ। ਪਾਤਸ਼ਾਹ ਫ਼ੁਰਮਾਉਂਦੇ ਹਨ ਕਿ ਇਹ ਨੱਸਦਾ-ਭੱਜਦਾ, ਉਡਦਾ-ਫਿਰਦਾ ਮਨੁੱਖ ਜੋ ਥੱਲਾਂ ਤੇ ਪਹਾੜ ਗਾਹੁੰਦਾ ਪਿਆ ਸੀ, ਅੱਜ ਇਹ ਧੂੰਏਂ ਦੇ ਪਹਾੜ ਰੂਪੀ ਜਗ ਵਿੱਚ ਹੀ ਗੁਆਚ ਕੇ ਰਹਿ ਗਿਆ। ਜ਼ਿੰਦਗੀ ਮੁੱਕ ਗਈ, ਹਾਸਲ ਕੁਝ ਵੀ ਨਾ ਹੋਇਆ।

ਗੁਰੂ ਸੂਰਮਾ ਜਿਸ ਨੇ ਜੀਵਨ-ਜੁਗਤ ਪਛਾਣੀ ਹੈ ਅਤੇ ਜੀਵਨ-ਜਾਚ ਦੱਸੀ ਹੈ, ਉਹ ਗੁਰ ਮਿਲੇ ਤਾਂ ਤੇ ਕੋਈ ਸੰਭਾਵਨਾ ਹੈ ਕਿ ਜੀਵਨ ਦੇ ਮਕਸਦ ਦਾ ਕੁਝ ਗਿਆਨ ਹੋਵੇ ਤੇ ਇਹ ਪਤਾ ਲੱਗ ਸਕੇ ਕਿ ਮਨੁੱਖ ਜਿਹੜਾ ਲਾਹਾ ਲੈਣ ਵਾਸਤੇ ਇਥੇ ਆਇਆ ਸੀ, ਉਸ ਸਬੰਧੀ ਕੋਈ ਉਦਮ ਕੀਤਾ ਹੈ? ਉਹ ਧਨ ਸੰਚਿਆ ਹੈ। "ਆਗੇ ਕਉ ਕਿਛੁ ਤੁਲਹਾ" ਬੰਨ੍ਹਿਆ ਹੈ। ਕੀ ਕੋਈ ਰਹਰਾਸਿ ਰਸਤੇ ਦੇ ਖ਼ਰਚ

ਵਜੋਂ ਇਕੱਠੀ ਕੀਤੀ ਹੈ ਜਾਂ ਫਿਰ ਕੱਚਾ ਧਨ ਸੰਚਿਤ ਕਰ-ਕਰ ਕੇ ਅਸਲੇ ਤੋਂ ਵੰਚਿਤ ਹੋਇਆ ਖਾਲੀ ਨਿਖਾਖਰਾਂ ਤੇ ਭੁੱਖਾ ਹੀ ਜਾ ਰਿਹਾ ਹੈ ਕਿਉਂਕਿ ਜਿਹੜਾ ਧਨ ਉਸ ਨੇ ਇਕੱਠਾ ਕੀਤਾ, ਉਹ ਤਾਂ ਨਾਲ ਜਾਣਾ ਨਹੀਂ ਅੱਗੋਂ ਪੈਂਡਾ ਅੰਧ ਗੁਬਾਰ ਵਾਲਾ ਹੈ। ਮੌਤ ਦੇ ਪਿੱਛੇ ਰਹਿ ਗਏ ਸੰਬੰਧੀਆਂ ਦੇ ਦੁਆਰਾ ਕੀਤੇ ਗਏ ਉਪਰਾਲੇ ਪਿੰਡ-ਪੱਤਲ, ਦੀਵਾ-ਬੱਤੀ ਆਦਿ ਤਾਂ ਕੰਮ ਆਉਣੇ ਨਹੀਂ। ਫਿਰ ਤਾਂ ਸਮਝੀਏ ਕਿ ਜੀਵਨ ਕਉਡੀ ਬਦਲੇ ਹੀ ਗਿਆ। ਗੁਰੂ-ਪਿਤਾ ਚਿਤਾਵਨੀ ਦਿੰਦਿਆਂ ਕਹਿੰਦੇ ਹਨ। ਭਾਈ ਤੂੰ ਲਾਹਾ ਤਾਂ ਖੱਟਿਆ ਨਹੀਂ। ਐਵੇਂ ਕੁਫੱਕੜੇ ਹੀ ਲੱਗਿਆ ਰਿਹਾ। ਜ਼ਿੰਦਗੀ ਮੁੱਕ ਗਈ ਜਿਉਂਦਾ ਤਾਂ ਰਿਹਾ ਪਰ ਜੀਉਣਾ ਨਾ ਆਇਆ। ਕਦੀ ਇਹ ਸੋਚਿਆ ਹੀ ਨਹੀਂ ਕਿੱਥੋਂ ਆਇਆ ਕਿੱਥੇ ਜਾਣਾ ਹੈ ਅਤੇ ਇਸ ਪੜਾਅ 'ਤੇ ਅਟਕ ਕੇ ਕੀ ਕਰਨਾ ਸੀ। ਮਾਤਾ-ਪਿਤਾ ਦੇ ਮਿਲਾਪ ਨਾਲ ਇਕ ਅੱਗ ਦੀ ਚਿਣਗ ਗਰਭ ਦੇ ਪਾਣੀ ਵਿੱਚ ਪਲਦੀ ਰਹੀ। ਜਲਦੀ ਰਹੀ 'ਜਲ ਕੀ ਭੀਤਿ ਪਵਨ ਕਾ ਥੰਭਾ' ਉਸਰ ਕੇ ਮਨੁੱਖੀ ਰੂਪ ਧਾਰ ਦੁਨੀਆਂ ਵਿੱਚ ਆ ਗਏ। ਗਰਭ ਵਿੱਚ ਸੀ, ਤਾਂ ਕੁਹਥੜੇ ਥਾਂ ਵਸਦਾ ਸੀ, ਤਾਂ ਨਿਮਰਤਾ ਵਿੱਚ ਸੀ। ਦਾਤੇ ਨੇ ਨੇਰ੍ਹੇ ਵਿੱਚੋਂ ਕੱਢ ਕੇ ਪ੍ਰਕਾਸ਼ ਵਿੱਚ ਲਿਆਂਦਾ। ਗਰਭ ਵਿੱਚੋਂ ਤਾਂ ਨਿਕਲ ਆਇਆ ਪਰ ਹੁਣ ਗਰਬ ਵਿੱਚ ਹੀ ਰਹਿੰਦਾ ਹੈ। ਇਤਨਾ ਗਰਬ ਹੈ ਇਤਨਾ ਹੰਕਾਰ ਹੈ। ਜਿਹੜਾ ਸੀਮਾ ਰਹਿਤ ਆਕਾਸ਼ ਵਿੱਚ ਨਹੀਂ ਮਿਉਂਦਾ। ਕਿਸੇ ਨੂੰ ਮਿੱਥਦਾ ਹੀ ਨਹੀਂ। ਮਾਂ-ਬਾਪ, ਭਾਈ, ਦੋਸਤ, ਸੰਬੰਧੀ ਤੇ ਰਿਸ਼ਤੇਦਾਰਾਂ ਦਾ ਕੇਂਦਰ ਬਣਿਆ ਫਿਰਦਾ। ਕੇਵਲ ਉਨ੍ਹਾਂ ਦਾ ਹੀ ਨਹੀਂ, ਸਗੋਂ ਸਾਰੇ ਸੰਸਾਰ ਤੇ ਸਾਰੀ ਉਤਪਤੀ ਦਾ ਕੇਂਦਰ ਆਪਣੇ ਆਪ ਨੂੰ ਸਮਝਦਾ ਹੈ:

*ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ॥*
*ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ॥੧॥*
*ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ॥*
*ਕਹੇ ਨ ਜਾਨੀ ਅਉਗਣ ਮੇਰੇ॥* *(ਪੰਨਾ ੧੫੬)*

ਮਨੁੱਖ ਵਾਹਿਗੁਰੂ ਹੀ ਵਿਸ਼ਾਲਤਾ ਨੂੰ ਦੇਖੇ ਤਾਂ ਹੀ ਆਪਣੀ ਸੀਮਤ ਜਿਹੀ ਸੰਕੀਰਣ ਸ਼ਕਤੀ ਦਾ ਪਤਾ ਲੱਗੇ। ਉਸ ਦੇ ਗੁਣ ਗਾਏ ਤਾਂ ਹੀ ਆਪਣੀ ਮੈਲ ਜਾਏ। ਉਸ ਦੀ ਵਡਿਆਈ ਦਾ ਪ੍ਰਕਾਸ਼ ਹੋਵੇ ਤਾਂ ਹੀ ਤਾਂ ਆਪਣੇ ਛੋਟੇਪਨ ਦਾ ਅਹਿਸਾਸ ਹੋਵੇ। ਉਸ ਵਾਹਿਗੁਰੂ ਦੇ ਗੁਣ ਗਿਣੇ, ਤਾਂ ਹੀ ਤਾਂ ਆਪਣੇ ਛੋਟੇਪਨ ਨੂੰ ਮਿਣੇ। ਇਹ ਤਾਂ ਅਹੰਕਾਰ ਦਾ ਅੰਨ੍ਹਾਂ ਕੀਤਾ ਹੋਇਆ ਕਿਸੇ ਨੂੰ ਕੁਝ ਮਿੱਥਦਾ ਹੀ ਨਹੀਂ! ਆਪਣੇ ਦੁਆਰਾ ਇਕੱਠੀਆਂ ਕੀਤੀਆਂ ਹੋਈਆਂ ਵਸਤਾਂ ਤੇ ਆਪਣੇ ਆਪ ਤੋਂ ਉੱਚਾ ਉਠਦਾ ਹੀ ਨਹੀਂ। ਮਨ ਦੀ ਅਵਸਥਾ ਜੇ ਇਹੋ ਜਿਹੀ ਬਣੇ ਤੇ ਅਕਾਲ ਪੁਰਖ ਦੀ ਮਹਾਨਤਾ ਦਾ ਦੀਦਾਰ ਕਰੇ।

ਕਰਤੇ ਦੀਆਂ ਬੇਅੰਤ ਕਿਰਤਾਂ ਹਨ। ਕਿਤਨੇ ਹੀ ਰੁੱਖ, ਬਿਰਖ, ਜੀਵ-ਜੰਤ, ਭੂਇੰ ਦੇ ਅੰਦਰ ਰਹਿਣ ਵਾਲੇ ਕਿਰਮ, ਕੀੜੇ ਤੇ ਨਾਗ ਧਰਤੀ 'ਤੇ ਵਿਚਰਨ ਵਾਲੇ ਅਣਗਿਣਤ ਪ੍ਰਕਾਰ ਦੇ ਪਸ਼ੂ ਪਾਣੀ ਅੰਦਰ ਵਸਦੀਆਂ ਭਿੰਨ-ਭਿੰਨ ਪ੍ਰਕਾਰ ਦੀਆਂ

ਜਲਚਰਾਂ ਦੀਆ ਜਾਤੀਆਂ, ਡੱਡੂ, ਮੱਛੀਆਂ, ਸਿੱਪੀਆਂ, ਘੋਗੇ ਆਦਿ। ਅਕਾਸ਼ ਵਿੱਚ ਉਡਣ ਵਾਲੇ ਰੰਗ ਬਿਰੰਗੇ ਪੰਛੀ, ਮਨੁੱਖ ਇਸ ਸਾਰੇ ਪਾਸਾਰੇ ਵਿੱਚੋਂ ਵਾਹਿਗੁਰੂ ਨਾ ਵੇਖ ਕੇ ਕੇਵਲ ਧਨ ਇਕੱਠਾ ਕਰੀ ਜਾ ਰਿਹਾ ਹੈ। ਉਹ ਸਮਝਦਾ ਹੈ ਕਿ ਮੈਨੂੰ ਕੋਈ ਨਹੀਂ ਦੇਖ ਰਿਹਾ ਪਰ ਵਾਹਿਗੁਰੂ ਤੋਂ ਤਾਂ ਕੁਝ ਛੁਪਾਇਆ ਨਹੀਂ ਜਾ ਸਕਦਾ। ਗੁਰੂ ਪਾਤਸ਼ਾਹ ਕਹਿੰਦੇ ਹਨ, ਮੈਂ ਸਭ ਕੁਝ ਆਪ ਭ੍ਰਮਣ ਕਰ ਕੇ ਵੇਖਿਆ ਹੈ। ਜੋ ਜੋਤਿ ਅੰਦਰ ਬਿਰਾਜ ਰਹੀ ਹੈ, ਉਹ ਸੱਭੋ ਕੁਝ ਭਲੀ ਪ੍ਰਕਾਰ ਵੇਖਦੀ ਤੇ ਭਲੀ ਪ੍ਰਕਾਰ ਤੋਲਦੀ ਹੈ। ਉਸ ਤੋਂ ਕੁਝ ਛੁਪਿਆ ਨਹੀਂ। ਬੰਦਾ ਭਾਵੇਂ ਉਹਦੇ ਉਤੇ ਪੜਦੇ ਪਾਈ ਜਾਂਦਾ ਹੈ। ਵਾਹਿਗੁਰੂ ਨੇ ਇਸ ਮਨੁੱਖ ਨੂੰ ਸਰਵ-ਸ੍ਰੇਸ਼ਟ ਬੁੱਧੀ ਦਿੱਤੀ ਹੈ ਜੋ ਇਸ ਨੇ ਪੁੱਠੇ ਪਾਸੇ ਲਾ ਕੇ ਚਤੁਰਾਈਆਂ ਤੇ ਚਲਾਕੀਆਂ ਨਾਲ ਆਪਣਾ ਹੀ ਹਾਨ ਕਰਨ ਵਿਚ ਵੰਝਾਅ ਦਿੱਤੀ ਹੈ। ਜੀਵਨ-ਜਾਚ ਨਹੀਂ ਆਈ ਤੇ ਨਾ ਹੀ ਜੀਵਨ ਦਾ ਮੁੱਲ ਪਛਾਣਿਆ। ਉਹ ਮਿਹਰ ਹੀ ਜੀਵਨ-ਜਾਚ ਹੈ।

ਇਸ ਜੀਵਨ ਦਾ ਹੱਜ ਉਦੋਂ ਹੀ ਹੈ ਜਦੋਂ ਜੀਵਨ ਦਾ ਚੱਜ ਆਵੇ। ਅਸੀਂ ਖਲਾਰ ਪਸਾਰ ਤਾਂ ਬੜਾ ਬਣਾ ਲੈਂਦੇ ਹਾਂ ਪਰ ਚੱਜ ਆਚਾਰ ਘੱਟ ਹੀ ਬਣਦਾ ਹੈ। ਜਿਸ ਨਾਲ ਬੇਲੋੜੀਆਂ ਤੇ ਬਿਰਥੀਆਂ ਦਿਸ਼ਾਵਾਂ ਵੱਲ ਜ਼ੋਰ ਵਧੇਰੇ ਲੱਗਦਾ ਹੈ। ਉਪਲੱਬਧੀ ਕੋਈ ਨਹੀਂ ਹੁੰਦੀ। ਬੱਸ ਇਕ ਖੇਡ ਜਿਹੀ ਬਣੀ ਹੋਈ ਹੈ। ਪੂਰੀ ਜ਼ਿੰਦਗੀ ਖਰਚ ਕੀਤੀ। ਧਨ ਤੇ ਵਸਤਾਂ ਇਕੱਠੀਆਂ ਕੀਤੀਆਂ ਪਰ ਚੱਜ ਨਾਲ ਵਰਤਿਆ ਤੇ ਖਰੀਦਿਆ ਕੁਝ ਨਾ ਗਿਆ। ਫ਼ਾਲਤੂ ਵਸਤਾਂ ਦਾ ਇਕੱਠ ਤੇ ਬਹੁਲਤਾ, ਇਕੱਤਰ ਕੀਤੀਆਂ ਦਾਤਾਂ, ਦਾਤੇ ਤੋਂ ਹੀ ਦੂਰ ਕਰ ਦਿੰਦੀਆਂ ਹਨ ਜਾਂ ਫਿਰ ਉਨ੍ਹਾਂ ਦੇ ਕਬਜ਼ੇ ਵਿਚ ਹੋਣ ਨਾਲ ਮਨੁੱਖ ਹਉਮੈ ਦਾ ਮਾਰਿਆ ਹੋਇਆ ਉਨ੍ਹਾਂ ਦਾ ਹੀ ਦਾਸ ਬਣ ਜਾਂਦਾ ਹੈ। ਇਸੇ ਲਈ ਗੁਰਬਾਣੀ ਹੁਕਮ ਕਰਦੀ ਹੈ ਕਿ ਮਨੁੱਖ ਹਉਮੈ ਦੇ ਕਾਰਨ ਹੀ ਵਾਹਿਗੁਰੂ ਤੋਂ ਦੂਰ ਹੁੰਦਾ ਹੈ ਅਤੇ ਇਸ ਕਾਰਨ ਹੀ ਆਪਣੇ ਅਸਲੇ ਤੋਂ ਦੂਰ। ਗੁਰੂ ਨਾਨਕ ਦੇਵ ਜੀ ਨਿਮਰਤਾ ਦੇ ਪਵਿੱਤਰ ਮੁਕਾਮ ਤੋਂ ਵਾਹਿਗੁਰੂ ਅੱਗੇ ਬੇਨਤੀ ਕਰਦੇ ਹੋਏ ਮਨੁੱਖੀ ਜੀਵਨ ਨੂੰ ਪ੍ਰਕਾਸ਼ ਦਿੰਦੇ ਹਨ। ਦਰਅਸਲ ਉਸ ਦੀ ਅਸਲੀਅਤ ਕੀ ਹੈ? ਸਮੁੰਦਰ ਅੰਦਰ ਅਥਾਹ ਨੀਰ ਹੈ ਤੇ ਮਨੁੱਖ ਅੰਦਰ ਇਤਨੇ ਔਗੁਣ ਹਨ। ਵਾਹਿਗੁਰੂ ਦਇਆ ਕਰੇ ਤਾਂ ਅਸੀਂ ਡੁੱਬਦੇ ਪੱਥਰ ਤਰ ਸਕਦੇ ਹਾਂ :

*ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ॥*
*ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ॥ ੫॥*

*(ਪੰਨਾ ੧੫੬)*

ਸਾਡੇ ਔਗੁਣਾਂ ਦਾ ਅੰਤ ਨਹੀਂ, ਇਹ ਬੇਅੰਤ ਅਤੇ ਅਥਾਹ ਹਨ। ਵਾਹਿਗੁਰੂ ਦੀ ਦਇਆ ਤੇ ਕਿਰਪਾ ਦਾ ਕੋਈ ਅੰਤ ਨਹੀਂ, ਉਹ ਅਥਾਹ ਤੇ ਅਪਰੰਪਾਰ ਹੈ। ਬੱਸ ਇਸੇ ਹੀ ਗੱਲ ਨੂੰ ਸਹੀ ਤੌਰ 'ਤੇ ਭਲੀ ਪ੍ਰਕਾਰ ਸਮਝ ਲਿਆ ਜਾਏ, ਤਾਂ ਜੀਵਨ ਸਿੱਧੇ ਰਾਹ ਉੱਤੇ ਪੈ ਤੁਰੇਗਾ। ਉਸ ਦੀਆਂ ਦਿੱਤੀਆਂ ਦਾਤਾਂ ਤੇ ਬਖਸ਼ੀਆਂ ਨਿਹਮਤਾਂ ਤੇ ਵਰਤਣਾ ਮਨ੍ਹਾਂ ਨਹੀਂ ਹਨ। ਉਸ ਵਿੱਚ ਕੋਈ ਬੁਰਿਆਈ ਨਹੀਂ ਪਰ

ਜਦੋਂ ਅਸੀਂ ਦੇਣਹਾਰ ਪ੍ਰਭੂ ਨੂੰ ਛੱਡ ਕੇ ਅੱਖਾਂ ਮੀਟ ਕੇ ਦੂਜੇ ਪਾਸੇ ਲੱਗ ਪੈਂਦੇ ਹਾਂ, ਤਾਂ ਜੀਵਨ ਦਾ ਮਕਸਦ ਹੀ ਝੂਠਾ ਪੈ ਜਾਂਦਾ ਹੈ ਤੇ ਝੂਠਾ ਭਾਵੇਂ ਕਿਤਨੀ ਧਨ ਦੌਲਤ ਇਕੱਠੀ ਕਰ ਲਵੇ, ਬੇਸ਼ੁਮਾਰ ਤਾਕਤ ਦਾ ਮਾਲਕ ਬਣ ਜਾਵੇ, ਤਾਂ ਵੀ ਉਸ ਦੀ ਇੱਜ਼ਤ ਨਹੀਂ ਹੋਵੇਗੀ। ਪੱਤ ਤਾਂ ਹੀ ਪਏਗੀ, ਜੇ ਉਹ ਕੁਪੱਤ ਛੱਡ ਕੇ ਪਤੀ-ਪ੍ਰਮਾਤਮਾ ਨੂੰ ਪਹਿਚਾਨਣ ਦਾ ਉਪਰਾਲਾ ਕਰੇ।

ਸਾਰੇ ਬ੍ਰਹਿਮੰਡ ਵਿੱਚ ਧਰਤੀ ਦੀ ਹੋਂਦ ਕੇਵਲ ਇੱਕ ਰੇਤ ਦੇ ਜ਼ੱਰੇ ਬਰਾਬਰ ਹੈ। ਉਸ ਦੇ ਅੰਦਰ ਇਸ ਮਨੁੱਖ ਦੀ ਕੀ ਔਕਾਤ ਹੈ। ਇਸ ਦੀ ਥੋੜ੍ਹੀ ਜਿਹੀ ਤਾਂ ਬਾਤ ਹੈ। ਫਿਰ ਵੀ ਇਹ ਆਕੜਿਆ-ਆਕੜਿਆ ਫਿਰਦਾ ਹੈ। ਜਦੋਂ ਇਹ ਨਿਮਰਤਾ ਵਿਚ ਆਏਗਾ, ਤਾਂ ਹੀ ਆਪਣੀ ਅਸਲੀਅਤ ਤੇ ਹੋਂਦ ਨੂੰ ਪਹਿਚਾਣ ਸਕੇਗਾ। ਅਜਿਹੀ ਹਾਲਤ ਵਿਚ ਇਹ ਸਾਰੀ ਮੁੱਖ ਸੰਪਦਾ ਇਸ ਦੀ ਮੱਦਦਗਾਰ ਬਣ ਜਾਏਗੀ। ਇਸ ਨੂੰ ਉਹ ਲੋੜਵੰਦਾਂ ਵਿਚ ਵੰਡ ਕੇ ਧਰਮ-ਖੰਡ ਤੇ ਗਿਆਨ-ਖੰਡ ਤੋਂ ਹੁੰਦਾ ਹੋਇਆ ਸਹਿਜੇ ਹੀ ਸੱਚ-ਖੰਡ ਤੱਕ ਪੁੱਜ ਸਕਦਾ ਹੈ। ਬਹੁਤੇ ਮਨੁੱਖ ਖਾਣ-ਪੀਣ ਤੇ ਹੱਸਣ-ਖੇਡਣ ਤੱਕ ਹੀ ਜ਼ਿੰਦਗੀ ਵਿੱਚ ਰੁੱਝੇ ਪਏ ਹਨ। ਇਸ ਤੋਂ ਇਲਾਵਾ ਉਨ੍ਹਾਂ ਨੂੰ ਨਾ ਕੁਝ ਨਜ਼ਰ ਆਉਂਦਾ ਹੈ ਤੇ ਨਾ ਹੀ ਸਮਝ। ਖਸਮ ਦੇ ਵਿਸਰ ਜਾਣ ਨਾਲ ਇਹ ਆਪਣੀ ਖੁਆਰੀ ਆਪ ਕਰਦਾ ਹੈ। ਮੌਤ ਇਸ ਨੇ ਵਿਸਾਰੀ ਹੋਈ ਹੈ। ਕਰਤਾ ਇਸ ਨੇ ਭੁਲਾਇਆ ਹੋਇਆ ਹੈ :

*ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ॥*
*ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ॥੧॥*
*ਪ੍ਰਾਣੀ ਏਕੋ ਨਾਮੁ ਧਿਆਵਹੁ॥*
*ਅਪਨੀ ਪਤਿ ਸੇਤੀ ਘਰਿ ਜਾਵਹੁ॥੧॥ ਰਹਾਉ॥*

*(ਪੰਨਾ ੧੨੫੪)*

ਜਿਨ੍ਹਾਂ ਗੁਰਮੁਖਾਂ 'ਤੇ ਕਰਤਾ ਮਿਹਰਬਾਨ ਹੈ, ਉਨ੍ਹਾਂ ਨੂੰ ਖਾਣ-ਪੀਣ, ਹੱਸਣ-ਖੇਡਣ ਦੀ ਕੋਈ ਰੋਕ-ਟੋਕ ਨਹੀਂ ਹੈ। ਉਹ ਸਮੇਂ ਅਨੁਸਾਰ ਸਰੀਰ ਥੱਕਣ ਮਗਰੋਂ ਆਰਾਮ ਵੀ ਕਰਦੇ ਹਨ ਤੇ ਸੌਂਦੇ ਵੀ ਹਨ। ਬੱਸ, ਫਰਕ ਕੇਵਲ ਇਤਨਾ ਹੈ ਕਿ ਉਨ੍ਹਾਂ ਨੇ ਮਰਨਾ ਨਹੀਂ ਵਿਸਾਰਿਆ। ਜਿਨ੍ਹਾਂ ਨੇ ਕਾਲ ਨਹੀਂ ਵਿਸਾਰਿਆ ਉਨ੍ਹਾਂ ਨੂੰ ਕਾਲ ਵੀ ਨਹੀਂ ਵਿਸਾਰਦਾ। ਉਹ ਦੁਨੀਆਂ ਵਿਚ ਹੀ ਰਹਿੰਦੇ ਹਨ। ਸਾਰੇ ਸੁਖ ਭੋਗਦੇ ਹਨ ਪਰ ਉਨ੍ਹਾਂ ਦਾ ਧਿਆਨ ਵਾਹਿਗੁਰੂ ਵੱਲ ਲੱਗਾ ਹੁੰਦਾ ਹੈ। ਇਹ ਧਿਆਨ ਦਾ ਲੱਗੇ ਹੋਣਾ ਹੀ, ਧਿਆਉਣਾ ਹੈ। ਗੁਰਮੁਖ ਅਣਗਹਿਲੀ ਵਿੱਚ ਜੀਵਨ-ਪੰਧ ਨਹੀਂ ਕੱਟਦਾ। ਉਸ ਦੇ ਧਿਆਨ ਵਿਚ ਅੰਤਲੀ ਮੰਜ਼ਿਲ ਜੀਵੰਤ ਰੂਪ ਵਿਚ ਹੁੰਦੀ ਹੈ ਅਤੇ ਉਹ ਉਸ ਮੰਜ਼ਿਲ ਉੱਤੇ ਸਤਿਕਾਰ ਸਹਿਤ ਪੁੱਜਦਾ ਹੈ।

ਸੌਣ ਬਾਰੇ ਗੁਰਬਾਣੀ ਨੇ ਬਹੁਤ ਪਵਿੱਤਰ ਥਾਵਾਂ 'ਤੇ ਵਿਸਥਾਰ ਨਾਲ ਬਿਆਨ ਕੀਤਾ ਹੈ। ਸਰੀਰ ਕਰ ਕੇ ਸੌਣਾ ਸਰੀਰ ਦੀ ਜ਼ਰੂਰਤ ਹੈ। ਰਾਤ ਪੈਂਦੀ ਹੈ, ਗੁਰਮੁਖ ਸੱਜਣ ਵੀ ਆਰਾਮ ਕਰਦੇ ਹਨ। ਮਨਮੁਖ ਦਾ ਅੰਤਰ ਇਹ ਹੈ ਕਿ ਉਸ ਨੇ ਆਪਣੇ ਦੁਆਲੇ ਭਰਮ-ਅਗਿਆਨ ਅਤੇ ਮਾਇਆ-ਮੋਹ ਦਾ ਹਨੇਰਾ ਪਾਇਆ ਹੋਇਆ ਹੈ।

ਜਿਸ ਵਿਚ ਮਦਹੋਸ਼, ਉਹ ਜਾਗਦਾ ਹੋਇਆ ਵੀ ਸੁੱਤਾ ਹੋਇਆ ਹੁੰਦਾ ਹੈ। "ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ" ਇਸ ਦੇ ਬਿਲਕੁਲ ਵਿਪਰੀਤ ਗਿਆਨਵਾਨ ਗੁਰਮੁਖ ਸੱਜਣ, ਸੰਤ ਜਾਂ ਬ੍ਰਹਮ ਗਿਆਨੀ ਸਦਾ ਸੱਤ ਜਾਗਤ ਅਵਸਥਾ ਵਿਚ ਹੁੰਦਾ ਹੈ ਕਿਉਂਕਿ ਉਸ ਨੇ ਅਹੰ-ਬੁੱਧ ਦਾ ਤਿਆਗ ਕਰ ਦਿੱਤਾ ਹੁੰਦਾ ਹੈ। ਮਨਮੁਖ ਜਾਗਦਾ ਵੀ ਸੁੱਤਾ ਹੋਇਆ ਹੁੰਦਾ ਹੈ ਤੇ ਗੁਰਮੁਖ ਸੁੱਤਾ ਹੋਇਆ ਵੀ ਜਾਗਦਾ ਹੁੰਦਾ ਹੈ ਤੇ ਉਸ ਦਾ ਧਿਆਨ ਰਚਣਹਾਰ ਵੱਲ ਲੱਗਾ ਹੋਇਆ ਹੁੰਦਾ ਹੈ।

ਬੜੀ ਮਜ਼ੇਦਾਰ ਗੱਲ ਇਹ ਹੈ ਕਿ ਜੇ ਕੋਈ ਮਨੁੱਖ ਪ੍ਰਮਾਤਮਾ ਦਾ ਧਿਆਨ ਕਰਦਾ ਹੈ ਤਾਂ ਉਹ ਮਨੁੱਖ ਵਾਹਿਗੁਰੂ ਨੂੰ ਕੀ ਦਿੰਦਾ ਹੈ? ਉਹ ਤਾਂ 'ਸਭਨਾ ਜੀਆ ਕਾ ਇਕੁ ਦਾਤਾ' ਹੈ। ਭੋਗੀ ਪੁਰਖ ਦਾ ਦਾਤਾ ਵੀ ਓਹੀ ਹੈ ਤੇ ਜੋਗ ਰਤੀ ਆਤਮਾ ਵੀ ਉਸੇ ਪਾਸੋਂ ਹੀ ਮੰਗਦੀ ਹੈ। ਸਾਰਿਆਂ ਜੀਆਂ ਦੇ ਅੰਦਰ ਉਸੇ ਪ੍ਰਮਾਤਮਾ ਦਾ ਪ੍ਰਕਾਸ਼ ਹੈ:

*ਤੁਧਨੋ ਸੇਵਹਿ ਤੁਝੁ ਕਿਆ ਦੇਵਹਿ ਮਾਂਗਹਿ ਲੇਵਹਿ ਰਹਹਿ ਨਹੀ॥*
*ਤੂ ਦਾਤਾ ਜੀਆ ਸਭਨਾ ਕਾ ਜੀਆ ਅੰਦਰਿ ਜੀਉ ਤੁਹੀ॥੨॥*
*ਗੁਰਮੁਖਿ ਧਿਆਵਹਿ ਸਿ ਅੰਮ੍ਰਿਤੁ ਪਾਵਹਿ ਸੇਈ ਸੂਚੇ ਹੋਹੀ॥*
*ਅਹਿਨਿਸਿ ਨਾਮੁ ਜਪਹੁ ਰੇ ਪ੍ਰਾਣੀ ਮੈਲੇ ਹਛੇ ਹੋਹੀ॥੩॥*

*(ਪੰਨਾ ੧੨੫੪)*

ਜਿਹੜੇ ਮਨੁੱਖ ਜੀਵਨ ਵਿਚ ਵਿਚਰਦਿਆਂ ਉਸ ਵਾਹਿਗੁਰੂ ਨੂੰ ਧਿਆਨ ਵਿਚ ਰੱਖਦੇ ਹਨ। ਉਨ੍ਹਾਂ ਨੂੰ ਅੰਮ੍ਰਿਤ-ਨਾਮ ਦੀ ਪ੍ਰਾਪਤੀ ਹੁੰਦੀ ਹੈ। ਉਨ੍ਹਾਂ ਦੇ ਅੰਦਰ ਅੰਮ੍ਰਿਤ ਸੰਚਰਿਤ ਹੁੰਦਾ ਹੈ। ਉਨ੍ਹਾਂ ਦੇ ਬੋਲ ਅੰਮ੍ਰਿਤ ਭਿੰਨੇ ਹੁੰਦੇ ਹਨ। ਉਨ੍ਹਾਂ ਦੀ ਦੇਹੀ ਵਿੱਚੋਂ ਜਿਵੇਂ ਅੰਮ੍ਰਿਤ ਦਾ ਵਾਸ਼ਪੀਕਰਣ ਹੁੰਦਾ ਹੈ। ਜਿਸ ਨਾਲ ਉਨ੍ਹਾਂ ਦੇ ਦੁਆਲੇ ਇੱਕ ਅੰਮ੍ਰਿਤਮਈ ਵਾਤਾਵਰਣ ਸਿਰਜਿਆ ਜਾਂਦਾ ਹੈ। ਉਹ ਜਿੱਥੇ ਵੀ ਜਾਂਦੇ ਹਨ, ਉਨ੍ਹਾਂ ਦੀ ਕਰਨੀ ਨਾਲ ਅੰਮ੍ਰਿਤ ਦਾ ਪਸਾਰਾ ਹੁੰਦਾ ਹੈ। ਉਨ੍ਹਾਂ ਦੇ ਲੋਇਨ ਅੰਮ੍ਰਿਤ ਭਿੰਨੇ ਹੁੰਦੇ ਹਨ। ਉਨ੍ਹਾਂ ਦਾ ਸਾਰਾ ਵਜੂਦ ਤੇ ਹੋਂਦ ਸੁੱਚੀ ਤੇ ਅੰਮ੍ਰਿਤਮਈ ਹੁੰਦੀ ਹੈ। ਇਹੋ ਜਿਹੇ ਪਵਿੱਤਰ ਪੁਰਖਾਂ ਪਾਸੋਂ ਪ੍ਰੇਰਨਾ ਪ੍ਰਾਪਤ ਕਰ, ਹੋਰ ਲੁਕਾਈ ਵੀ ਉਸੇ ਰਾਹ ਉੱਤੇ ਤੁਰ ਪੈਂਦੀ ਹੈ। ਕਿਤਨੇ ਹੀ ਮੈਲੇ ਮਨੁੱਖ ਉਨ੍ਹਾਂ ਨਾਲ ਲੱਗ ਕੇ ਸੁੱਚੇ ਹੋ ਜਾਂਦੇ ਹਨ। ਉਨ੍ਹਾਂ ਦੀ ਨਿਰਮਲ ਜੀਵਨ-ਜਾਚ ਤੇ ਸ਼ੁੱਧ ਜੀਵਨ ਵਿਧੀ ਹੋਰਨਾਂ ਲਈ ਵੀ ਪ੍ਰਮਾਤਮਾ ਨੂੰ ਮਿਲਣ ਦੀ ਬਿਧ ਬਣ ਜਾਂਦੀ ਹੈ।

ਜਿਸ ਤਰ੍ਹਾਂ ਰੁੱਤਾਂ ਦੇ ਅਨੁਸਾਰ ਮਨੁੱਖੀ-ਸਰੀਰ ਨੂੰ ਕੱਪੜੇ ਬਦਲਣੇ ਪੈਂਦੇ ਹਨ ਅਤੇ ਰੁੱਤਾਂ ਅਨੁਸਾਰ ਹੀ ਕੱਪੜੇ ਮਨੁੱਖ ਨੂੰ ਚੰਗੇ ਲੱਗਦੇ ਹਨ ਅਤੇ ਉਨ੍ਹਾਂ ਦਾ ਸੁਖ ਕਾਇਆ ਮਹਿਸੂਸ ਕਰਦੀ ਹੈ। ਸਰੀਰ ਓਹੀ ਹੈ। ਗਰਮੀਆਂ ਵਿਚ ਸੂਤੀ ਕੱਪੜੇ ਤੇ ਸਰਦੀਆਂ ਵਿਚ ਊਨੀ ਕੱਪੜੇ ਪਿੰਡੇ ਨੂੰ ਭਲੇ ਲਗਦੇ ਹਨ। ਗੁਰੂ ਪਾਤਸ਼ਾਹ ਕਹਿੰਦੇ ਹਨ ਕਿ ਇਸੇ ਤਰ੍ਹਾਂ ਆਤਮਾ ਦੀਆਂ ਵੀ ਕੁਝ ਲੋੜਾਂ ਹਨ। ਜਿਸ ਰੁੱਤੇ ਵਾਹਿਗੁਰੂ ਚੇਤੇ ਰਹੇ, ਉਸ ਨਾਲ ਨੇਹ ਲੱਗਾ ਰਹੇ, ਉਹੀ ਰੁੱਤ ਭਲੀ ਹੈ। ਜਿਸ ਤਰ੍ਹਾਂ ਕੱਪੜੇ ਦੇਹੀ ਦੇ ਨੰਗੇਜ਼ ਨੂੰ ਢਕਦੇ ਹਨ, ਬਿਲਕੁਲ ਇਸੇ ਤਰ੍ਹਾਂ ਨਾਮ ਦਾ ਓਢਣ ਆਤਮਾ

ਦੇ ਨੰਗੇਜ਼ ਨੂੰ ਕੱਜਦਾ ਹੈ। ਸਰੀਰ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਨ ਦੀ ਸਭਨਾਂ ਨੂੰ ਜਾਚ ਹੈ, ਪਰ ਜਿਹੜੇ ਉੱਤਮ ਪੁਰਖ ਆਤਮਾ ਦੇ ਓਢਣ ਦੇ ਅਭਿਲਾਸ਼ੀ ਹਨ ਅਤੇ ਇਸ ਦਾਤ ਦੀ ਮੰਗ ਅਕਾਲ ਪੁਰਖ ਪਾਸੋਂ ਕਰਦੇ ਹਨ। ਉਨ੍ਹਾਂ ਨੂੰ ਜੀਵਨ ਜੀਊਣ ਦੀ ਜਾਚ ਆ ਗਈ ਹੈ।

ਰਚਣਹਾਰ ਦੇ ਹੁਕਮ ਨਾਲ ਸ੍ਰਿਸ਼ਟੀ ਦੀ ਸਾਜਣਾ ਹੋਈ ਹੈ। ਉਹ ਆਪ ਹੀ ਜਾਣਦਾ ਹੈ ਕਿ ਉਸ ਨੇ ਕੀ-ਕੀ ਤੇ ਕਿਵੇਂ ਬਣਾਇਆ ਹੈ? ਕੋਈ ਵੀ ਉਸ ਤੋਂ ਬਾਹਰਾ ਨਹੀਂ। ਇਹ ਗੱਲ ਵੀ ਵਿਚਾਰ ਵਾਲੀ ਹੈ ਕਿ ਖੋਟੇ ਉਸ ਦੀ ਦਰਗਾਹ ਵਿਚ ਪ੍ਰਵਾਨ ਨਹੀਂ। ਖਰਿਆਂ ਨੂੰ ਖਜ਼ਾਨੇ ਵਿੱਚ ਪਾ ਲੈਂਦਾ ਹੈ। ਉਹ ਖੋਟਿਆਂ ਨੂੰ ਆਪਣੇ ਨਾਲ ਨਹੀਂ ਰਲਾਉਂਦਾ ਤੇ ਵਗਾਹ ਕੇ ਬਾਹਰ ਮਾਰਦਾ ਹੈ। ਸਭ ਕੁਝ ਜਦ ਉਸ ਦਾ ਬਣਾਇਆ ਹੋਇਆ ਹੈ, ਤਾਂ ਮਾੜੇ-ਚੰਗੇ, ਖਰੇ-ਖੋਟੇ ਵੀ ਉਸ ਦੇ ਬਣਾਏ ਹੋਏ ਹਨ :

*ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ॥*
*ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ॥*
*ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ॥*
*ਖੋਟੇ ਸਚੀ ਦਰਗਹ ਸੁਟੀਅਹਿ ਕਿਸੁ ਆਗੈ ਕਰਹਿ ਪੁਕਾਰ॥ (ਪੰਨਾ ੧੪੩)*

ਅਜਿਹੀ ਦਸ਼ਾ ਵਿਚ ਖੋਟੇ ਕੀ ਕਰਨ? ਉਹ ਤਾਂ ਫਿਰ ਘੇਸ ਮਾਰ ਕੇ ਬੈਠ ਜਾਣਗੇ ਕਿ ਸਾਨੂੰ ਤਾਂ ਵਾਹਿਗੁਰੂ ਨੇ ਹੀ ਅਜਿਹਾ ਬਣਾਇਆ ਹੈ। ਅਸੀਂ ਕੀ ਕਰੀਏ? ਗੁਰੂ ਪਾਤਸ਼ਾਹ ਇਥੇ ਬੜਾ ਸੁੰਦਰ ਹੱਲ ਦਿੰਦੇ ਹਨ ਕਿ ਜਿਸ ਨਾਲ ਜੀਵਨ ਪਲਟ ਸਕਦਾ ਹੈ। ਉਹ ਹੱਲ ਇਹ ਹੈ ਕਿ ਉਸੇ ਅੱਗੇ ਪੁਕਾਰ ਹੀ ਕੀਤੀ ਜਾਏ। ਓਹੀ ਮਿਹਰਬਾਨ ਹੋ ਕੇ ਖੋਟਿਆਂ ਨੂੰ ਖਰੇ ਕਰ ਦਿੰਦਾ ਹੈ। ਖੋਟਿਆਂ ਨੂੰ ਪਰੇ ਨਹੀਂ ਕਰਦਾ। ਸਾਡੇ ਕਰਨ ਵਾਲੀ ਇਹੀ ਗੱਲ ਹੈ ਕਿ ਅਸੀਂ ਬਿਨਾਂ ਕੋਈ ਖਿਨ ਪਲ ਜਾਇਆ ਕੀਤਿਆਂ ਛੇਤੀ ਨਾਲ ਭੱਜ ਕੇ ਉਸ ਦੀ ਸ਼ਰਨੀ ਪੈ ਜਾਈਏ। ਫਿਰ ਉਹ ਆਪੇ ਸੰਭਾਲ ਲਏਗਾ। ਸ਼ਰਨੀ ਪੈ ਜਾਣ ਤੋਂ ਬਾਅਦ ਹੋਰ ਕਿਸੇ ਕਰਮ, ਭਰਮ ਜਾਂ ਉਪਰਾਲੇ ਦੀ ਲੋੜ ਨਹੀਂ। ਸ਼ਰਨ ਪੈ ਜਾਣ ਵਾਲਿਆਂ ਦੇ ਸਾਰੇ ਲੇਖੇ ਮੁੱਕ ਜਾਂਦੇ ਹਨ। ਜਿਹੜੇ ਸ਼ਰਨੀ ਆ ਗਏ, ਉਨ੍ਹਾਂ ਨੂੰ ਉਹ ਕੰਠ ਲਾ ਲੈਂਦਾ ਹੈ। ਜੋ ਸ਼ਰਨ ਪੈਣ, ਉਹ ਜ਼ਰੂਰ ਉਭਰਦੇ ਹਨ। ਉਨ੍ਹਾਂ ਦੇ ਸਾਰੇ ਲੇਖੇ ਮਿਟ ਜਾਂਦੇ ਹਨ :

*ਸਤਿਗੁਰ ਪਿਛੈ ਭਜਿ ਪਵਹਿ ਏਹਾ ਕਰਣੀ ਸਾਰੁ॥*
*ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ॥*
*ਸਚੀ ਦਰਗਹ ਮੰਨੀਅਨਿ ਗੁਰ ਕੈ ਪ੍ਰੇਮ ਪਿਆਰਿ॥*
*ਗਣਤ ਤਿਨਾ ਦੀ ਕੋ ਕਿਆ ਕਰੇ ਜੋ ਆਪਿ ਬਖਸੇ ਕਰਤਾਰਿ॥੧੨॥*
*(ਪੰਨਾ ੧੪੩)*

ਜਿਸ ਨੇ ਆਪਣੀ ਦਰਗਾਹ ਵਿਚ ਖਰੇ-ਖੋਟੇ ਪਰਖਣੇ ਹਨ। ਉਹ ਖੋਟਿਓਂ ਖਰੇ ਕਰਨ ਦੀ ਵੀ ਸ਼ਕਤੀ ਰੱਖਦਾ ਹੈ। ਇਸ ਲਈ ਕਿਸੇ ਹੋਰ ਜੰਤਰ-ਮੰਤਰ ਵਿਧੀ, ਉਪਰਾਲੇ ਜਾਂ ਉਪਾਏ ਦੀ ਲੋੜ ਨਹੀਂ। ਬਲਕਿ ਇਹ ਸੰਭਵ ਹੈ ਕਿ ਕੇਵਲ ਤੇ

ਕੇਵਲ ਗੁਰੂ ਦੀ ਪ੍ਰੀਤ ਨਾਲ। ਜਿਨ੍ਹਾਂ ਨੂੰ ਗੁਰੂ ਮਿਹਰਬਾਨ ਹੋ ਕੇ ਸਿੱਧੇ ਰਾਹ 'ਤੇ ਪਾ ਬਖ਼ਸ਼ ਦਿੰਦਾ ਹੈ, ਉਨ੍ਹਾਂ ਦੀ ਗਣਤ ਫਿਰ ਕੋਈ ਨਹੀਂ ਗਿਣਦਾ। ਉਨ੍ਹਾਂ ਦੇ ਫਿਰ ਸਾਰੇ ਲੇਖੇ ਮੁੱਕ ਜਾਂਦੇ ਹਨ ਅਤੇ ਗੁਰੂ ਕ੍ਰਿਪਾ ਦੁਆਰਾ ਸੱਚੇ ਤੋਲਣਹਾਰ ਦੇ ਸੱਚੇ ਤਰਾਜ਼ੂ ਵਿੱਚ ਉਹ ਪੂਰੇ ਉਤਰਣਗੇ।

ਗੁਰੂ ਨਾਨਕ ਪਾਤਸ਼ਾਹ ਹੁਕਮ ਕਰਦੇ ਹਨ ਕਿ ਇਹ ਰੁਤਬਾ ਤੇ ਸੁਭਾਗ ਵਿਰਲਿਆਂ ਨੂੰ ਹੀ ਪ੍ਰਾਪਤ ਹੁੰਦਾ ਹੈ। ਜਿਨ੍ਹਾਂ ਨੂੰ ਉਹ ਆਪਣੇ ਖਜ਼ਾਨੇ ਵਿੱਚ ਪਾ ਲੈਂਦਾ ਹੈ। ਇਹੋ ਜਿਹੇ ਮਹਾਂਪੁਰਖਾਂ ਦੇ ਗੁਣਾਂ ਦਾ ਬਿਆਨ ਕਰਦਿਆਂ ਗੁਰੂ ਜੀ ਫ਼ੁਰਮਾਉਂਦੇ ਹਨ ਕਿ ਉਹ ਜਾਤ ਦੇ ਅਭਿਮਾਨ, ਵਰਣਾਂ ਦੀ ਆਕੜ ਤੋਂ ਅਭਿੱਜ ਹੁੰਦੇ ਹਨ। ਉਨ੍ਹਾਂ ਨੂੰ ਲੋਭ ਦਾ ਦੁੱਖ ਸਤਾਉਂਦਾ ਨਹੀਂ। ਉਹ ਸੰਤੋਖੀ ਜੀਉੜੇ ਹੁੰਦੇ ਹਨ। ਉਨ੍ਹਾਂ ਨੇ ਵਾਹਿਗੁਰੂ ਦੀ ਸੇਵਾ ਵਿੱਚੋਂ ਸੰਤੁਸ਼ਟੀ ਪ੍ਰਾਪਤ ਕੀਤੀ ਹੁੰਦੀ ਹੈ ਤੇ ਸੰਤੋਖ ਦੀ ਅਵਸਥਾ ਵਿੱਚ ਹੀ ਸੇਵਾ ਵਿੱਚ ਮਗਨ ਰਹਿੰਦੇ ਹਨ। ਮਿਹਰਾਂ ਦਾ ਮੀਂਹ ਦਾਤਾ ਵਸਾਉਂਦਾ ਹੈ :

*ਐਸੇ ਜਨ ਵਿਰਲੇ ਜਗ ਅੰਦਰਿ ਪਰਖਿ ਖਜਾਨੈ ਪਾਇਆ॥*
*ਜਾਤਿ ਵਰਨ ਤੇ ਭਏ ਅਤੀਤਾ ਮਮਤਾ ਲੋਭੁ ਚੁਕਾਇਆ॥੭॥*
*ਨਾਮਿ ਰਤੇ ਤੀਰਥ ਸੇ ਨਿਰਮਲ ਦੁਖੁ ਹਉਮੈ ਮੈਲੁ ਚੁਕਾਇਆ॥*
*ਨਾਨਕੁ ਤਿਨ ਕੇ ਚਰਨ ਪਖਾਲੈ ਜਿਨਾ ਗੁਰਮੁਖਿ ਸਾਚਾ ਭਾਇਆ॥੮॥*

*(ਪੰਨਾ ੧੩੪੫)*

ਉਹ ਲੋਭ ਵਿੱਚ ਗ੍ਰਸੇ ਨਹੀਂ ਤੇ ਮਮਤਾ ਦੇ ਸ਼ਿਕੰਜੇ ਤੋਂ ਮੁਕਤ ਹੁੰਦੇ ਹਨ। ਇਹ ਅਵਸਥਾ ਨਾਮ ਦੀ ਹੈ। ਇਹ ਜੀਵਨ-ਜਾਚ ਉਨ੍ਹਾਂ ਅੰਮ੍ਰਿਤਧਾਰੀ ਪਵਿੱਤਰ ਪੁਰਖਾਂ ਦੀ ਹੁੰਦੀ ਹੈ। ਜਿਹੜੇ ਨਾਮ ਦੇ ਰੰਗ ਵਿੱਚ ਰੰਗੇ ਹੁੰਦੇ ਹਨ। ਉਨ੍ਹਾਂ ਨੂੰ ਤੀਰਥਾਂ 'ਤੇ ਨੱਸਣ ਭੱਜਣ ਦੀ ਵੀ ਲੋੜ ਨਹੀਂ ਰਹਿੰਦੀ। ਉਨ੍ਹਾਂ ਦੇ ਘਟ ਦੇ ਅੰਦਰ ਹੀ ਤੀਰਥ ਹੁੰਦਾ ਹੈ। ਉਹ ਤੀਰਥਾਂ ਵਰਗੇ ਹੀ ਨਿਰਮਲ ਹੁੰਦੇ ਹਨ। ਹਉਮੈ ਦਾ ਕੰਢਾ ਹੁਣ ਉਨ੍ਹਾਂ ਨੂੰ ਦੁੱਖ ਨਹੀਂ ਦਿੰਦਾ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਮੈਂ ਇਹੋ ਜਿਹੇ ਮਨੁੱਖਾਂ ਦੇ ਪੈਰ ਧੋਂਦਾ ਹਾਂ, ਜਿਨ੍ਹਾਂ ਨੂੰ ਵਾਹਿਗੁਰੂ ਚੰਗਾ ਲਗਦਾ ਹੈ ਤੇ ਉਹ ਵਾਹਿਗੁਰੂ ਨੂੰ ਚੰਗੇ ਲੱਗਦੇ ਹਨ। ਇਹ ਜੀਵਨ-ਜਾਚ ਦੀ ਬਖ਼ਸ਼ਿਸ਼ ਗੁਰੂ ਪਾਤਸ਼ਾਹ ਨੇ ਗੁਰਸਿੱਖਾਂ ਨੂੰ ਕੀਤੀ ਹੈ:

*ਜੀਵਨੋ ਮੈ ਜੀਵਨੁ ਪਾਇਆ... ॥* *(ਪੰਨਾ ੪੪੨)*

# ਮੁਰਦਾ ਹੋਇ ਮੁਰੀਦੁ...

ਭਾਈ ਗੁਰਦਾਸ ਜੀ ਨੂੰ ਗੁਰਬਾਣੀ ਤੇ ਗੁਰਮਤਿ ਦਾ ਵਿਆਖਿਆਕਾਰ ਕਰ ਕੇ ਸਦਾ ਹੀ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਜਦ ਵੀ ਅਸੀਂ ਉਨ੍ਹਾਂ ਦੀ ਕਿਸੇ ਕਿਰਤ ਜਾਂ ਰਚਨਾ ਨੂੰ ਪੜ੍ਹਦੇ ਹਾਂ, ਤਾਂ ਸਾਨੂੰ ਭਲੀ ਪ੍ਰਕਾਰ ਪ੍ਰਤੀਤ ਹੁੰਦਾ ਹੈ ਕਿ ਅਸੀਂ ਮੂਲ ਗੁਰਬਾਣੀ ਦੇ ਅਰਥ ਹੀ ਪੜ੍ਹ ਰਹੇ ਹਾਂ। ਕਿਤੇ-ਕਿਤੇ ਤਾਂ ਭਾਈ ਸਾਹਿਬ ਗੁਰੂ-ਹੁਕਮ ਨੂੰ ਸਗਵਾ ਹੀ ਉਦ੍ਰਿਤ ਹੀ ਕਰ ਦਿੰਦੇ ਹਨ ਜਾਂ ਫਿਰ ਗੁਰ-ਸ਼ਬਦ ਅੰਦਰ ਗੁਰਮਤਿ ਦੀ ਭਾਵਨਾ ਨੂੰ ਸੁੰਦਰ ਕਾਵਿ-ਰੂਪ ਵਿੱਚ ਵਿਅਕਤ ਕਰਦੇ ਹਨ। ਗੁਰੂ ਅਰਜਨ ਦੇਵ ਜੀ ਨੇ ਭਾਈ ਜੀ ਦੀ ਘਾਲਣਾ ਤੇ ਕ੍ਰਿਤ ਨੂੰ ਗੁਰਬਾਣੀ ਦੀ ਕੁੰਜੀ ਕਰ ਕੇ ਨਿਵਾਜ਼ਿਆ ਹੈ। ਅਜਿਹਾ ਹੀ ਵਿਚਾਰ ਇਸ ਪਉੜੀ ਦੀ ਭਾਵਨਾ ਵਿੱਚ ਹੈ: "ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ" ਮੁਰੀਦ ਦਾ ਭਾਵ ਚੇਲਾ ਜਾਂ ਸਿੱਖ ਤੋਂ ਹੈ, ਤਾਂ ਫਿਰ ਕੀ ਸਿੱਖ ਮੁਰਦਾ ਹੈ? ਇਸ ਭਾਵਨਾ ਨੂੰ ਸਮਝਣ ਵਾਸਤੇ ਭਾਈ ਗੁਰਦਾਸ ਜੀ ਦੇ ਨਿਕਟ ਹੋ ਗੁਰਬਾਣੀ ਨੂੰ ਸਮਝ ਕੇ ਗੁਰਮਤਿ ਤੱਕ ਪਹੁੰਚਣਾ ਹੋਵੇਗਾ।

ਮਨੁੱਖ ਨੂੰ ਉਸ ਦੇ ਅੰਦਰ ਦੀਆਂ ਊਣਤਾਈਆਂ ਉਸ ਨੂੰ ਨਚਾਉਂਦੀਆਂ ਤੇ ਟਪਾਉਂਦੀਆਂ ਹਨ। ਐਸਾ ਹੀ ਗੁਰਬਾਣੀ ਦੇ ਅੰਦਰ ਹੁਕਮ ਹੈ ਕਿ ਮਨੁੱਖ ਮਿੱਟੀ ਦਾ ਪੁਤਲਾ ਹੈ। ਧਿਆਨ ਨਾਲ ਦੇਖੋ ਕਿ ਕਿਸ ਤਰ੍ਹਾਂ ਨੱਚਦਾ-ਟੱਪਦਾ ਤੇ ਦੌੜਦਾ ਫਿਰਦਾ ਹੈ। ਇਸ ਦੀ ਆਂਤ੍ਰਿਕ ਦਸ਼ਾ ਇਸ ਪ੍ਰਕਾਰ ਦੀ ਹੈ ਕਿ ਜਦੋਂ ਇਸ ਨੂੰ ਕੁਝ ਪ੍ਰਾਪਤੀ ਹੋ ਜਾਂਦੀ ਹੈ, ਤਾਂ ਇਹ ਉਛਲ-ਉਛਲ ਕੇ ਅਕਾਸ਼ ਤੱਕ ਛਾਲਾਂ ਮਾਰਦਾ ਹੈ। ਜਦੋਂ ਕੁਝ ਗੁਆਚ ਜਾਂਦਾ ਹੈ ਜਾਂ ਹਾਸਲ ਨਹੀਂ ਹੋ ਸਕਦਾ, ਤਾਂ ਇਹ ਅਜੀਬ ਜਿਹੀ ਤਰਸਯੋਗ ਦਸ਼ਾ ਵਿੱਚ ਵਿਚਰਦਾ ਹੈ। ਇਸ ਸਬੰਧ ਵਿੱਚ ਹੁਕਮ ਹੈ:

*ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥*
*ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥੧॥ਰਹਾਉ॥*
*ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥*
*ਮਾਇਆ ਗਈ ਤਬ ਰੋਵਨੁ ਲਗਤੁ ਹੈ॥੧॥* *(ਪੰਨਾ ੪੮੭)*

ਅਸਹਿਜ ਵਾਲਾ ਮਨੁੱਖ ਦੇਖਦਾ, ਸੁਣਦਾ, ਬੋਲਦਾ ਅਤੇ ਦੌੜਦਾ ਵੀ ਹੈ। ਇਧਰ ਉਧਰ ਭੱਜਦਾ ਫਿਰਦਾ ਹੈ। ਮਨੁੱਖ ਦੀ ਅਜਿਹੀ ਦਸ਼ਾ ਦਾ ਵਰਣਨ ਗੁਰਬਾਣੀ ਅੰਦਰ ਬੇਅੰਤ ਵਾਰ ਆਇਆ ਹੈ। ਇਸ ਤਰ੍ਹਾਂ ਜੀਊਣ ਵਾਲੇ ਮਨੁੱਖ ਨੂੰ ਗੁਰਮਤਿ

ਜੀਊਂਦਾ ਨਹੀਂ ਮੰਨਦੀ। ਉਸ ਦੇ ਸਾਰੇ ਅੰਗ ਤੇ ਇੰਦਰੀਆਂ ਭਾਵੇਂ ਕੰਮ ਕਰਦੇ ਹਨ ਪਰ ਉਹ ਲੱਗਾ ਕੁਫੱਕੜੇ ਹੀ ਹੋਇਆ ਹੈ। ਜਿਹੜੀਆਂ ਮਨਫ਼ੀ ਸ਼ਕਤੀਆਂ ਉਸ ਨੂੰ ਨਚਾਉਣ-ਟਪਾਉਣ ਦਾ ਕੰਮ ਕਰਦੀਆਂ ਹਨ ਅਤੇ ਉਸ ਨੂੰ ਸਥਿਰ ਨਹੀਂ ਰਹਿਣ ਦਿੰਦੀਆਂ, ਉਨ੍ਹਾਂ ਨੂੰ ਜਦੋਂ ਗੁਰੂ-ਉਪਦੇਸ਼ ਨਾਲ ਮਾਰ-ਕੁੱਟ, ਝਾੜ-ਝੰਬ ਸੁਰਤ ਦੇ ਅਧੀਨ ਕਰ ਲਿਆ ਜਾਂਦਾ ਹੈ ਤਾਂ ਗੁਰੂ ਦੀ ਗੱਲ ਠੀਕ-ਠੀਕ ਸੁਣਾਈ ਦਿੰਦੀ ਅਤੇ ਸਪਸ਼ਟ ਸਮਝ ਆਉਂਦੀ ਹੈ ਅਤੇ ਜ਼ਿੰਦਗੀ ਗੁਰੂ-ਹੁਕਮ ਅਨੁਸਾਰ ਬਿਤਾਉਣ ਦਾ ਚਾਅ ਪੈਦਾ ਹੋ ਜਾਂਦਾ ਹੈ। ਉਸ ਅਵਸਥਾ ਨੂੰ "ਮੁਰਦਾ ਹੋਇ ਮੁਰੀਦੁ" ਦੀ ਅਵਸਥਾ ਆਖਦੇ ਹਨ।

ਲੋਭ ਗ੍ਰਸਿਆ ਜੀਉੜਾ ਥਿਰ ਨਹੀਂ ਰਹਿੰਦਾ। ਚਾਰੇ ਕੁੰਡਾਂ ਭਾਲਦਾ ਹੈ, ਕਦੀ ਤਾਂ ਅਸਮਾਨ ਨੂੰ ਛੂਹ ਆਉਂਦਾ ਹੈ ਜਾਂ ਇਉਂ ਕਹੀਏ ਕਿ ਅਸਮਾਨੇ ਟਾਕੀ ਵੀ ਲਗਾ ਆਉਂਦਾ ਹੈ ਤੇ ਲਾਹ ਵੀ ਆਉਂਦਾ ਹੈ। ਕਦੀਂ ਉਸ ਦੀ ਹਾਲਤ ਇਹ ਹੁੰਦੀ ਹੈ ਕਿ ਉਹ ਅਸਲੇ ਤੇ ਅਸੂਲ ਨੂੰ ਛੱਡ ਕੇ ਇਤਨਾ ਨੀਵਾਂ ਡਿੱਗ ਪੈਂਦਾ ਹੈ ਕਿ ਜਿਵੇਂ ਜੀਊਂਦਾ ਹੀ ਧਰਤੀ ਵਿੱਚ ਧੱਸ ਗਿਆ ਹੋਵੇ। ਅਜਿਹੀ ਅਵਸਥਾ ਨੂੰ "ਜੀਵਦੜੋ ਮੁਇਓਇ" ਵੀ ਆਖਿਆ ਹੈ। ਸਾਡੇ ਉੱਤੇ ਗੁਰੂ ਪਾਤਸ਼ਾਹ ਦਾ ਇਹ ਅਹਿਸਾਨ ਹੈ ਕਿ ਅਸੀਂ ਅਕਾਲ ਪੁਰਖ ਦੀ ਕਿਰਪਾ ਨਾਲ ਉਪਲਬਧ ਇਸ ਬੇਸ਼ਕੀਮਤ ਜੀਵਨ ਨੂੰ ਜ਼ਾਇਆ ਨਹੀਂ ਹੋਣ ਦੇਣਾ। ਹੁੰਦਾ ਕੀ ਹੈ ਕਿ ਕਦੀ ਕਿਧਰੇ ਅੰਦਰੋਂ ਆਤਮਾ ਦੀ ਕਰਾਹ ਉਠਦੀ ਹੈ, ਚੀਤਕਾਰ ਕਰਦੀ ਹੈ। ਆਤਮਾ ਪ੍ਰਮਾਤਮਾ ਦਾ ਅੰਸ਼ ਜੋ ਹੋਇਆ ਹੈ। ਇਹ ਚੇਤੰਨ ਕਰਦੀ ਹੈ। ਸੁਚੇਤ ਹੋਣ ਲਈ ਆਵਾਜ਼ ਦਿੰਦੀ ਹੈ, ਚੇਤਾਵਨੀ ਕਰਦੀ ਹੈ ਪਰ ਹਲਕੀਆਂ ਰੁਚੀਆਂ ਭਾਰੀ ਪੈ ਜਾਂਦੀਆਂ ਹਨ ਅਤੇ ਉਹ ਆਵਾਜ਼ ਅੰਦਰੇ ਹੀ ਦੱਬ ਕੇ ਰਹਿ ਜਾਂਦੀ ਹੈ। ਮਨੁੱਖ ਇਸ ਪ੍ਰਕਾਰ ਸੱਚ ਨਾਲ ਪਏ ਹੋਏ ਪਾੜੇ ਨੂੰ ਗੱਲਾਂ ਦੇ ਗੁੱਦੜ ਨਾਲ ਭਰਨ ਦਾ ਯਤਨ ਕਰਦਾ ਹੈ। ਜਿਸ ਜੀਵ ਨੇ ਇਨ੍ਹਾਂ ਹੌਲੀਆਂ ਰੁਚੀਆਂ ਉੱਤੇ ਜਿੱਤ ਪ੍ਰਾਪਤ ਕਰ ਲਈ, ਗੱਲਾਂ ਦਾ ਸਹਾਰਾ ਨਾ ਲੈ ਕੇ ਸਹਿਜ ਨਾਲ ਰਚਨਾਤਮਕ ਕਾਰਜਾਂ ਵਿੱਚ ਲੱਗ ਗਿਆ, ਉਹ ਮੁਰਦਾ ਮੁਰੀਦ ਹੈ। ਐਸਾ ਮੁਰਦਾ ਮੁਰੀਦ ਸਚਮੁੱਚ ਜਿਉਂਦਾ ਪਿਆ ਹੈ। ਜ਼ਿੰਦਗੀ ਦੀ ਰਚਨਾਤਮਕਤਾ ਉਸ ਵਿੱਚੋਂ ਉਬਲ-ਉਬਲ ਕੇ ਪੈਂਦੀ ਹੈ। ਜਿਹੜਾ ਕਾਰਜ ਵੀ ਉਹ ਕਰਦਾ ਹੈ, ਉਹ ਮਾਨਵਤਾ ਦੇ ਲਈ ਭਲਾਈ ਵਾਲਾ ਹੁੰਦਾ ਹੈ। ਉਹ ਆਪਣੇ ਕੀਤੇ ਕਾਰਜਾਂ ਦਾ ਢੰਡੋਰਾ ਵੀ ਨਹੀਂ ਪਿੱਟਦਾ। ਉਸ ਦੀ ਜ਼ਿੰਦਗੀ ਹੋਰਨਾਂ ਵਾਸਤੇ ਇਕ ਉਦਾਹਰਣ ਬਣ ਜਾਂਦੀ ਹੈ। ਇਕ ਮਿਸਾਲ ਬਣ ਜਾਂਦੀ ਹੈ। ਇਕ ਮਸ਼ਾਲ ਬਣ ਜਾਂਦੀ ਹੈ। ਇਹ ਮਸ਼ਾਲ ਸਹਜਿ ਸੁਭਾਏ ਚਾਨਣ ਬਖੇਰਦੀ ਰਹਿੰਦੀ ਹੈ। ਅਜਿਹਾ ਮਨੁੱਖ ਗੁਰਸਿੱਖ ਹੈ ਅਤੇ ਮਾਨਵਤਾ ਦਾ ਮਸ਼ਾਲਚੀ (ਟਾਰਚ ਬੇਅਰਰ)।

ਗੱਲਾਂ ਨਿੱਤ-ਨਿੱਤ ਹੁੰਦੀਆਂ ਹਨ, ਹਰ ਥਾਵੇਂ ਹੁੰਦੀਆਂ ਹਨ, ਹਰ ਵੇਲੇ ਹੁੰਦੀਆਂ ਹਨ। ਬਹੁਤ ਹੁੰਦੀਆਂ ਹਨ, ਬੇਇੰਤਹਾ ਹੁੰਦੀਆਂ ਹਨ। ਹਰ ਵੇਲੇ ਮਨੁੱਖ

ਕੋਈ ਨਾ ਕੋਈ ਗੱਲ ਕਰ ਰਿਹਾ ਹੈ। ਜਦੋਂ ਅਸੀਂ ਚੁੱਪ ਕਰ ਕੇ ਵੀ ਬੈਠੇ ਹੁੰਦੇ ਹਾਂ, ਉਦੋਂ ਵੀ ਅਸੀਂ ਚੁੱਪ ਕੋਈ ਨਹੀਂ ਹੁੰਦੇ। ਆਪਣੇ-ਆਪ ਨਾਲ ਗੱਲਾਂ ਕਰ ਰਹੇ ਹੁੰਦੇ ਹਾਂ। ਸੋਚਾਂ ਸੋਚਦੇ ਮਨਬਚਨੀਆਂ ਕਰ ਰਹੇ ਹੁੰਦੇ ਹਾਂ। ਇਥੇ ਹੀ ਬੱਸ ਨਹੀਂ ਅਸੀਂ ਸੁੱਤੇ-ਸੁੱਤੇ ਵੀ ਗੱਲਾਂ ਕਰਨ ਲੱਗ ਜਾਂਦੇ ਹਾਂ। ਜਿਸ ਨੂੰ ਬਰੜਾਣਾ ਜਾਂ ਬੜਾਣਾ ਕਿਹਾ ਜਾਂਦਾ ਹੈ। ਬੜ ਦਾ ਮਤਲਬ ਹੈ ਵਧਾਅ ਚੜ੍ਹਾਅ ਕੇ ਕਰਨਾ। ਇਹ ਮੁਹਾਵਰਾ ਆਮ ਕਰ ਕੇ ਵਰਤਿਆ ਜਾਂਦਾ ਹੈ ਕਿ ਫਲਾਣਾ ਮਨੁੱਖ ਮੇਰੇ ਕੋਲ ਆਇਆ ਜਾਂ ਮੈਂ ਕਿਸੇ ਨੂੰ ਜਾ ਕੇ ਕੁਝ ਦੱਸਿਆ, ਤਾਂ ਉਹ ਅੱਗੋਂ ਬੜ-ਹਾਂਕ ਕੇ ਚਲਾ ਗਿਆ। ਇਨ੍ਹਾਂ ਗੱਲਾਂ ਦਾ ਹੀ ਸਾਰਾ ਪੁਆੜਾ ਹੈ। ਇਨ੍ਹਾਂ ਨੂੰ ਰੋਕਣਾ ਜਾਂ ਘਟਾਉਣਾ ਹੈ। ਮਨੁੱਖ ਦੀ ਹਾਲਤ ਇਹ ਹੈ ਕਿ ਉਹ ਆਪਣੀ ਪ੍ਰੀਤ ਦੇ ਪਿਆਰ ਨੂੰ, ਆਪਣੀ ਕਰਨੀ ਦੀ ਕਿਰਤ ਨਾਲ ਨਹੀਂ, ਸਗੋਂ ਗੱਲਾਂ ਨਾਲ ਜਿਤਾਉਂਦਾ ਹੈ। ਇਸ ਸਬੰਧ ਵਿੱਚ ਹਮੇਸ਼ਾਂ ਵਾਂਗ ਗੁਰਬਾਣੀ ਸਾਡੀ ਅਗਵਾਈ ਕਰਦੀ ਹੈ। ਗੁਰੂ ਪਾਤਸ਼ਾਹ ਆਖਦੇ ਹਨ ਕਿ ਮਨੁੱਖ ਦਾ ਇਹ ਮਨ ਬੜਾ ਖ਼ੂਬਸੂਰਤ ਹੈ। ਇਸ ਮਨ ਨੂੰ ਜੋਤ ਸਰੂਪ ਵੀ ਆਖਿਆ ਹੈ। ਗੁਰੂ ਨਾਨਕ ਦੇਵ ਜੀ ਮਨ ਨੂੰ 'ਤਵਾਨਾ' ਵੀ ਕਹਿੰਦੇ ਹਨ। ਭਾਵ ਇਹ ਮਨ ਬੜਾ ਤਾਕਤਵਰ ਤੇ ਬਲੀ ਹੈ। ਇਸ ਪ੍ਰਕਾਰ ਇਹ ਮਨ ਖ਼ੂਬਸੂਰਤ ਵੀ ਹੋਇਆ ਤੇ ਤਾਕਤਵਰ ਵੀ। ਮਨ ਦਾ ਮਨ ਕਰਦਾ ਹੈ ਕਿ ਮੈਨੂੰ ਹਰੀ ਦਾ ਰੰਗ ਲੱਗੇ, ਜਾਂ ਇੰਜ ਕਹੀਏ ਕਿ ਹਰੀ ਦਾ ਪਿਆਰ ਮਿਲ ਜਾਏ ਪਰ ਇਸ ਮਨ ਦਾ ਇਕ ਹੋਰ ਬੜਾ ਰੱਫੜ ਹੈ ਕਿ ਇਹ ਚੰਚਲ ਤੇ ਥਿਰ ਨਹੀਂ। ਥਿਰ ਹੋਵੇ ਤਾਂ ਕੁਝ ਪ੍ਰਾਪਤ ਕਰੇ। ਭੱਜਾ-ਭੱਜਾ ਜਾਂ ਭੱਜਦਾ ਹੀ ਜਾਂਦਾ ਹੈ। ਭਜਨ ਨਹੀਂ ਕਰਦਾ। ਬੜਾ ਚੰਚਲ, ਚਤੁਰ ਤੇ ਚਲਾਕ ਹੈ। ਭੱਜ-ਭੱਜ ਕੇ ਟੁੱਟ-ਭੱਜ ਪੈਂਦਾ ਹੈ। ਗੱਲਾਂ ਨਾਲ ਤਾਂ ਕੁਝ ਪ੍ਰਾਪਤ ਨਹੀਂ ਹੋਣਾ। ਗੁਰੂ ਪਾਤਸ਼ਾਹ ਦਾ ਹੁਕਮ ਹੈ:

*ਰੂੜੋ ਮਨੁ ਹਰਿ ਰੰਗੋ ਲੋੜੈ॥ ਗਾਲੀ ਹਰਿ ਨੀਹੁ ਨ ਹੋਇ॥ ਰਹਾਉ॥*
*ਹਉ ਢੂਢੇਦੀ ਦਰਸਨ ਕਾਰਣਿ ਬੀਥੀ ਬੀਥੀ ਪੇਖਾ॥*
*ਗੁਰ ਮਿਲਿ ਭਰਮੁ ਗਵਾਇਆ ਹੇ॥੧॥*
*ਇਹ ਬੁਧਿ ਪਾਈ ਮੈ ਸਾਧੂ ਕੰਨਹੁ ਲੇਖੁ ਲਿਖਿਓ ਧੁਰਿ ਮਾਥੈ॥*
*ਇਹ ਬਿਧਿ ਨਾਨਕ ਹਰਿ ਨੈਣ ਅਲੋਇ॥੨॥*

*(ਪੰਨਾ ੭੧੫)*

**ਪ੍ਰੀਤਮ** ਨਾਲ ਮਿਲਾਪ ਦੀ ਇੱਛਾ ਕਾਰਨ ਮੈਂ ਗਲੀ-ਗਲੀ ਫਿਰ ਰਿਹਾ ਹਾਂ। ਪਰ ਇਸ ਪ੍ਰਕਾਰ ਲੱਭਤ ਨਹੀਂ ਹੋ ਸਕਦੀ। ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਹੀ ਭਰਮ ਮੁੱਕੇਗਾ। ਇਸ ਮਿਲਾਪ ਦੀ ਜੋ ਸਹੀ ਵਿਧੀ ਹੈ, ਉਹ ਗੁਰੂ ਪਾਤਸ਼ਾਹ ਪਾਸੋਂ ਹੀ ਪ੍ਰਾਪਤ ਹੋਵੇਗੀ। ਜਦੋਂ ਉਹ ਆਪਣੀ ਨਦਰ, ਕਰਮ ਅਤੇ ਮਿਹਰ ਕਰੇਗਾ ਤਾਂ ਸਾਡੇ ਲੇਖ ਵੀ ਉਹੋ ਜਿਹੇ ਬਣ ਜਾਣਗੇ। ਲੇਖ ਲਿਖਣ ਵਾਲਾ ਵੀ ਉਹ ਖ਼ੁਦ ਹੀ ਹੈ। ਅੱਖਰ '**ਧੁਰਿ**' ਸਬੰਧੀ ਵਿਚਾਰ ਕਰਿਆਂ ਇਹ ਗੱਲ ਸਪਸ਼ਟ ਹੋ ਗਈ ਕਿ ਧੁਰਿ ਵੀ ਵਾਹਿਗੁਰੂ ਆਪ ਹੀ ਹੈ। ਜਿਵੇਂ : 'ਧੁਰ ਕੀ ਬਾਣੀ ਆਈ' ਭਾਵ ਅਕਾਲ

ਪੁਰਖ ਦੀ ਬਾਣੀ ਆਈ। ਇਸ ਸਬੰਧੀ ਇਹ ਭੁਲੇਖਾ ਪਾਉਣਾ ਗੁਰਮਤਿ ਅਨੁਸਾਰ ਨਹੀਂ ਹੈ, ਕਿ ਧੁਰਿ ਕਿਤੇ ਬੈਠ ਕੇ ਲੇਖ ਲਿਖੇ ਜਾ ਰਹੇ ਹਨ। ਧੁਰ ਵਾਹਿਗੁਰੂ ਤੋਂ ਬਿਨ੍ਹਾਂ ਹੋਰ ਦੂਜਾ ਕੋਈ ਹੈ। ਧੁਰ ਉਹ ਆਪ ਹੀ ਹੈ। ਧੁਰ ਦਾ ਮਤਲਬ ਹੀ ਇਹ ਹੈ ਸਭ ਤੋਂ ਉੱਚ, ਸਭ ਤੋਂ ਵੱਡਾ, ਸਭ ਤੋਂ ਉੱਤੇ, ਜਿਸ ਤੋਂ ਉੱਤੇ ਹੋਰ ਕੋਈ ਨਹੀਂ।

ਮੁਰਦਾ, ਮੁਰੀਦ ਜਾਂ ਗੁਰਸਿੱਖ ਨੂੰ ਗੁਰਮਤਿ ਦਾ ਆਦੇਸ਼ ਹੈ ਕਿ ਉਹ ਸਾਬਰ ਹੋਵੇ। ਸਾਬਰ ਦਾ ਭਾਵ ਹੈ ਸਬਰ ਵਾਲਾ। ਸਬਰ, ਸੰਤੋਖ ਦਾ ਪ੍ਰਾਯਵਾਚੀ ਹੈ। ਸੰਤੋਖ ਬਿਨਾਂ ਰੱਜ ਨਹੀਂ, ਰੱਜ ਬਿਨਾਂ ਟਿਕਾਅ ਨਹੀਂ। ਸਾਬਰ ਜਾਂ ਸੰਤੋਖੀ ਨੂੰ ਸਿਦਕ ਦੀ ਦਾਤ ਪ੍ਰਾਪਤ ਹੋ ਜਾਂਦੀ ਹੈ। ਸਿਦਕ ਅਡੋਲਤਾ ਤੇ ਦ੍ਰਿੜ੍ਹ ਵਿਸ਼ਵਾਸ ਦਾ ਲਖਾਇਕ ਹੈ। ਬਹੁਤੇ ਮਨੁੱਖ ਅਸੀਂ ਭੈ ਤੇ ਭਰਮ ਦੇ ਮਾਰੇ ਹੋਏ ਹਾਂ। ਜਿਸ ਤਰ੍ਹਾਂ ਸਬਰ ਤੇ ਸਿਦਕ ਦਾ ਸੰਤੋਖ ਤੇ ਦ੍ਰਿੜ੍ਹਤਾ ਦਾ, ਇਕ ਦੂਜੇ ਨਾਲ ਗਹਿਰਾ ਸਬੰਧ ਹੈ। ਬਿਲਕੁਲ ਇਸੇ ਤਰ੍ਹਾਂ ਭੈ ਤੇ ਭਰਮ ਦਾ ਗਹਿਰਾ ਸਬੰਧ ਹੈ। ਇਕ ਦੇ ਆਉਣ ਨਾਲ ਦੂਜਾ ਲਾਜ਼ਮੀ ਤੌਰ 'ਤੇ ਪ੍ਰਗਟ ਹੋ ਜਾਂਦਾ ਹੈ। ਗੱਲਾਂ ਤੇ ਗੱਪਾਂ ਨਾਲ ਅਸਮਾਨੀ ਕਲਾਬੇ ਮੇਲ-ਮੇਲ ਕੇ ਮਨੁੱਖ ਦੌਲਤ ਇਕੱਠੀ ਕਰ ਲੈਂਦਾ ਹੈ। ਫਿਰ ਉਸ ਨੂੰ ਇਕ ਭਰਮ ਘੇਰੀ ਰੱਖਦਾ ਹੈ ਕਿ ਜਾਇਦਾਦ, ਮਕਾਨ, ਕੋਠੀਆਂ, ਕਾਰਾਂ ਆਦਿ ਬੜਾ ਕੁਝ ਬਣਾ ਲੈਂਦਾ ਹੈ। ਇਹ ਸਭ ਕੁਝ ਮੇਰੀ ਸਿਆਣਪ ਤੇ ਹਿਕਮਤ ਨਾਲ ਬਣਿਆ ਹੈ। ਮੈਂ ਹੀ ਇਸ ਸਭ ਕਾਸੇ ਦਾ ਮਾਲਕ ਹਾਂ। ਦਰਅਸਲ ਇਹ ਭਰਮ ਹੈ, ਸਾਡਾ ਤਾਂ ਕੁਝ ਹੈ ਹੀ ਨਹੀਂ। ਜਿਸ ਨੇ ਦਿੱਤਾ ਹੈ, ਨਾ ਅਸੀਂ ਉਸ ਨੂੰ ਮੰਨਦੇ ਹਾਂ ਤੇ ਨਾ ਹੀ ਉਸ ਦੀ ਨਦਰ ਕਰਮ ਨੂੰ। ਇਸ ਭਰਮ ਦੇ ਨਾਲ ਇਕ ਭੈ ਪਲਦਾ ਰਹਿੰਦਾ ਹੈ ਕਿ ਮਤੇ ਇਹ ਚੀਜ਼ਾਂ ਮੇਰੇ ਕੋਲੋਂ ਖੁਸ ਨਾ ਜਾਣ। ਮਤੇ ਇਨ੍ਹਾਂ 'ਤੇ ਕੋਈ ਹੋਰ ਨਾ ਕਬਜ਼ਾ ਕਰ ਲਏ। ਇਹ ਲਗਾਤਾਰ ਭੈ ਸਾਡੇ ਅੰਦਰ ਬਣਿਆ ਰਹਿੰਦਾ ਹੈ। ਨਾਲ ਹੀ ਇਹ ਫਿਕਰ ਲੱਗਾ ਰਹਿੰਦਾ ਹੈ ਕਿ ਹੋਰ ਆਵੇ, ਹੋਰ ਮਿਲੇ। ਇਸ ਭੈ ਤੇ ਭਰਮ ਕਾਰਨ ਸਿਦਕ ਤਾਂ ਪਹਿਲਾਂ ਹੀ ਨਹੀਂ ਹੁੰਦਾ, ਸੰਤੋਖ ਵੀ ਗਾਇਬ ਹੋ ਜਾਂਦਾ ਹੈ। ਬੱਸ ਮਨੁੱਖ

*"ਭਰਮੇ ਭੂਲਾ ਦਹ ਦਿਸਿ ਧਾਵੈ॥"* *(ਪੰਨਾ ੨੭੭)*

ਧਾਵੈ (ਦੌੜਦਾ) ਧਿਆਉਂਦਾ ਰਹਿੰਦਾ ਹੈ, ਜੇ ਕਿਧਰੇ ਗੁਰੂ ਦੀ ਕਿਰਪਾ ਹੋ ਜਾਵੇ ਅਸੀਂ ਸਾਬਰ ਤੇ ਸਾਦਕ ਬਣ ਜਾਈਏ। ਤਦੋਂ ਭੈ ਤੇ ਭਰਮ ਲੁਪਤ ਹੋ ਜਾਣਗੇ ਅਤੇ ਜਗਿਆਸੂ ਦੀ ਅਵਸਥਾ ਸ਼ਹੀਦ ਵਾਲੀ ਬਣ ਜਾਏਗੀ।

**ਸ਼ਹੀਦ** ਫ਼ਾਰਸੀ ਦਾ ਸ਼ਬਦ ਹੈ। ਇਸ ਦਾ ਮਤਲਬ ਹੈ ਸਨਮੁਖ ਤੇ ਸਖਿਆਤ ਰਹਿਣ ਵਾਲਾ। ਇਸੇ ਅੱਖਰ ਤੋਂ ਸ਼ਾਹਿਦ ਬਣਦਾ ਹੈ, ਜਿਸ ਦਾ ਮਤਲਬ ਹੈ ਸਾਹਮਣੇ। ਕਾਨੂੰਨ ਦੀ ਭਾਸ਼ਾ ਵਿੱਚ ਸ਼ਾਹਦੀ ਗਵਾਹ। ਗਵਾਹ ਉਸੇ ਨੂੰ ਆਖਦੇ ਹਨ, ਜਿਸ ਨੇ ਸਾਰੇ ਮਾਮਲੇ ਨੂੰ ਅੱਖੀਂ ਵੇਖਿਆ ਹੋਵੇ। ਆਈ ਵਿਟਨੈਸ ਵੀ ਇਸੇ ਨੂੰ ਆਖਦੇ ਹਨ। ਇਸ ਪ੍ਰਕਾਰ ਸ਼ਹੀਦ ਦਾ ਮਤਲਬ ਸੱਚ ਨਿਰੰਕਾਰ ਨੂੰ ਅੱਖੀਂ ਵੇਖਣ ਵਾਲਾ ਹੈ ਅਤੇ ਉਹ ਇਸ ਗੱਲ ਦੀ ਸ਼ਹਾਦਤ ਦੇਂਦਾ ਹੈ। ਉਹ ਹਰ ਹਾਲ,

ਹਰ ਰੂਪ ਵਿੱਚ ਵਾਹਿਗੁਰੂ ਨੂੰ ਆਪਣੇ ਸਾਹਮਣੇ ਵੇਖ ਕੇ ਕਰਦਾ ਹੈ। ਕੋਈ ਲੋਭ, ਲਾਲਚ, ਭੈ, ਭਰਮ, ਭਉ ਜਾਂ ਡਰਾਵਾ ਉਸ ਨੂੰ ਇਸ ਤੋਂ ਦੁਰਾਡੇ ਜਾਂ ਪ੍ਰੇਰੇ ਨਹੀਂ ਕਰ ਸਕਦਾ। ਭਾਵੇਂ ਉਸ ਨੂੰ ਆਪਣੀ ਜਾਨ ਹੀ ਕਿਉਂ ਨਾ ਵਾਰਨੀ ਪੈ ਜਾਏ। ਇਹੀ ਭਾਵਨਾ ਹੈ ਸ਼ਹੀਦ ਦੀ, ਸ਼ਹਾਦਤ ਦੇਣ ਵਾਲੇ ਦੀ। ਇਸੇ ਸੰਬੰਧ ਵਿੱਚ ਗੁਰੂ ਨਾਨਕ ਦੇਵ ਜੀ ਦਾ ਹੁਕਮ ਹੈ :

*ਮੈ ਅਵਰੁ ਗਿਆਨੁ ਨ ਧਿਆਨੁ ਪੂਜਾ ਹਰਿ ਨਾਮੁ ਅੰਤਰਿ ਵਸਿ ਰਹੇ॥*
*ਭੇਖੁ ਭਵਨੀ ਹਠੁ ਨ ਜਾਨਾ ਨਾਨਕਾ ਸਚੁ ਗਹਿ ਰਹੇ॥੧॥*
*(ਪੰਨਾ ੮੪੪)*

ਪਾਤਸ਼ਾਹ ਫ਼ੁਰਮਾਉਂਦੇ ਹਨ ਕਿ ਮੈਂ ਕਿਸੇ ਗਿਆਨ ਧਿਆਨ ਨੂੰ ਨਹੀਂ ਜਾਣਦਾ। ਨਾ ਹੀ ਭਿੰਨ-ਭਿੰਨ ਪ੍ਰਕਾਰ ਦੀਆਂ ਹੋਰ ਪੂਜਾ ਵਿਧੀਆਂ ਵਿੱਚ ਮੇਰਾ ਵਿਸ਼ਵਾਸ਼ ਹੈ। ਮੇਰੀ ਹਾਰਦਿਕ ਇੱਛਾ ਕੇਵਲ ਇਹ ਹੈ ਕਿ ਮੇਰੇ ਅੰਦਰ ਨਾਮ ਦਾ ਵਾਸਾ ਹੋਵੇ। ਗੁਰੂ ਪਾਤਸ਼ਾਹ ਆਖਦੇ ਹਨ, 'ਮੈਂ ਕਿਸੇ ਭੇਖ ਜਾਂ ਸਾਂਗ ਦਾ ਧਾਰਨੀ ਨਹੀਂ ਹਾਂ। ਨਾ ਹੀ ਰਮਤਿਆਂ ਵਾਂਗ ਭ੍ਰਮਣ ਕਰਨ ਨੂੰ ਸਹੀ ਸਮਝਦਾ ਹਾਂ। ਨਾ ਭ੍ਰਮਣ ਹੈ, ਨਾ ਭਰਮ ਹੈ, ਹੱਠ ਜੋਗ ਜਾਂ ਹੱਠ ਕਰਮ ਨਾਲ ਮੇਰੀ ਕੋਈ ਵਾਕਫੀਅਤ ਜਾਂ ਜਾਣ ਪਹਿਚਾਣ ਨਹੀਂ ਹੈ।' ਹੇ ਨਾਨਕ! ਮੈਂ ਸਿਰਫ਼ ਸੱਚ ਨੂੰ ਮਜ਼ਬੂਤੀ ਨਾਲ ਪਕੜ ਕੇ ਰੱਖਣਾ ਚਾਹੁੰਦਾ ਹਾਂ। ਸੱਚ ਨੂੰ ਗ੍ਰਹਿਣ ਕਰਨਾ ਚਾਹੁੰਦਾ ਹਾਂ। ਸੱਚ ਨਾਮ ਕਰਤਾਰ ਹੈ। ਇਸ ਤੋਂ ਬਿਨਾਂ ਸਭ ਬੇਕਾਰ ਹੈ। "ਨਾਮ ਬਿਨਾ ਸਭ ਕੂੜ ਗਾਲੀ ਹੋਛੀਆਂ" ਜਦੋਂ ਅੰਦਰ ਸੱਚ ਵੱਸ ਗਿਆ ਤਾਂ ਫਿਰ ਗੱਲਾਂ ਵਾਸਤੇ ਕੋਈ ਥਾਂ ਨਹੀਂ ਅਤੇ ਇਹ ਫਿਰ ਹੋਛੀਆਂ ਹੀ ਹਨ। ਅਜਿਹੀ ਅਵਸਥਾ ਵਿੱਚ ਵਿਚਰਨ ਵਾਲਾ ਗੁਰਮੁਖ ਗੁਰਸਿੱਖ ਜਨਮ ਮਰਨ ਦੇ ਭੈ ਤੋਂ ਵੀ ਮੁਕਤ ਹੋ ਜਾਂਦਾ ਹੈ। ਮੌਤ ਉਸ ਨੂੰ ਡਰਾ ਨਹੀਂ ਸਕਦੀ। ਉਹ ਸ਼ਹੀਦ ਹੈ।

ਇਸੇ ਸਬੰਧ ਵਿੱਚ ਕਬੀਰ ਸਾਹਿਬ ਜੀ ਭਗਤ ਪ੍ਰਹਿਲਾਦ ਦਾ ਪ੍ਰਸੰਗ ਲੈ ਕੇ ਆਖਦੇ ਹਨ ਕਿ ਮੈਂ ਰਾਮ ਦਾ ਤਿਆਗ ਨਹੀਂ ਕਰ ਸਕਦਾ। ਜੇ ਮੈਂ ਅਜਿਹਾ ਕਰਾਂ, ਤਾਂ ਗੁਰੂ ਨੂੰ ਗਾਲ ਆਉਂਦੀ ਹੈ। ਮੈਂ ਰਾਮ ਨਾਮ ਉਤੇ ਦ੍ਰਿੜ੍ਹ ਹਾਂ। ਭਾਵੇਂ ਮੈਨੂੰ ਕਿਤਨੇ ਹੀ ਤਸੀਹੇ ਦੇ ਕੇ ਕਿਉਂ ਨਾ ਖ਼ਤਮ ਕਰ ਦਿੱਤਾ ਜਾਏ। ਪਹਾੜ ਤੋਂ ਰੇੜ੍ਹੋ ਜਾਂ ਜੀਉਂਦੇ ਜੀਅ ਅੱਗ ਵਿੱਚ ਸਾੜ ਦਿਓ। ਮੈਂ ਰਾਮ ਨਾਮ ਦਾ ਤਿਆਗ ਨਹੀਂ ਕਰ ਸਕਦਾ। ਇਹ ਅਵਸਥਾ ਹੈ, ਸੰਤੋਖੀ ਤੇ ਸਿਦਕੀ ਪੁਰਖ ਦੀ। ਜਿਸ ਨੇ ਆਪਣਾ ਭੈ ਤੇ ਭਰਮ ਨਦਰ ਤੇ ਕਰਮ ਨਾਲ ਮਿਟਾ ਦਿੱਤਾ ਹੈ ਅਤੇ ਹੁਣ ਉਸ ਨੂੰ ਬਾਕੀ ਗੱਲਾਂ ਹਲਕੀਆਂ ਤੇ ਝੂਠੀਆਂ ਲਗਦੀਆਂ ਹਨ। ਫ਼ੁਰਮਾਨ ਹੈ:

*ਇਕੁ ਰਾਮੁ ਨ ਛੋਡਉ ਗੁਰਹਿ ਗਾਰਿ॥*
*ਮੋ ਕਉ ਘਾਲਿ ਜਾਰਿ ਭਾਵੈ ਮਾਰਿ ਡਾਰਿ॥੩॥* *(ਪੰਨਾ ੧੧੯੪)*

ਇਹ ਉੱਚ ਪਦਵੀ ਹੈ ਸ਼ਹੀਦ ਦੀ। ਜਿਸ ਨੇ ਮਨੁੱਖੀ ਅੰਤਰ ਦੀਆਂ ਊਣਤਾਈਆਂ ਨੂੰ ਵਸਗਤ ਕਰ ਲਿਆ ਹੈ। ਹੁਣ ਉਹ ਇਨ੍ਹਾਂ ਦੇ ਅਧੀਨ ਨਹੀਂ,

ਸਗੋਂ ਇਹ ਉਸ ਦੇ ਅਧੀਨ ਹਨ ਅਤੇ ਹੋਰ ਮਨਫੀ ਸ਼ਕਤੀਆਂ ਉਸ ਦੀਆਂ ਦਾਸੀਆਂ ਹਨ। ਇਨ੍ਹਾਂ ਊਣਤਾਈਆਂ ਦੇ ਮਾਰਨ ਵਾਲਾ ਆਪ ਮਰਨ ਲਈ ਤਿਆਰ ਹੈ। ਜਿਸ ਕਾਰਨ ਉਹ ਮੌਤ ਉਤੇ ਵੀ ਜਿੱਤ ਪ੍ਰਾਪਤ ਕਰ ਚੁੱਕਾ ਹੈ। ਉਹ ਸ਼ਹੀਦ ਹੈ ਤੇ ਉਹ ਮੁਰਦਾ ਮੁਰੀਦ ਹੈ।

ਐਸੀ ਹੀ ਉੱਚ ਅਵਸਥਾ ਸੇਵਕ ਜਨ, ਭਗਤ, ਗੁਰਸਿੱਖ ਜਾਂ ਹਰਿ ਜੀ ਦੇ ਚਾਕਰ ਦੀ ਹੈ। ਉਹ ਆਪਣੇ ਸਾਰੇ ਜੀਵਨ ਅਤੇ ਹੋਰ ਸਾਰੇ ਕਾਰਜ ਕਲਾਪਾਂ ਨੂੰ ਗੁਰੂ ਦੇ ਹਜ਼ੂਰ ਕਰ ਰਿਹਾ ਸਮਝਦਾ ਹੈ। ਅਜਿਹਾ ਕਰਦਿਆਂ ਉਹ ਹਉਮੈ ਦੇ ਕੂੜੇ ਤੋਂ ਬਚਿਆ ਰਹਿੰਦਾ ਹੈ। ਇਹ ਸੰਭਵ ਹੀ ਨਹੀਂ ਕਿ ਕੋਈ ਚਾਕਰ ਵੀ ਬਣੇ ਅਤੇ ਹਉਮੈ ਤੇ ਹੈਂਕੜ ਦੀਆਂ ਵਧ-ਵਧ ਕੇ ਗੱਲਾਂ ਵੀ ਕਰੇ। ਐਸੀ ਪ੍ਰਕ੍ਰਿਤੀ ਦੇ ਮਨੁੱਖ ਨੂੰ ਕਦੀ ਵੀ ਵਾਹਿਗੁਰੂ ਦੀ ਮਿੱਠਤ ਦਾ ਸੁਆਦ ਪ੍ਰਾਪਤ ਨਹੀਂ ਹੋ ਸਕਦਾ:

*ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥*
*ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥*
*ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥*
*ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ॥੧॥*

*(ਪੰਨਾ ੪੭੪)*

ਆਪਣੇ ਮਾਲਕ ਨੂੰ ਨਿਰਾ ਗੱਲਾਂ ਨਾਲ ਨਹੀਂ ਰਿਝਾਇਆ ਜਾ ਸਕਦਾ। ਗੁਰੂ ਜੀ ਅਜਿਹਾ ਪ੍ਰਸ਼ਨ ਕਰਦੇ ਤਾਂ ਹਨ ਕਿ ਮੈਂ ਕੀ ਕਹਿ ਕੇ ਆਪਣੇ ਖਸਮ ਨੂੰ ਰਿਝਾਵਾਂ, ਇਹ ਗੱਲ ਬੜੀ ਸਪਸ਼ਟ ਹੈ ਕਿ ਇਸ ਦਾ ਉੱਤਰ ਕੋਰੀਆਂ ਗੱਲਾਂ ਬਿਲਕੁਲ ਨਹੀਂ ਹਨ। ਗੱਲ ਤਾਂ ਹੈ ਆਪਾ ਗਵਾ ਕੇ ਸੇਵਾ ਕਰਨੀ। ਅਜਿਹਾ ਕਰਨ ਨਾਲ ਗੁਰਸਿੱਖ ਜਨ ਉਸ ਵਾਹਿਗੁਰੂ ਨੂੰ ਮਿਲ ਜਾਂਦਾ ਹੈ ਅਤੇ ਉਸ ਨੂੰ ਪੁਗਿਆ ਹੋਇਆ ਜਾਂ ਪਰਵਾਨ ਕਰ ਕੇ ਆਖਿਆ ਗਿਆ ਹੈ।

ਲੋਕਾਂ ਦੇ ਬੋਲ-ਚਾਲ ਵਿੱਚ ਇਕ ਵਪਾਰਕ ਜਿਹਾ ਮੁਹਾਵਰਾ ਆਮ ਸੁਣਨ ਨੂੰ ਮਿਲਦਾ ਹੈ ਅਤੇ ਇਸ ਦਾ ਬੁਲਾਰਾ ਬੜੇ ਮਾਣ ਨਾਲ ਬੇ-ਝਿੱਜਕ ਹੋ ਕੇ ਆਖਦਾ ਹੈ, ਓ ਜੀ! ਅਸੀਂ ਤਾਂ ਗੱਲਾਂ ਦਾ ਖੱਟਿਆ ਖਾਂਦੇ ਹਾਂ। ਭਾਵ ਅਸੀਂ ਗੱਲਾਂ ਵੇਚਦੇ ਹਾਂ। ਹੋਰ ਸੁਲਝੀ ਹੋਈ ਵਪਾਰਕ ਭਾਸ਼ਾ ਵਿੱਚ ਆਖਿਆ ਜਾਂਦਾ ਹੈ ਕਿ ਮੈਂ ਇਕ ਨਵਾਂ ਖਿਆਲ ਦਿੱਤਾ ਹੈ ਜਾਂ ਇਕ ਆਈਡੀਆ ਸੇਲ ਕੀਤਾ ਹੈ। ਇਹ ਖਿਆਲ ਕਿਧਰੇ ਜੇ ਅਸਲੀਅਤ ਨਾਲ ਮੇਲ ਨਹੀਂ ਖਾਂਦਾ ਤਾਂ ਬਹੁਤਾ ਚਲਣਾ ਕੀ? ਜਿਵੇਂ ਕਾਠ ਦੀ ਹਾਂਡੀ ਦੂਜੀ ਵਾਰ ਨਹੀਂ ਚੜ੍ਹਦੀ। ਅਜਿਹਾ ਬੰਦਾ ਕਿਸੇ ਨੂੰ ਚੰਗਾ ਨਹੀਂ ਲੱਗਦਾ।

ਹੁਕਮ ਹੈ:

*ਓਹੁ ਗਲ ਫਰੋਸੀ ਕਰੇ ਬਹੁਤੇਰੀ*
*ਓਸ ਦਾ ਬੋਲਿਆ ਕਿਸੈ ਨ ਭਾਇਆ॥*

*ਓਹੁ ਘਰਿ ਘਰਿ ਹੰਢੈ ਜਿਉ ਰੰਨ ਦੋੁਹਾਗਣਿ*
*ਓਸੁ ਨਾਲਿ ਮੁਹੁ ਜੋੜੇ ਓਸੁ ਭੀ ਲਛਣੁ ਲਾਇਆ॥*

*(ਪੰਨਾ ੩੦੩)*

ਨਿਰੀਆਂ ਕੋਰੀਆਂ ਗੱਲਾਂ ਵੇਚਣ ਵਾਲਾ ਆਪਣੇ ਈਮਾਨ ਨੂੰ ਪਹਿਲਾਂ ਹੀ ਕਿਧਰੇ ਤਾਕ ਪਿੱਛੇ ਰੱਖ ਆਇਆ ਹੁੰਦਾ ਹੈ। ਉਹ ਆਪਣੇ ਆਪ ਨੂੰ ਬੇਸ਼ੱਕ ਬੜਾ ਤਾਕ ਸਮਝਦਾ ਹੈ ਪਰ ਦੁਹਾਗਣ ਵਾਂਗ ਉਸ ਦੀ ਝਾਕ ਕਿਸੇ ਹੋਰ ਵੱਲ ਹੈ, ਖਸਮ ਵੱਲ ਨਹੀਂ। ਬਹੁਤੀ ਵਾਰ ਤਾਂ ਗਾਲ੍ਹੜੀ ਮੁੱਢੋਂ ਹੀ ਘੁੱਥਾ ਹੋਇਆ ਹੁੰਦਾ ਹੈ। ਉਸ ਨੂੰ ਆਪ ਹੀ ਨਹੀਂ ਪਤਾ ਹੁੰਦਾ ਕਿ ਉਹ ਕੀ ਕਹਿੰਦਾ ਜਾ ਰਿਹਾ ਹੈ ਅਤੇ ਕਿਹੜੇ ਪਾਸੇ ਜਾ ਰਿਹਾ ਹੈ। ਉਸ ਦੀ ਝਾਕ ਪਦਾਰਥ ਵੱਲ ਹੈ। ਗੁਰਦੇਵ ਬੜੇ ਸਖ਼ਤ ਸ਼ਬਦਾਂ ਵਿੱਚ ਅਜਿਹੇ ਮਨੁੱਖ ਨੂੰ ਦੁਹਾਗਣ ਦੇ ਨਾਲ-ਨਾਲ ਘਰ-ਘਰ ਫਿਰਨ ਵਾਲੀ ਫੱਫੇ ਕੁੱਟਣੀ ਛਿਨਾਰ ਰੰਨ ਦੀ ਸੰਗਯਾ ਦਿੰਦਿਆਂ ਫ਼ੁਰਮਾਉਂਦੇ ਹਨ ਕਿ ਜਿਹੜਾ ਇਸ ਨਾਲ ਸਬੰਧ ਜੋੜਦਾ ਹੈ, ਉਸ ਨੂੰ ਵੀ ਤੋਹਮਤਾਂ ਲਗਦੀਆਂ ਹਨ। ਉਹ ਆਪਣਾ ਮੁੱਖ ਉਜਲਾ ਨਹੀਂ ਰੱਖ ਸਕਦਾ। ਸੁਹਾਗਣ ਤੇ ਮੁਰੀਦ ਦੇ ਗੁਣ ਇਕੋ ਜਿਹੇ ਹੀ ਹਨ। ਗੁਰੂ ਨਾਨਕ ਦੇਵ ਜੀ ਤਾਂ ਮੁਰੀਦ ਦਾ ਦਰਜਾ ਪੀਰਾਂ, ਪੈਗੰਬਰਾਂ, ਸ਼ੁਕਰ ਵਿੱਚ ਰਹਿਣ ਵਾਲੇ ਮਾਲਕਾਂ, ਸ਼ਹੀਦਾਂ, ਸ਼ੇਖਾਂ, ਮੌਲਾਣਿਆਂ ਅਤੇ ਦਰਵੇਸ਼ਾਂ ਤੋਂ ਘੱਟ ਨਹੀਂ ਮੰਨਦੇ। ਆਪ ਜੀ ਦਾ ਹੁਕਮ ਹੈ :

*ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ॥*
*ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ॥*
*ਬਰਕਤਿ ਤਿਨ ਕਉ ਅਗਲੀ ਪੜਦੇ ਰਹਨਿ ਦਰੂਦ॥੩॥ (ਪੰਨਾ ੫੩)*

ਧਰਮ ਦੇ ਰਾਹ 'ਤੇ ਚੱਲਣ ਵਾਲੇ ਇਨਸਾਫ਼ ਪਸੰਦ ਤੇ ਇਨਸਾਫ਼ ਕਰਨ ਵਾਲੇ ਅਤੇ ਉਹ ਲੋਕ ਜਿਹੜੇ ਅਕਾਲ ਪੁਰਖ ਦੀ ਚੌਖਟ ਤੱਕ ਪੁੱਜੇ ਹੋਏ ਹਨ, ਦਰਵੇਸ਼ ਹਨ, ਭਾਵ ਦਰ ਆਵੇਸ਼ ਹਨ। ਉਸ ਦੇ ਦਰ ਨਾਲ ਜੁੜੇ ਹੋਏ ਹਨ। ਉਹ ਸ਼ਹੀਦ ਹਨ, ਜੋ ਜੀਵਨ-ਜਾਚ ਗੁਰੂ ਨੇ ਦੱਸੀ ਹੈ, ਉਸ ਮੁਤਾਬਕ ਜੀਵਨ ਬਿਤਾਉਂਦਿਆਂ ਉਸ ਨੂੰ ਹਮੇਸ਼ਾਂ ਯਾਦ ਰੱਖਦੇ ਹਨ 'ਪੜਦੇ ਰਹਨਿ ਦਰੂਦ' ਭਾਵ ਗੁਰੂ ਦੀ ਦੱਸੀ ਹੋਈ ਵਿਧੀ ਸਦਾ ਉਨ੍ਹਾਂ ਦੇ ਬੁੱਲ੍ਹਾਂ 'ਤੇ ਹੁੰਦੀ ਹੈ ਜੋ ਕੋਰੀਆਂ ਗੱਲਾਂ ਨਹੀਂ। ਗੁਰੂ ਪਾਤਸ਼ਾਹ ਨੇ ਮੁਰੀਦ ਨੂੰ ਸ਼ਹੀਦ ਦੇ ਨਾਲ ਖੜ੍ਹਾ ਕੀਤਾ ਹੈ। ਰਚਨਾਤਮਕ ਜੀਵਨ ਜੀਉਣ ਵਾਲਾ ਮੁਰਦਾ ਮੁਰੀਦ ਹੈ ਤੇ ਆਗਿਆ ਵਿੱਚ ਚੱਲਣ ਵਾਲਾ ਜੀਉਂਦਾ ਸ਼ਹੀਦ ਹੈ। ਆਪਣੀ ਨਿੱਤ ਦੀ ਅਰਦਾਸ ਵਿੱਚ ਅਸੀਂ ਸਵੇਰੇ ਸ਼ਾਮ ਸ਼ਹੀਦਾਂ ਮੁਰੀਦਾਂ ਦੀ ਕਮਾਈ ਵੱਲ ਧਿਆਨ ਕਰ ਕੇ ਵਾਹਿਗੁਰੂ ਬੋਲਦੇ ਹਾਂ। ਗੱਲਾਂ ਮਾਰਨ ਵਾਲਿਆਂ ਦੀਆਂ ਗੱਲਾਂ ਤਾਂ ਵਾਹਿਗੁਰੂ ਤੋਂ ਦੂਰ ਹੀ ਕਰਦੀਆਂ ਹਨ। ਭਾਈ ਸਾਹਿਬ ਭਾਈ ਗੁਰਦਾਸ ਜੀ ਇਸੇ ਹੀ ਭਾਵਨਾ ਨੂੰ ਗੁਰਮਤਿ ਦੇ ਚਾਨਣ ਵਿੱਚ ਦਰਸਾ ਰਹੇ ਹਨ। ਆਪ ਜੀ ਪੀਰ ਤੇ ਮੁਰੀਦ ਦੀ ਪਿਰਹੜੀ ਦਾ ਜ਼ਿਕਰ ਕਰਦਿਆਂ ਆਖਦੇ ਹਨ ਕਿ ਜਦੋਂ ਤੋਂ ਮੁਰੀਦ ਦਾ ਪ੍ਰੇਮ ਬਣ ਜਾਏ ਤਦ ਉਹ ਪਰਭਾਤੇ ਉੱਠ

ਕੇ ਸ਼ਬਦ ਦੀ ਸਿਫਤ-ਸਾਲਾਹ ਗਾਉਣ ਵਾਲੇ ਹੋ ਜਾਂਦੇ ਹਨ। ਉਨ੍ਹਾਂ ਦੀ ਅਵਸਥਾ "ਅੰਮ੍ਰਿਤ ਵੇਲੇ ਸਬਦੁ ਸਿੰਞਾਪੈ" ਵਾਲੀ ਹੁੰਦੀ ਹੈ। ਉਹ ਨਿੱਤ ਹੀ ਮਨ ਸੰਗ ਜੂਝਦੇ ਹਨ ਅਤੇ ਮਨ 'ਤੇ ਜਿੱਤ ਪ੍ਰਾਪਤ ਕਰ ਕੇ ਜਗਜੀਤ ਹੋ ਜਾਂਦੇ ਹਨ।

ਗੱਲਾਂ ਵਾਲਾ ਇਹੀ ਚਾਹੁੰਦਾ ਹੈ ਕਿ ਬੱਸ ਉਸੇ ਦੀਆਂ ਗੱਲਾਂ ਸੁਣੀਆਂ ਜਾਣ। ਉਹ ਬੋਲਦਾ ਥੱਕਦਾ ਨਹੀਂ। ਉਹ ਕਿਸੇ ਦੀ ਗੱਲ ਸੁਣਨ ਨੂੰ ਤਿਆਰ ਵੀ ਨਹੀਂ। ਜਿਹੜਾ ਕਿਸੇ ਦੂਜੇ ਦੀ ਗੱਲ ਸੁਣਨ ਲਈ ਤਿਆਰ ਨਹੀਂ, ਉਹ ਨਿਰੰਕਾਰ ਹਰੀ ਦੀ ਸੂਖਮ ਗੱਲ ਕਿਸ ਤਰ੍ਹਾਂ ਸੁਣੇਗਾ। ਸਾਕਾਰ ਸਾਹਮਣੇ ਬੈਠੇ ਬੰਦੇ ਨੂੰ ਤਾਂ ਉਹ ਨਜ਼ਰ-ਅੰਦਾਜ਼ ਕਰ ਰਿਹਾ ਹੈ। ਫਿਰ ਉਸ ਲਈ ਹਰਿ ਗੁਣ ਸੁਣਨ ਜਾਂ ਗਾਉਣ ਦੀ ਕੀ ਮਹਾਨਤਾ ਹੈ? ਉਹ ਤਾਂ ਗੱਲਾਂ ਹੀ ਕੁੱਟੀ ਜਾਏਗਾ। ਹੁਕਮ ਹੈ:

*ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ॥*
*ਬਾਤਨ ਹੀ ਅਸਮਾਨੁ ਗਿਰਾਵਹਿ॥੧॥*
*ਐਸੇ ਲੋਗਨ ਸਿਉ ਕਿਆ ਕਹੀਐ॥*
*ਜੋ ਪ੍ਰਭ ਕੀਏ ਭਗਤਿ ਤੇ ਬਾਹਜ*
*ਤਿਨ ਤੇ ਸਦਾ ਡਰਾਨੇ ਰਹੀਐ॥੧॥*

*(ਪੰਨਾ ੩੩੨)*

ਕਬੀਰ ਸਾਹਿਬ ਬੜੀ ਬੇਸ਼ਕੀਮਤੀ ਰਾਇ ਦਿੰਦੇ ਹਨ ਕਿ ਇਸ ਤਰ੍ਹਾਂ ਦੇ ਲੋਕਾਂ ਦੀ ਸੰਗਤ ਕਰਨਾ ਤਾਂ ਕੀ, ਸਗੋਂ ਦੂਰ ਹੀ ਰਹਿਣਾ ਚਾਹੀਦਾ ਹੈ। ਭਗਤੀ ਤੋਂ ਵਿਰਵੇ ਲੋਕ ਨੁਕਸਾਨ ਹੀ ਕਰਨਗੇ। ਉਨ੍ਹਾਂ ਤੋਂ ਪ੍ਰਾਪਤ ਕੁਝ ਨਹੀਂ ਹੋਣਾ। ਅਜਿਹੇ ਮਨੁੱਖਾਂ ਦਾ ਹਾਲ ਅਜਿਹਾ ਹੈ ਕਿ ਜੇ ਇਨ੍ਹਾਂ ਕੋਲ ਕੁਝ ਹੈ ਵੀ ਤਾਂ ਇਨ੍ਹਾਂ ਦੇਣਾ ਨਹੀਂ, ਬਲਕਿ ਜਿਹੜੇ ਦੇਣ ਵਾਲੇ ਹਨ, ਉਨ੍ਹਾਂ ਦੀ ਬੁਰਾਈ ਕਰਨਗੇ। ਕਬੀਰ ਜੀ ਬੜਾ ਸਮਝਾ ਕੇ ਆਖਦੇ ਹਨ ਕਿ ਇਹੋ ਜਿਹੇ ਸਿਧਾਂਤ ਰਹਿਤ ਬੰਦੇ ਖੁਦ ਤਾਂ ਇਕ ਚੂਲੀ ਭਰ ਪਾਣੀ ਦੇਣ ਜੋਗੇ ਵੀ ਨਹੀਂ ਅਤੇ ਜਿਨ੍ਹਾਂ ਨੇ ਕਠਿਨ ਪ੍ਰੀਸ਼ਰਮ ਕਰ ਕੇ ਗਿਆਨ-ਗੰਗਾ ਵਹਾਈ ਹੈ, ਇਹ ਉਨ੍ਹਾਂ ਦੀ ਵੀ ਨਿੰਦਿਆ ਹੀ ਕਰਨਗੇ। ਆਪ ਜੀ ਫ਼ੁਰਮਾਉਂਦੇ ਹਨ:

*ਆਪਿ ਨ ਦੇਹਿ ਚੁਰੂ ਭਰਿ ਪਾਨੀ॥*
*ਤਿਹ ਨਿੰਦਹਿ ਜਿਹ ਗੰਗਾ ਆਨੀ॥੨॥*
*ਬੈਠਤ ਉਠਤ ਕੁਟਿਲਤਾ ਚਾਲਹਿ॥*
*ਆਪੁ ਗਏ ਅਉਰਨ ਹੂ ਘਾਲਹਿ॥੩॥* *(ਪੰਨਾ ੩੩੨)*

ਗਲਾਧੜ ਬੰਦਾ ਬਹਿੰਦਿਆਂ ਉਠਦਿਆਂ ਚਲਾਕੀਆਂ ਹੀ ਕਰਦਾ ਰਹੇਗਾ ਅਤੇ ਦੂਜਿਆਂ ਨੂੰ ਭੁਚਲਾਉਣ ਦੀ ਕੋਸ਼ਿਸ਼ ਵਿੱਚ ਲੱਗਾ ਰਹੇਗਾ। ਆਪ ਤਾਂ ਮੁਫ਼ਤ ਵਿੱਚ ਮਰੇਗਾ ਹੀ, ਦੂਜਿਆਂ ਦਾ ਵੀ ਨੁਕਸਾਨ ਕਰੇਗਾ। ਅਜਿਹੀ ਬਿਰਤੀ ਸਬੰਧੀ ਬੜਾ ਮਸ਼ਹੂਰ ਅਖਾਣ ਹੈ, "ਆਪ ਤਾਂ ਮੋਇਓ ਬਾਹਮਣਾ ਜਜਮਾਨ ਵੀ ਨਾਲੇ।"

ਗਲਾਧੜ ਬੰਦਾ ਬੇਅਸੂਲਾ, ਬੇਲਿਹਾਜ਼ ਤੇ ਕੁਚਾਲਾਂ ਵਾਲਾ ਹੋਵੇਗਾ। ਜਿਸ ਤਰ੍ਹਾਂ ਕੋਈ ਬੰਦਾ ਆਪਣੇ ਘਰ ਨੂੰ ਆਪ ਹੀ ਅੱਗ ਲਾ ਕੇ ਅੰਦਰ ਸੁੱਤਾ ਰਹੇ। ਕਬੀਰ ਸਾਹਿਬ ਐਸੇ ਚਲਨ ਵਾਲੇ ਬੰਦੇ ਨੂੰ ਕਾਣਾ ਕਹਿੰਦੇ ਹਨ। ਕਾਣੇ ਬੰਦੇ ਨੂੰ ਦਾਗੀ ਜਾਂ ਛੇਕਿਆ ਹੋਇਆ ਕਹਿੰਦੇ ਹਨ। ਜਿਹੜਾ ਆਪ ਦਾਗ਼ਦਾਰ ਹੈ, ਉਹ ਦੂਜਿਆਂ ਦਾ ਮਖੌਲ ਉਡਾਏ, ਅਸਮਾਨੀ ਕਲਾਬੇ ਮਿਲਾਏ, ਗੱਲਾਂ ਨਾਲ ਧਰਤੀ ਤੇ ਅਸਮਾਨ ਉਤਾਰ ਲਿਆਵੇ। ਕਬੀਰ ਸਾਹਿਬ ਕਹਿੰਦੇ ਹਨ, ਇਹੋ ਜਿਹੇ ਬੰਦਿਆਂ ਨਾਲ ਗੱਲ ਕਰਨੀ ਤਾਂ ਬੜੀ ਦੂਰ ਦੀ ਬਾਤ ਹੈ, ਉਨ੍ਹਾਂ ਨੂੰ ਵੇਖ ਕੇ ਵੀ ਮੈਨੂੰ ਸ਼ਰਮ ਆਉਂਦੀ ਹੈ :

*ਅਵਰਨ ਹਸਤ ਆਪ ਹਹਿ ਕਾਨੇ॥*
*ਤਿਨ ਕਉ ਦੇਖਿ ਕਬੀਰ ਲਜਾਨੇ॥੬॥* (ਪੰਨਾ ੩੩੨)

ਭਾਈ ਸਾਹਿਬ ਮੁਰੀਦ ਦੀ ਵਿਆਖਿਆ ਕਰਦਿਆਂ ਇਕ ਹੋਰ ਵਿਸ਼ੇਸ਼ਣ ਦਾ ਜ਼ਿਕਰ ਕਰਦੇ ਹਨ ਕਿ ਉਹ ਸੁਭਾਅ ਦੇ ਤੌਰ 'ਤੇ ਗੋਲਾ ਹੋਵੇ। ਇੱਥੇ ਬੜਾ ਧਿਆਨ ਰੱਖਣ ਦੀ ਲੋੜ ਹੈ ਕਿ ਗੋਲਾ ਗੁਲਾਮ ਨੂੰ ਵੀ ਕਹਿੰਦੇ ਹਨ। ਗੁਰਮਤਿ ਕਿਸੇ ਮਨੁੱਖ ਨੂੰ ਕਿਸੇ ਮਨੁੱਖ ਦਾ ਦਾਸ ਨਹੀਂ ਵੇਖਣਾ ਚਾਹੁੰਦੀ। ਗੋਲੇ ਦਾ ਭਾਵ ਹੈ ਕਿ ਉਹ ਪੂਰੀ ਤਰ੍ਹਾਂ ਆਪਣੇ ਕਾਰਜ ਨੂੰ ਸਮਰਪਿਤ ਹੈ। ਭਾਈ ਸਾਹਿਬ ਜੋ ਵੀ ਆਖਦੇ ਹਨ, ਉਸ ਦਾ ਚਾਨਣ ਗੁਰਬਾਣੀ ਪਾਸੋਂ ਪ੍ਰਾਪਤ ਕਰਦੇ ਹਨ। ਗੁਰੂ ਨਾਨਕ ਦੇਵ ਜੀ ਦਾ ਮੂਲ ਵਿਚਾਰਦਾਤਾ ਆਦਿ ਗੁਰੂ ਹਨ। ਉਨ੍ਹਾਂ ਨੇ ਆਪਣੇ ਆਪ ਨੂੰ ਸਭਨਾਂ ਦੇ ਮਾਲਿਕ ਅਤੇ ਸਾਰਿਆਂ ਦੇ ਆਕਾ, ਸਾਰਿਆਂ ਦੇ ਖਾਲਕ ਤੇ ਪਾਲਕ ਨੂੰ ਆਪਣਾ ਆਪ ਇਸ ਤਰ੍ਹਾਂ ਸਮਰਪਣ ਕੀਤਾ ਹੈ ਕਿ ਆਪ ਜੀ ਆਖਦੇ ਹਨ ਕਿ ਮੈਂ ਵਾਹਿਗੁਰੂ ਦਾ ਮੁੱਲ ਖਰੀਦਿਆ ਹੋਇਆ ਗੁਲਾਮ ਹਾਂ। ਮੇਰੇ ਮਾਤਾ ਤੇ ਪਿਤਾ ਵੀ ਉਸ ਦੇ ਗੁਲਾਮ ਹਨ। ਇਸ ਕਾਰਨ ਮੇਰਾ ਨਾਮ ਸੁਭਾਗਾ ਬਣਦਾ ਹੈ। ਭਾਵ ਮੈਂ ਆਪਣੇ-ਆਪ ਨੂੰ ਉਚੇਰੀ ਕਿਸਮਤ ਵਾਲਾ ਸਮਝਦਾ ਹਾਂ। ਹੁਕਮ ਹੈ :

*ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥*
*ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ॥੧॥*
(ਪੰਨਾ ੯੯੧)

ਭਾਵ ਇਹ ਹੈ ਕਿ ਅਸੀਂ ਉਸ ਅਕਾਲ ਪੁਰਖ ਦੇ ਜ਼ਰ ਖਰੀਦ ਗੁਲਾਮ ਹਾਂ। ਚਾਹੀਦਾ ਤਾਂ ਇਹ ਹੈ ਕਿ ਅਸੀਂ ਉਸ ਦੇ ਹੁਕਮ ਵਿੱਚ ਰਹੀਏ। ਜੋ ਉਹ ਕਹੇ ਉਹ ਕਾਰ ਕਮਾਈਏ ਪਰ ਇਸ ਦੇ ਬਿਲਕੁਲ ਉਲਟ ਹੋ ਰਿਹਾ ਹੈ। ਅਸੀਂ ਆਕਾ ਦੀ ਹੁਕਮ ਅਦੂਲੀ ਕਰਦੇ ਹਾਂ ਅਤੇ ਉਸ ਤੋਂ ਆਕੀ ਹਾਂ ਤੇ ਬਾਗੀ ਹਾਂ। ਬਾਗੀ ਦਾ ਤਾਂ ਸਿਰ ਕੁਚਲ ਦਿੱਤਾ ਜਾਣਾ ਚਾਹੀਦਾ ਹੈ, ਉਸ ਨੂੰ ਤਸੀਹੇ ਦੇ ਕੇ ਮਾਰ ਦੇਣਾ ਚਾਹੀਦਾ ਹੈ ਪਰ ਧੰਨ ਹੈ ਹਮਾਰਾ ਮੀਤ, ਸੱਜਣ, ਸਮੀਆਂ ਵਾਹਿਗੁਰੂ ਕਿ ਉਹ ਸਾਨੂੰ ਨਿਰਗੁਣੀਆਰਿਆਂ ਨੂੰ ਵੀ ਪਾਲ ਰਿਹਾ ਹੈ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਅਸੀਂ ਲੂਣ ਹਰਾਮੀ ਨਾ ਬਣੀਏ। ਜਿਹੜਾ ਕਾਰਜ ਉਸ ਨੇ ਸਾਨੂੰ ਸੌਂਪਿਆ ਹੈ, ਉਸ

ਨੂੰ ਹੁਕਮ ਵਿੱਚ ਰਹਿ ਕੇ ਕਰਦੇ ਜਾਈਏ। ਹੁਕਮ ਮੰਨਾਂਗੇ ਤਾਂ ਪਰਵਾਨ ਹੋਵਾਂਗੇ।

ਸਮਰਪਿਤ ਮਨੁੱਖ ਖਾਂਦਾ ਵੀ ਹੈ, ਕਿਉਂਕਿ ਉਸ ਨੂੰ ਭੁੱਖ ਵੀ ਲੱਗਦੀ ਹੈ। ਸੌਂਦਾ ਵੀ ਹੈ, ਕਿਉਂਕਿ ਉਸ ਨੂੰ ਨੀਂਦ ਵੀ ਆਉਂਦੀ ਹੈ। ਬੱਸ, ਫ਼ਰਕ ਸਿਰਫ ਇਤਨਾ ਹੈ ਕਿ ਨਮਕ ਹਰਾਮ ਹੁਕਮ ਨਾ ਮੰਨਣ ਵਾਲਾ ਆਕੀ ਮਨੁੱਖ ਮੁਫ਼ਤ ਦਾ ਬੇਕਾਰ ਖਾਂਦਾ ਹੈ। ਮਾਲਕ ਦੀ ਕਾਰ ਨਹੀਂ ਕਮਾਉਂਦਾ। ਹਰ ਵੇਲੇ ਉਸ ਨੂੰ ਪਸ਼ੂ ਵਾਂਗੂੰ ਪੇਟ ਭਰਨ ਦੀ ਇਚ ਲੱਗੀ ਰਹਿੰਦੀ ਹੈ ਤੇ ਪੇਟ ਭਰਨ ਮਗਰੋਂ ਸ਼ੂਕਦਾ ਹੈ ਤੇ ਸੌਂ ਜਾਂਦਾ ਹੈ। ਸੁੱਤਾ ਮੋਇਆ ਇਕ ਬਰਾਬਰ ਹੈ। ਅਜਿਹਾ ਹਰਾਮਖੋਰ ਬੰਦਾ ਜੀਊਂਦਾ ਵੀ ਮੋਇਆਂ ਵਰਗਾ ਹੈ। ਸਤਿਗੁਰੂ ਦੀ ਕਾਰ ਕਮਾਉਣ ਵਾਲਾ ਮੁਰਦਾ ਮੁਰੀਦ ਹੈ। ਉਸ ਨੇ ਮਨ ਨੂੰ ਕਾਬੂ ਕਰ ਕੇ ਵਾਸ਼ਨਾਵਾਂ ਨੂੰ ਮਾਰਿਆ ਹੈ। ਐਸਾ ਮੁਰਦਾ ਮੁਰੀਦ ਲੱਖ ਜੀਵਦਿਆਂ ਤੋਂ ਚੰਗਾ ਹੈ ਅਤੇ ਸੌ ਜੀਵਦਿਆਂ 'ਤੇ ਭਾਰੂ ਹੈ। ਉਹ ਬਲਵਾਨ ਮਾਨਸਿਕਤਾ ਦਾ ਮਾਲਕ ਹੈ। ਉਸ ਦਾ ਮਨ ਲੂਣ-ਹਰਾਮੀ ਗੁਨਾਹਗਾਰ ਵਰਗਾ ਉਦੰਡ ਨਹੀਂ, ਸਗੋਂ ਉਸ ਦੇ ਵੱਸ ਵਿੱਚ ਰਹਿੰਦਾ ਹੈ।

ਹੁਕਮੀ ਪੁਰਖ ਜਾਂ ਮੁਰਦਾ ਮੁਰੀਦ ਮਨੁੱਖ ਨੂੰ ਵਾਹਿਗੁਰੂ ਦਾ ਰੂਪ ਮੰਨਦਾ ਹੈ। ਉਹ ਮਨੁੱਖ ਭਾਵੇਂ ਸੰਗਤ ਵਿੱਚ ਬੈਠਾ ਹੋਵੇ ਜਾਂ ਜੰਗ ਵਿੱਚ ਜ਼ਖ਼ਮੀ ਹੋ ਕੇ ਡਿੱਗਾ ਹੋਵੇ, ਭਾਈ ਘਨਈਆ ਜੀ ਵਾਂਗੂੰ ਜ਼ਖ਼ਮੀ ਦੇ ਮੂੰਹ ਵਿੱਚ ਪਾਇਆ ਪਾਣੀ ਉਹ ਕਲਗੀਆਂ ਵਾਲੇ ਦੇ ਮੂੰਹ ਵਿੱਚ ਪਾਇਆ ਸਮਝਦਾ ਹੈ। ਨਿੱਤ ਹੀ ਉਹ ਕਣਕ ਸਾਫ਼ ਕਰ, ਪੀਹਣ ਪਾ, ਆਟਾ ਪੀਸ ਕੇ, ਪਰਸ਼ਾਦੇ ਪਕਾਉਂਦਾ ਹੈ, ਢੋ-ਢੋ ਕੇ ਪਾਣੀ ਲਿਆ ਸੰਗਤਾਂ ਨੂੰ ਲੰਗਰ ਛਕਾਉਂਦਾ ਹੈ, ਤਾਂ ਉਸ ਵੇਲੇ ਉਸ ਨੂੰ ਇੰਜ ਹੀ ਜਾਪਦਾ ਹੈ, ਜਿਵੇਂ ਗੁਰੂ ਦੇ ਮੁੱਖ ਵਿੱਚ ਪਾ ਰਿਹਾ ਹੈ। ਏਹੀ ਭਾਵਨਾ ਗਰਮੀ ਦੀ ਰੁੱਤੇ ਸੰਗਤ ਨੂੰ ਪੱਖਾ ਝੱਲਣ ਲੱਗਿਆਂ ਉਸ ਦੇ ਮਨ ਵਿੱਚ ਹੁੰਦੀ ਹੈ। ਇਹ ਠੀਕ ਹੈ ਕਿ ਅੱਜ ਦੇ ਯੁੱਗ ਵਿੱਚ ਰੋਲਰ ਦਾ ਪੀਸਿਆ ਆਟਾ, ਨਲਕੇ ਦੀ ਟੂਟੀ ਦਾ ਪਾਣੀ ਅਤੇ ਬਿਜਲੀ ਦੇ ਪੱਖੇ ਦੀ ਹਵਾ ਹੈ। ਸਾਨੂੰ ਮੁਰਦਾ ਮੁਰੀਦ ਬਣਨ ਦੀ ਕਿਹੜੀ ਲੋੜ ਹੈ? ਸਾਰੇ ਕੰਮ ਤਾਂ ਆਪੇ ਹੋ ਰਹੇ ਹਨ। ਬੱਸ, ਇਥੇ ਹੀ ਨਵੇਂ ਪੁਰਾਣੇ ਦਾ ਝਗੜਾ ਖੜ੍ਹਾ ਹੁੰਦਾ ਹੈ। ਪੀੜ੍ਹੀਆਂ ਦਾ ਅੰਤਰ, ਜਨਰੇਸ਼ਨ ਗੈਪ ਆੜੇ ਆ ਜਾਂਦਾ ਹੈ। ਚੇਤੇ ਰੱਖਣ ਵਾਲੀ ਗੱਲ ਤਾਂ ਭਾਵਨਾ ਹੀ ਹੈ ਕਿ ਅਸੀਂ ਸਵੈ-ਚਾਲਕ ਜੰਤਰਾਂ ਤੇ ਮਸ਼ੀਨਾਂ ਨਾਲ ਪ੍ਰਾਪਤ ਸੁਖ, ਸੱਜਣਾ, ਮਿੱਤਰਾਂ ਤੇ ਸੰਗਤ ਨੂੰ ਉਪਲਬਧ ਕਰਾਉਂਦਿਆਂ ਖੇੜੇ ਵਿੱਚ ਹੁੰਦੇ ਹਾਂ? ਮੱਥੇ ਉਤੇ ਵੱਟ ਤਾਂ ਨਹੀਂ ਹੁੰਦਾ? ਕਿਸੇ ਨੂੰ ਖੁਆ ਕੇ ਸਾਨੂੰ ਖੁਸ਼ੀ ਹੁੰਦੀ ਹੈ? ਜੇ ਅਜਿਹਾ ਨਹੀਂ ਹੋ ਰਿਹਾ, ਤਾਂ ਸ਼ੁਕਰ ਹੈ ਵਾਹਿਗੁਰੂ ਦਾ ਕਿ ਅਸੀਂ ਮੂਲ ਤੋਂ ਨਹੀਂ ਉਖੜੇ। ਗੁਰਮਤਿ ਨੇ ਤਾਂ ਸਦਾ ਜੜ੍ਹ ਫੜੀ ਹੈ। ਮੂਲ ਨੂੰ ਮੁੱਖ ਰੱਖਿਆ ਹੈ। ਅਨੰਦ ਸਰੂਪ ਵਾਹਿਗੁਰੂ ਨੂੰ ਸਨਮੁਖ ਜਾਣਿਆ ਹੈ ਤੇ ਸਦਾ ਹੀ ਉਸ ਦੇ ਹਜ਼ੂਰ ਰਹਿ ਕੇ ਸਭ ਕਾਰਜ ਨੇਪਰੇ ਚਾੜ੍ਹੇ ਹਨ। ਹੁਕਮ ਹੈ:

*ਮੋਹਿ ਮੋਹਿਆ ਜਾਨੈ ਦੂਰਿ ਹੈ॥*<br>
*ਕਹੁ ਨਾਨਕ ਸਦਾ ਹਦੂਰਿ ਹੈ॥੪॥* *(ਪੰਨਾ ੨੧੦)*

ਮੋਹ, ਮਾਇਆ ਮੁੱਠੇ, ਹਉਮੈ ਕੁੱਠੇ, ਮੱਦ ਮੁੱਠੇ, ਪੁੱਠੇ ਕਾਰਜ ਕਰਦੇ ਹਾਂ, ਤਾਂ ਵਾਹਿਗੁਰੂ ਤੋਂ ਦੂਰ ਹੋ ਜਾਂਦੇ ਹਾਂ। ਉਸ ਦੇ ਹਜ਼ੂਰ ਰਹਿ ਕੇ ਹੁਕਮ ਅੰਦਰ ਕੀਤੇ ਕਾਰਜਾਂ ਕਾਰਨ ਵਾਹਿਗੁਰੂ ਨਿਕਟ ਖਲੋਤਾ ਨਜ਼ਰ ਆਉਂਦਾ ਹੈ ਅਤੇ ਅਸੀਂ ਉਸ ਦੇ ਹਜ਼ੂਰ ਹੋ ਜਾਂਦੇ ਹਾਂ।

ਇਹੀ ਅਵਸਥਾ ਹੈ ਦਰ ਦਰਵੇਸ਼ ਰਸੀਦ ਦੀ। ਰੱਬ ਰਸੀਦਾਂ, ਗੁਰਸਿੱਖ, ਸਿੱਖ, ਸੇਵਕ, ਇਕ ਸੰਤੁਲਿਤ ਚਲਣ ਵਾਲਾ ਪ੍ਰਾਣੀ ਹੁੰਦਾ ਹੈ। ਜਿਸ ਤਰ੍ਹਾਂ ਉਹ ਐਵੇਂ ਫੋਕੀਆਂ ਟਰਪਲਾਂ ਨਹੀਂ ਮਾਰਦਾ ਤੇ ਗੱਲਾਂ ਨਹੀਂ ਕਰਦਾ, ਇਸੇ ਤਰ੍ਹਾਂ ਉਹ ਨਾ ਤੇ ਬੇਲੋੜਾ ਹਿਚ-ਹਿਚ ਕਰਦਾ ਰਹਿੰਦਾ ਹੈ ਤੇ ਨਾ ਹੀ ਗੱਲ ਗੱਲੇ ਰੂੰ-ਰੂੰ ਕਰਦਾ ਰੋਂਦਾ ਰਹਿੰਦਾ ਹੈ। ਅਜਿਹਾ ਨਹੀਂ ਕਿ ਗੁਰੂ ਦੇ ਸਿੱਖ ਸੇਵਕ ਨੂੰ ਹੱਸਣਾ ਰੋਣਾ ਮਨਾ ਹੈ। ਦਰਅਸਲ ਗੱਲ ਇਹ ਹੈ ਕਿ ਮਾੜੀ ਜਿਹੀ ਪ੍ਰਾਪਤੀ 'ਤੇ ਗੁਰਸਿੱਖ ਟਪੂ-ਟਪੂ ਨਹੀਂ ਕਰਦਾ ਅਤੇ ਰਤਾ ਕੁ ਜਿੰਨੀ ਚੀਜ਼ ਦੇ ਗੁਆਚ ਜਾਣ 'ਤੇ ਕੰਧਾਂ ਨੂੰ ਟੱਕਰਾਂ ਨਹੀਂ ਮਾਰਨ ਬਹਿ ਜਾਂਦਾ। ਸਦਾ ਖੇੜੇ ਵਿੱਚ ਰਹਿੰਦਾ ਹੈ। ਇਕਸਾਰਤਾ ਤੇ ਇਕਸੁਰਤਾ ਉਸ ਦੇ ਚਲਨ ਦਾ ਸ਼ਿੰਗਾਰ ਹੈ। ਦੁੱਖੀ ਦਾ ਦੁੱਖ ਦੇਖ ਕੇ ਉਸ ਦੇ ਨੇਤਰਾਂ ਵਿੱਚੋਂ ਸਨੇਹ ਨੀਰ ਚਲਦਾ ਹੈ ਤੇ ਕਿਸੇ ਨੂੰ ਖੁਸ਼ ਵੇਖ ਕੇ ਉਹ ਆਪ ਵੀ ਖਿੜ ਪੈਂਦਾ ਹੈ। ਇਹੀ ਸੰਜੀਦਾ ਪੁਰਖ ਦੀ ਪ੍ਰੀਭਾਸ਼ਾ ਹੈ। ਉਸ ਦਾ ਆਚਰਨ ਸੰਤੁਲਿਤ ਹੈ। ਜਦੋਂ ਸੁਭਾਅ ਵਿੱਚ ਸੰਜੀਦਗੀ ਆ ਜਾਏ, ਤਾਂ ਖਾਣ-ਪੀਣ, ਪਹਿਨਣ, ਸੌਣ, ਧਨ ਦੌਲਤ ਦੇ ਖਰਚ ਤੇ ਵਿਖਾਵੇ ਆਦਿ ਸਭਨਾਂ ਗੱਲਾਂ ਵਿੱਚ ਇਕਸਾਰਤਾ ਵੀ ਆ ਜਾਂਦੀ ਹੈ। ਇਹੀ ਸੁਭਾਅ ਹੈ ਮੁਰਦਾ ਮੁਰੀਦ ਤੇ ਸੇਵਕ ਸੰਜੀਦ ਦਾ।

ਭਾਈ ਗੁਰਦਾਸ ਜੀ ਦੀ ਸਮਦ੍ਰਿਸ਼ਟਤਾ ਕਿੰਨੀ ਮਜ਼ਬੂਤ ਤੇ ਵਿਸ਼ਾਲ ਹੈ ਸ਼ਹੀਦ, ਮੁਰੀਦ ਤੇ ਸੰਜੀਦ ਗੁਰਸਿੱਖ ਦਾ ਜ਼ਿਕਰ ਕਰਦਿਆਂ ਜੋ ਤਾਕੀਦ ਕਰਦੇ ਹਨ, ਉਸ ਦੀ ਮਿਸਾਲ ਮੋਮਨਾਂ ਦੀ ਈਦ ਤੋਂ ਲੈਣ ਲੱਗਿਆਂ ਸੰਕੋਚ ਨਹੀਂ ਕਰਦੇ। ਈਦ ਤੋਂ ਪਹਿਲਾਂ ਤੀਹ ਰੋਜ਼ੇ ਹੁੰਦੇ ਹਨ। ਇਸਲਾਮ ਅਨੁਸਾਰ ਰੋਜ਼ੇ ਦੇ ਦਿਨਾਂ ਵਿੱਚ ਮੋਮਨ ਆਪਣੇ ਮਨ ਨੂੰ ਕਾਬੂ ਵਿੱਚ ਰੱਖਣ ਲਈ ਵਰਤ ਰੱਖਦਾ ਹੈ। ਰੋਜ਼ੇ ਦਾ ਮਤਲਬ ਹੀ ਵਰਤ ਹੈ। ਜਿਥੇ ਰੋਜ਼ਦਾਰ ਮੁਸਲਮਾਨ ਨੂੰ ਸੰਜਮ ਨਾਲ ਸਵੇਰੇ ਸ਼ਾਮ ਹੀ ਖਾਣਾ ਹੈ ਤੇ ਦਿਹਾੜੀ ਭੁੱਖਿਆ ਰਹਿਣਾ ਹੈ। (ਗੁਰਮਤਿ ਨੇ ਭਾਵੇਂ ਇਸ ਗੱਲ ਨੂੰ ਨਹੀਂ ਮੰਨਿਆ) ਰੋਜ਼ਿਆਂ ਦੇ ਕਠਿਨ ਤੇ ਕਠੋਰ ਚਲਨ ਤੋਂ ਬਾਅਦ ਏਕਮ ਦਾ ਚੰਦ ਵੇਖ ਕੇ ਈਦ ਮਨਾਈ ਜਾਂਦੀ ਹੈ। ਇਸੇ ਭਾਵਨਾ ਨੂੰ ਵਿਅਕਤ ਕਰਦਿਆਂ ਭਾਈ ਸਾਹਿਬ ਦੱਸਦੇ ਹਨ ਕਿ ਸੰਜਮ ਤੇ ਸੰਤੁਲਨ ਦਾ ਜੀਵਨ ਰੋਜ਼ਿਆਂ ਵਾਂਗ ਹੈ। ਸਿੱਖ ਦਾ ਤਾਂ ਰੋਜ਼ ਹੀ ਰੋਜ਼ਾ ਹੈ ਤੇ ਹਰ ਸ਼ਾਮ ਈਦ। ਉਹ ਤੇ ਸਦਾ ਸੰਜਮ ਵਿੱਚ ਹੈ। ਸੰਜਮ ਵਿੱਚ ਰਹਿ ਕੇ ਗੁਰੂ ਦੇ ਹੁਕਮ ਅਨੁਸਾਰ ਮੁਰਦਾ ਮੁਰੀਦ ਨੂੰ ਆਤਮ ਪ੍ਰਕਾਸ਼ ਹੁੰਦਾ ਹੈ। ਆਤਮ ਪ੍ਰਕਾਸ਼ ਪੂਰਨਮਾਸ਼ੀ ਵਰਗਾ ਚਾਨਣ ਹੈ। ਗੁਰੂ ਹੁਕਮ ਅਨੁਸਾਰ ਜੀਵਨ ਜੀਉਣ ਵਾਲੇ ਗੁਰਸਿੱਖ ਨੂੰ ਸਭ ਤੋਂ ਪਹਿਲਾਂ ਭਰਮ ਹਨੇਰਾ ਮੁੱਕਣ ਨਾਲ ਨੇਤਰ ਪ੍ਰਕਾਸ਼ ਪ੍ਰਾਪਤ ਹੋਵੇਗਾ। ਉਸ ਤੋਂ ਬਾਅਦ ਬੁੱਧ ਪ੍ਰਕਾਸ਼ ਤੇ ਮਨ

ਪ੍ਰਕਾਸ਼ ਦੀ ਪ੍ਰਾਪਤੀ ਹੋਵੇਗੀ। ਜਿਸ ਦੇ ਨਤੀਜੇ ਵਜੋਂ ਉਸ ਦੇ ਅੰਦਰ ਚਾਨਣ ਹੋਣ 'ਤੇ ਆਤਮ ਪ੍ਰਕਾਸ਼ ਮਿਲ ਜਾਏਗਾ। ਗੁਰੂ ਪਾਤਸ਼ਾਹ ਦੇ ਹੁਕਮ 'ਤੇ ਪਹਿਰਾ ਦੇਣ ਨਾਲ ਗੁਰਸਿੱਖ ਅਨੁਭਵ ਪ੍ਰਕਾਸ਼ ਦੀ ਅਵਸਥਾ ਵਿੱਚ ਆ ਜਾਏਗਾ। ਇਹ ਈਦ ਦੇ ਏਕਮ ਦੇ ਚੰਦ ਤੋਂ ਪੂਰਨਮਾਸ਼ੀ ਦੇ ਚੰਦ ਦੀ ਅਵਸਥਾ ਹੈ। ਹੁਣ ਅਟੁੱਟ ਖੁਸ਼ੀ ਹੈ, ਸਦਾ ਅਨੰਦ ਹੈ, ਨਿੱਤ ਖੇੜਾ ਹੈ, ਹਰਦਮ ਬਸੰਤ ਹੈ, ਇਹ ਦੁਨੀਆਂ ਫੁੱਲਾਂ ਦੀ ਬਾਗਾਤ ਹੈ, ਵਾਹਿਗੁਰੂ ਦੀ ਬਖ਼ਸ਼ੀ ਹੋਈ ਇਕ ਸੁੰਦਰ ਸੌਗਾਤ ਹੈ। ਉਸ ਦੇ ਅੱਗੇ ਲੱਖ-ਲੱਖ ਨਸਮਕਾਰ ਹੈ। ਜਿਸ ਦੀ ਇਹ ਕਰਾਮਾਤ ਹੈ। ਇਹੀ ਅਵਸਥਾ ਹੈ ਜੀਵਨ-ਖੇਡ ਵਿੱਚੋਂ ਪੁੱਗ ਖਲੋਤਿਆਂ ਦੀ :

*ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ।*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*
*ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।*
*ਪੀਹਣਿ ਹੋਇ ਜਦੀਦ ਪਾਣੀ ਢੋਵਣਾ।*
*ਪਖੇ ਦੀ ਤਾਗੀਦ ਪਗ ਮਲਿ ਧੋਵਣਾ।*
*ਸੇਵਕ ਹੋਇ ਸੰਜੀਦੁ ਨ ਹਸਣੁ ਰੋਵਣਾ।*
*ਦਰ ਦਰਵੇਸ ਰਸੀਦੁ ਪਿਰਮ ਰਸੁ ਭੋਵਣਾ।*
*ਚੰਦ ਮੁਮਾਰਖਿ ਈਦ, ਪੁਗਿ ਖਲੋਵਣਾ॥੧੮॥*

*(ਭਾਈ ਗੁਰਦਾਸ ਜੀ, ਵਾਰ ੩)*